**Golden State Realty** JASSI GILL Broker/Owner
Listing and Selling Homes From San Jose to Sacramento
Ph:510-304-9292
**Refinance Now** @ZERO COST
Call Sukhi Gill:510-207-9067
CA DRE Lic.#01180969 CA DRE# 00966763


ਆਇਓਵਾ ਸਟੇਟ 'ਚ ਚੰਗੀਆਂ ਲੋਕੇਸ਼ਨਾਂ 'ਤੇ ਸਥਿਤ ਤੇ ਚੰਗੀ ਕਮਾਈ ਕਰਦੇ ਦੋ ਗੈਸ ਸਟੇਸ਼ਨ ਵਿਕਾਊ ਹਨ
Two Gas Stations Are For Sale in State of IOWA with Property.
Both Stores have Liquor, Beer and Wine License. Real Estate Included In Sale Price.
*Owner is retiring after 30 years in this Business.*
For More Info., Call: (916) 254-9231

COVERED CALIFORNIA | Certified Insurance Agent | Global Green INSURANCE AGENCY

Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurcharan Singh Mann
**Mann Insurance Brokers Inc.**
4123 Dyer St., #230, Union City, CA 94587

Twenty-Second Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 30, July 24th, 2021 20451 N. Plum Grove Rd., Palatine, IL 60074 Ph:847-359-0746, Fax:847-705-9388

# ਕੈਪਟਨ ਅਮਰਿੰਦਰ ਸਿੰਘ ਦੀ ਸਿਆਸੀ ਹੋਣੀ ਤੈਅ

## ਹਾਈਕਮਾਨ ਨੂੰ ਹੁਣ ਨਵਜੋਤ ਸਿੱਧੂ ਤੋਂ ਵੱਧ ਆਸਾਂ

**ਚੰਡੀਗੜ੍ਹ:** ਹਾਈਕਮਾਨ ਨੇ ਪੰਜਾਬ ਕਾਂਗਰਸ ਦਾ ਅੰਦਰੂਨੀ ਕਲੇਸ਼ ਨਿਬੇੜਨ ਦੇ ਦਾਅਵੇ ਨਾਲ ਨਵਜੋਤ ਸਿੰਘ ਸਿੱਧੂ ਨੂੰ ਸੂਬਾ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ ਪਰ ਪ੍ਰਧਾਨ ਦੀ ਕੁਰਸੀ ਮਿਲਦੇ ਹੀ ਜਿਸ ਤਰ੍ਹਾਂ ਦੀਆਂ ਸਰਗਰਮੀਆਂ ਸਿੱਧੂ ਵੱਲੋਂ ਵਿੱਢੀਆਂ ਹੋਈਆਂ ਹਨ, ਉਹ ਕੁਝ ਹੋਰ ਹੀ ਇਸ਼ਾਰਾ ਕਰ ਰਹੀਆਂ ਹਨ। ਹਾਈਕਮਾਨ ਵੱਲੋਂ ਐਲਾਨ ਹੁੰਦੇ ਹੀ ਵਿਧਾਇਕਾਂ ਨੂੰ ਆਪਣੇ ਪਾਲੇ ਵਿਚ ਕਰਨ ਲਈ ਸਿੱਧੂ ਨੇ ਇਕ ਤਰ੍ਹਾਂ ਦੀ ਮੁਹਿੰਮ ਛੇੜੀ ਹੋਈ ਹੈ। ਇਥੋਂ ਤੱਕ ਕਿ ਉਸ ਵੱਲੋਂ ਵਿਧਾਇਕਾਂ ਅਤੇ ਮੰਤਰੀਆਂ ਦੇ ਘਰ-ਘਰ ਜਾ ਕੇ 'ਅਸ਼ੀਰਵਾਦ' ਲਿਆ ਜਾ ਰਿਹਾ ਹੈ ਪਰ ਸੂਬੇ ਦੇ ਮੁੱਖ ਮੰਤਰੀ ਤੇ ਵਿਧਾਇਕ ਦਲ ਵੱਲੋਂ ਚੁਣੇ ਨੇਤਾ ਕੈਪਟਨ ਅਮਰਿੰਦਰ ਸਿੰਘ ਤੋਂ ਪੂਰੀ ਤਰ੍ਹਾਂ ਦੂਰੀ ਬਣਾਈ ਹੋਈ ਹੈ। ਦੂਜੇ ਬੰਨੇ, ਹਾਈਕਮਾਨ ਵੱਲੋਂ ਇਕ ਮਿਆਨ ਵਿਚ ਦੋ ਤਲਵਾਰਾਂ (ਸਿੱਧੂ-ਕੈਪਟਨ) ਪਾਉਣ ਦੀ ਰਣਨੀਤੀ ਉਤੇ ਵੀ ਸਵਾਲ ਉਠ ਰਹੇ ਹਨ।

ਨਵਜੋਤ ਸਿੱਧੂ ਦੋ ਟੁਕ ਸ਼ਬਦਾਂ ਵਿਚ ਕੈਪਟਨ ਨੂੰ 'ਨਿਕੰਮਾ' ਮੁੱਖ ਮੰਤਰੀ ਐਲਾਨ ਚੁੱਕੇ ਹਨ ਤੇ ਹੁਣ ਤੱਕ ਉਹ (ਸਿੱਧੂ) ਖੁੱਲ੍ਹ ਕੇ ਕੈਪਟਨ ਦੀ ਘੇਰੇਬੰਦੀ ਕਰਦੇ ਰਹੇ ਹਨ; ਅਜਿਹੇ ਸ਼ਖਸ ਨੂੰ ਸੂਬੇ ਵਿਚ ਪ੍ਰਧਾਨਗੀ ਦੀ ਕੁਰਸੀ ਦੇਣਾ ਕੁਝ ਹੋਰ ਹੀ ਇਸ਼ਾਰਾ ਕਰ ਰਿਹਾ ਹੈ। ਪ੍ਰਧਾਨਗੀ ਮਿਲਣ ਦੇ ਬਾਅਦ ਵੀ ਸਿੱਧੂ ਨੇ ਕੈਪਟਨ ਖਿਲਾਫ ਆਪਣੀ ਮੁਹਿੰਮ ਨੂੰ ਹੋਰ ਤਿੱਖਾ ਕਰਦਿਆਂ ਉਸ (ਕੈਪਟਨ) ਦੇ ਹਮਾਇਤੀ ਵਿਧਾਇਕਾਂ ਨੂੰ ਆਪਣੇ ਵੱਲ ਖਿੱਚਣ ਲਈ ਟਿੱਲ ਲਾਇਆ ਹੋਇਆ ਹੈ ਅਤੇ ਇਸ ਵਿਚ ਸਫਲਤਾ ਵੀ ਮਿਲ ਰਹੀ ਹੈ।

ਪੰਜਾਬ ਕਾਂਗਰਸ ਵਿਚ ਮੌਜੂਦਾ ਮਾਹੌਲ ਤੋਂ ਜਾਪ ਰਿਹਾ ਹੈ ਕਿ ਹਾਈਕਮਾਨ ਨੇ ਕੈਪਟਨ ਦੀ ਹੋਣੀ ਤੈਅ ਕਰ ਦਿੱਤੀ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਹੋਣਾ ਤਾਂ ਇਹ ਚਾਹੀਦਾ ਸੀ ਕਿ ਸੂਬਾ ਪ੍ਰਧਾਨ ਬਣਨ ਦੇ ਤੁਰਤ ਪਿੱਛੋਂ ਸਿੱਧੂ ਸੂਬੇ ਦੇ ਮੁੱਖ ਮੰਤਰੀ ਨੂੰ ਮਿਲਦੇ ਅਤੇ ਆਪਣੇ ਗਿਲੇ ਸ਼ਿਕਵੇ ਦੂਰ ਕਰਦੇ ਪਰ ਇਸ ਦੇ ਉਲਟ ਉਹ (ਸਿੱਧੂ) ਆਪਣੀ ਤਾਕਤ ਦਿਖਾਉਣ ਵਿਚ ਜੁਟ ਗਏ। ਇਸ ਤੋਂ ਵੱਡਾ ਸਵਾਲ ਇਹ ਹੈ ਕਿ ਹਾਈਕਮਾਨ ਚੁੱਪ-ਚਾਪ ਇਹ ਤਮਾਸ਼ਾ ਵੇਖ ਰਹੀ ਹੈ। ਮੌਜੂਦਾ ਮਾਹੌਲ ਇਹੀ ਇਸ਼ਾਰਾ ਕਰ ਰਿਹਾ ਹੈ ਕਿ ਸਿੱਧੂ ਦੀ ਨਿਯੁਕਤੀ ਕੈਪਟਨ ਦੀ ਪੱਕੀ ਛੁੱਟੀ ਵਾਲਾ ਰਾਹ ਤਿਆਰ ਕਰਨ ਦੀ ਰਣਨੀਤੀ ਹੈ। ਗੱਲ ਸਿਰਫ ਸਿੱਧੂ ਨੂੰ ਪ੍ਰਧਾਨਗੀ ਦੇਣ ਦੀ ਨਹੀਂ ਹੈ ਸਗੋਂ ਉਸ ਦੇ ਨਾਲ ਲਾਏ 4 ਕਾਰਜਕਾਰੀ ਪ੍ਰਧਾਨ ਵੀ ਕੈਪਟਨ ਦੇ ਵਿਰੋਧੀ ਖੇਮੇ ਵਿਚ ਹੀ ਗਿਣੇ ਜਾਂਦੇ ਹਨ।



ਯਾਦ ਰਹੇ ਕਿ ਤਕਰੀਬਨ ਢਾਈ ਸਾਲ ਪਹਿਲਾਂ ਕੈਪਟਨ ਨਾਲ ਨਾਰਾਜ਼ਗੀ ਤੋਂ ਬਾਅਦ ਸਿੱਧੂ ਨੇ ਸੋਸ਼ਲ ਮੀਡੀਆ ਉਤੇ 'ਜਿੱਤੇਗਾ ਪੰਜਾਬ ਮਿਸ਼ਨ' ਦਾ ਨਾਅਰਾ ਦਿੱਤਾ ਸੀ ਤੇ ਹੁਣ ਪ੍ਰਧਾਨਗੀ ਮਿਲਣ ਪਿੱਛੋਂ ਵੀ ਉਸੇ ਨਾਅਰੇ ਦੀਆਂ ਗੱਲਾਂ ਕਰ ਰਹੇ ਹਨ। ਦੋ ਕੁ ਸਾਲ ਪਹਿਲਾਂ ਮੁੱਖ ਮੰਤਰੀ ਨਾਲ ਬਿਆਨਬਾਜ਼ੀ ਵਿਚ ਉਲਝਣ ਤੋਂ ਪਿੱਛੋਂ ਉਨ੍ਹਾਂ ਦਾ ਮਹਿਕਮਾ ਬਦਲਣ ਦਾ ਐਲਾਨ ਕੀਤਾ ਗਿਆ ਸੀ। ਇਸ ਸਬੰਧੀ ਨਵਜੋਤ ਸਿੰਘ ਸਿੱਧੂ ਨੇ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਉਨ੍ਹਾਂ ਨੇ ਮਿਲੇ ਦੂਸਰੇ ਵਿਭਾਗ ਤੋਂ ਵੀ ਅੱਖਾਂ ਮੋੜ ਲਈਆਂ ਸਨ। ਇਸ ਅਰਸੇ ਵਿਚ ਉਹ ਬਹੁਤਾ ਸਮਾਂ ਰੂਪੋਸ਼ ਰਹੇ।

ਪਾਰਟੀ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਦੇ ਲਗਾਤਾਰ ਵਿਰੋਧ ਦੇ ਬਾਵਜੂਦ ਸਿੱਧੂ ਲਈ ਇਕਤਰਫਾ ਫੈਸਲਾ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੇ ਕੀਤਾ ਹੈ ਪਰ ਇਸ ਤਰ੍ਹਾਂ ਪੰਜਾਬ ਕਾਂਗਰਸ ਦਾ ਵਿਵਾਦ ਖਤਮ ਕਰਨ ਲਈ ਹਾਈਕਮਾਨ ਨੇ ਜੋ ਸਮੀਕਰਨ ਪੇਸ਼ ਕੀਤਾ ਹੈ, ਉਸ ਤੋਂ ਸਾਫ ਹੋ ਗਿਆ ਹੈ ਕਿ ਪਾਰਟੀ ਹੁਣ ਪੁਰਾਣੇ ਨੇਤਾਵਾਂ ਤੋਂ ਜ਼ਿਆਦਾ ਨੌਜਵਾਨ ਅਤੇ ਸਰਗਰਮ ਅਗਵਾਈ ਨੂੰ ਅਹਿਮੀਅਤ ਦੇਣਾ ਚਾਹੁੰਦੀ ਹੈ। ਉਧਰ, ਸਿੱਧੂ ਨੂੰ ਕੈਪਟਨ ਦੀ ਸਹਿਮਤੀ ਤੋਂ ਬਿਨਾ ਪ੍ਰਧਾਨ ਥਾਪ ਦਿੱਤੇ ਜਾਣ ਮਗਰੋਂ ਕੈਪਟਨ ਨੇ ਚੁੱਪੀ ਧਾਰੀ ਹੋਈ ਹੈ ਜਿਸ 'ਤੇ ਹਾਈਕਮਾਨ ਸਮੇਤ ਪੂਰੀ ਪੰਜਾਬ ਕਾਂਗਰਸ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

ਚੇਤੇ ਰਹੇ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਕੈਪਟਨ ਨੂੰ ਮੁੱਖ ਮੰਤਰੀ ਉਮੀਦਵਾਰ ਵਜੋਂ ਨਜ਼ਰ-ਅੰਦਾਜ਼ ਕਰਨ ਦੀ ਗੱਲ ਉਡੀ ਸੀ ਪਰ ਕੈਪਟਨ ਨੇ ਉਸ ਸਮੇਂ ਸਾਫ ਕਰ ਦਿੱਤਾ ਸੀ ਕਿ ਜੇ ਅਜਿਹਾ ਹੁੰਦਾ ਹੈ ਤਾਂ ਉਹ ਆਪਣੀ ਵੱਖਰੀ ਪਾਰਟੀ ਬਣਾਉਣ ਬਾਰੇ ਵੀ ਸੋਚ ਸਕਦੇ ਹਨ। ਉਸ ਸਮੇਂ ਕਾਂਗਰਸ ਕੋਲ ਕੈਪਟਨ ਦੇ ਸਿਵਾਏ ਅਜਿਹਾ ਕੋਈ ਨੇਤਾ ਨਹੀਂ ਸੀ ਜੋ ਉਨ੍ਹਾਂ ਦੀ ਥਾਂ ਲੈ ਸਕੇ। ਪਿਛਲੇ ਸਾਢੇ ਚਾਰ ਸਾਲ ਵਿਚ ਸਿੱਧੂ ਨੂੰ ਕੈਪਟਨ ਬਰਾਬਰ ਖੜ੍ਹਾ ਕਰਨ ਦੀਆਂ ਅੰਦਰੂਨੀ ਕੋਸ਼ਿਸ਼ਾਂ ਹੋਈਆਂ ਤੇ ਇਸ ਦੇ ਸੰਕੇਤ ਹੁਣ ਸਪਸ਼ਟ ਦੇਖਣ ਨੂੰ ਮਿਲ ਰਹੇ ਹਨ।

ਇਧਰ, ਕੈਪਟਨ ਦਾ ਘੜਿਆ ਘੜਾਇਆ ਫਾਰਮੂਲਾ ਪਿਛਲੀ ਵਾਰ ਵਾਲਾ ਹੀ ਜਾਪ ਰਿਹਾ ਹੈ। ਮੁੱਖ ਮੰਤਰੀ ਦੀ ਉਮੀਦਵਾਰੀ ਮਿਲਣ ਉਤੇ ਹੀ ਉਹ ਕਾਂਗਰਸ ਲਈ ਖੜ੍ਹਨਗੇ। ਇਸ ਤੋਂ ਤੈਅ ਹੈ ਕਿ ਹਾਈਕਮਾਨ ਦੀ ਕੈਪਟਨ ਬਾਰੇ ਰਜ਼ਾ ਕੁਝ ਸ਼ੱਕੀ ਹੈ। ਹਾਲਾਂਕਿ ਪਿਛਲੀਆਂ ਚੋਣਾਂ ਵਿਚ ਕੈਪਟਨ ਨੇ ਸਿਆਸੀ ਸਨਿਆਸ ਦੀ ਗੱਲ ਕਰਦਿਆਂ ਸਾਫ ਆਖ ਦਿੱਤਾ ਸੀ ਕਿ ਇਹ ਚੋਣਾਂ (2017 ਵਾਲੀਆਂ) ਉਨ੍ਹਾਂ ਦੀ ਆਖਰੀ ਚੋਣਾਂ ਹਨ ਪਰ ਚੋਣਾਂ ਤੋਂ ਸਾਲ ਪਹਿਲਾਂ ਉਹ ਪਾਸਾ ਪਲਟ ਗਏ ਤੇ ਆਪਣੇ ਆਪ ਨੂੰ 'ਅਭੀ ਤੋ ਮੈਂ ਜਵਾਨ ਹੂੰ' ਆਖ ਕੇ ਮੁੜ ਮੈਦਾਨ ਵਿਚ ਨਿੱਤਰ ਆਏ।

ਰਾਹੁਲ ਗਾਂਧੀ ਨੇ ਸਪਸ਼ਟ ਕੀਤਾ ਸੀ ਕਿ ਪਾਰਟੀ ਵਿਚ ਨੌਜਵਾਨਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਹੁਣ ਤਾਜ਼ਾ ਘਟਨਾਕ੍ਰਮ 'ਚ ਕੈਪਟਨ ਨੂੰ ਅਣਦੇਖਿਆ ਕਰਦੇ ਹੋਏ ਰਾਹੁਲ ਅਤੇ ਪ੍ਰਿਅੰਕਾ ਨੇ ਸਿੱਧੂ ਅਤੇ ਉਨ੍ਹਾਂ ਦੇ ਨਾਲ ਨਿਯੁਕਤ ਕੀਤੇ ਕਾਰਜਕਾਰੀ ਪ੍ਰਧਾਨਾਂ ਦੇ ਰੂਪ 'ਚ ਨੌਜਵਾਨ ਚਿਹਰਿਆਂ ਨੂੰ ਭਵਿੱਖ ਦੇ ਨੇਤਾਵਾਂ ਦੇ ਤੌਰ 'ਤੇ

(ਬਾਕੀ ਸਫਾ 6 ਉਤੇ)

## ਧਰੀ ਧਰਾਈ ਰਹਿ ਗਈ ਵਿਰੋਧੀ ਧਿਰਾਂ ਦੀ ਰਣਨੀਤੀ


ਨਵਜੋਤ ਸਿੰਘ ਸਿੱਧੂ ਬਾਰੇ ਹੁਣ ਤੱਕ ਇਹੀ ਚਰਚਾ ਸੀ ਕਿ ਜਾਂ ਤਾਂ ਉਹ ਆਪਣੀ ਵੱਖਰੀ ਪਾਰਟੀ ਬਣਾ ਸਕਦੇ ਹਨ ਜਾਂ ਫਿਰ ਆਮ ਆਦਮੀ ਪਾਰਟੀ ਜਾਂ ਕਿਸੇ ਹੋਰ ਧਿਰ ਨਾਲ ਜੁੜ ਸਕਦੇ ਹਨ ਪਰ ਪ੍ਰਧਾਨਗੀ ਮਿਲਣ ਪਿੱਛੋਂ ਉਹ ਆਪਣੇ ਆਪ ਨੂੰ ਵਫਾਦਾਰ ਕਾਂਗਰਸੀ ਸਾਬਤ ਕਰਨ ਵਿਚ ਜੁਟ ਗਏ ਹਨ। ਸਿੱਧੂ ਦੇ ਮੈਦਾਨ ਵਿਚ ਆਉਣ ਨਾਲ ਦੂਸਰੀਆਂ ਸਿਆਸੀ ਪਾਰਟੀਆਂ ਨੂੰ ਵੀ ਆਪਣੀ ਨੀਤੀ ਨਵੇਂ ਸਿਰੇ ਤੋਂ ਘੜਨ ਦੀ ਜ਼ਰੂਰਤ ਪਵੇਗੀ। ਪੰਜਾਬ ਦੀਆਂ ਚੋਣਾਂ ਸਿਰ ਉਤੇ ਹਨ। ਸਾਰੀਆਂ ਹੀ ਪਾਰਟੀਆਂ ਕਿਸੇ ਨਾ ਕਿਸੇ ਰੂਪ ਵਿਚ ਆਪਣੀ ਸਰਗਰਮੀ ਦਿਖਾਉਣ ਲੱਗੀਆਂ ਹੋਈਆਂ ਹਨ। ਇਸ ਨਜ਼ਰੀਏ ਤੋਂ ਦੇਖਿਆਂ ਉਨ੍ਹਾਂ ਦੀ ਸਰਗਰਮ ਆਮਦ ਕਾਂਗਰਸੀ ਸਫਾਂ ਵਿਚ ਤਰੰਗਾਂ ਛੇੜ ਸਕਦੀ ਹੈ ਅਤੇ ਉਹ ਇਕ ਵਿਸ਼ਵਾਸ ਅਤੇ ਉਮੀਦ ਨਾਲ ਚੋਣ ਮੈਦਾਨ ਵਿਚ ਉਤਰ ਸਕਦੇ ਹਨ ਪਰ ਇਸ ਸਮੇਂ ਸਭ ਤੋਂ ਵੱਡੀ ਚੁਣੌਤੀ ਨਵਜੋਤ ਸਿੰਘ ਸਿੱਧੂ ਲਈ ਇਹ ਹੀ ਹੈ ਕਿ ਉਹ ਵੱਡੇ ਕਾਂਗਰਸੀ ਆਗੂਆਂ ਦੇ ਗਿਲੇ-ਸ਼ਿਕਵੇ ਦੂਰ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਕਿਸ ਤਰ੍ਹਾਂ ਤੁਰਨ ਲਈ ਤਿਆਰ ਕਰਦੇ ਹਨ।

**Harmit Toor**
*Your Realtor® For Life!*

Broker Associate
BRE Lic.# 01462579
NMLS ID 358820
*2015-19 Awarded Grand Master Achievement Club Certificate*
Help you Buy or Sell:
- Residential Property
- Commercial property
- Business Opportunity

Financing:
- Residential Loans
- Commercial Loans
- SBA Loans

Commercial Leasing
BEB BAY EAST BROKERS | EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com

Raja SWEETS & CATERING Presents
PARADISE BALLROOMS banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
Services Include
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
*Attorny At Law*
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# 16 ਸਾਲਾ ਬੱਚੀ ਨੇ ਕਿਸਾਨ ਅੰਦੋਲਨ ਵਿਚ ਪਾਇਆ ਅਮੁੱਲਾ ਯੋਗਦਾਨ

**ਫਰਿਜ਼ਨੋ (ਕੈਲੀਫੋਰਨੀਆ):** ਮੋਦੀ ਸਰਕਾਰ ਵੱਲੋਂ ਲਾਗੂ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦਾ ਵਿਰੋਧ ਦੁਨੀਆਂ ਭਰ ਵਿਚ ਕੀਤਾ ਜਾ ਰਿਹਾ ਹੈ। ਅਮਰੀਕਾ ਵਿਚ ਵੀ ਇਨ੍ਹਾਂ ਕਾਨੂੰਨਾਂ ਖਿਲਾਫ ਆਵਾਜ਼ ਬੁਲੰਦ ਕੀਤੀ ਗਈ ਹੈ। ਅਮਰੀਕਾ ਵਸਦੇ ਸਿੱਖ ਭਾਈਚਾਰੇ ਨੇ ਖਾਸ ਕਰਕੇ ਇਸ ਅੰਦੋਲਨ ਵਿਚ ਆਪਣਾ ਯੋਗਦਾਨ ਪਾਇਆ ਹੈ। ਅਜਿਹਾ ਹੀ ਇੱਕ ਤਰ੍ਹਾਂ ਦਾ ਯੋਗਦਾਨ ਕੈਲੀਫੋਰਨੀਆ ਦੇ ਸੇਲਮਾ ਵਿਚ ਸਿੱਖ ਭਾਈਚਾਰੇ ਦੀ 16 ਸਾਲਾ ਲੜਕੀ ਨੇ ਵੀ ਪਾਇਆ ਹੈ। ਅਮਰੀਕਾ ਵਿਚ ਕੀਤੇ ਗਏ ਵਿਰੋਧ ਪ੍ਰਦਰਸ਼ਨਾਂ ਪ੍ਰਤੀ ਨੌਜਵਾਨ ਅਮਰੀਕੀ ਸਿੱਖਾਂ ਨੇ ਸੋਸ਼ਲ ਮੀਡੀਆ ਅਤੇ ਸਥਾਨਕ ਰੈਲੀਆਂ ਵਿਚ ਆਪਣਾ ਸਮਰਥਨ ਦਿਖਾਇਆ।



16 ਸਾਲ ਦੀ ਅਨੂਰੀਤ ਕੌਰ ਨੇ ਵੀ ਭਾਰਤੀ ਕਿਸਾਨ ਪ੍ਰਦਰਸ਼ਨਾਂ ਬਾਰੇ ਸੋਸ਼ਲ ਮੀਡੀਆ 'ਤੇ ਪੋਸਟਾਂ ਪਾ ਕੇ ਆਪਣਾ ਬਣਦਾ ਯੋਗਦਾਨ ਪਾਇਆ। ਇਸ ਲੜਕੀ ਨੇ ਇੰਨੀ ਵਾਰ ਪੋਸਟ ਪਾਈ ਕਿ ਉਸ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਪਾਬੰਦੀ ਲਗਾਈ ਗਈ। ਅਨੂਰੀਤ ਅਨੁਸਾਰ ਉਹ ਕਿਸਾਨ ਦੀ ਧੀ ਹੈ, ਇਸ ਲਈ ਕਿਸਾਨਾਂ ਲਈ ਆਪਣੀ ਆਵਾਜ਼ ਬੁਲੰਦ ਕਰੇਗੀ। ਇਸ ਦੇ ਇਲਾਵਾ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਵੀ ਅਨੂਰੀਤ ਕੌਰ ਨੇ ਆਪਣੇ ਕੁਝ ਦੋਸਤਾਂ ਦੇ ਨਾਲ ਮਿਲ ਕੇ ਸੇਲਮਾ ਦੇ ਇੱਕ ਗੁਰਦੁਆਰੇ ਵਿਚ ਇੱਕ ਵਿਸ਼ਾਲ ਕਰੋਨਾ ਵਾਇਰਸ ਟੀਕਾਕਰਨ ਪ੍ਰੋਗਰਾਮ ਵਿਚ ਵੀ ਖਾਣਾ ਤਿਆਰ ਕੀਤਾ। ਇਸ ਪ੍ਰੋਗਰਾਮ ਨੇ ਮਾਰਚ ਵਿਚ 1000 ਲੋਕਾਂ ਨੂੰ ਕਰੋਨਾ ਟੀਕਾ ਲਗਾਇਆ ਸੀ।

ਸਿੱਖ ਭਾਈਚਾਰੇ ਨਾਲ ਸਬੰਧਿਤ ਇੱਕ ਸੰਸਥਾ 'ਜੈਕਾਰਾ ਮੂਵਮੈਂਟ' ਦੇ ਕਾਰਜਕਾਰੀ ਡਾਇਰੈਕਟਰ ਦੀਪ ਸਿੰਘ ਅਨੁਸਾਰ ਇਸ ਸਮਾਗਮ ਦਾ ਉਦੇਸ਼ ਵਿਸ਼ੇਸ਼ ਤੌਰ 'ਤੇ ਸਥਾਨਕ ਖੇਤੀਬਾੜੀ ਪਰਿਵਾਰਾਂ ਨੂੰ ਟੀਕਾ ਲਾਉਣਾ ਸੀ। ਇਸ ਬੱਚੀ ਦੁਆਰਾ ਸਮਾਜਿਕ ਕੰਮਾਂ ਵਿਚ ਪਾਏ ਯੋਗਦਾਨ ਦੀ ਸਲਾਹੁਤਾ ਕੀਤੀ ਜਾ ਰਹੀ ਹੈ।

# ਭਾਰਤੀ ਆਈ.ਟੀ. ਪੇਸ਼ੇਵਰਾਂ ਨੇ ਪੁਰਾਣੀ ਐਚ1ਬੀ ਵੀਜ਼ਾ ਨੀਤੀ ਕਰਕੇ ਕੈਨੇਡਾ ਨੂੰ ਪਾਏ ਚਾਲੇ

**ਵਾਸ਼ਿੰਗਟਨ:** ਭਾਰਤੀ ਆਈ.ਟੀ. ਪੇਸ਼ੇਵਰਾਂ ਪੁਰਾਣੀ ਐੱਚ-1ਬੀ ਵੀਜ਼ਾ ਨੀਤੀ ਕਰਕੇ ਹੁਣ ਵੱਡੀ ਗਿਣਤੀ ਵਿਚ ਅਮਰੀਕਾ ਦੀ ਬਜਾਏ ਕੈਨੇਡਾ ਦਾ ਰੁਖ ਕਰ ਰਹੇ ਹਨ। ਪਰਵਾਸ ਤੇ ਨੀਤੀ ਮਾਹਿਰਾਂ ਨੇ ਅਮਰੀਕੀ ਸੰਸਦ ਮੈਂਬਰਾਂ ਨੂੰ ਇਹ ਗੱਲ ਆਖੀ। ਉਨ੍ਹਾਂ ਕਿਹਾ ਕਿ ਰੁਜ਼ਗਾਰ ਆਧਾਰਤ ਗਰੀਨ ਕਾਰਡ ਜਾਂ ਸਥਾਈ ਨਿਵਾਸ ਪੱਤਰ ਜਾਰੀ ਕਰਨ ਸਬੰਧੀ ਹਰ ਦੇਸ਼ ਲਈ ਤੈਅ ਕੋਟੇ ਕਰ ਕੇ ਹੋਇਆ ਹੈ।

ਉਨ੍ਹਾਂ ਕਾਂਗਰਸ ਨੂੰ ਭਾਰਤੀ ਪ੍ਰਤਿਭਾਵਾਂ ਨੂੰ ਅਮਰੀਕਾ ਤੋਂ ਕੈਨੇਡਾ ਵੱਲ ਜਾਣ ਤੋਂ ਰੋਕਣ ਲਈ ਜਲਦੀ ਕਦਮ ਉਠਾਉਣ ਦੀ ਅਪੀਲ ਕੀਤੀ ਹੈ। ਨੈਸ਼ਨਲ ਫਾਊਂਡੇਸ਼ਨ ਫਾਰ ਅਮਰੀਕਨ ਪਾਲਿਸੀ (ਐਨ.ਐਫ.ਏ.ਪੀ.) ਦੇ ਕਾਰਜਕਾਰੀ ਡਾਇਰੈਕਟਰ ਸਟੂਅਰਟ ਐਂਡਰਸਨ ਨੇ ਕਿਹਾ ਕਿ ਕਾਂਗਰਸ ਦੀ ਕਾਰਵਾਈ ਕਰ ਕੇ ਸਾਰੀਆਂ ਤਿੰਨੋਂ ਰੁਜ਼ਗਾਰ ਆਧਾਰਤ ਸ਼੍ਰੇਣੀਆਂ ਵਿਚ ਵੀਜ਼ਾ ਲਈ ਇੰਤਜ਼ਾਰ ਕਰ ਰਹੇ ਭਾਰਤੀਆਂ ਦੀ ਅਨੁਮਾਨਿਤ ਗਿਣਤੀ 9,15,497 ਤੋਂ ਵਧ ਕੇ ਵਿੱਤੀ ਵਰ੍ਹੇ 2030 ਤੱਕ 21,95,795 ਹੋ ਜਾਵੇਗੀ। ਉਨ੍ਹਾਂ ਨੇ ਪਰਵਾਸ ਤੇ ਨਾਗਰਿਕਤਾ ਬਾਰੇ ਸਦਨ ਦੀ ਨਿਆਇਕ ਕਮੇਟੀ-ਉਪ ਕਮੇਟੀ ਸਾਹਮਣੇ ਕਿਹਾ, ''ਸਾਨੂੰ ਇਸ ਗਿਣਤੀ ਵਿਚ ਨਿਘਾਰ ਲਿਆਉਣਾ ਚਾਹੀਦਾ ਹੈ। ਇਕ ਦਹਾਕੇ ਅੰਦਰ 20 ਲੱਖ ਤੋਂ ਵੱਧ ਲੋਕ ਰੁਜ਼ਗਾਰ ਆਧਾਰਤ ਗਰੀਨ ਕਾਰਡ ਲਈ ਸਾਲਾਂ ਜਾਂ ਇਥੋਂ ਤੱਕ ਕਿ ਦਹਾਕਿਆਂ ਤੱਕ ਇੰਤਜ਼ਾਰ ਕਰਨਗੇ।''

ਸ੍ਰੀ ਸਟੂਅਰਟ ਐਂਡਰਸਨ ਨੇ ਕਿਹਾ ਕਿ ਕੌਮਾਂਤਰੀ ਵਿਦਿਆਰਥੀਆਂ ਸਣੇ ਉਚ ਕੌਸ਼ਲ ਵਾਲੇ ਵਿਦੇਸ਼ੀ ਨਾਗਰਿਕ ਅਮਰੀਕਾ ਦੀ ਬਜਾਏ ਕੈਨੇਡਾ ਨੂੰ ਚੁਣ ਰਹੇ ਹਨ। ਇਹ ਇਸ ਵਾਸਤੇ ਹੋਇਆ ਕਿਉਂਕਿ ਅਮਰੀਕਾ ਵਿਚ ਐੱਚ-1ਬੀ ਵੀਜ਼ਾ ਜਾਂ ਸਥਾਈ ਨਿਵਾਸ ਹਾਸਲ ਕਰਨਾ ਮੁਸ਼ਕਲ ਹੋ ਗਿਆ ਹੈ।

## ਹੁਣ ਪੰਜਾਬੀ 'ਚ ਵੀ ਕੀਤੀ ਜਾ ਸਕੇਗੀ ਬੀਟੈੱਕ ਦੀ ਪੜ੍ਹਾਈ

**ਨਵੀਂ ਦਿੱਲੀ:** ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ. ਆਈ. ਸੀ. ਟੀ. ਈ.) ਨੇ ਬੀਟੈੱਕ (ਬੈਚਲਰ ਆਫ ਟੈਕਨਾਲੋਜੀ) ਪ੍ਰੋਗਰਾਮ ਨੂੰ 11 ਸਥਾਨਕ ਭਾਸ਼ਾਵਾਂ ਵਿਚ ਸਟੱਡੀ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਅਨੁਸਾਰ ਇਨ੍ਹਾਂ ਭਾਸ਼ਾਵਾਂ 'ਚ ਹਿੰਦੀ, ਪੰਜਾਬੀ, ਮਰਾਠੀ, ਤਾਮਿਲ, ਤੇਲਗੂ, ਕਨੱੜ, ਗੁਜਰਾਤੀ, ਮਲਿਆਲਮ, ਬੰਗਾਲੀ, ਅਸਾਮੀ ਦੇ ਉੜੀਆ ਸ਼ਾਮਲ ਹਨ।


## ਬੱਚਿਆਂ ਦੀ ਸਾਂਭ-ਸੰਭਾਲ ਲਈ ਨੈਨੀ ਦੀ ਲੋੜ ਹੈ

ਲਾਸ ਵੇਗਸ, ਨੇਵਾਡਾ ਵਿਚ ਪੰਜਾਬੀ ਪਰਿਵਾਰ ਨੂੰ 8 ਤੇ 9 ਸਾਲ ਅਤੇ 15 ਮਹੀਨਿਆਂ ਦੇ ਬੱਚਿਆਂ ਦੀ ਸਾਂਭ-ਸੰਭਾਲ ਲਈ ਨੈਨੀ ਦੀ ਲੋੜ ਹੈ, ਜੋ ਨਾਲ ਰਹਿ ਸਕਦੀ ਹੋਵੇ।
ਰਿਹਾਇਸ਼ ਮੁਹੱਈਆ ਕਰਾਂਗੇ।
ਘਰ ਦੇ ਨਿੱਕੇ-ਮੋਟੇ ਕੰਮਾਂ, ਖਾਣਾ ਬਣਾਉਣ ਅਤੇ ਲਾਊਂਡਰੀ ਵਗੈਰਾ ਦੇ ਕੰਮਾਂ ਵਿਚ ਮਦਦ ਵੀ ਕਰ ਸਕਦੀ ਹੋਵੇ।
**ਸੰਪਰਕ ਕਰੋ: ਅਮਨ ਫੋਨ: 816-752-6299**

**Wanted Nanny in Las Vegas**

Punjabi family looking for a live in nanny in Las Vegas for three kids: 8 yrs, 9 yrs and 15 month old. Accommodation will be provided. Expected to do some light household work, help with cooking and laundry.
**Please contact: Aman Ph: 816-752-6299**

28-


# ਕਰੋਨਾ ਦੌਰਾਨ ਛੱਡੇ ਕੈਦੀ ਅਜੇ ਪੇਸ਼ ਨਹੀਂ ਹੋਣਗੇ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਦੇਸ਼ ਜਾਰੀ ਕੀਤੇ ਹਨ ਕਿ ਕਰੋਨਾ ਵਾਇਰਸ ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਉਸ ਦੇ ਨਿਰਦੇਸ਼ 'ਤੇ ਰਾਜਾਂ ਦੀਆਂ ਉਚ ਤਾਕਤੀ ਕਮੇਟੀਆਂ ਵੱਲੋਂ ਰਿਹਾਅ ਕੀਤੇ ਗਏ ਕੈਦੀਆਂ ਨੂੰ ਅਗਲੇ ਹੁਕਮਾਂ ਤੱਕ ਆਤਮ ਸਮਰਪਣ ਕਰਨ ਲਈ ਨਾ ਕਿਹਾ ਜਾਵੇ। ਚੀਫ ਜਸਟਿਸ ਐਨ.ਵੀ. ਰਾਮੰਨਾ ਦੀ ਪ੍ਰਧਾਨਗੀ ਵਾਲੇ ਇਕ ਵਿਸ਼ੇਸ਼ ਬੈਂਚ ਨੇ ਰਾਜਾਂ ਦੀਆਂ ਉਚ ਤਾਕਤੀ ਕਮੇਟੀਆਂ ਨੂੰ ਨਿਰਦੇਸ਼ ਦਿੱਤਾ ਕਿ ਜੇਲ੍ਹਾਂ ਵਿਚ ਭੀੜ ਘੱਟ ਕਰਨ ਲਈ ਕੈਦੀਆਂ ਦੀ ਰਿਹਾਈ ਸਬੰਧੀ ਉਸ ਦੇ 7 ਮਈ ਦੇ ਹੁਕਮਾਂ ਨੂੰ ਲਾਗੂ ਕਰਨ ਲਈ ਅਪਣਾਏ ਗਏ ਨੇਮਾਂ ਬਾਰੇ ਜਾਣਕਾਰੀ ਪੰਜ ਦਿਨਾਂ ਦੇ ਅੰਦਰ ਦਾਖਲ ਕਰਵਾਈ ਜਾਵੇ। ਸਿਖਰਲੀ ਅਦਾਲਤ ਨੇ ਕੌਮੀ ਕਾਨੂੰਨੀ ਸੇਵਾਵਾਂ ਅਥਾਰਿਟੀ ਨੂੰ ਵੀ ਸੂਬਿਆਂ ਦੀਆਂ ਉੱਚ ਤਾਕਤੀ ਕਮੇਟੀਆਂ ਵੱਲੋਂ ਅਪਣਾਏ ਗਏ ਨੇਮਾਂ ਸਬੰਧੀ ਜਾਣਕਾਰੀ ਹਾਸਲ ਕਰ ਕੇ ਇਸ ਸਬੰਧੀ ਇਕ ਰਿਪੋਰਟ ਦਾਖਲ ਕਰਨ ਲਈ ਕਿਹਾ ਹੈ।


## ਆਇਓਵਾ ਸਟੇਟ 'ਚ ਚੰਗੀਆਂ ਲੋਕੇਸ਼ਨਾਂ 'ਤੇ ਸਥਿਤ ਅਤੇ ਚੰਗੀ ਕਮਾਈ ਕਰਦੇ

## ਦੋ ਗੈਸ ਸਟੇਸ਼ਨ ਵਿਕਾਊ ਹਨ

ਦੋਹਾਂ ਗੈਸ ਸਟੇਸ਼ਨਾਂ 'ਤੇ ਲਿੱਕਰ, ਬੀਅਰ ਤੇ ਵਾਈਨ ਵੇਚਣ ਦਾ ਲਾਈਸੈਂਸ ਵੀ ਹੈ। ਵਿਕਰੀ ਦੀ ਰਕਮ 'ਚ ਜਾਇਦਾਦ ਵੀ ਸ਼ਾਮਲ ਹੈ।

**Two Gas Stations Located at Prime Locations with High Profit Margin Are For Sale in State of IOWA with Property.**

**Both Stores have Liquor, Beer and Wine License.**
**Real Estate Included In Sale Price.**

***Owner is retiring after 30 years in this Business.***

**For More Info.,**
**Call: (916) 254-9231**



## YOU TAKE CARE OF THE BUSINESS. I'LL TAKE CARE OF THE FINANCING.





When your business needs working capital, getting funds from conventional financing sources can be difficult.

Liquid Capital helps small to medium sized businesses with the cash they need to grow and prosper. We can provide your business with immediate funding based on your commercial accounts receivable. Use the cash for:

- BUSINESS GROWTH
- NEW PRODUCT LAUNCHES
- SEASONAL SLUMPS
- START UP BUSINESSES

**Dr. Amul Purohit**
Tel: (530) 750-2585
www.apurohit.liquidcapitalcorp.com

Liquid Capital FINANCING SUCCESS

# ਹੁਣ ਨਵਜੋਤ ਸਿੱਧੂ ਦੇ ਹੱਥ ਆਈ ਪੰਜਾਬ ਕਾਂਗਰਸ ਦੀ ਕਮਾਨ



**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਨੇ ਪੰਜਾਬ ਵਿਚ ਪਾਰਟੀ ਅੰਦਰ ਚੱਲ ਰਹੀ ਸਿਆਸੀ ਖਿੱਚੋਤਾਣ ਨੂੰ ਦਰਕਿਨਾਰ ਕਰਦਿਆਂ ਆਖਰਕਾਰ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਐਲਾਨ ਦਿੱਤਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਿਆਸੀ ਅਪੀਲ ਤੇ ਦਲੀਲ ਨੂੰ ਅਣਗੌਲਿਆ ਕਰਦਿਆਂ ਹਾਈਕਮਾਨ ਨੇ ਪੰਜਾਬ ਵਿਚ ਨਵਜੋਤ ਸਿੱਧੂ ਨੂੰ ਪਾਰਟੀ ਦੀ ਕਮਾਨ ਸੌਂਪ ਦਿੱਤੀ ਹੈ।

ਮੁੱਖ ਮੰਤਰੀ ਵੱਲੋਂ ਸੰਸਦ ਮੈਂਬਰਾਂ ਰਾਹੀਂ ਚੱਲਿਆ ਗਿਆ ਸਿਆਸੀ ਦਾਅ ਵੀ ਕੰਮ ਨਹੀਂ ਕਰ ਸਕਿਆ। ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਏ.ਵੇਣੂਗੋਪਾਲ ਦੇ ਦਸਤਖਤਾਂ ਹੇਠ ਜਾਰੀ ਪੱਤਰ ਅਨੁਸਾਰ ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਹੋਣਗੇ ਜਦੋਂ ਕਿ ਉਨ੍ਹਾਂ ਦੇ ਨਾਲ ਚਾਰ ਕਾਰਜਕਾਰੀ ਪ੍ਰਧਾਨ ਵੀ ਲਗਾਏ ਗਏ ਹਨ ਜਿਨ੍ਹਾਂ ਵਿਚ ਵਿਧਾਇਕ ਸੰਗਤ ਸਿੰਘ ਗਿਲਜੀਆਂ, ਵਿਧਾਇਕ ਸੁਖਵਿੰਦਰ ਸਿੰਘ ਡੈਨੀ, ਜਿਲ੍ਹਾ ਯੋਜਨਾ ਬੋਰਡ ਫਰੀਦਕੋਟ ਦੇ ਚੇਅਰਮੈਨ ਪਵਨ ਗੋਇਲ ਤੋਂ ਇਲਾਵਾ ਫਤਹਿਗੜ੍ਹ ਸਾਹਿਬ ਤੋਂ ਵਿਧਾਇਕ ਕੁਲਜੀਤ ਸਿੰਘ ਨਾਗਰਾ ਵੀ ਸ਼ਾਮਲ ਹਨ।

ਹਾਈਕਮਾਨ ਨੇ ਜਾਰੀ ਪੱਤਰ ਵਿਚ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਦੀ ਕਾਰਗੁਜ਼ਾਰੀ 'ਤੇ ਤਸੱਲੀ ਜ਼ਾਹਿਰ ਕਰਦੇ ਹੋਏ ਉਨ੍ਹਾਂ ਦੀ ਪ੍ਰਸੰਸਾ ਵੀ ਕੀਤੀ ਹੈ। ਨਵੇਂ ਕਾਰਜਕਾਰੀ ਪ੍ਰਧਾਨ ਕੁਲਜੀਤ ਨਾਗਰਾ ਨੂੰ ਸਿੱਕਮ, ਨਾਗਾਲੈਂਡ ਤੇ ਤ੍ਰਿਪੁਰਾ ਵਿਚ ਇੰਚਾਰਜ ਦੀ ਸੌਂਪੀ ਗਈ ਜ਼ਿੰਮੇਵਾਰੀ ਤੋਂ ਮੁਕਤ ਕਰ ਦਿੱਤਾ ਗਿਆ ਹੈ। ਨਵੇਂ ਐਲਾਨਾਂ ਤੋਂ ਜਾਪਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀਆਂ ਸਿਫਾਰਸ਼ਾਂ ਨੂੰ ਹਾਈਕਮਾਨ ਨੇ ਬਹੁਤੀ ਤਵੱਜੋ ਨਹੀਂ ਦਿੱਤੀ ਹੈ। ਹਾਈਕਮਾਨ ਦੇ ਇਸ ਐਲਾਨ ਨਾਲ ਪੰਜਾਬ ਕਾਂਗਰਸ ਵਿਚ ਉੱਠਿਆ ਵਰੋਲਾ ਇਕ ਵਾਰ ਤਾਂ ਸ਼ਾਂਤ ਹੋਣ ਦੀ ਸੰਭਾਵਨਾ ਹੈ ਕਿਉਂਕਿ ਕਾਂਗਰਸ ਦੇ ਬਹੁਗਿਣਤੀ ਵਿਧਾਇਕ ਪਹਿਲਾਂ ਹੀ ਨਵਜੋਤ ਸਿੱਧੂ ਨਾਲ ਤੁਰ ਪਏ ਹਨ। ਹਾਈਕਮਾਨ ਵੱਲੋਂ ਅਗਲੀਆਂ ਚੋਣਾਂ ਜਿੱਤਣ ਲਈ ਇਹ ਕਵਾਇਦ ਕੀਤੀ ਗਈ ਹੈ। ਪੰਜਾਬ ਕਾਂਗਰਸ ਵਿਚ ਮੁੱਖ ਮੰਤਰੀ ਖਿਲਾਫ ਬਾਗੀ ਵਿਧਾਇਕਾਂ ਤੇ ਵਜ਼ੀਰਾਂ ਦੇ ਉਤਰਨ ਨਾਲ ਨਵੀਂ ਪ੍ਰਧਾਨਗੀ ਦਾ ਮੁੱਢ ਬੱਝ ਗਿਆ ਸੀ।

ਕਾਰਜਕਾਰੀ ਪ੍ਰਧਾਨਾਂ 'ਤੇ ਝਾਤ ਮਾਰੀਏ ਤਾਂ ਹਾਈਕਮਾਨ ਨੇ ਸੰਗਤ ਸਿੰਘ ਗਿਲਜੀਆਂ ਨੂੰ ਕਾਰਜਕਾਰੀ ਪ੍ਰਧਾਨ ਬਣਾ ਕੇ ਜਿਥੇ ਓ.ਬੀ.ਸੀ. ਕੈਟਾਗਿਰੀ ਨੂੰ ਨੁਮਾਇੰਦਗੀ ਦਿੱਤੀ ਹੈ, ਉਥੇ ਹੀ ਦੋਆਬੇ ਨੂੰ ਵੀ ਪੰਜਾਬ ਕਾਂਗਰਸ ਦੀ ਮੁੱਖ ਧਾਰਾ ਵਿਚ ਰੱਖਿਆ ਹੈ। ਮਾਝੇ 'ਚੋਂ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਨੂੰ ਕਾਰਜਕਾਰੀ ਪ੍ਰਧਾਨ ਬਣਾ ਕੇ ਦਲਿਤ ਭਾਈਚਾਰੇ ਨੂੰ ਖੁਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਜੱਟ ਸਿੱਖ ਵਜੋਂ ਕੁਲਜੀਤ ਸਿੰਘ ਨਾਗਰਾ ਨੂੰ ਪਾਰਟੀ 'ਚ ਕਾਰਜਕਾਰੀ ਪ੍ਰਧਾਨ ਦਾ ਅਹੁਦਾ ਦਿੱਤਾ ਗਿਆ ਹੈ। ਹਿੰਦੂ ਚਿਹਰੇ ਵਜੋਂ ਜੈਤੋ ਮੰਡੀ ਦੇ ਟਕਸਾਲੀ ਕਾਂਗਰਸੀ ਪਰਿਵਾਰ ਨਾਲ ਸਬੰਧਤ ਪਵਨ ਗੋਇਲ ਨੂੰ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ ਹੈ।

ਪੰਜਾਬ ਕਾਂਗਰਸ ਵਿਚ ਹੁਣ ਮਾਲਵੇ 'ਚੋਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੋਂ ਇਲਾਵਾ ਕੁਲਜੀਤ ਨਾਗਰਾ ਤੇ ਜਿਲ੍ਹਾ ਯੋਜਨਾ ਬੋਰਡ ਫਰੀਦਕੋਟ ਦੇ ਪਵਨ ਗੋਇਲ ਨੂੰ ਕਾਰਜਕਾਰੀ ਪ੍ਰਧਾਨ ਥਾਪ ਕੇ ਮਲਵਈ ਸਿਆਸਤ ਦੇ ਦਾਬੇ ਨੂੰ ਸਵੀਕਾਰਿਆ ਗਿਆ ਹੈ। ਸੂਤਰਾਂ ਅਨੁਸਾਰ ਚਾਰ ਕਾਰਜਕਾਰੀ ਪ੍ਰਧਾਨਾਂ 'ਚੋਂ ਸਿਰਫ ਸੁਖਵਿੰਦਰ ਡੈਨੀ ਹੀ ਕੈਪਟਨ ਖੇਮੇ ਦੀ ਗਿਣਤੀ ਵਿਚ ਆਉਂਦੇ ਹਨ। ਹਾਲਾਂਕਿ, ਮੁੱਖ ਮੰਤਰੀ ਅਮਰਿੰਦਰ ਸਿੰਘ ਪਿਛਲੇ ਦਿਨਾਂ 'ਚ ਇਹ ਦਬਾਅ ਬਣਾ ਰਹੇ ਸਨ ਕਿ ਕਾਰਜਕਾਰੀ ਪ੍ਰਧਾਨ ਉਨ੍ਹਾਂ ਦੀ ਪਸੰਦ ਵਾਲੇ ਆਗੂ ਲਗਾਏ ਜਾਣ। ਕੈਪਟਨ ਖੇਮੇ ਵੱਲੋਂ ਕਾਰਜਕਾਰੀ ਪ੍ਰਧਾਨਾਂ ਲਈ ਜਿਹੜੇ ਨਾਮ ਉਭਾਰੇ ਜਾ ਰਹੇ ਸਨ, ਉਨ੍ਹਾਂ ਵਿਚ ਵਿਜੈਇੰਦਰ ਸਿੰਗਲਾ, ਚੌਧਰੀ ਸੰਤੋਖ ਸਿੰਘ ਆਦਿ ਸ਼ਾਮਲ ਸਨ। ਨਵੇਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਸਿਰ ਹੁਣ ਵੱਡੀ ਜ਼ਿੰਮੇਵਾਰੀ ਪਈ ਹੈ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਥਾਪੇ ਜਾਣ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਆਸ ਕਰਦੇ ਹਾਂ ਕਿ ਨਵਜੋਤ ਸਿੱਧੂ ਹਾਈਕਮਾਨ ਵੱਲੋਂ ਸੌਂਪੀ ਗਈ ਨਵੀਂ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਹਾਈਕਮਾਨ ਵੱਲੋਂ ਜਤਾਏ ਗਏ ਭਰੋਸੇ 'ਤੇ ਖਰਾ ਉਤਰਨਗੇ। ਉਨ੍ਹਾਂ ਕਿਹਾ ਕਿ ਹੁਣ ਸਾਹਮਣੇ ਚੁਣੌਤੀਆਂ ਬਹੁਤ ਹਨ ਅਤੇ ਆਸ ਹੈ ਕਿ ਸਿੱਧੂ ਸਭਨਾਂ ਨੂੰ ਨਾਲ ਲੈ ਕੇ ਅੱਗੇ ਵਧਣਗੇ।

## ਚੋਣਾਂ ਵਿਚ ਪਾਰਟੀ ਦੀ ਅਗਵਾਈ ਕਰਾਂਗਾ: ਕੈਪਟਨ

**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਵੱਲੋਂ ਨਵਜੋਤ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਥਾਪੇ ਜਾਣ ਦਰਮਿਆਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੋ ਟੁੱਕ ਸ਼ਬਦਾਂ ਵਿਚ ਸਾਫ ਕਰ ਦਿੱਤਾ ਹੈ ਕਿ ਉਹ ਅਗਾਮੀ ਚੋਣਾਂ 'ਚ ਕਾਂਗਰਸ ਨੂੰ ਜਿਤਾਉਣ ਲਈ ਸਾਲ 2017 ਵਾਂਗ ਖੁਦ ਅਗਵਾਈ ਕਰਨਗੇ। ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਅਮਰਿੰਦਰ ਸਿੰਘ ਦੇ ਅਸਤੀਫੇ ਬਾਰੇ ਚੱਲ ਰਹੀਆਂ ਅਫਵਾਹਾਂ ਨੂੰ ਰੱਦ ਕਰਦਿਆਂ ਕਿਹਾ ਕਿ ਮੀਡੀਆ ਗਲਤ ਕਿਆਸ ਲਾਉਣ ਤੋਂ ਗੁਰੇਜ਼ ਕਰੇ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਹਾਈਕਮਾਨ ਨੂੰ ਅਜਿਹੀ ਕੋਈ ਪੇਸ਼ਕਸ਼ ਨਹੀਂ ਕੀਤੀ।

## ਕੈਪਟਨ ਨੂੰ ਪਟਕਣੀ ਦੇਣੀ ਚਾਹੁੰਦਾ ਸਿੱਧੂ: ਸੁਖਬੀਰ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਦਾ ਮਕਸਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਿਆਸੀ ਤੌਰ 'ਤੇ ਪਟਕਣੀ ਦੇਣਾ ਹੈ, ਜਦਕਿ ਉਸ ਨੂੰ ਰਾਜ ਦੇ ਲੋਕਾਂ ਨਾਲ ਕੁਝ ਵੀ ਲੈਣਾ ਦੇਣਾ ਨਹੀਂ। ਕਿਸਾਨੀ ਅੰਦੋਲਨ ਬਾਰੇ ਉਨ੍ਹਾਂ ਕਿਹਾ ਕਿ ਆਉਂਦੇ ਸੰਸਦ ਦੇ ਸੈਸ਼ਨ 'ਚ ਸਾਰੀਆਂ ਸਿਆਸੀ ਧਿਰਾਂ ਨੂੰ ਕਿਸਾਨੀ ਮੁੱਦਿਆਂ 'ਤੇ ਇਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ ਕੰਮ ਰੋਕੂ ਮਤਾ ਲਿਆਉਣ ਲਈ ਯਤਨ ਕਰਨੇ ਚਾਹੀਦੇ ਹਨ।

## ਕਾਂਗਰਸ ਦੇ ਕਲੇਸ਼ ਨੇ ਪੰਜਾਬ ਦਾ ਨੁਕਸਾਨ ਕੀਤਾ: ਭਗਵੰਤ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਕੁਰਸੀ ਲਈ ਚੱਲ ਰਹੇ ਕਾਂਗਰਸੀ ਕਾਟੋ-ਕਲੇਸ਼ ਨੇ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦਾ ਵੱਡਾ ਨੁਕਸਾਨ ਕੀਤਾ ਹੈ। ਹੁਣ ਆਗਾਮੀ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਾਰੇ ਵੱਡੇ-ਛੋਟੇ ਆਗੂ ਕੁਰਸੀ ਬਚਾਉਣ ਲਈ ਲੜ ਰਹੇ ਹਨ। ਕੁਰਸੀ ਦੀ ਇਸ ਭੁੱਖ ਨੇ ਪੰਜਾਬ, ਪੰਜਾਬ ਦੀ ਕਿਸਾਨੀ, ਜਵਾਨੀ, ਵਪਾਰ-ਕਾਰੋਬਾਰ, ਮਹਿਲਾਵਾਂ, ਬਜ਼ੁਰਗਾਂ, ਸਕੂਲਾਂ, ਸਿਹਤ ਸੇਵਾਵਾਂ, ਅਮਨ-ਕਾਨੂੰਨ ਅਤੇ ਵਿੱਤੀ ਸੰਕਟ ਸਮੇਤ ਪੰਜਾਬੀਅਤ ਨਾਲ ਜੁੜੇ ਮੁੱਦੇ ਰੋਲ ਕੇ ਰੱਖ ਦਿੱਤੇ ਹਨ। ਮਾਨ ਨੇ ਕਿਹਾ ਕਿ ਕਾਂਗਰਸ ਦੀ ਇਸ ਅੰਦਰੂਨੀ ਅੱਗ ਨੂੰ ਜਨਤਾ ਦੇ ਖੂਨ ਪਸੀਨੇ ਨਾਲ ਬੁਝਾਉਣ ਦੀਆਂ ਕੋਸ਼ਿਸ਼ ਹੋ ਰਹੀਆਂ ਹਨ।

## ਕੋਵੀਸ਼ੀਲਡ ਲਗਵਾਉਣ ਵਾਲੇ ਜਾ ਸਕਣਗੇ ਫਰਾਂਸ

**ਪੈਰਿਸ:** ਫਰਾਂਸ ਨੇ ਉਨ੍ਹਾਂ ਕੌਮਾਂਤਰੀ ਸੈਲਾਨੀਆਂ ਨੂੰ ਦੇਸ਼ ਵਿਚ ਦਾਖਲ ਹੋਣ ਦੀ ਇਜਾਜ਼ਤ ਦੇ ਦਿੱਤੀ ਹੈ ਜਿਨ੍ਹਾਂ ਨੇ ਭਾਰਤੀ ਫਾਰਮਾਸਿਊਟੀਕਲ ਕੰਪਨੀ ਸਿਰਮ ਇੰਸਟੀਚਿਊਟ ਵੱਲੋਂ ਤਿਆਰ ਕੀਤਾ ਕੋਵੀਸ਼ੀਲਡ ਦਾ ਟੀਕਾ ਲਗਵਾ ਲਿਆ ਹੈ। ਇਹ ਵਿਅਕਤੀ ਫਰਾਂਸ ਦਾ ਦੌਰਾ ਕਰ ਸਕਣਗੇ। ਇਸੇ ਦੌਰਾਨ ਫਰਾਂਸ ਸਰਕਾਰ ਨੇ ਦੇਸ਼ ਵਿਚ ਕਰੋਨਾ ਦੇ ਡੈਲਟਾ ਵੇਰੀਐਂਟ ਦੇ ਫੈਲਾਅ ਨੂੰ ਰੋਕਣ ਲਈ ਸਰਹੱਦਾਂ 'ਤੇ ਚੌਕਸੀ ਵਧਾ ਦਿੱਤੀ ਹੈ। ਕਰੋਨਾ ਤੋਂ ਬਚਾਅ ਲਈ ਕੋਵੀਸ਼ੀਲਡ ਦਾ ਟੀਕਾ ਮੂਲ ਰੂਪ ਵਿਚ ਐਸਟਰਾਜੈਨਿਕਾ ਕੰਪਨੀ ਵੱਲੋਂ ਤਿਆਰ ਕੀਤਾ ਜਾਂਦਾ ਹੈ।


PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS




Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City



Low Interest Rates in History
No Cost Refinancing Available!



Madan Khatri
NMLS # 1980752

Call Madan Khatri
Ph: 847-530-1550
Madan@MoonstarMortgage.com
IL and CA Mortgage Loan Licensee
We Works From Start to End!
Moonstar Mortgage Inc.
MOONSTAR Mortgage
953 Plum Grove Road, Unit B, Schaumburg, IL 60173



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email:
Homeomedicine@yahoo.com

# ਕੈਪਟਨ ਅਮਰਿੰਦਰ ਸਿੰਘ ਨੇ ਅਤਿਵਾਦੀ ਸਰਗਰਮੀਆਂ ਵਧਣ ਦਾ ਰਾਗ ਫਿਰ ਅਲਾਪਿਆ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੰਘਰਸ਼ੀ ਕਿਸਾਨਾਂ ਨਾਲ ਤੁਰਤ ਗੱਲਬਾਤ ਸ਼ੁਰੂ ਕਰਨ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਸਰਹੱਦ ਪਾਰ ਦੇ ਖਤਰਿਆਂ ਦੇ ਹਵਾਲੇ ਨਾਲ ਇਸ ਮਸਲੇ ਨੂੰ ਪੰਜਾਬ ਚੋਣਾਂ ਤੋਂ ਪਹਿਲਾ ਸੁਲਝਾਉਣ ਲਈ ਉਸਾਰੂ ਯਤਨ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਖਾਲਿਸਤਾਨੀ ਜਥੇਬੰਦੀਆਂ ਅਤੇ ਆਈ.ਐਸ.ਆਈ. ਕਿਸਾਨ ਅੰਦੋਲਨ ਦੀ ਆੜ ਹੇਠ ਫਾਇਦਾ ਲੈਣ ਦੀ ਤਾਕ ਵਿਚ ਹੈ।

ਮੁੱਖ ਮੰਤਰੀ ਨੇ ਕਿਸਾਨੀ ਮਸਲੇ ਦਾ ਸਥਾਈ ਅਤੇ ਸੁਖਾਵਾਂ ਹੱਲ ਕੱਢਣ ਲਈ ਪ੍ਰਧਾਨ ਮੰਤਰੀ ਨਾਲ ਵਿਚਾਰ ਚਰਚਾ ਕਰਨ ਲਈ ਪੰਜਾਬ ਤੋਂ ਸਰਬ ਪਾਰਟੀ ਵਫਦ ਦੀ ਅਗਵਾਈ ਕਰਨ ਦਾ ਪ੍ਰਸਤਾਵ ਰੱਖਿਆ ਹੈ। ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਮੁੱਖ ਮੰਤਰੀ ਨੇ ਚੌਕਸ ਕਰਦਿਆਂ ਕਿਹਾ ਕਿ ਸਰਹੱਦ ਪਾਰ ਦੀਆਂ ਤਾਕਤਾਂ ਮਿਹਨਤਕਸ਼ ਕਿਸਾਨਾਂ ਦੇ ਭੜਕੇ ਹੋਏ ਜਜ਼ਬਾਤ ਨਾਲ ਖੇਡਣ ਦੀਆਂ ਕੋਸ਼ਿਸ਼ ਕਰ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਹਾਲੇ ਤਾਂ ਸਥਿਤੀ ਕਾਬੂ ਹੇਠ ਹੈ ਪਰ ਉਨ੍ਹਾਂ ਨੂੰ ਡਰ ਹੈ ਕਿ ਕੁਝ ਸਿਆਸੀ ਪਾਰਟੀਆਂ ਦੀ ਭੜਕਾਊ ਬਿਆਨਬਾਜ਼ੀ ਅਤੇ ਭਾਵਨਾਤਮਕ ਪ੍ਰਤੀਕਿਰਿਆਵਾਂ ਅਮਨ ਕਾਨੂੰਨ ਲਈ ਖਤਰਾ ਬਣ ਸਕਦੀਆਂ ਹਨ।

ਪੱਤਰ 'ਚ ਡਰੋਨ ਗਤੀਵਿਧੀਆਂ ਵਧਣ ਅਤੇ ਪਾਕਿਸਤਾਨ ਵੱਲੋਂ ਭਾਰਤ ਨੂੰ ਹਥਿਆਰਾਂ ਤੇ ਹੈਰੋਇਨ ਦੀਆਂ ਖੇਪਾਂ ਭੇਜੇ ਜਾਣ ਦਾ ਹਵਾਲਾ ਵੀ ਦਿੱਤਾ ਗਿਆ ਹੈ। ਕੈਪਟਨ ਨੇ 28 ਸਤੰਬਰ, 2020 ਨੂੰ ਪ੍ਰਧਾਨ ਮੰਤਰੀ ਨੂੰ ਲਿਖੇ ਆਪਣੇ ਅਰਧ ਸਰਕਾਰੀ ਪੱਤਰ ਦਾ ਵੀ ਹਵਾਲਾ ਦਿੱਤਾ ਹੈ ਜਿਸ ਵਿਚ ਉਨ੍ਹਾਂ ਫਸਲ ਦੀ ਰਹਿੰਦ ਖੂੰਹਦ ਦੇ ਨਿਪਟਾਰੇ ਲਈ ਝੋਨੇ ਉਤੇ ਘੱਟੋ ਘੱਟ ਸਮਰਥਨ ਮੁੱਲ ਤੋਂ ਇਲਾਵਾ 100 ਰੁਪਏ ਪ੍ਰਤੀ ਕੁਇੰਟਲ ਮੁਆਵਜ਼ਾ ਦੇਣ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਘੱਟੋ ਘੱਟ ਸਮਰਥਨ ਮੁੱਲ ਦੀ ਵਿਵਸਥਾ ਅਤੇ ਕਣਕ-ਝੋਨੇ ਦੀ ਸਰਕਾਰੀ ਖਰੀਦ ਜਾਰੀ ਰੱਖਣ ਬਾਰੇ ਚਿੰਤਾਵਾਂ ਸਬੰਧੀ ਸਪਸ਼ਟ ਤੌਰ ਉਤੇ ਮੁੜ ਭਰੋਸਗੀ ਦੀ ਲੋੜ ਹੈ। ਇਸੇ ਤਰ੍ਹਾਂ ਖਾਦਾਂ ਖਾਸ ਕਰਕੇ 31 ਅਕਤੂਬਰ, 2021 ਤੋਂ ਬਾਅਦ ਫੋਸਫੈਟਿਕ ਖਾਦਾਂ ਦੀਆਂ ਕੀਮਤਾਂ ਵਿਚ ਵਾਧੇ ਦੇ ਡਰ ਅਤੇ ਤੌਖਲਿਆਂ ਨੂੰ ਦੂਰ ਕਰਨ ਦੀ ਲੋੜ ਹੈ ਕਿਉਂ ਜੋ ਸੂਬੇ ਵਿਚ ਕਣਕ ਦੀ ਬਿਜਾਈ ਲਈ ਨਵੰਬਰ ਅਤੇ ਦਸੰਬਰ ਮਹੀਨੇ ਦੌਰਾਨ ਡੀਏਪੀ ਦੀ ਲਗਭਗ 60 ਫੀਸਦੀ ਖਪਤ ਹੁੰਦੀ ਹੈ।

ਉਧਰ, ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਰਹੱਦ ਪਾਰ ਦੇ ਅਤਿਵਾਦ ਦਾ ਡਰ ਦਿਖਾ ਕੇ ਕਿਸਾਨੀ ਅੰਦੋਲਨ ਨੂੰ ਲੀਹੋਂ ਲਾਹੁਣ ਦੀ ਕੋਸ਼ਿਸ਼ ਕਰ ਰਹੇ ਹਨ। ਸ੍ਰੀ ਮਾਨ ਨੇ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਿਲੀਭੁਗਤ ਕਰਕੇ ਕਿਸਾਨੀ ਅੰਦੋਲਨ ਨੂੰ ਬਦਨਾਮ ਕਰਨ ਲਈ ਕੰਮ ਕਰ ਰਹੇ ਹਨ। ਹਰ ਕੋਈ ਜਾਣਦਾ ਹੈ ਕਿ ਕਿਸਾਨੀ ਅੰਦੋਲਨ ਅਤੇ ਸਰਹੱਦ ਪਾਰ ਅਤਿਵਾਦ ਵਿਚਕਾਰ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਕੈਪਟਨ ਨੇ ਕੁਰਸੀ ਬਚਾਉਣ ਲਈ ਜਿੰਨੇ ਚੱਕਰ ਦਿੱਲੀ ਦਰਬਾਰ ਲਾਏ ਹਨ, ਜੇ ਉਨ੍ਹਾਂ ਵਿਚੋਂ ਇਕ ਵਾਰ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਜਾ ਕੇ ਕਿਸਾਨੀ ਅੰਦੋਲਨ ਦੀ ਹਮਾਇਤ ਕੀਤੀ ਹੁੰਦੀ ਤਾਂ ਹੁਣ ਤੱਕ ਖੇਤੀ ਕਾਨੂੰਨਾਂ ਦਾ ਮਸਲਾ ਹੱਲ ਹੋ ਜਾਣਾ ਸੀ। ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਸੰਸਦ ਦੇ ਮਾਨਸੂਨ ਸੈਸ਼ਨ ਵਿਚ ਖੇਤੀ ਕਾਨੂੰਨ ਰੱਦ ਕਰਾਉਣ ਲਈ ਆਵਾਜ਼ ਬੁਲੰਦ ਕਰੇਗੀ।

### ਕਿਸਾਨ ਅੰਦੋਲਨ ਨੂੰ ਬਦਨਾਮ ਨਾ ਕਰੇ ਕੈਪਟਨ: ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਗਰਮਦਲੀਆਂ ਅਤੇ ਖਾਲਿਸਤਾਨੀਆਂ ਦੇ ਨਾਂ 'ਤੇ ਕਿਸਾਨੀ ਅੰਦੋਲਨ ਖਤਮ ਕਰਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੀਤੀ ਗਈ ਅਪੀਲ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਰਹੱਦ ਪਾਰ ਦੇ ਅਤਿਵਾਦ ਦਾ ਡਰ ਦਿਖਾ ਕੇ ਕਿਸਾਨੀ ਅੰਦੋਲਨ ਨੂੰ ਲੀਹੋਂ ਲਾਹੁਣ ਦੀ ਕੋਸ਼ਿਸ਼ ਕਰ ਰਹੇ ਹਨ। ਸ੍ਰੀ ਮਾਨ ਨੇ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਿਲੀਭੁਗਤ ਕਰਕੇ ਕਿਸਾਨੀ ਅੰਦੋਲਨ ਨੂੰ ਬਦਨਾਮ ਕਰਨ ਲਈ ਕੰਮ ਕਰ ਰਹੇ ਹਨ।

### ਕੈਪਟਨ ਕਿਸਾਨ ਅੰਦੋਲਨ ਨੂੰ ਬਦਨਾਮ ਕਰਨਾ ਚਾਹੁੰਦਾ: ਮਾਇਆਵਤੀ

**ਲਖਨਊ:** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਮੁਖੀ ਮਾਇਆਵਤੀ ਨੇ ਕਿਸਾਨ ਅੰਦੋਲਨ ਬਾਰੇ ਪੰਜਾਬ ਦੀ ਕਾਂਗਰਸ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਟਵੀਟ ਵਿਚ, ਉਨ੍ਹਾਂ ਕਿਹਾ, 'ਪੰਜਾਬ ਦੇ ਮੁੱਖ ਮੰਤਰੀ ਵੱਲੋਂ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਵਿਚ ਕਿਸਾਨ ਅੰਦੋਲਨ ਬਾਰੇ ਵੱਖ-ਵੱਖ ਖਦਸ਼ਿਆਂ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਸਾਨਾਂ ਦੇ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ ਨਵੇਂ ਖੇਤੀ ਕਾਨੂੰਨਾਂ ਖਿਲਾਫ ਜਾਨ ਤਲੀ 'ਤੇ ਰੱਖ ਕੇ ਸੰਘਰਸ਼ ਕਰ ਰਹੇ ਹਨ। ਇਹ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਤੇ ਚੋਣ ਰਾਜਨੀਤੀ ਕਰਨ ਦੀ ਸਾਜ਼ਿਸ਼ ਹੈ।'

# ਐਕਸਪ੍ਰੈੱਸਵੇਅ: ਕੌਡੀਆਂ ਦੇ ਭਾਅ ਜ਼ਮੀਨ ਗ੍ਰਹਿਣ ਕਰਨ ਖਿਲਾਫ ਨਿੱਤਰੇ ਕਿਸਾਨ

**ਲੁਧਿਆਣਾ:** ਦਿੱਲੀ-ਕੱਟੜਾ ਐਕਸਪ੍ਰੈੱਸਵੇਅ ਲਈ ਜ਼ਮੀਨ ਐਕੁਆਇਰ ਕਰਨ ਖਿਲਾਫ ਕਿਸਾਨ ਸੜਕਾਂ 'ਤੇ ਉਤਰ ਆਏ ਹਨ। ਇਥੇ ਕਿਸਾਨ ਰੋਡ ਸੰਘਰਸ਼ ਕਮੇਟੀ ਦੇ ਬੈਨਰ ਹੇਠ ਸੈਂਕੜੇ ਕਿਸਾਨਾਂ ਨੇ ਡੀਸੀ ਦਫਤਰ ਦੇ ਬਾਹਰ ਟਰੈਕਟਰ ਟਰਾਲੀਆਂ ਲਾ ਕੇ ਧਰਨਾ ਦਿੱਤਾ।

ਧਰਨੇ 'ਚ ਕਿਸਾਨ ਆਗੂਆਂ ਨੇ ਸਾਫ ਕਿਹਾ ਕਿ ਉਹ ਕਿਸੇ ਕੀਮਤ 'ਤੇ ਆਪਣੀਆਂ ਜ਼ਮੀਨਾਂ ਸਸਤੇ ਭਾਅ ਸਰਕਾਰ ਨੂੰ ਨਹੀਂ ਦੇਣਗੇ। ਉਨ੍ਹਾਂ ਪੰਜਾਬ ਦੀ ਕੈਪਟਨ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਕਾਂਗਰਸ ਵੀ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਦੀ ਮਦਦ ਕਰ ਰਹੀ ਹੈ ਪਰ ਇਸ ਸੰਘਰਸ਼ 'ਚ ਸੰਯੁਕਤ ਕਿਸਾਨ ਮੋਰਚਾ ਉਨ੍ਹਾਂ ਦੇ ਨਾਲ ਹੈ, ਇਸ ਲਈ ਆਉਣ ਵਾਲੇ ਦਿਨਾਂ 'ਚ ਉਹ ਲੁਧਿਆਣਾ ਤੋਂ ਲੰਘਣ ਵਾਲੇ ਐਕਸਪ੍ਰੈੱਸਵੇਅ 'ਤੇ ਚੱਕਾ ਜਾਮ ਕਰਨ ਦੇ ਨਾਲ-ਨਾਲ ਪੱਕਾ ਮੋਰਚਾ ਵੀ ਲਗਾ ਸਕਦੇ ਹਨ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਪ੍ਰਧਾਨ ਲਖਵਿੰਦਰ ਸਿੰਘ ਲੱਖੋਵਾਲ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਰੋਡ ਕਿਸਾਨ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਜਿੰਨੀਆਂ ਵੀ ਯੋਜਨਾਵਾਂ ਤਹਿਤ ਪੰਜਾਬ 'ਚ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ, ਉਸ 'ਚ ਸਭ ਤੋਂ ਵੱਧ ਜ਼ਮੀਨ ਲੁਧਿਆਣਾ ਨਾਲ ਸਬੰਧਤ ਹੈ। ਕਿਸਾਨਾਂ ਦੀ ਜ਼ਮੀਨ ਦੇ ਭਾਅ 35 ਲੱਖ ਰੁਪਏ ਤੋਂ ਲੈ ਕੇ 4 ਕਰੋੜ ਰੁਪਏ ਪ੍ਰਤੀ ਏਕੜ ਹਨ ਪਰ ਸਰਕਾਰ ਉਨ੍ਹਾਂ ਨੂੰ ਮੁਆਵਜ਼ੇ ਵੱਜੋਂ ਸਿਰਫ 10 ਲੱਖ ਪ੍ਰਤੀ ਏਕੜ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸੰਗਰੂਰ ਦੇ ਇਕ ਪਿੰਡ 'ਚ ਤਾਂ ਮੁਆਵਜ਼ਾ 9 ਲੱਖ ਰੁਪਏ ਪ੍ਰਤੀ ਏਕੜ ਦੇਣ ਦੀ ਗੱਲ ਵੀ ਕਹੀ ਗਈ ਹੈ, ਜਦੋਂ ਕਿ ਸਰਕਾਰ ਨੇ ਕਾਫੀ ਸਮਾਂ ਪਹਿਲਾਂ ਇਕ ਐਕਟ ਬਣਾਇਆ ਸੀ, ਜਿਸ ਤਹਿਤ ਮਾਰਕੀਟ ਰੇਟ ਤੋਂ ਚਾਰ ਗੁਣਾ ਵੱਧ ਭਾਅ ਦੇ ਕੇ ਜ਼ਮੀਨ ਲੈਣ ਦੀ ਗੱਲ ਆਖੀ ਗਈ ਸੀ। ਉਨ੍ਹਾਂ ਕਿਹਾ ਕੇਂਦਰ ਸਰਕਾਰ ਦੇ ਲਈ ਜ਼ਮੀਨ ਐਕੁਆਇਰ ਦਾ ਕੰਮ ਪੰਜਾਬ ਸਰਕਾਰ ਕਰਦੀ ਹੈ ਪਰ ਉਹ ਵੀ ਪੰਜਾਬ ਦੇ ਕਿਸਾਨਾਂ ਦੇ ਨਾਲ ਨਹੀਂ ਹੈ। ਕਿਸਾਨਾਂ ਨੇ ਕਿਹਾ ਕਿ ਜੇਕਰ ਹੁਣ ਵੀ ਉਨ੍ਹਾਂ ਦੀ ਗੱਲ ਨੂੰ ਗੰਭੀਰਤਾ ਨਾਲ ਲਿਆ ਗਿਆ ਤਾਂ ਉਹ ਐਕਸਪ੍ਰੈੱਸ 'ਤੇ ਪੱਕਾ ਧਰਨਾ ਲਾ ਕੇ ਮੋਰਚਾਬੰਦੀ ਕਰਨਗੇ। ਕਿਸਾਨਾਂ ਨੇ ਕਿਹਾ ਕਿ ਉਹ ਇਸ ਯੋਜਨਾ ਦੇ ਖਿਲਾਫ ਨਹੀਂ ਹਨ ਪਰ ਸਰਕਾਰ ਉਨ੍ਹਾਂ ਦੀਆਂ ਜ਼ਮੀਨਾਂ ਦੇ ਭਾਅ ਤਾਂ ਸਹੀ ਦੇਵੇ।

### ਕੇਂਦਰ ਦੀ ਨੀਤੀ 'ਤੇ ਚੱਲ ਰਹੀ ਹੈ ਕੈਪਟਨ ਸਰਕਾਰ: ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਅਤੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਿਸਾਨਾਂ ਨੂੰ ਲੁੱਟਣ ਅਤੇ ਉਜਾੜਨ ਦੀ ਨੀਤੀ 'ਤੇ ਚੱਲ ਰਹੀ ਹੈ। ਚੀਮਾ ਨੇ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਭਾਰਤ ਮਾਲਾ ਪ੍ਰੋਜੈਕਟ ਅਧੀਨ ਕਿਸਾਨਾਂ ਦੀਆਂ ਜ਼ਮੀਨਾਂ ਸਸਤੇ ਭਾਅ 'ਤੇ ਐਕੁਆਇਰ ਕੀਤੀਆਂ ਜਾ ਰਹੀਆਂ ਹਨ। ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਸੂਬੇ ਦੇ ਕਿਸਾਨਾਂ ਨਾਲ ਸਰਕਾਰੀ ਧੱਕੇਸ਼ਾਹੀ ਨਹੀਂ ਹੋਣ ਦੇਵੇਗੀ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਸੂਬੇ ਦੇ ਕਿਸਾਨ ਦੀ ਸਹਿਮਤੀ ਨਾਲ ਜ਼ਮੀਨਾਂ ਦੀ ਕੀਮਤ, ਉਜਾੜਾ ਭੱਤਾ ਅਤੇ ਅੱਗੇ ਜ਼ਮੀਨ ਖਰੀਦਣ ਵਿਚ ਛੋਟਾਂ ਦੇਣ ਸਮੇਤ ਪਰਿਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ
ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।
ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ
ਸੰਪਰਕ ਕਰੋ, ਫੋਨ: 317-406-9924
13-16+

Homeopathicvibes
Harminder Singh Gill
Homeopathic Consultant and Practitioner
D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
Ph: (408) 737-7100
Fax: (408)737-7102 www.homeopathicvibes.com
We sell and ship homeopathic remedies through out North America.



LAW OFFICES OF VIVEK MALIK
Follow us on :
ACCOMPLISHED IMMIGRATION Attorneys help FAMILIES REUNITE in the UNITED STATES
Our Global & Nationwide Services in the field of U.S. Immigration & Nationality Law
Business Immigration & Worksite Compliance
ਬਿੱਜ਼ਨੈਸ ਇੱਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇੱਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵੇਰਸ
Come talk to an experienced immigration attorney
Toll Free No. 866-424-4000
OUR OFFICES
• 432 S Emerson Ave, Suite 220, Greenwood, IN 46143
Phone: 317.560.4777
• 1067 N Mason Rd., Suite 4, St Louis, Missouri 63141
Phone: 314.416.8000
• 2440 W Shaw Ave., Suite 205, Fresno, California 93711
Phone: 559.578.4344
www.usa-immigrationlaw.com
Languages SPOKEN Punjabi | Hindi | Urdu | Spanish & English



# ਮੋਗਾ ਦੇ 101 ਸਾਲਾ ਬਜ਼ੁਰਗ ਦੀ ਮਿਹਨਤ ਨੂੰ ਕੈਪਟਨ ਦਾ ਸਲਾਮ

**ਮੋਗਾ:** ਸ਼ਹਿਰੀ ਦੀਆਂ ਗਲੀਆਂ ਵਿਚ ਆਲੂ-ਪਿਆਜ ਵੇਚਣ ਵਾਲੇ ਗੁਰਬਤ ਤੇ ਦੁੱਖਾਂ ਦੇ ਮਾਰੇ 101 ਸਾਲਾ ਬਜ਼ੁਰਗ ਹਰਬੰਸ ਸਿੰਘ ਦੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਰਥਿਕ ਮਦਦ ਕੀਤੀ ਹੈ। ਬਜ਼ੁਰਗ ਨੇ ਆਖਿਆ ਕਿ ਇਹ ਸਰਕਾਰੀ ਮਦਦ ਉਹ ਆਪਣੇ ਪੋਤਾ-ਪੋਤੀ ਦੀ ਪੜ੍ਹਾਈ 'ਤੇ ਖਰਚ ਕਰੇਗਾ। ਬਜ਼ੁਰਗ ਅਨੁਸਾਰ ਉਸ ਨੇ ਪ੍ਰਸ਼ਾਸਨ ਤੋਂ ਕੁਝ ਨਹੀਂ ਮੰਗਿਆ ਅਤੇ ਮਦਦ ਤੋਂ ਨਾਂਹ ਵੀ ਨਹੀਂ ਸੀ ਕੀਤੀ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਰਾਹੀਂ ਆਖਿਆ,"ਮੋਗਾ ਦੇ 100 ਸਾਲਾ ਹਰਬੰਸ ਸਿੰਘ ਦੇ ਸਬਰ ਤੇ ਮਿਹਨਤ ਨੂੰ ਮੇਰਾ ਸਲਾਮ ਹੈ, ਜੋ ਇਸ ਉਮਰੇ ਆਪਣੇ ਤੇ ਆਪਣੇ ਪੋਤਾ-ਪੋਤੀ ਦੇ ਗੁਜਾਰੇ ਲਈ ਮਿਹਨਤ ਕਰ ਰਿਹਾ ਹੈ। ਇਸ ਲਈ ਅਸੀਂ ਹਰਬੰਸ ਸਿੰਘ ਜੀ ਨੂੰ ਤੁਰਤ ਵਿੱਤੀ ਸਹਾਇਤਾ ਵਜੋਂ 5 ਲੱਖ ਰੁਪਏ ਦੀ ਰਾਸ਼ੀ ਤੇ ਉਨ੍ਹਾਂ ਦੇ ਪੋਤਾ-ਪੋਤੀ ਲਈ ਪੜ੍ਹਾਈ ਦੀ ਸਹੂਲਤ ਦਿੱਤੀ ਹੈ। ਮੈਨੂੰ ਇਹ ਵੀ ਖੁਸ਼ੀ ਹੈ ਕਿ ਹਰਬੰਸ ਸਿੰਘ ਜੀ ਦੀ ਮਦਦ ਲਈ ਸਥਾਨਕ ਐਨ.ਜੀ.ਓ. ਵੀ ਅੱਗੇ ਆਈਆਂ ਹਨ।"

ਡੀ.ਐਸ.ਪੀ. ਸੁਖਦੇਵ ਸਿੰਘ ਥਿੰਦ ਨੇ ਸ਼ਹਿਰ ਦੀਆਂ ਗਲੀਆਂ 'ਚ ਆਲੂ-ਪਿਆਜ ਵੇਚ ਰਹੇ 101 ਸਾਲਾ ਬਜ਼ੁਰਗ ਹਰਬੰਸ ਸਿੰਘ ਬਾਰੇ ਆਪਣੇ ਫੇਸ ਬੁੱਕ ਖਾਤੇ ਉਤੇ ਪੋਸਟ ਸਾਂਝੀ ਕਰਕੇ ਬਜ਼ੁਰਗ ਦੀ ਮਿਹਨਤ ਨੂੰ ਸਲਾਮ ਕੀਤਾ ਸੀ। ਬਜ਼ੁਰਗ ਹਰਬੰਸ ਸਿੰਘ ਬਾਰੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਧਿਆਨ ਵਿਚ ਆਉਣ ਪਿਛੋਂ ਸਥਾਨਕ ਡੀ.ਸੀ. ਸੰਦੀਪ ਹੰਸ ਨੇ ਬਜ਼ੁਰਗ ਨੂੰ ਬੁਲਾਇਆ ਤੇ ਕਿਹਾ ਕਿ ਇਹ ਉਮਰ ਉਨ੍ਹਾਂ ਦੇ ਆਰਾਮ ਕਰਨ ਦੀ ਹੈ, ਸਰਕਾਰ ਤੁਹਾਡੀ ਮਦਦ ਕਰੇਗੀ। ਇਸ ਸਵਾਲ 'ਤੇ ਬਜ਼ੁਰਗ ਨੇ ਕਿਹਾ ਉਸ ਨੇ ਡੀ.ਸੀ. ਅੱਗੇ ਹੱਥ ਜੋੜਦੇ ਕੁਝ ਵੀ ਨਹੀਂ ਮੰਗਿਆ ਅਤੇ ਸਰਕਾਰੀ ਮਦਦ ਤੋਂ ਨਾਂਹ ਵੀ ਨਹੀਂ ਸੀ ਕੀਤੀ। ਡੀ.ਸੀ. ਨੇ ਆਖਿਆ ਕਿ ਕਿਸੇ ਬੱਚੇ ਦੀ ਪੜ੍ਹਾਈ 'ਚ ਮਦਦ ਦੀ ਲੋੜ ਹੈ ਜਾਂ ਕੋਈ ਹੋਰ ਜਰੂਰਤ ਉਹ ਬੋਲਣ, ਪਰ ਬਜ਼ੁਰਗ ਨੇ ਹੱਥ ਜੋੜ ਕੇ ਮਦਦ ਦੀ ਪੇਸ਼ਕਸ਼ ਠੁਕਰਾ ਦਿੱਤੀ। ਅਖੀਰ ਵਿੱਚ ਜਾਂਦੇ-ਜਾਂਦੇ ਬਜ਼ੁਰਗ ਨੇ ਏਨੀ ਹੀ ਅਪੀਲ ਕੀਤੀ ਕਿ ਉਨ੍ਹਾਂ ਇਕ ਜਮੀਨ ਲਈ ਸੀ, ਰਜਿਸਟਰੀ ਕਰਵਾ ਲਈ ਹੈ ਪਰ ਇੰਤਕਾਲ ਨਹੀਂ ਕਰਵਾਇਆ, ਉਹ ਕਰਵਾ ਦੇਣ।

ਬਜ਼ੁਰਗ ਨੇ ਦੱਸਿਆ ਕਿ ਉਸ ਦਾ ਜਨਮ ਪਾਕਿਸਤਾਨ ਦਾ ਹੈ। ਉਨ੍ਹਾਂ ਦਾ ਪਿੰਡ ਸਰਾਂ ਮੁਗਲ (ਠਾਣੇਵਾਲੀ) ਤਹਿਸੀਲ ਚੂਨੀਆਂ, ਜਿਲ੍ਹਾ ਲਾਹੌਰ ਵਿਚ ਸੀ। ਦੇਸ਼ ਦੀ ਆਜ਼ਾਦੀ ਮੌਕੇ ਉਹ ਕਰੀਬ 26 ਸਾਲ ਦਾ ਸੀ। ਉਸ ਦੀ ਧੀ ਮੁੰਬਈ ਵਿਚ ਹੈ। ਉਹ ਚਾਹੁੰਦਾ ਹੈ ਕਿ ਉਸ ਦੇ ਜਿਉਂਦੇ ਜੀਅ ਉਸ ਦੇ ਪੋਤਾ-ਪੋਤੀ ਉਡਾਰ ਹੋ ਜਾਣ।

## ਕੈਪਟਨ ਦੀਆਂ ਨੀਤੀਆਂ ਕਾਰਨ ਦੂਜੇ ਸੂਬਿਆਂ ਵੱਲ ਜਾਣ ਲੱਗੇ ਸਨਅਤਕਾਰ: ਮਾਨ



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਕੈਪਟਨ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦੇ ਉਦਯੋਗਪਤੀ ਹੋਰਨਾਂ ਸੂਬਿਆਂ ਵੱਲ ਜਾ ਰਹੇ ਹਨ ਕਿਉਂਕਿ ਸੂਬਾ ਸਰਕਾਰ ਉਦਯੋਗਾਂ ਨੂੰ ਬਿਜਲੀ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਣ ਵਿਚ ਫੇਲ੍ਹ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਬਾਦਲਾਂ ਦੇ ਕਾਰਜਕਾਲ ਦੌਰਾਨ ਵਿਚ ਵਸੂਲੇ ਜਾਂਦੇ ਵੱਖ-ਵੱਖ ਤਰ੍ਹਾਂ ਦੇ ਟੈਕਸਾਂ ਤੋਂ ਉਦਯੋਗਪਤੀ ਅਤੇ ਵਪਾਰੀ ਪਰੇਸ਼ਾਨ ਸਨ ਤੇ ਹੁਣ ਕਾਂਗਰਸ ਵੀ ਬਾਦਲਾਂ ਦੇ ਰਾਹ 'ਤੇ ਚੱਲ ਰਹੀ ਹੈ।

ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਸਟੀਲ ਪਾਰਟਸ, ਡਾਇੰਗ ਯੂਨਿਟ, ਯਾਰਨ, ਸਾਈਕਲ ਪਾਰਟਸ ਅਤੇ ਟੈਕਸਟਾਈਲ ਸਮੇਤ 50 ਤੋਂ ਜ਼ਿਆਦਾ ਉਦਯੋਗਾਂ ਨੂੰ ਕੈਪਟਨ ਸਰਕਾਰ 24 ਘੰਟੇ ਬਿਜਲੀ ਦੀ ਸਪਲਾਈ ਸਮੇਤ ਹੋਰ ਸਹੂਲਤਾਂ ਦੇਣ ਵਿਚ ਨਾਕਾਮ ਰਹੀ ਹੈ, ਇਸ ਲਈ ਉਦਯੋਗਪਤੀ ਆਪਣੇ ਕਾਰੋਬਾਰ ਲਈ ਬਦਲਵੇਂ ਪ੍ਰਬੰਧਾਂ ਅਤੇ ਥਾਵਾਂ ਦੀ ਤਲਾਸ਼ ਕਰ ਰਹੇ ਹਨ।'ਆਪ' ਆਗੂ ਨੇ ਮੰਗ ਕੀਤੀ ਕਿ ਕਾਂਗਰਸ ਸਰਕਾਰ ਬਿਜਲੀ ਦੀ ਘਾਟ ਹੋਣ ਕਾਰਨ ਉਦਯੋਗਾਂ ਨੂੰ ਹੋਏ ਆਰਥਿਕ ਨੁਕਸਾਨ ਦੀ ਭਰਪਾਈ ਕਰੇ।

# ਪੰਜਾਬ 'ਵਰਸਿਟੀ ਮਾਮਲਾ: ਅਕਾਲੀ ਦਲ ਵੱਲੋਂ ਰਾਸ਼ਟਰਪਤੀ ਕੋਲ ਪਹੁੰਚ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਯੂਨੀਵਰਸਿਟੀ ਦੇ ਚਾਂਸਲਰ ਦੀ ਪ੍ਰਸ਼ਾਸਕੀ ਸੁਧਾਰਾਂ ਬਾਰੇ ਉਚ ਤਾਕਤੀ ਕਮੇਟੀ ਵੱਲੋਂ ਪੇਸ਼ ਕੀਤੀ ਰਿਪੋਰਟ ਵਾਪਸ ਲੈਣ ਦੇ ਹੁਕਮ ਦੇਣ ਅਤੇ ਨਾਲ ਹੀ ਯਕੀਨੀ ਬਣਾਉਣ ਕਿ ਯੂਨੀਵਰਸਿਟੀ ਦੇ ਖੇਤਰੀ ਅਧਿਕਾਰ ਖੇਤਰ 'ਚ ਕੋਈ ਤਬਦੀਲੀ ਨਾ ਕੀਤੀ ਜਾਵੇ।

ਉਨ੍ਹਾਂ ਨੇ ਇਹ ਵੀ ਅਪੀਲ ਕੀਤੀ ਕਿ ਪੰਜਾਬ ਦੇ ਰਾਜਪਾਲ ਦਾ ਪੰਜਾਬ ਯੂਨੀਵਰਸਿਟੀ ਦੇ ਐਕਸ ਆਫੀਸੀਓ ਚਾਂਸਲਰ ਦਾ ਰੁਤਬਾ ਵੀ ਬਹਾਲ ਕੀਤਾ ਜਾਵੇ ਤੇ ਵਾਈਸ ਚਾਂਸਲਰ ਡਾ. ਰਾਜ ਕੁਮਾਰ ਨੂੰ ਅਹੁਦੇ ਤੋਂ ਹਟਾਇਆ ਜਾਵੇ। ਰਾਸ਼ਟਰਪਤੀ ਨੂੰ ਲਿਖੇ ਪੱਤਰ ਵਿਚ ਸੁਖਬੀਰ ਨੇ ਮਾਮਲੇ 'ਚ ਉਨ੍ਹਾਂ ਦਾ ਨਿੱਜੀ ਦਖਲ ਮੰਗਿਆ ਤੇ ਕਿਹਾ ਕਿ ਦੁਨੀਆਂ ਭਰ ਵਿਚ ਵੱਸਦੇ ਪੰਜਾਬੀਆਂ ਦੀਆਂ ਭਾਵਨਾਵਾਂ ਇਸ ਸੱਭਿਆਚਾਰਕ 'ਤੇ ਪ੍ਰਸ਼ਾਸਕੀ ਹਮਲੇ ਤੇ ਪੰਜਾਬ ਯੂਨੀਵਰਸਿਟੀ ਉਤੇ ਕਬਜ਼ੇ ਨਾਲ ਵਲੂੰਧਰੀਆਂ ਗਈਆਂ ਹਨ। ਰਾਸ਼ਟਰਪਤੀ ਨੂੰ ਤਾਜ਼ਾ ਮਾਮਲੇ ਦੀ ਜਾਣਕਾਰੀ ਦਿੰਦਿਆਂ ਸੁਖਬੀਰ ਨੇ ਕਿਹਾ ਕਿ ਨਵੰਬਰ 2020 'ਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਸਾਲ ਦੀ ਨਵੀਂ ਸਿੱਖਿਆ ਨੀਤੀ ਦੇ ਮੁਤਾਬਕ ਪ੍ਰਸ਼ਾਸਕੀ ਸੁਧਾਰਾਂ ਬਾਰੇ ਸੁਝਾਅ ਮੰਗੇ ਸਨ। ਉਨ੍ਹਾਂ ਕਿਹਾ ਕਿ ਉਪ ਰਾਸ਼ਟਰਪਤੀ ਐਮ. ਵੈਂਕਈਆ ਨਾਇਡੂ, ਜੋ ਕਿ ਪੰਜਾਬ ਯੂਨੀਵਰਸਿਟੀ ਦੇ ਐਕਸ ਆਫੀਸੀਓ ਚਾਂਸਲਰ ਹਨ, ਨੇ ਫਰਵਰੀ 2020 ਵਿਚ 11 ਮੈਂਬਰੀ ਉਚ ਤਾਕਤੀ ਕਮੇਟੀ ਬਣਾ ਦਿੱਤੀ ਜਿਸ ਵਿਚ ਸੈਨੇਟ ਤੇ ਸਿੰਡੀਕੇਟ ਦਾ ਇਕ ਵੀ ਮੈਂਬਰ ਨਹੀਂ ਸੀ। ਉਨ੍ਹਾਂ ਕਿਹਾ ਕਿ ਕਮੇਟੀ ਨੇ ਯੂਨੀਵਰਸਿਟੀ ਦੇ ਖੇਤਰੀ ਅਧਿਕਾਰ ਖੇਤਰ ਵਿਚ ਕਟੌਤੀ ਦੀਆਂ ਸਿਫਾਰਸ਼ਾਂ ਕਰ ਦਿੱਤੀਆਂ ਤੇ ਪੰਜਾਬ ਦੇ ਮਾਲਵਾ ਪੱਟੀ ਦੇ 200 ਕਾਲਜਾਂ ਦੀ ਮਾਨਤਾ ਖਤਮ ਕਰਨ ਦੀ ਸਿਫਾਰਸ਼ ਕਰ ਦਿੱਤੀ ਤੇ ਨਾਲ ਹੀ ਇਲੈਕਟਡ ਕੰਸਟੀਚਿਊਐਂਸੀ ਦੇ ਰਜਿਸਟਰਡ ਗਰੈਜੂਏਟ ਦੀ ਚੋਣ ਬੰਦ ਕਰਨ ਤੇ ਇਨ੍ਹਾਂ ਦੀ ਥਾਂ ਵਾਈਸ ਚਾਂਸਲਰ ਵੱਲੋਂ ਚਾਰ ਵਿਅਕਤੀ ਨਾਮਜ਼ਦ ਕਰਨ ਦੀ ਵਿਵਸਥਾ ਦੀ ਸਿਫਾਰਸ਼ ਕਰ ਦਿੱਤੀ।

ਉਨ੍ਹਾਂ ਕਿਹਾ ਕਿ ਕੰਸਟੀਚਿਊਐਂਸੀ ਵਿਚੋਂ ਅਸਲ ਵਿਚ ਕੁੱਲ 15 ਲੋਕਾਂ ਵਿਚੋਂ ਇਕੱਲੇ ਪੰਜਾਬ ਦੇ 8 ਪ੍ਰਤੀਨਿਧ ਚੁਣੇ ਜਾਂਦੇ ਸਨ। ਇਸ ਤਰੀਕੇ ਯੂਨੀਵਰਸਿਟੀ ਚਲਾਉਣ ਵਿਚ ਪੰਜਾਬੀਆਂ ਦੀ ਭੂਮਿਕਾ ਖਤਮ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਮੇਟੀ ਦੀਆਂ ਸਿਫਾਰਸ਼ਾਂ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਹੁਣ ਸਾਰੀਆਂ ਤਾਕਤਾਂ ਅਲੂਮਨੀ ਦੇ ਚੁਣੇ ਹੋਏ ਪ੍ਰਤੀਨਿਧਾਂ ਦੀ ਥਾਂ ਵਾਈਸ ਚਾਂਸਲਰ ਕੋਲ ਹੋਣਗੀਆਂ।


A & I WATSONVILLE, CA.

**A & I Transport Inc.**

123 E Lee Rd, Watsonville, CA Ph: 831-763-7805


**ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ**

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ
ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ


*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

**NOW HIRING**

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

- Class A Driver. • Clean driving record • Ability to pass DOT drug test.

*We offer the following benefits of employment*

- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

*Signing bonus subject to terms and conditions.

**For More Information Call (24 hours) Armando or Vicente, Ph: (831) 763-7805**

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਨੇਡਾ 'ਚ 182 ਹੋਰ ਬੱਚਿਆਂ ਦੇ ਪਿੰਜਰ ਮਿਲੇ

**ਨਵੀਂ ਦਿੱਲੀ:** ਕੈਨੇਡਾ 'ਚ ਪੁਰਾਣੇ ਕੈਥੋਲਿਕ ਰਿਹਾਇਸ਼ੀ ਸਕੂਲ ਨੇੜੇ ਇਕ ਕਬਰਸਤਾਨ 'ਚੋਂ 182 ਬੱਚਿਆਂ ਦੇ ਪਿੰਜਰ ਮਿਲੇ ਹਨ। ਇਹ ਤੀਜਾ ਕਬਰਸਤਾਨ ਹੈ, ਜਿਥੋਂ ਬੱਚਿਆਂ ਦੇ ਪਿੰਜਰ ਮਿਲੇ ਹਨ। ਇਹ ਕਬਰਾਂ ਸੇਂਟ ਯੂਜੀਨ ਮਿਸ਼ਨ ਸਕੂਲ 'ਚ ਮਿਲੀਆਂ ਹਨ ਜੋ ਕੈਥੋਲਿਕ ਚਰਚ ਵੱਲੋਂ 1912 ਤੋਂ 1970ਵਿਆਂ ਤੱਕ ਚਲਾਇਆ ਜਾ ਰਿਹਾ ਸੀ। ਕੈਨੇਡਾ 'ਚ ਹੁਣ ਤੱਕ ਇਕ ਹਜ਼ਾਰ ਤੋਂ ਜ਼ਿਆਦਾ ਬੱਚਿਆਂ ਦੇ ਪਿੰਜਰ ਮਿਲ ਚੁੱਕੇ ਹਨ। ਇਸ ਨਾਲ ਕੈਥੋਲਿਕ ਚਰਚ ਦੀਆਂ ਕਾਰਵਾਈਆਂ ਖਿਲਾਫ ਦੁਨੀਆਂ ਭਰ 'ਚ ਰੋਹ ਫੈਲ ਗਿਆ ਹੈ। ਕੁਝ ਪਿੰਜਰ ਤਾਂ ਤਿੰਨ ਸਾਲ ਤੱਕ ਦੇ ਬੱਚਿਆਂ ਦੇ ਹਨ। ਇਸ ਤੋਂ ਪਹਿਲਾਂ ਜੂਨ 'ਚ ਮੈਰੀਵਲ ਇੰਡੀਅਨ ਰਿਹਾਇਸ਼ੀ ਸਕੂਲ 'ਚ 751 ਬੱਚਿਆਂ ਦੇ ਪਿੰਜਰ ਮਿਲੇ ਸਨ। ਸਭ ਤੋਂ ਪਹਿਲਾਂ ਮਈ 'ਚ ਕੈਮਲੂਪਸ ਇੰਡੀਅਨ ਰਿਹਾਇਸ਼ੀ ਸਕੂਲ 'ਚੋਂ 215 ਬੱਚਿਆਂ ਦੇ ਪਿੰਜਰ ਮਿਲੇ ਸਨ। ਕੈਨੇਡਾ ਸਰਕਾਰ ਵੱਲੋਂ ਇੰਨੇ ਵੱਡੇ ਪੱਧਰ 'ਤੇ ਪਿੰਜਰ ਮਿਲਣ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਮੁਲਕ ਦੇ ਹੁਕਮਰਾਨਾਂ ਅਤੇ ਕੈਥੋਲਿਕ ਸਕੂਲਾਂ ਨੇ ਸੱਭਿਆਚਾਰਕ ਕਤਲੇਆਮ ਨੂੰ ਅੰਜਾਮ ਦਿੱਤਾ ਸੀ। ਮੁਲਕ ਦੇ ਵਿਕਸਤ ਹੋਣ ਦੇ ਬਾਵਜੂਦ ਮੂਲ ਵਾਸੀ ਅਜੇ ਵੀ ਮਾੜੇ ਹਾਲਾਤ 'ਚ ਰਹਿ ਰਹੇ ਹਨ। ਬ੍ਰਿਟਿਸ਼ ਅਖਬਾਰ 'ਦਿ ਗਾਰਜੀਅਨ' ਮੁਤਾਬਕ 1867 ਤੋਂ 1996 ਵਿਚਕਾਰ ਕੈਨੇਡਾ ਨੇ ਡੇਢ ਲੱਖ ਤੋਂ ਜਿਆਦਾ ਬੱਚਿਆਂ ਨੂੰ ਮਾਪਿਆਂ ਤੋਂ ਲੈ ਕੇ ਜਬਰੀ ਸਕੂਲਾਂ 'ਚ ਦਾਖਲ ਕਰਵਾ ਦਿੱਤਾ ਸੀ ਤਾਂ ਜੋ ਉਨ੍ਹਾਂ ਦਾ ਧਰਮ ਬਦਲਿਆ ਜਾ ਸਕੇ। ਇਸ ਦੌਰਾਨ ਹਜ਼ਾਰਾਂ ਬੱਚਿਆਂ ਦਾ ਜਿਨਸੀ ਸ਼ੋਸ਼ਣ ਵੀ ਕੀਤਾ ਗਿਆ ਸੀ।

# ਸੋਮਨ ਦੇਬਨਾਥ ਦਾ 2 ਲੱਖ ਕਿਲੋਮੀਟਰ ਸਾਈਕਲ ਯਾਤਰਾ ਦਾ ਚੇਤਨਾ ਮਿਸ਼ਨ

**ਸ਼ਿਕਾਗੋ:** ਭਾਰਤ ਦੇ ਸ਼ਹਿਰ ਕੋਲਕਾਤਾ ਦਾ ਸੋਮਨ ਦੇਬਨਾਥ ਸਾਲ 2004 ਤੋਂ ਸੰਸਾਰ ਵਿਚ ਐਚ.ਆਈ.ਵੀ. ਅਤੇ ਏਡਜ਼ ਬਾਰੇ ਜਾਗਰੂਕਤਾ ਫੈਲਾਉਣ ਲਈ ਸਾਈਕਲ ਯਾਤਰਾ 'ਤੇ ਨਿੱਕਲਿਆ ਹੋਇਆ ਹੈ। ਹੁਣ ਤੱਕ ਉਹ ਅਮਰੀਕ ਸਮੇਤ 157 ਮੁਲਕਾਂ ਦੀ ਯਾਤਰਾ ਕਰ ਚੁੱਕਾ ਹੈ ਅਤੇ ਇਸ ਸਫਰ ਦੌਰਾਨ ਉਸ ਨੇ ਪੌਣੇ ਦੋ ਲੱਖ ਕਿਲੋਮੀਟਰ (172,500) ਦੇ ਕਰੀਬ ਯਾਤਰਾ ਕਰ ਲਈ ਹੈ। ਉਸ ਦਾ ਟੀਚਾ ਸਾਲ 2022 ਤੱਕ 191 ਮੁਲਕਾਂ ਦੀ ਯਾਤਰਾ ਕਰਨਾ ਦਾ ਹੈ। ਹਾਲ ਹੀ ਵਿਚ ਉਹ ਸ਼ਿਕਾਗੋ ਪੁੱਜਿਆ ਹੋਇਆ ਸੀ।

ਸੋਮਨ ਦੇਬਨਾਥ ਕੋਲਕਾਤਾ ਯੂਨੀਵਰਸਿਟੀ ਤੋਂ ਜੂਲੌਜੀ ਦਾ ਗਰੈਜੂਏਟ ਹੈ ਅਤੇ ਉਸ ਨੇ ਸਰਬ ਭਾਰਤੀ ਫਾਈਨ ਆਰਟ ਯੂਨੀਵਰਸਿਟੀ (ਕੋਲਕਾਤਾ) ਤੋਂ 'ਵਿਸਾਰਦ' ਦੀ ਡਿਗਰੀ ਵੀ ਹਾਸਲ ਕੀਤੀ ਹੋਈ ਹੈ। ਉਸ ਨੇ ਆਪਣੀ ਯਾਤਰਾ 27 ਮਈ 2004 ਨੂੰ ਆਰੰਭ ਕੀਤੀ ਸੀ। ਇਸ ਯਾਤਰਾ ਦਾ ਵੀ ਬੱਸ ਇਤਫਾਕ ਹੀ ਬਣਿਆ। ਉਸ ਦੀ ਉਮਰ 14 ਸਾਲ ਦੀ ਜਦੋਂ ਉਸ ਨੇ ਇਕ ਲੇਖ ਵਿਚ ਪੜ੍ਹਿਆ ਕਿ ਏਡਜ਼ ਤਾਂ ਕੈਂਸਰ ਨਾਲੋਂ ਵੀ ਭਿਆਨਕ ਬਿਮਾਰੀ ਹੈ। ਇਸ ਲੇਖ ਵਿਚ ਇਕ ਅਜਿਹੇ ਬੇਘਰ ਸ਼ਖਸ ਦਾ ਜ਼ਿਕਰ ਸੀ ਜੋ ਏਡਜ਼ ਤੋਂ ਪੀੜਤ ਸੀ ਅਤੇ ਸਾਰੇ ਉਸ ਦਾ ਸਾਥ ਛੱਡ ਗਏ ਸਨ ਅਤੇ ਉਹ ਹਸਪਤਾਲ ਦੇ ਬਾਹਰ ਰੁਲ ਰਿਹਾ ਸੀ। ਇਸ ਲੇਖ ਦਾ ਸੋਮਨ ਉਤੇ ਬਹੁਤ ਗਹਿਰਾ ਅਸਰ ਪਿਆ। ਦੋ ਸਾਲ ਬਾਅਦ ਉਸ ਨੇ ਪੱਛਮੀ ਬੰਗਾਲ ਦੀ ਏਡਜ਼ ਕੰਟਰੋਲ ਸੁਸਾਇਟੀ ਤੋਂ ਵਿਸ਼ੇਸ਼ ਸਿਖਲਾਈ ਹਾਸਲ ਕੀਤੀ ਅਤੇ ਫਿਰ ਉਹ ਏਡਜ਼ ਬਾਰੇ ਸੰਸਾਰ ਚੇਤਨਾ ਯਾਤਰਾ 'ਤੇ ਨਿੱਕਲ ਪਿਆ।

ਹੁਣ ਤੱਕ ਉਹ ਭਾਰਤ ਦੇ ਸਾਰੇ 28 ਰਾਜਾਂ ਤੇ 5 ਕੇਂਦਰ ਸ਼ਾਸਤ ਪ੍ਰਦੇਸ਼ ਯਾਤਰਾ ਕਰ ਚੁੱਕਾ ਹੈ। ਭਾਰਤ ਵਿਚ ਇਹ ਯਾਤਰਾ ਉਸ ਨੇ 2004 ਤੋਂ 2007 ਤੱਕ ਮੁਕੰਮਲ ਕੀਤੀ। ਫਿਰ ਉਸ ਨੇ 2008-09 ਵਿਚ ਏਸ਼ੀਆ ਦੇ 23 ਮੁਲਕ, 2009-12 ਵਿਚ ਯੂਰਪ ਦੇ 45 ਮੁਲਕਾਂ ਤੇ ਗ੍ਰੀਨਲੈਂਡ, 2012-15 ਵਿਚ ਅਫਰੀਕਾ ਦੇ 52 ਤੇ ਮੱਧ ਪੂਰਬ ਦੇ 8 ਮੁਲਕਾਂ, 2016-17 ਵਿਚ ਦੱਖਣੀ ਅਮਰੀਕਾ ਦੇ 13 ਮੁਲਕਾਂ, 6 ਕੈਰੇਬੀਅਨ ਮੁਲਕਾਂ ਅਤੇ ਅੰਟਾਰਕਟੀਕਾ ਦੇ ਦੱਖਣੀ ਪੋਲ, 2018-2020 ਦੌਰਾਨ ਅਮਰੀਕਾ, ਕੈਨੇਡਾ, ਜਪਾਨ, ਰੂਸ, ਮੰਗੋਲੀਆ, ਚੀਨ, ਦੱਖਣੀ ਕੋਰੀਆ ਤੇ ਨਿਊਜ਼ੀਲੈਂਡ ਦੀ ਯਾਤਰਾ ਕੀਤੀ। ਹੁਣ ਉਹ 2021 ਵਿਚ ਅਮਰੀਕਾ ਦੇ ਰਹਿ ਗਏ 15 ਰਾਜਾਂ, ਆਸਟਰਲੀਆ ਅਤੇ ਦੱਖਣ-ਪੂਰਬੀ ਏਸ਼ੀਆ ਦੇ ਮੁਲਕਾਂ ਦੀ ਯਾਤਰਾ ਕਰੇਗਾ। ਸਾਲ 2022 ਵਿਚ ਉਸ ਦਾ ਸੰਸਾਰ ਦੇ ਸੱਤ ਮਹਾਂਦੀਪਾਂ ਦਾ ਮਿਸ਼ਨ ਮੁਕੰਮਲ ਹੋ ਜਾਵੇਗਾ।

ਇਸ ਯਾਤਰਾ ਦੌਰਾਨ ਸੋਮਨ ਦੇਬਨਾਥ ਨੂੰ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ। 2007 ਵਿਚ ਉਸ ਨੂੰ ਅਫਗਾਨਿਸਤਾਨ ਵਿਚ ਤਾਲਿਬਾਨ ਨੇ ਬੰਦੀ ਬਣਾ ਲਿਆ ਸੀ ਪਰ ਉਹ ਆਪਣੇ ਦ੍ਰਿੜ ਇਰਾਦੇ ਸਦਕਾ 24 ਦਿਨਾਂ ਬਾਅਦ ਉਨ੍ਹਾਂ ਦੀ ਕੈਦ ਵਿਚੋਂ ਰਿਹਾਅ ਹੋ ਗਿਆ। ਇਸ ਯਾਤਰਾ ਦੌਰ ਉਹ ਅਣਗਿਣਤ ਲੋਕਾਂ ਨੂੰ ਮਿਲਿਆ। ਇਨ੍ਹਾਂ 'ਚ 152 ਮੁਲਕਾਂ ਦੇ ਹਾਈ ਕਮਿਸ਼ਨਰ/ਸਫੀਰ, 30 ਰਾਸ਼ਟਰਪਤੀ, 72 ਪ੍ਰਧਾਨ ਮੰਤਰੀ, 358 ਮੰਤਰੀ ਸ਼ਾਮਿਲ ਹਨ। ਹੁਣ ਤੱਕ ਉਹ ਦੋ ਕਰੋੜ ਲੋਕਾਂ ਤੱਕ ਪਹੁੰਚ ਕਰ ਚੁੱਕਾ ਹੈ।

# ਵਿਰੋਧੀ ਧਿਰਾਂ ਨੇ ਕਿਸਾਨਾਂ ਦਾ 'ਪੀਪਲਜ਼ ਵ੍ਹਿਪ' ਸਿਰ-ਮੱਥੇ ਲਾਇਆ

**ਨਵੀਂ ਦਿੱਲੀ:** ਤਿੰਨਾਂ ਖੇਤੀ ਕਾਨੂੰਨਾਂ ਖਿਲਾਫ ਕੌਮੀ ਅੰਦੋਲਨ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼ ਦੀਆਂ ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ ਨੂੰ ਜਾਰੀ ਕੀਤੀ ਗਈ 'ਪੀਪਲਜ਼ ਵ੍ਹਿਪ' ਦਾ ਸਪਸ਼ਟ ਅਸਰ ਦਿਖਾਈ ਦਿੱਤਾ ਤੇ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਦੌਰਾਨ ਵਿਰੋਧੀ ਧਿਰਾਂ ਨੂੰ ਕਿਸਾਨ ਅੰਦੋਲਨ ਦੀ ਆਵਾਜ਼ ਸੰਸਦ ਵਿਚ ਉਠਾਉਣੀ ਪਈ। ਕਈ ਪਾਰਟੀਆਂ ਦੇ ਨੁਮਾਇੰਦਿਆਂ ਨੇ ਖੇਤੀ ਕਾਨੂੰਨਾਂ ਖਿਲਾਫ ਨਾਅਰੇ ਲਾਏ। ਮੋਰਚੇ ਨੇ ਚਿਤਾਵਨੀ ਦਿੱਤੀ ਸੀ ਕਿ ਵ੍ਹਿਪ ਮੁਤਾਬਕ ਆਵਾਜ਼ ਨਾ ਉਠਾਈ ਤਾਂ ਭਾਜਪਾ ਵਾਂਗ ਵਿਰੋਧੀ ਧਿਰਾਂ ਦਾ ਵੀ ਜਨਤਕ ਬਾਈਕਾਟ ਕੀਤਾ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਹੁਜਨ ਸਮਾਜ ਪਾਰਟੀ ਨੇ ਕੰਮ ਰੋਕੂ ਮਤਾ ਰੱਦ ਕਰਨ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਕਿਹਾ ਕਿ ਦੇਸ਼ ਦੇ ਕਿਸਾਨਾਂ ਦੀਆਂ ਭਾਵਨਾਵਾਂ ਨੂੰ ਵੇਖਦਿਆਂ ਤਿੰਨ ਖੇਤੀ ਕਾਨੂੰਨ ਰੱਦ ਹੋਣੇ ਬਹੁਤ ਜ਼ਰੂਰੀ ਹਨ। ਜਲਾਲਾਬਾਦ ਤੋਂ ਸੰਸਦ ਮੈਂਬਰ ਸੁਖਬੀਰ ਬਾਦਲ, ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਬਸਪਾ ਦੇ ਕੌਮੀ ਜਨਰਲ ਸਕੱਤਰ ਸਤੀਸ਼ ਮਿਸ਼ਰਾ ਤੇ ਬਸਪਾ ਦੇ ਹੋਰ ਸੰਸਦ ਮੈਂਬਰਾਂ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਸੰਸਦ ਦੇ ਬਾਹਰ ਰੋਸ ਮੁਜ਼ਾਹਰਾ ਕੀਤਾ। ਉਨ੍ਹਾਂ ਐਲਾਨ ਕੀਤਾ ਕਿ ਅਕਾਲੀ ਦਲ- ਬਸਪਾ ਗਠਜੋੜ ਉਦੋਂ ਤੱਕ ਪ੍ਰਦਰਸ਼ਨ ਜਾਰੀ ਰੱਖੇਗਾ ਜਦੋਂ ਤੱਕ ਕਿਸਾਨਾਂ ਦੀਆਂ ਮੰਗਾਂ ਬਾਰੇ ਸੰਸਦ ਵਿਚ ਚਰਚਾ ਨਹੀਂ ਕੀਤੀ ਜਾਂਦੀ ਅਤੇ ਉਨ੍ਹਾਂ ਦੀਆਂ ਮੰਗਾਂ ਮੰਨਣ ਸਬੰਧੀ ਸਹਿਮਤੀ ਨਹੀਂ ਹੋ ਜਾਂਦੀ। ਸੁਖਬੀਰ ਬਾਦਲ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਇਕਜੁੱਟ ਹੋਣ। ਉਨ੍ਹਾਂ ਕਿਹਾ ਕਿ ਹੁਣ ਤੱਕ 500 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ।

# ਰਾਇਟਰਜ਼ ਫੋਟੋ ਪੱਤਰਕਾਰ ਸਦੀਕੀ ਮਾਰਿਆ ਗਿਆ

**ਸਰੀ (ਸੰਤੋਖ ਸਿੰਘ ਮੰਡੇਰ):** ਸੰਸਾਰ ਪ੍ਰਸਿੱਧ ਖਬਰ ਏਜੰਸੀ ਰਾਇਟਰਜ਼ ਦੇ ਨਾਲ ਪਿਛਲੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਭਾਰਤੀ ਫੋਟੋ ਪੱਤਰਕਾਰ ਦਾਨਿਸ਼ ਸਦੀਕੀ ਦੀ ਅਫਗਾਨਿਸਤਾਨ ਵਿਚ ਕੰਧਾਰ ਨੇੜੇ ਤਾਲਿਬਾਨ ਅਤਿਵਾਦੀਆਂ ਤੇ ਅਫਗਾਨ ਸਿਪਾਹੀਆਂ ਵਿਚ ਹੋ ਰਹੀ ਲੜਾਈ ਦੀ ਜਾਣਕਾਰੀ ਦੀ ਅਸਲ ਕਹਾਣੀ ਪ੍ਰਾਪਤ ਕਰਦਿਆਂ ਗੋਲੀ ਲੱਗਣ ਨਾਲ ਮੌਤ ਹੋ ਗਈ ਹੈ।

ਸੰਸਾਰ ਦੀ ਨਾਮੀ ਖੇਡ ਏਜੰਸੀ ਏ. ਆਈ. ਪੀ. ਐਸ.-ਇੰਟਰਨੈਸ਼ਨਲ ਸਪੋਰਟਸ ਪ੍ਰੈਸ ਐਸੋਸੀਏਸ਼ਨ ਨੇ ਵੀ ਆਪਣੇ ਸੋਸ਼ਲ ਮੀਡੀਆ ਪੇਜ ਉਪਰ ਇਸ ਦੀ ਤਸਦੀਕ ਕੀਤੀ ਹੈ। ਭਾਰਤ ਵਿਚ ਅਫਗਾਨਿਸਤਾਨ ਦੇ ਰਾਜਦੂਤ ਜਨਾਬ ਫਰੀਦ ਮਾਮੁਨਦਜੇ ਨੇ ਵੀ ਟਵੀਟ ਕੀਤਾ ਕਿ 'ਪਿਛਲੀ ਰਾਤ ਕੰਧਾਰ ਵਿਚ ਮੇਰੇ ਮਿੱਤਰ ਦਾਨਿਸ਼ ਸਦੀਕੀ ਦੇ ਮਾਰੇ ਜਾਣ ਦੀ ਖਬਰ ਸੁਣ ਕੇ ਬਹੁਤ ਦੁੱਖ ਹੋਇਆ।'

ਦਾਨਿਸ਼ ਸਦੀਕੀ ਦੀ ਉਮਰ 44 ਸਾਲ ਦੇ ਨੇੜੇ ਸੀ ਅਤੇ ਉਹ ਮੁੰਬਈ ਦਾ ਰਹਿਣ ਵਾਲਾ ਬੜਾ ਦਲੇਰ ਤੇ ਖਤਰਿਆਂ ਨਾਲ ਖੇਡਣ ਵਾਲਾ ਨੌਜਵਾਨ ਪੱਤਰਕਾਰ ਸੀ। ਕੰਧਾਰ ਦੇ ਸਪਿਨ ਬੋਲਡਕ ਜਿਲੇ ਵਿਚ ਝੜੱਪਾਂ ਦੀ ਕਵਰੇਜ ਦੌਰਾਨ ਉਸ ਦੀ ਮੌਤ ਹੋ ਗਈ ਹੈ।

ਪੱਤਰਕਾਰ ਦਾਨਿਸ਼ ਸਦੀਕੀ ਵਿਸ਼ਵ ਪੱਧਰ ਉਪਰ ਆਪਣੇ ਵਿਲੱਖਣ ਕੰਮਾਂ ਲਈ ਪੱਤਰਕਾਰੀ ਦੇ ਖੇਤਰ ਵਿਚ ਵੱਕਾਰੀ ਸਾਲ 2018 ਦਾ 'ਪੁਲਿਤਜਰ ਪੱਤਰਕਾਰ ਪੁਰਸਕਾਰ' ਜੇਤੂ ਸੀ। ਸਦੀਕੀ ਨੇ ਅੰਤਰਰਾਸ਼ਟਰੀ ਪੱਧਰ ਉਪਰ



ਅਫਗਾਨ ਇਰਾਕ ਜੰਗ, ਬਰਮਾ ਦੇ ਰੋਹਿੰਗਾ ਰਫਿਊਜੀ, ਨੇਪਾਲ ਭੁਚਾਲ ਤੇ ਹਾਗਕਾਂਗ ਹੱਲਾ ਗੁੱਲਾ ਲਈ ਭਰਪੂਰ ਕੰਮ ਕੀਤਾ ਸੀ। ਉਹ ਸਾਲ 2010, ਲਗਭਗ 11 ਸਾਲ ਤੋਂ 'ਰਾਈਟਰਜ਼ ਸੰਸਥਾ' ਦੇ ਫੋਟੋਗਰਾਫੀ ਸਟਾਫ ਮੈਂਬਰ ਵਜੋਂ ਲਗਾਤਾਰ ਬੇਮਿਸਾਲ ਕੰਮ ਕਰ ਰਿਹਾ ਸੀ।

# ਕੈਪਟਨ ਅਮਰਿੰਦਰ ਸਿੰਘ ਦੀ ਸਿਆਸੀ ਹੋਣੀ ਤੈਅ

*(ਸਫਾ ਇਕ ਦੀ ਬਾਕੀ)*

ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਨੂੰ ਲੈ ਕੇ ਕੈਪਟਨ ਕਾਫੀ ਔਖੇ ਦੱਸੇ ਜਾ ਰਹੇ ਹਨ।

ਰਾਹੁਲ ਤੇ ਪ੍ਰਿਅੰਕਾ ਦੇ ਨਵੇਂ ਫਾਰਮੂਲੇ ਦਾ ਪਹਿਲਾ ਅਸਰ ਤਾਂ ਇਹੀ ਦਿਖਾਈ ਦਿੱਤਾ ਹੈ ਕਿ ਨੌਜਵਾਨ ਵਿਧਾਇਕ ਸਿੱਧੇ ਤੌਰ ਉਤੇ ਸਿੱਧੂ ਨੂੰ ਪ੍ਰਧਾਨ ਬਣਾਏ ਜਾਣ ਦੇ ਸਮਰਥਨ ਵਿਚ ਆ ਗਏ ਹਨ, ਜਦ ਕਿ ਕੈਪਟਨ ਦੇ ਕਰੀਬੀ ਸੀਨੀਅਰ ਸਾਥੀਆਂ ਸਮੇਤ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋਂ ਵਰਗੇ ਵੱਡੇ ਆਗੂ ਆਪਣੇ ਆਪ ਨੂੰ ਅਣਦੇਖਿਆ ਕੀਤਾ ਸਮਝਣ ਲੱਗੇ ਹਨ।

ਨਵਜੋਤ ਸਿੰਘ ਸਿੱਧੂ ਨੂੰ ਸੂਬੇ ਦੀ ਪ੍ਰਧਾਨੀ ਸੌਂਪੇ ਜਾਣ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਪ੍ਰਤੀ ਉਨ੍ਹਾਂ ਦੇ ਰਵੱਈਏ ਨੂੰ ਦੇਖਦੇ ਹੋਏ ਮੰਨਿਆ ਜਾ ਰਿਹਾ ਹੈ ਕਿ 2022 ਦੀਆਂ ਚੋਣਾਂ ਵੇਲੇ ਟਿਕਟਾਂ ਦੀ ਵੰਡ 'ਚ ਵੀ ਸਿੱਧੂ ਦਾ ਸਿੱਧਾ ਦਖਲ ਰਹੇਗਾ ਅਤੇ ਰਾਹੁਲ-ਪ੍ਰਿਅੰਕਾ ਦੀ ਸੋਚ ਅਨੁਸਾਰ ਸਿੱਧੂ ਨੌਜਵਾਨਾਂ ਨੂੰ ਚੋਣ ਮੈਦਾਨ 'ਚ ਉਤਾਰਨ ਦੀ ਕੋਸ਼ਿਸ਼ ਕਰਨਗੇ ਅਤੇ ਉਸ 'ਚ ਵੀ ਕੈਪਟਨ ਅਤੇ ਸਿੱਧੂ ਵਿਚਾਲੇ ਪੇਚ ਫਸਣਾ ਸੁਭਾਵਿਕ ਹੋਵੇਗਾ।

ਪੰਜ ਮੰਤਰੀਆਂ ਅਤੇ 35 ਵਿਧਾਇਕਾਂ ਨਾਲ ਸ਼ਕਤੀ ਪ੍ਰਦਰਸ਼ਨ ਕਰਕੇ ਸਿੱਧੂ ਨੇ ਸਪਸ਼ਟ ਕਰ ਦਿੱਤਾ ਹੈ ਕਿ ਸਰਕਾਰ ਵੀ ਹੁਣ ਉਨ੍ਹਾਂ ਦੀ ਮੁੱਠੀ ਵਿਚ ਹੈ। ਇਹੀ ਕਾਰਨ ਹੈ ਕਿ ਸਿੱਧੂ ਦੀ ਨਿਯੁਕਤੀ ਤੋਂ ਖਫਾ ਹੋਣ ਦੇ ਬਾਵਜੂਦ ਕੈਪਟਨ ਧੜਾ ਚੁੱਪ ਧਾਰੀ ਬੈਠਾ ਹੈ। ਕਾਂਗਰਸ ਦੇ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਨਵਜੋਤ ਸਿੱਧੂ ਨੇ ਚੰਡੀਗੜ੍ਹ ਦੇ ਸੈਕਟਰ-2 ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ਨੇੜੇ ਆਪਣੀ ਤਾਕਤ ਦਿਖਾਈ। ਸਿੱਧੂ ਜਿਸ ਸਮੇਂ ਆਪਣੀ ਤਾਕਤ ਦਾ ਪ੍ਰਦਰਸ਼ਨ ਕਰ ਰਹੇ ਸਨ, ਉਦੋਂ ਅਮਰਿੰਦਰ ਸਿੰਘ ਆਪਣੀ ਸਰਕਾਰੀ ਰਿਹਾਇਸ਼ 'ਚ ਮੌਜੂਦ ਸਨ।

ਕੈਪਟਨ ਕੈਂਪ ਦੀ ਚੁੱਪੀ ਸਭ ਨੂੰ ਹੈਰਾਨ ਕਰ ਰਹੀ ਹੈ, ਕਿਉਂਕਿ ਉਮੀਦ ਕੀਤੀ ਜਾ ਰਹੀ ਹੈ ਕਿ ਹਾਈਕਮਾਨ ਦੇ ਇਸ ਫੈਸਲੇ ਖਿਲਾਫ ਕੈਪਟਨ ਕੋਈ ਵੱਡਾ ਕਦਮ ਚੁੱਕ ਸਕਦੇ ਹਨ ਪਰ ਕੈਪਟਨ ਦੀ ਚੁੱਪ ਦੱਸ ਰਹੀ ਹੈ ਕਿ ਇਸ ਸਮੇਂ ਉਨ੍ਹਾਂ ਦੀ ਹਾਲਤ 'ਵਿਚਾਰੇ' ਵਾਲੀ ਬਣੀ ਹੋਈ ਹੈ। ਉਨ੍ਹਾਂ ਦੇ ਵਫਾਦਾਰ ਵਿਧਾਇਕ ਅਤੇ ਮੰਤਰੀ ਸਿੱਧੂ ਦੁਆਲੇ ਘੁੰਮ ਰਹੇ ਹਨ। ਅਸਲ ਵਿਚ ਪਿਛਲੇ ਕੁਝ ਦਿਨਾਂ ਤੋਂ ਕੈਪਟਨ ਬਾਰੇ ਹਾਈਕਮਾਨ ਦਾ ਰਵੱਈਆ ਬਦਲਿਆ ਦੇਖਿਆ ਜਾ ਰਿਹਾ ਸੀ।

ਕੈਪਟਨ ਨੂੰ ਦਿੱਤਾ 18 ਨੁਕਾਤੀ ਏਜੰਡਾ ਇਹ ਸਪਸ਼ਟ ਸੰਕੇਤ ਸੀ ਕਿ ਉਹ ਸਫਲ ਮੁੱਖ ਮੰਤਰੀ ਵਜੋਂ ਨਕਾਮ ਸਾਬਤ ਹੋਏ ਹਨ ਤੇ ਸੱਤਾ ਦੇ 5-6 ਮਹੀਨਿਆਂ ਵਿਚ ਉਹ ਆਪਣੇ ਆਪ ਨੂੰ ਸਾਬਤ ਕਰਨ। ਇਸ 18 ਨੁਕਾਤੀ ਏਜੰਡਾ ਵਿਚ ਉਹ ਵਾਅਦੇ ਸਨ ਜੋ ਕੈਪਟਨ ਨੇ ਚੋਣਾਂ ਸਮੇਂ ਪੰਜਾਬੀਆਂ ਨਾਲ ਕੀਤੇ ਸਨ ਤੇ ਪੂਰਾ ਇਕ ਵੀ ਨਹੀਂ ਕੀਤਾ। ਹੁਣ ਤੈਅ ਹੈ ਕਿ ਇੰਨੇ ਥੋੜ੍ਹੇ ਸਮੇਂ ਵਿਚ ਹਾਈਕਮਾਨ ਦੀ ਇੱਛਾ ਉਤੇ ਫੁੱਲ ਚੜ੍ਹਾਉਣਾ ਕੈਪਟਨ ਦੇ ਵੱਸੋਂ ਬਾਹਰ ਹੈ। ਇਸੇ ਏਜੰਡੇ ਨੂੰ ਆਧਾਰ ਬਣਾ ਕੇ ਕੈਪਟਨ ਦੇ ਬਦਲ ਬਾਰੇ ਗੱਲ ਤੋਰੀ ਜਾਵੇਗੀ।

ਹੁਣ ਭਾਵੇਂ ਮੁੱਖ ਮੰਤਰੀ ਦੀ ਨਾਰਾਜ਼ਗੀ ਦੇ ਹੁੰਦਿਆਂ ਵੀ ਸਿੱਧੂ ਦੇ ਨਾਂ ਉਤੇ ਹਾਈਕਮਾਨ ਨੇ ਮੋਹਰ ਲਗਾ ਦਿੱਤੀ ਹੈ ਪਰ ਕੈਪਟਨ ਅਮਰਿੰਦਰ ਸਿੰਘ ਵੱਲੋਂ ਪ੍ਰਗਟਾਈ ਨਾਰਾਜ਼ਗੀ ਇਸ ਗੱਲ ਦਾ ਪ੍ਰਗਟਾਵਾ ਜ਼ਰੂਰ ਹੈ ਕਿ ਕਾਂਗਰਸ ਪਾਰਟੀ ਨੂੰ ਅੱਗੇ ਲਿਜਾਣ ਲਈ ਉਨ੍ਹਾਂ ਨੂੰ ਬੇਹੱਦ ਮੁਸ਼ਕਿਲਾਂ ਅਤੇ ਰੁਕਾਵਟਾਂ ਝੱਲਣੀਆਂ ਪੈ ਸਕਦੀਆਂ ਹਨ। ਦੂਜੇ ਪਾਸੇ ਸਿੱਧੂ ਨੂੰ ਪ੍ਰਧਾਨਗੀ ਮਿਲਣ 'ਤੇ ਸੂਬੇ ਦੀਆਂ ਕਾਂਗਰਸੀਆਂ ਸਫਾਂ ਵਿਚ ਉਤਸ਼ਾਹ ਦਾ ਮਾਹੌਲ ਬਣਿਆ ਜਾਪਦਾ ਹੈ। ਬਹੁਤੇ ਕਾਂਗਰਸੀ ਆਗੂ ਵੀ ਉਨ੍ਹਾਂ ਨਾਲ ਜੁੜਨ ਨੂੰ ਤਰਜੀਹ ਦੇਣ ਲੱਗੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਕਹਾਣੀ ਵਿਚਾਰ-ਚਰਚਾ ਸਮਾਗਮ

**ਸਟਾਕਟਨ:** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਲੰਘੀ 11 ਜੁਲਾਈ ਨੂੰ ਨੇੜਲੇ ਕਸਬੇ ਲੈਥਰੋਪ ਵਿਖੇ ਕਹਾਣੀ ਵਿਚਾਰ-ਚਰਚਾ ਦਾ ਆਯੋਜਿਨ ਕੀਤਾ ਗਿਆ। ਕੋਵਿਡ ਕਾਰਨ ਪਿਛਲੇ ਸਮੇਂ ਵਿਚ ਕੀਤੀਆਂ ਗਈਆਂ ਸ਼ਾਨਦਾਰ ਜ਼ੂਮ ਮੀਟਿੰਗਾਂ ਤੋਂ ਬਾਅਦ ਇਹ ਪਹਿਲੀ ਮਟਿੰਗ ਸੀ, ਜੋ ਉਸ ਦਿਨ ਅਤਿ ਦੀ ਗਰਮੀ ਦੇ ਬਾਵਜੂਦ ਸਭਾ ਦੇ ਮੈਂਬਰਾਂ ਵਲੋਂ ਰਲ-ਬੈਠ ਕੇ ਕੀਤੀ ਗਈ। ਸਾਰੇ ਮੈਂਬਰਾਂ ਨੇ ਇੱਕ ਦੂਜੇ ਨੂੰ ਜੀ ਆਇਆਂ ਆਖਦਿਆਂ ਚਾਅਵਾਂ ਭਰੀ ਖੁਸ਼ੀ ਦਾ ਪ੍ਰਗਟਾਵਾ ਕੀਤਾ।



ਸਮਾਗਮ ਦੇ ਅਰੰਭ ਵਿਚ ਪਿਛਲੀਆਂ ਮੀਟਿੰਗਾਂ ਦਾ ਲੇਖਾ-ਜੋਖਾ ਕੀਤਾ ਗਿਆ। ਸਭਾ ਵਲੋਂ ਨੇੜ ਭਵਿੱਖ ਵਿਚ ਅੰਤਰ ਰਾਸ਼ਟਰੀ ਮਿੰਨੀ ਕਹਾਣੀ ਸਮਾਗਮ ਕਰਾਉਣ ਦਾ ਫੈਸਲਾ ਵੀ ਲਿਆ ਗਿਆ।

ਵਿਚਾਰ-ਚਰਚਾ ਦਾ ਅਰੰਭ ਕਰਦਿਆਂ ਸਭ ਤੋਂ ਪਹਿਲਾਂ ਤ੍ਰਿਪਤ ਸਿੰਘ ਭੱਟੀ ਨੇ ਇੰਡੀਆਨਾ ਵਾਸੀ ਮਿੰਨੀ ਕਹਾਣੀ ਲੇਖਕ ਸੁਖਦੇਵ ਸਿੰਘ ਸਾਂਤ ਦੇ ਨਵ-ਪ੍ਰਕਾਸ਼ਿਤ ਮਿੰਨੀ ਕਹਾਣੀ-ਸੰਗ੍ਰਹਿ 'ਨਵਾਂ ਆਦਮੀ' ਨਾਲ ਜਾਣ-ਪਹਿਚਾਣ ਕਰਵਾਈ। ਉਨ੍ਹਾਂ ਦੱਸਿਆ ਕਿ ਸੁਖਦੇਵ ਸਿੰਘ ਸਾਂਤ ਪੰਜਾਬੀ ਸਾਹਿਤ ਦਾ ਇੱਕ ਬਹੁ-ਪੱਖੀ ਸੰਜੀਦਾ ਲੇਖਕ ਹੈ। ਇਹ ਉਨ੍ਹਾਂ ਦਾ ਦੂਸਰਾ ਮਿੰਨੀ ਕਹਾਣੀ-ਸੰਗ੍ਰਹਿ ਹੈ, ਜੋ ਪੰਜਾਬੀ ਸਾਹਿਤ ਵਿਚ ਗੁਣਾਤਮਕ ਅਤੇ ਗਿਣਾਤਮਕ ਵਾਧਾ ਕਰਦਾ ਹੈ। ਸ੍ਰੀ ਭੱਟੀ ਨੇ ਕਹਾਣੀ 'ਨਵਾਂ ਆਦਮੀ' ਪੜ੍ਹ ਕੇ ਵੀ ਸੁਣਾਈ। ਉਨ੍ਹਾਂ ਆਪਣੀ ਮਿੰਨੀ ਕਹਾਣੀ 'ਸ਼ੁਕਰਾਨਾ' ਵੀ ਸਰੋਤਿਆਂ ਨਾਲ ਸਾਂਝੀ ਕੀਤੀ। ਹਰਨੇਕ ਸਿੰਘ ਨੇ ਆਪਣੀਆਂ ਤਿੰਨ ਮਿੰਨੀ ਕਹਾਣੀਆਂ 'ਕੌਣ ਪੁੱਛਦਾ ਹੈ', 'ਆਪਣੇ ਜਾਏ' ਅਤੇ 'ਕਬਾੜਾ' ਪੜ੍ਹੀਆਂ।

ਕਹਾਣੀ ਵਿਚਾਰ-ਚਰਚਾ ਦੇ ਦੂਸਰੇ ਭਾਗ ਵਿਚ ਹਰਜਿੰਦਰ ਪੰਧੇਰ ਨੇ ਆਪਣੀ ਨਵ-ਸਿਰਜਤ ਕਹਾਣੀ 'ਜਸ਼ਨੇ ਅਜ਼ਾਦੀ' ਪੇਸ਼ ਕੀਤੀ, ਜਿਸ ਨੂੰ ਹਾਜ਼ਰ ਸਰੋਤਿਆਂ ਨੇ ਬੜੀ ਸੰਜੀਦਗੀ ਨਾਲ ਸੁਣਿਆ। ਤ੍ਰਿਪਤ ਸਿੰਘ ਭੱਟੀ ਨੇ ਇਸ ਨੂੰ ਇੱਕ ਖੂਬਸੂਰਤ ਕਹਾਣੀ ਗਰਦਾਨਦਿਆਂ ਕਿਹਾ ਕਿ ਇਸ ਕਹਾਣੀ ਦੇ ਅੰਦਰ ਗਹਿਰੇ ਤੇ ਵਿਸਥਾਰਤ ਅਰਥ ਸਮੋਏ ਹੋਏ ਹਨ। ਹਰਨੇਕ ਸਿੰਘ, ਚਰਨਜੀਤ ਸਿੰਘ ਸਾਹੀ, ਗੁਰਪ੍ਰੀਤ ਕੌਰ, ਮ੍ਰਿਗਇੰਦਰ ਪੰਧੇਰ ਅਤੇ ਜੈ ਕਿਸ਼ਨ ਗਿਰੀ ਨੇ ਪੜ੍ਹੀਆਂ ਗਈਆਂ ਕਹਾਣੀਆਂ ਬਾਰੇ ਆਲੋਚਨਾਤਮਕ ਪੱਖੋਂ ਆਪਣੇ ਵਿਚਾਰ ਸਾਂਝੇ ਕੀਤੇ।

ਹਾਜ਼ਰ ਸਰੋਤਿਆਂ ਵਿਚ ਅਜੀਤ ਕੌਰ, ਰੁਪਿੰਦਰ ਗਿਰੀ, ਰਾਜ ਕੁਮਾਰੀ ਅਤੇ ਪਰਦੀਪ ਨੇ ਭਾਗ ਲਿਆ। ਕਹਾਣੀਕਾਰ ਜਸਵੀਰ ਰਾਣਾ, ਡਾ. ਰਵੀ ਸ਼ੇਰ ਗਿੱਲ, ਸੁਰਿੰਦਰ ਸੋਹਲ, ਗੁਰਮੀਤ ਪਨਾਗ, ਮਨਜੀਤ ਕੌਰ ਸੇਖੋਂ, ਜਸਵੰਤ ਸਿੰਘ ਸੈਦੋਕੇ ਅਤੇ ਮਨਜੀਤ ਕੌਰ ਸੰਧੂ ਨੇ ਫੋਨ ਰਾਹੀਂ ਆਪਣੀ ਹਾਜ਼ਰੀ ਲਵਾਈ। ਸਭਾ ਦੀ ਅਗਲੀ ਮੀਟਿੰਗ 21 ਅਗਸਤ, ਸਨਿਚਰਵਾਰ ਨੂੰ ਸਵੇਰੇ ਗਿਆਰਾਂ ਵਜੇ: 12912 ਨਾਰਥ ਟੂੱਲੀ ਰੋਡ, ਲੋਡਾਈ ਵਿਖੇ ਹੋਵੇਗੀ।

ਹੋਰ ਜਾਣਕਾਰੀ ਲਈ ਹਰਜਿੰਦਰ ਪੰਧੇਰ ਨਾਲ ਫੋਨ 209-610-5055 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਮਹਾਮਾਰੀ ਦੌਰਾਨ ਨਸ਼ਿਆਂ ਦੀ ਓਵਰਡੋਜ਼ ਨਾਲ ਹੋਈਆਂ 90,000 ਤੋਂ ਵੱਧ ਮੌਤਾਂ

**ਫਰਿਜ਼ਨੋ (ਕੈਲੀਫੋਰਨੀਆ):** ਪਿਛਲੇ ਸਾਲ ਕਰੋਨਾ ਵਾਇਰਸ ਮਹਾਮਾਰੀ ਕਾਰਨ ਅਮਰੀਕਾ ਵਿਚ ਲੱਖਾਂ ਮੌਤਾਂ ਤਾਂ ਹੋਈਆਂ ਹੀ ਹਨ, ਉਸ ਦੇ ਨਾਲ ਹੀ ਨਸ਼ਿਆਂ ਦੀ ਓਵਰਡੋਜ਼ ਕਾਰਨ ਵੀ 90,000 ਤੋਂ ਵੱਧ ਮੌਤਾਂ ਹੋਈਆਂ ਹਨ। ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ (ਸੀ. ਡੀ. ਸੀ.) ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਸਾਲ 2020 ਵਿਚ ਨਸ਼ਿਆਂ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ ਵਿਚ ਕਰੀਬ 30 ਫੀਸਦ ਵਾਧਾ ਹੋਇਆ ਹੈ।

ਅੰਕੜਿਆਂ ਅਨੁਸਾਰ ਮੌਤਾਂ ਹਰ ਦੇਸ਼ ਦੇ ਹਰ ਰਾਜ ਵਿਚ ਵਧੀਆਂ ਹਨ, ਪਰ ਸਾਊਥ ਡਕੋਟਾ ਅਤੇ ਨਿਊ ਹੈਂਪਸ਼ਾਇਰ ਵਿਚ ਜ਼ਿਆਦਾ ਹਨ। ਪਿਛਲੇ ਸਾਲ ਦੌਰਾਨ ਨਸ਼ੀਲੇ ਪਦਾਰਥਾਂ ਜਿਵੇਂ ਕਿ ਮੈਥਾਫੈਂਟਾਮਾਈਨ ਅਤੇ ਫੈਂਟਾਨੈਲਜ਼ ਆਦਿ ਵਰਗੇ ਸਿੰਥੈਟਿਕ ਪਦਾਰਥਾਂ ਦੀ ਓਵਰਡੋਜ਼ ਕਰਕੇ ਹੋਈਆਂ ਹਨ। ਅਮਰੀਕਾ ਵਿਚ ਹਾਲ ਹੀ ਦੇ ਸਾਲਾਂ ਵਿਚ ਨਸ਼ੇ ਦੀ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਨੇ ਕਾਰ ਕਰੈਸ਼ਾਂ, ਗੋਲੀਬਾਰੀ ਜਾਂ ਏਡਜ਼ ਆਦਿ ਨਾਲ ਹੁੰਦੀਆਂ ਮੌਤਾਂ ਦੀ ਸਾਲਾਨਾ ਗਿਣਤੀ ਨੂੰ ਪਛਾੜ ਦਿੱਤਾ ਹੈ।

ਅੰਕੜਿਆਂ ਅਨੁਸਾਰ ਕੋਵਿਡ-19 ਕਾਰਨ ਹੁੰਦੀਆਂ ਮੌਤਾਂ ਦੀ ਗਿਣਤੀ ਪਿਛਲੇ ਸਾਲ 3,75,000 ਨੂੰ ਪਾਰ ਕਰ ਗਈ ਸੀ, ਜੋ ਕਿ ਅਮਰੀਕੀ ਮੌਤਾਂ ਦੀ ਸਭ ਤੋਂ ਵੱਡੀ ਘਟਨਾ ਹੈ, ਪਰ ਨਸ਼ਿਆਂ ਕਾਰਨ ਨੌਜਵਾਨਾਂ ਵਿਚ ਹੋਈਆਂ ਮੌਤਾਂ ਅਸਾਧਾਰਨ ਹਨ। ਸਿਹਤ ਮਾਹਿਰਾਂ ਅਨੁਸਾਰ ਕਰੋਨਾ ਮਹਾਮਾਰੀ ਨੇ ਬਿਨਾ ਸ਼ੱਕ ਨਸ਼ਿਆਂ ਦੀ ਓਵਰਡੋਜ਼ ਨਾਲ ਹੁੰਦੀਆਂ ਮੌਤਾਂ ਦੇ ਵਾਧੇ ਵਿਚ ਯੋਗਦਾਨ ਪਾਇਆ ਹੈ।

ਅਮਰੀਕਾ ਵਿਚ ਨਸ਼ਿਆਂ ਦਾ ਰੁਝਾਨ ਫੈਂਟਾਨੈਲਜ਼ ਦੀ ਵੱਧ ਰਹੀ ਪਹੁੰਚ ਨੂੰ ਦਰਸਾ ਰਿਹਾ ਹੈ, ਜੋ ਅਕਸਰ ਕੋਕੀਨ ਅਤੇ ਮੈਥ ਵਰਗੇ ਨਸ਼ਿਆਂ ਵਿਚ ਮਿਲਾਇਆ ਜਾਂਦਾ ਹੈ। ਕੋਵਿਡ ਮਹਾਮਾਰੀ ਦੇ ਤਣਾਅ ਨੇ ਕਾਲੇ, ਲਾਤੀਨੋ ਅਤੇ ਮੂਲ ਅਮਰੀਕੀ ਲੋਕਾਂ ਨੂੰ ਵੀ ਅਸਿੱਧੇ ਢੰਗ ਨਾਲ ਪ੍ਰਭਾਵਿਤ ਕੀਤਾ ਹੈ ਅਤੇ ਨਸ਼ਿਆਂ ਦੀ ਵਰਤੋਂ ਦੀ ਸੰਭਾਵਨਾ ਵਿਚ ਵਾਧਾ ਹੋਇਆ ਹੈ।

# Matrimonials

## ਲੜਕੇ ਦੀ ਲੋੜ ਹੈ

Looking a match for a beautiful Jatt Sikh Punjabi Girl, family values oriented, 29yrs, 5'-5'', US born, post masters degree in educational psychology and working as a school psychologist. Invite serious response preferably from West Coast, Jatt Sikh US Citizen or Permanent Resident boy. Please contact with photographs and bio-data: gorayads@Yahoo.com Or Call: 301-653-7029

*28-31*

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/ professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

## ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892

*29-32*

"Reputed Jatt Sikh family looking for a beautiful, tall (min. 5'-4") and slim girl for Canadian PR boy. Masters in engineering, 26 years, fair complexion, 5'-11". Working in M.N.C. Contact: 412-628-1644 or 91-98146-21221

*26-29*

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

**For the Best advice for BUYING-SELLING-RENTING**

Ben Singh Bashal (Realtor/Broker)
**Ph: 317-809-1818**
midlandrealtygroup@yahoo.com

Kamaljeet Kaur (Realtor/Broker)
**Ph: 317-909-9295**
kahlonkamaljeet@gmail.com



*Kamaljeet Kaur*

*Mortgage rates available from 2.1% to 3%*

**Midland Realty Group-Company You Trust**

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਕਾਵਿ ਸੰਗ੍ਰਹਿ 'ਉਡਾਰੀਆਂ' ਅਤੇ ਨਾਵਲ 'ਤਿੜਕਦੀ ਹਵੇਲੀ' ਲੋਕ ਅਰਪਿਤ

**ਫਰਿਜ਼ਨੋ, ਕੈਲੀਫੋਰਨੀਆ (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ):** ਲੰਘੇ ਸ਼ੁੱਕਰਵਾਰ ਫਰਿਜ਼ਨੋ ਦੇ ਨੌਰਥ ਪੁਆਇੰਟ ਈਵੈਂਟ ਸੈਂਟਰ (ਕੱਰੀ ਹਾਊਸ ਸ਼ਾਇਰਾਂ, ਸਾਹਿਤਕਾਰਾਂ, ਪੱਤਰਕਾਰਾਂ ਅਤੇ ਰੇਡੀਓ ਹੋਸਟਾਂ ਦੀ ਹਾਜ਼ਰੀ ਵਿਚ ਫਰਿਜ਼ਨੋ ਦੇ ਪਤਵੰਤਿਆਂ ਵੱਲੋਂ ਲੋਕ ਅਰਪਣ ਕੀਤੀਆਂ ਗਈਆਂ। ਪ੍ਰੋਗਰਾਮ ਦਾ ਆਗਾਜ਼ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਅਵਤਾਰ ਪਾਸ਼ ਦੇ ਵਿਚਕਾਰ ਆ ਖੜੋਤਾ ਹੋਵੇ। ਇਸੇ ਤਰੀਕੇ ਸਾਧੂ ਸਿੰਘ ਸੰਘਾ ਦੇ ਨਾਵਲ ਤਿੜਕਦੀ ਹਵੇਲੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਨਾਵਲ 1925 ਤੋਂ ਲੈ ਕੇ ਹਰੀ ਕ੍ਰਾਂਤੀ ਲਈ ਧੰਨਵਾਦ ਕੀਤਾ।

ਹੋਰ ਬੁਲਾਰਿਆਂ ਵਿਚ ਹਰਨਾਮ ਸਿੰਘ ਪੰਨੂ, ਡਾ. ਅਰਜਨ ਸਿੰਘ ਜੋਸ਼ਨ, ਗੁਰਦੀਪ ਸਿੰਘ ਅਣਖੀ, ਹਰਜਿੰਦਰ ਢੇਸੀ, ਸ਼ਾਇਰ ਹਰਜਿੰਦਰ ਗੀਤ ਨਾਲ ਕੀਤਾ। ਇਸ ਮੌਕੇ ਜੋਤੀ ਸਿੰਘ, ਦਲਜੀਤ ਕੌਰ, ਕਮਲ ਬੰਗਾ, ਕਾਕਾ ਅਮਨਜੋਤ ਸਿੰਘ, ਬਾਈ ਸੁਰਜੀਤ, ਅਵਤਾਰ ਗਰੇਵਾਲ, ਪੱਪੀ ਭਦੌੜ ਆਦਿ ਗਾਇਕਾਂ ਅਤੇ ਸ਼ਾਇਰਾਂ ਨੇ ਆਪਣੇ



ਰੈਸਟੋਰੈਂਟ) ਵਿਖੇ ਸਥਾਨਕ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾ "ਇੰਡੋ-ਯੂ. ਐਸ. ਏ. ਹੈਰੀਟੇਜ਼ ਫਰਿਜ਼ਨੋ ਵੱਲੋਂ ਸਾਧੂ ਸਿੰਘ ਸੰਘਾ ਦਾ ਨਾਵਲ "ਤਿੜਕਦੀ ਹਵੇਲੀ" ਅਤੇ ਰਣਜੀਤ ਗਿੱਲ ਦਾ ਪਲੇਠਾ ਕਾਵਿ ਸੰਗ੍ਰਹਿ "ਉਡਾਰੀਆਂ" ਲੋਕ ਅਰਪਣ ਕੀਤੇ ਗਏ। ਇਹ ਸਮਾਗਮ ਉੱਘੇ ਕਾਰੋਬਾਰੀ ਚਰਨਜੀਤ ਸਿੰਘ ਬਾਠ ਵੱਲੋਂ ਸਪਾਂਸਰ ਕੀਤਾ ਗਿਆ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਮੈਂਬਰ ਉਚੇਚੇ ਤੌਰ 'ਤੇ ਸੈਕਰਾਮੈਂਟੋ ਤੋਂ ਪਹੁੰਚੇ ਹੋਏ ਸਨ।

ਇਸ ਮੌਕੇ ਮੁੱਖ ਮਹਿਮਾਨ ਡਾਕਟਰ ਪ੍ਰਿਥੀਪਾਲ ਸਿੰਘ ਸੋਹੀ ਅਤੇ ਪ੍ਰੋਫੈਸਰ ਹਰਿੰਦਰ ਕੌਰ ਸੋਹੀ ਸਰੀ (ਕੈਨੇਡਾ) ਤੋਂ ਘੁੰਡ ਚੁਕਾਈ ਸਮਾਰੋਹ ਵਿਚ ਸ਼ਾਮਲ ਹੋਣ ਲਈ ਖਾਸ ਸੱਦੇ 'ਤੇ ਆਏ ਹੋਏ ਸਨ। ਇਹ ਦੋਵੇਂ ਕਿਤਾਬਾਂ ਸਥਾਨਕ ਨੂੰ ਨਿੱਘੀ ਜੀ ਆਇਆਂ ਆਖ ਕੇ ਸ਼ਾਇਰਾਨਾ ਅੰਦਾਜ਼ ਵਿਚ ਕੀਤਾ। ਉਪਰੰਤ ਸਾਧੂ ਸਿੰਘ ਸੰਘਾ ਨੇ ਆਏ ਸੱਜਣਾਂ ਦਾ ਸਵਾਗਤ ਕੀਤਾ ਅਤੇ ਵਾਰੋ ਵਾਰੀ ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਡਾ. ਪ੍ਰਿਥੀਪਾਲ ਸਿੰਘ ਸੋਹੀ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ।

ਇਸ ਮੌਕੇ ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਡਾ. ਪ੍ਰਿਥੀਪਾਲ ਸੋਹੀ ਨੇ ਦੋਹਾਂ ਕਿਤਾਬਾਂ 'ਤੇ ਵਿਸਥਾਰ ਵਿਚ ਚਰਚਾ ਕੀਤੀ ਅਤੇ ਕਿਹਾ ਕਿ ਸਰਲ ਭਾਸ਼ਾ ਵਿਚ ਲਿਖੀਆਂ ਇਹ ਦੋਵੇਂ ਕਿਤਾਬਾਂ ਸਾਨੂੰ ਸਾਰਿਆ ਨੂੰ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਰਣਜੀਤ ਗਿੱਲ ਦੀ ਪੁਸਤਕ ਉਡਾਰੀਆਂ ਪੜ੍ਹਦੇ ਹਾਂ ਤਾਂ ਇੰਜ ਲਗਦਾ ਹੈ ਕਿ ਜਿਵੇਂ ਇਨਕਲਾਬੀ ਰੰਗ ਵਿਚ ਰੰਗਿਆ ਰਣਜੀਤ ਗਿੱਲ ਸੰਤ ਰਾਮ ਉਦਾਸੀ ਤੇ ਤੱਕ ਦੀ ਦੋ ਪੀੜ੍ਹੀਆਂ ਦੀ ਕਹਾਣੀ ਹੈ। ਇਸ ਵਿਚ ਦਰਸਾਇਆ ਗਿਆ ਹੈ ਕਿ ਰਿਸ਼ਤਿਆਂ ਦੇ ਤਿੜਕਣ ਨਾਲ ਹਵੇਲੀ ਵੀ ਤਿੜਕਦੀ ਹੈ। ਨਾਵਲ ਦੀ ਵਿਲੱਖਣਤਾ ਬਿਆਨ ਕਰਦੀ ਹੈ ਕਿ ਕਿਵੇਂ ਹਵੇਲੀ ਉਸਰਦੀ ਹੈ ਅਤੇ ਸਮੇਂ ਦੇ ਫੇਰ ਨਾਲ ਢਹਿੰਦੀ ਹੈ, ਤੇ ਫਿਰ ਉਸਰਦੀ ਹੈ। ਉਨ੍ਹਾਂ ਕਿਹਾ ਕਿ ਸਾਧੂ ਸਿੰਘ ਸੰਘਾ ਦੇ ਇੱਕੋ ਨਾਵਲ ਨੇ ਉਨ੍ਹਾਂ ਨੂੰ ਪੰਜਾਬੀ ਦੇ ਚੋਟੀ ਦੇ ਨਾਵਲਕਾਰਾਂ ਦੀ ਲਾਈਨ ਵਿਚ ਲਿਆ ਖੜ੍ਹਾ ਕੀਤਾ ਹੈ।

ਇਸ ਮੌਕੇ ਇੰਡੋ-ਯੂ. ਐਸ. ਏ. ਹੈਰੀਟੇਜ਼ (ਫਰਿਜ਼ਨੋ) ਦੇ ਸਮੂਹ ਮੈਂਬਰਾਂ ਨੇ ਸ਼ਿਰਕਤ ਕੀਤੀ। ਰਣਜੀਤ ਗਿੱਲ ਅਤੇ ਸਾਧੂ ਸਿੰਘ ਸੰਘਾ ਨੇ ਜਸਵਿੰਦਰ ਸਿੰਘ (ਨਿਊ ਇੰਡੀਆ ਸਵੀਟਸ ਐਂਡ ਸਪਾਈਸਜ਼) ਜਗੀਰ ਸਿੰਘ ਗਿੱਲ (ਗਿੱਲ ਕੈਰੀਅਰ) ਤੇ ਹਰਮਨ ਬਾਵਾ ਦਾ ਵਿਸ਼ੇਸ਼ ਪ੍ਰਬੰਧਾਂ ਕੰਗ, ਸ਼ਾਇਰ ਦਿਲ ਨਿੱਝਰ, ਮਨਰੀਤ ਕੌਰ (ਪ੍ਰਧਾਨ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ), ਹਾਕਮ ਸਿੰਘ ਢਿੱਲੋਂ, ਕਰਮ ਸੰਘਾ, ਅਜੈਬ ਸਿੰਘ ਸੰਘਾ, ਨਾਜ਼ਰ ਸਹੋਤਾ, ਅਮਰਜੀਤ ਦੌਧਰ, ਜਥੇਦਾਰ ਜੁਗਰਾਜ ਸਿੰਘ ਦੌਧਰ, ਅਰਜਣ ਸਿੰਘ ਜੋਸ਼ਨ, ਬਬਲਾ ਮਲੂਕਾ, ਪਸ਼ੌਰਾ ਸਿੰਘ ਢਿੱਲੋਂ, ਦਲਜੀਤ ਰਿਆੜ, ਗੁਰਜਤਿੰਦਰ ਰੰਧਾਵਾ, ਗੁਲਿੰਦਰ ਗਿੱਲ, ਜਗਸੀਰ ਬਰਾੜ, ਭੋਲਾ ਬਰਾੜ, ਜਸਪਾਲ ਸਿੰਘ ਬਿਲਾਸਪੁਰ ਆਦਿ ਦੇ ਨਾਮ ਜ਼ਿਕਰਯੋਗ ਹਨ।

ਕਿਤਾਬਾਂ ਰਿਲੀਜ਼ ਕਰਨ ਮਗਰੋਂ ਕਵੀ ਦਰਬਾਰ ਹੋਇਆ। ਕਵੀ ਦਰਬਾਰ ਦੀ ਸਟੇਜ਼ ਸਕੱਤਰੀ ਗਾਇਕ ਗੋਗੀ ਸੰਧੂ ਨੇ ਬਾਖੂਬੀ ਨਿਭਾਈ। ਕਵੀ ਦਰਬਾਰ ਦਾ ਆਗਾਜ਼ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਖੂਬਸੂਰਤ ਗੀਤਾਂ ਤੇ ਕਵਿਤਾਵਾਂ ਨਾਲ ਖੂਬ ਰੰਗ ਬੰਨਿਆ।

ਇਸ ਮੌਕੇ ਇੰਡੋ-ਯੂ. ਐਸ. ਏ. ਹੈਰੀਟੇਜ (ਫਰਿਜ਼ਨੋ) ਦੇ ਸਮੂਹ ਮੈਂਬਰ-ਪ੍ਰਧਾਨ ਨਿਰਮਲ ਸਿੰਘ ਗਿੱਲ ਧਨੌਲਾ, ਸਕੱਤਰ ਹੈਰੀ ਮਾਨ, ਖਜਾਨਚੀ ਮਨਜੀਤ ਸਿੰਘ ਕੁਲਾਰ ਅਤੇ ਪ੍ਰਬੰਧਕੀ ਬੋਰਡ ਮੈਂਬਰ ਸਤਵੰਤ ਸਿੰਘ ਵਿਰਕ, ਰਾਜਿੰਦਰ ਸਿੰਘ ਬਰਾੜ, ਸੰਤੋਖ ਸਿੰਘ ਢਿੱਲੋਂ, ਹਾਕਮ ਸਿੰਘ ਢਿੱਲੋਂ, ਸੁਲੱਖਣ ਸਿੰਘ ਗਿੱਲ, ਬਿਕਰਮਜੀਤ ਸਿੰਘ ਕਾਹਲੋਂ, ਜਗੀਰ ਸਿੰਘ ਗਿੱਲ, ਪੁਸ਼ਪਿੰਦਰ ਸੁਨੈਨਾ, ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਵਿਸ਼ੇਸ਼ ਤੌਰ 'ਤੇ ਮਹਿਮਾਨਾਂ ਨਾਲ ਮਸ਼ਰੂਫ ਰਹੇ।

ਅਮਿੱਟ ਪੈੜਾਂ ਛੱਡਦਾ ਕੱਰੀ ਹਾਊਸ ਰੈਸਟੋਰੈਂਟ ਦੇ ਰਾਤਰੀ ਦੇ ਸੁਆਦਿਸ਼ਟ ਭੋਜਨ ਨਾਲ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

(ਹੋਰ ਤਸਵੀਰਾਂ ਅਗਲੇ ਸਫੇ 'ਤੇ ਦੇਖੋ)

# ਅੰਮ੍ਰਿਤਧਾਰੀ ਬੱਚੀ ਨੂੰ ਕਕਾਰਾਂ ਸਮੇਤ ਪ੍ਰੀਖਿਆ ਦੇਣ ਤੋਂ ਰੋਕਣਾ ਗਲਤ: ਸਿਰਸਾ



**ਨਵੀਂ ਦਿੱਲੀ:** ਅੰਮ੍ਰਿਤਧਾਰੀ ਸਿੱਖ ਬੱਚੀ ਮਨਹਰਲੀਨ ਕੌਰ ਨੂੰ ਕਕਾਰਾਂ ਸਮੇਤ ਡੀ.ਐਸ.ਐਸ.ਬੀ. ਦੀ ਪ੍ਰੀਖਿਆ ਦੇਣ ਤੋਂ ਰੋਕੇ ਜਾਣ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖਤ ਵਿਰੋਧ ਕਰਦੇ ਹੋਏ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੋਂ ਬੋਰਡ ਦੇ ਚੇਅਰਮੈਨ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੋ ਰਿਹਾ ਜਦੋਂ ਡੀ.ਐਸ.ਐਸ.ਬੀ. ਬੋਰਡ ਦੀ ਪ੍ਰੀਖਿਆ ਦੌਰਾਨ ਸਿੱਖ ਬੱਚਿਆਂ ਨੂੰ ਕਕਾਰ ਸਮੇਤ ਪ੍ਰੀਖਿਆ ਕੇਂਦਰ 'ਚ ਜਾਣ ਤੋਂ ਰੋਕਿਆ ਗਿਆ ਹੋਵੇ। ਇਸ ਤੋਂ ਪਹਿਲਾਂ ਵੀ ਕਈ ਵਾਰ ਇਸ ਤਰ੍ਹਾਂ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਸ 'ਤੇ ਦਿੱਲੀ ਕਮੇਟੀ ਲੀਗਲ ਸੈੱਲ ਵੱਲੋਂ ਤੁਰਤ ਕਾਰਵਾਈ ਕਰਦੇ ਹੋਏ ਬੱਚਿਆਂ ਨੂੰ ਕਕਾਰ ਸਮੇਤ ਪ੍ਰੀਖਿਆ ਦੇਣ ਦੀ ਇਜਾਜ਼ਤ ਦੁਆਈ ਗਈ। ਸ. ਸਿਰਸਾ ਤੇ ਕਾਲਕਾ ਨੇ ਕਿਹਾ ਕਿ ਇਸ ਮਸਲੇ ਨੂੰ ਲੈ ਕੇ ਦਿੱਲੀ ਕਮੇਟੀ ਦੀ ਲੀਗਲ ਸੈੱਲ ਦੀ ਟੀਮ ਵੱਲੋਂ ਅਦਾਲਤ ਅੰਦਰ ਵੀ ਗੁਹਾਰ ਲਗਾਈ ਜਾਵੇਗੀ। ਉਨ੍ਹਾਂ ਮਨਹਰਲੀਨ ਕੌਰ ਅਤੇ ਉਸ ਦੇ ਪਰਿਵਾਰ ਵਾਲਿਆਂ ਨੂੰ ਭਰੋਸਾ ਦੁਆਇਆ ਕਿ ਦਿੱਲੀ ਕਮੇਟੀ ਵੱਲੋਂ ਪੂਰੀ ਕੋਸ਼ਿਸ਼ ਕੀਤੀ ਜਾਵੇਗੀ ਕਿ ਬੱਚੀ ਨੂੰ ਕਕਾਰ ਸਮੇਤ ਪ੍ਰੀਖਿਆ ਦੁਆਈ ਜਾਵੇ।

# ਫੋਰਟ ਵੇਨ ਦੇ ਦੋ ਗੁਰਦੁਆਰੇ ਇਕ ਹੋਏ

**ਫੋਰਟ ਵੇਨ, ਇੰਡੀਆਨਾ (ਡੀ. ਐਸ. ਮਾਂਗਟ):** ਫੋਰਟ ਵੇਨ ਸ਼ਹਿਰ ਵਿਚ ਹੁਣ ਦੋ ਗੁਰਦੁਆਰਿਆਂ ਦੀ ਥਾਂ ਇਕ ਗੁਰਦੁਆਰਾ ਹੋਵੇਗਾ। ਯਾਦ ਰਹੇ ਕਿ ਪਿਛਲੇ ਕਰੀਬ ਪੰਦਰਾਂ ਸਾਲਾਂ ਤੋਂ





ਸ਼ਹਿਰ ਵਿਚ ਦੋ ਗੁਰਦੁਆਰੇ ਸਨ। ਹੁਣ ਦੋਹਾਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਇਕੱਠੇ ਹੋਣ ਦਾ ਫੈਸਲਾ ਕੀਤਾ ਹੈ।

ਇਸ ਸ਼ੁਭ ਕਾਰਜ ਦੀ ਸ਼ੁਰੂਆਤ ਸਿੱਖ ਗੁਰਦੁਆਰਾ ਆਫ ਫੋਰਟ ਵੇਨ (11431 ਲੋਅਰ ਹੰਟਿੰਗਟਨ ਰੋਡ) ਤੋਂ ਕੀਤੀ ਗਈ। ਬੀਤੇ ਵੀਰਵਾਰ 15 ਜੁਲਾਈ ਸਵੇਰੇ 9:30 ਵਜੇ ਸੁਖਮਨੀ ਸਾਹਿਬ ਦੇ ਪਾਠ ਤੋਂ ਬਾਅਦ ਗੁਰਬਾਣੀ ਕੀਰਤਨ ਹੋਇਆ ਅਤੇ ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਪੂਰੀ ਸਿੱਖ ਮਰਿਆਦਾ ਨਾਲ ਦਸਮੇਸ਼ ਗੁਰਦੁਆਰਾ ਆਫ ਫੋਰਟ ਵੇਨ (15020 ਇਲੀਨੋਇਸ ਰੋਡ) ਵਿਖੇ ਲਿਜਾਏ ਗਏ। ਇਸ ਮੌਕੇ ਰਲ-ਮਿਲ ਕੇ ਸਮਾਗਮ ਕਰਨ ਦਾ ਫੈਸਲਾ ਵੀ ਕੀਤਾ ਗਿਆ ਹੈ।

ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਅਕਾਲ ਪੁਰਖ ਦੀ ਅਪਾਰ ਕਿਰਪਾ ਹੋਈ ਹੈ। ਇਸ ਦੇ ਨਾਲ ਹੀ ਇਹ ਸਾਰੀ ਸੰਗਤ ਦੇ ਸਹਿਯੋਗ ਅਤੇ ਪ੍ਰਬੰਧਕਾਂ ਦਾ ਵੱਡਾ ਉਪਰਾਲਾ ਹੈ। ਇਸ ਲਈ ਅਕਾਲ ਪੁਰਖ ਦਾ ਸ਼ੁਕਰਾਨਾ ਅਤੇ ਸੰਗਤ ਤੇ ਪ੍ਰਬੰਧਕ ਵਧਾਈ ਦੇ ਹੱਕਦਾਰ ਹਨ। ਦੋਹਾਂ ਸੰਸਥਾਵਾਂ ਦੇ ਪ੍ਰਬੰਧਕਾਂ-ਰਾਣਾ ਸੇਖੋਂ, ਰਵਿੰਦਰ ਸੇਖੀ, ਸ. ਨਾਗਰਾ, ਸਤੀਸ਼ ਖਟਾਨਾ ਅਤੇ ਸੁਰਜੀਤ ਸਿੰਘ, ਰਣਜੀਤ ਸਿੰਘ ਵਿਰਕ, ਹਰਭਜਨ ਸਿੰਘ ਨੇ ਇਸ ਕਾਰਜ ਵਿਚ ਵਧੀਆ ਭੂਮਿਕਾ ਨਿਭਾਈ।

ਯਾਦ ਰਹੇ, ਬਹੁਤ ਸਾਰੇ ਸ਼ਹਿਰਾਂ ਵਿਚ ਇਕ ਤੋਂ ਵੱਧ ਗੁਰਦੁਆਰੇ ਅਤੇ ਕਲਚਰਲ ਸੰਸਥਾਵਾਂ ਹਨ, ਜਿਸ ਨੇ ਭਾਈਚਾਰੇ ਵਿਚ ਈਰਖਾ ਪੈਦਾ ਕੀਤੀ ਹੈ ਅਤੇ ਵੱਡੀਆਂ-ਵੱਡੀਆਂ ਇਮਾਰਤਾਂ ਖੜ੍ਹੀਆਂ ਕਰਕੇ ਖਰਚ ਵਧਾਏ ਹੋਏ ਹਨ। ਭਾਈਚਾਰੇ ਨੂੰ ਚਾਹੀਦਾ ਹੈ ਕਿ ਉਹ ਵੀ ਫੋਰਟ ਵੇਨ ਵਾਂਗ ਇਕ ਝੰਡੇ ਹੇਠਾਂ ਇਕੱਠੇ ਹੋ ਕੇ ਧਾਰਮਿਕ ਤੇ ਕਲਚਰਲ ਸਮਾਗਮ ਅਤੇ ਖੇਡ ਮੇਲੇ ਕਰਵਾਉਣ।

ਪ੍ਰਬੰਧਕਾਂ ਨੇ ਕਿਹਾ ਹੈ ਕਿ ਕਰਤਾਪੁਰ ਲਾਂਘਾ ਸਮੁੱਚੇ ਸੰਸਾਰ ਲਈ ਬਹੁਤ ਵੱਡਾ ਸੁਨੇਹਾ ਹੈ। ਜੇ ਇਕਜੁਟਤਾ ਦੀ ਗੱਲ ਨੂੰ ਪੱਲੇ ਬੰਨ੍ਹ ਲਈਏ ਅਤੇ ਉਸ ਉਪਰ ਅਮਲ ਕਰੀਏ ਤਾਂ ਭਾਈਚਾਰੇ ਅੰਦਰ ਖੁਸ਼ੀਆਂ ਅਤੇ ਪਿਆਰ ਵਧਦਾ ਹੈ। ਸੋ, ਆਓ ਆਪਾਂ ਸਾਰੇ ਰਲ-ਮਿਲ ਕੇ ਖੁਸ਼ੀਆਂ ਮਨਾਈਏ ਅਤੇ ਇਕੱਠੇ ਹੋ ਕੇ ਪਰਿਵਾਰਾਂ ਸਮੇਤ ਫੋਰਟ ਵੇਨ ਗੁਰਦੁਆਰੇ ਵਿਚ ਗੁਰੂ ਦੀ ਬਾਣੀ ਦਾ ਆਨੰਦ ਮਾਣੀਏ।

# ਯੂਨੀਵਰਸਿਟੀਆਂ ਦਾ ਅਕਾਦਮਿਕ ਵਰ੍ਹਾ ਅਕਤੂਬਰ ਤੋਂ

**ਨਵੀਂ ਦਿੱਲੀ:** ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ.ਜੀ.ਸੀ.) ਨੇ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਐਲਾਨ ਕੀਤਾ ਹੈ ਕਿ ਦੇਸ਼ ਭਰ 'ਚ ਯੂਨੀਵਰਸਿਟੀਆਂ ਤੇ ਕਾਲਜਾਂ ਦਾ ਨਵਾਂ ਅਕਾਦਮਿਕ ਸੈਸ਼ਨ ਪਹਿਲੀ ਅਕਤੂਬਰ ਤੋਂ ਸ਼ੁਰੂ ਹੋਵੇਗਾ ਜਦਕਿ ਦਾਖਲਿਆਂ ਦੀ ਪ੍ਰਕਿਰਿਆ 30 ਸਤੰਬਰ ਤੱਕ ਪੂਰੀ ਕਰ ਲਈ ਜਾਵੇ। ਯੂਨੀਵਰਸਿਟੀ ਤੇ ਉਚ ਸਿੱਖਿਆ ਸੰਸਥਾਵਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਗਰੈਜੂਏਸ਼ਨ ਦੇ ਕੋਰਸਾਂ ਲਈ ਦਾਖਲਾ ਪ੍ਰਕਿਰਿਆ ਸੀ. ਬੀ. ਐਸ. ਈ., ਆਈ. ਸੀ. ਐਸ. ਈ. ਤੇ ਸਾਰੇ ਰਾਜਾਂ ਦੇ ਸਕੂਲ ਬੋਰਡਾਂ ਵੱਲੋਂ ਨਤੀਜਾ ਐਲਾਨੇ ਜਾਣ ਤੋਂ ਬਾਅਦ ਹੀ ਸ਼ੁਰੂ ਕੀਤੀ ਜਾਵੇ। ਕਮਿਸ਼ਨ ਨੇ ਨਵੇਂ ਦਿਸ਼ਾ ਨਿਰਦੇਸ਼ 'ਚ ਕਿਹਾ, 'ਅਜਿਹੀ ਉਮੀਦ ਕੀਤੀ ਜਾਂਦੀ ਹੈ ਕਿ ਸਾਰੇ ਸਕੂਲ ਬੋਰਡ 12ਵੀਂ ਦੀਆਂ ਪ੍ਰੀਖਿਆਵਾਂ ਦੇ ਨਤੀਜੇ 31 ਜੁਲਾਈ ਤੱਕ ਐਲਾਨ ਦੇਣਗੇ। ਜੇਕਰ ਪ੍ਰੀਖਿਆਵਾਂ ਦੇ ਨਤੀਜਿਆਂ 'ਚ ਕੋਈ ਦੇਰੀ ਹੁੰਦੀ ਹੈ ਤਾਂ ਨਵਾਂ ਅਕਾਦਮਿਕ ਵਰ੍ਹਾ 18 ਅਕਤੂਬਰ ਤੱਕ ਸ਼ੁਰੂ ਹੋ ਸਕਦਾ ਹੈ।' ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਆਫਲਾਈਨ ਤੇ ਆਨਲਾਈਨ ਦੋਵਾਂ ਤਰ੍ਹਾਂ ਹੀ ਜਾਰੀ ਰਹਿਣੀ ਚਾਹੀਦੀ ਹੈ। ਮਹਾਮਾਰੀ ਕਾਰਨ ਮਾਪਿਆਂ ਦੀ ਵਿੱਤੀ ਪਰੇਸ਼ਾਨੀ ਨੂੰ ਦੇਖਦਿਆਂ ਕਮਿਸ਼ਨ ਨੇ ਯੂਨੀਵਰਸਿਟੀਆਂ ਤੇ ਉੱਚ ਸਿੱਖਿਆ ਸੰਸਥਾਵਾਂ ਨੂੰ ਇਹ ਯਕੀਨੀ ਬਣਾਉਣ ਨੂੰ ਕਿਹਾ ਹੈ ਕਿ ਦਾਖਲਾ ਰੱਦ ਕਰਵਾਏ ਜਾਣ ਜਾਂ ਵਿਦਿਆਰਥੀ ਦੀ ਮਾਈਗਰੇਸ਼ਨ ਦੇ ਮਾਮਲੇ 'ਚ ਪੂਰੀ ਫੀਸ ਵਾਪਸ ਕੀਤੀ ਜਾਵੇ। ਕਮਿਸ਼ਨ ਨੇ ਯੂਨੀਵਰਸਿਟੀਆਂ ਤੇ ਕਾਲਜਾਂ ਲਈ ਆਖਰੀ ਸੈਸ਼ਨ ਜਾਂ ਆਖਰੀ ਵਰ੍ਹੇ ਦੀਆਂ ਪ੍ਰੀਖਿਆਵਾਂ 31 ਅਗਸਤ ਤੱਕ ਕਰਵਾਉਣੀਆਂ ਜਰੂਰੀ ਕਰ ਦਿੱਤਾ ਹੈ। ਪ੍ਰੀਖਿਆਵਾਂ ਆਨਲਾਈਨ ਤੇ ਆਫਲਾਈਨ ਜਾਂ ਦੋਵਾਂ ਢੰਗਾਂ ਨਾਲ ਕਰਵਾਈ ਜਾ ਸਕਦੀ ਹੈ।

# ਰਣਜੀਤ ਗਿੱਲ ਦਾ ਕਾਵਿ ਸੰਗ੍ਰਹਿ 'ਉਡਾਰੀਆਂ' ਅਤੇ ਸਾਧੂ ਸਿੰਘ ਸੰਘਾ ਦਾ ਨਾਵਲ 'ਤਿੜਕਦੀ ਹਵੇਲੀ' ਲੋਕ ਅਰਪਿਤ

## ਸਾਹਿਤਕਾਰਾਂ, ਪੱਤਰਕਾਰਾਂ ਅਤੇ ਕਵੀਆਂ ਦੀ ਭਰਵੀਂ ਹਾਜ਼ਰੀ 'ਚ ਕਵੀ ਦਰਬਾਰ ਵੀ ਹੋਇਆ

**ਤਸਵੀਰਾਂ ਦੀ ਜ਼ੁਬਾਨੀ**





























# ਬੇਅਦਬੀ ਮਾਮਲਿਆਂ ਵਿਚ ਡੇਰਾ ਮੁਖੀ ਨੂੰ 'ਮੁਆਫੀ' ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਬਰਗਾੜੀ ਵਿਚ ਸਾਲ 2015 ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਪੇਸ਼ ਕੀਤੇ ਗਏ ਚਲਾਨ ਵਿਚੋਂ 'ਸਿਟ' ਵੱਲੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦਾ ਨਾਂ ਬਾਹਰ ਰੱਖਣ ਦਾ ਮਾਮਲਾ ਭਖ ਗਿਆ ਹੈ। ਸਿੱਖ ਜਥੇਬੰਦੀਆਂ ਦੇ ਨਾਲ-ਨਾਲ ਵਿਰੋਧੀ ਧਿਰਾਂ ਵੱਲੋਂ ਸਰਕਾਰ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੇ ਪੰਜਾਬ ਦੀ ਮੌਜੂਦਾ ਕਾਂਗਰਸ ਸਰਕਾਰ ਦੀ ਸਿਆਸੀ ਮਨਸ਼ਾ 'ਤੇ ਸਵਾਲ ਖੜ੍ਹੇ ਕੀਤੇ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਡੇਰਾ ਮੁਖੀ ਨੂੰ ਬਚਾਅ ਕੇ ਆਪਣਾ ਸਿਆਸੀ ਮਨੋਰਥ ਸਿੱਧ ਕਰਨਾ ਚਾਹੁੰਦੀ ਹੈ ਅਤੇ 2022 ਦੀਆਂ ਚੋਣਾਂ ਵਿਚ ਉਸ ਦੀ ਹਮਦਰਦੀ ਲੈਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਕੇਸ ਵਿਚ ਨਾਮਜ਼ਦ ਡੇਰਾ ਪ੍ਰੇਮੀ ਦਾ ਬਿਆਨ ਇਸ ਗੱਲ ਦਾ ਸਬੂਤ ਹੈ ਕਿ ਉਨ੍ਹਾਂ ਨੇ ਡੇਰਾ ਮੁਖੀ ਦੇ ਕਹਿਣ 'ਤੇ ਅਜਿਹਾ ਕੀਤਾ ਸੀ, ਪਰ ਸਰਕਾਰ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਡੇਰਾ ਮੁਖੀ ਦਾ ਨਾਂ ਮੁੜ ਕੇਸ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਅਜਿਹਾ ਨਾ ਹੋਇਆ ਤਾਂ ਪੰਥ ਨੂੰ ਸਖਤ ਫੈਸਲਾ ਲੈਣ ਲਈ ਮਜਬੂਰ ਹੋਣਾ ਪਵੇਗਾ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਬੇਅਦਬੀ ਮਾਮਲੇ ਵਿਚ ਸਰਕਾਰ ਵੱਲੋਂ ਬਣਾਈ ਨਵੀਂ ਵਿਸ਼ੇਸ਼ ਜਾਂਚ ਟੀਮ (ਸਿਟ) ਦੁਆਰਾ ਹਾਲ ਹੀ ਵਿਚ ਪੇਸ਼ ਕੀਤੇ ਚਲਾਨ 'ਤੇ ਇਤਰਾਜ਼ ਪ੍ਰਗਟ ਕਰਦਿਆਂ ਦੋਸ਼ ਲਾਇਆ ਕਿ ਇਸ ਚਲਾਨ ਵਿਚੋਂ ਡੇਰਾ ਸਿਰਸਾ ਮੁਖੀ ਦਾ



ਨਾਮ ਸਾਜ਼ਿਸ਼ ਤਹਿਤ ਬਾਹਰ ਕੱਢਿਆ ਗਿਆ ਹੈ। ਜਥੇਦਾਰ ਨੇ ਮੰਗ ਕੀਤੀ ਕਿ 'ਸਿਟ' ਇਸ ਮਾਮਲੇ ਨੂੰ ਜਨਤਕ ਕਰੇ ਕਿ ਚਲਾਨ ਵਿਚੋਂ ਡੇਰਾ ਮੁਖੀ ਦਾ ਨਾਂ ਬਾਹਰ ਕਿਉਂ ਕੱਢਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਬੇਅਦਬੀ ਮਾਮਲੇ 'ਚ ਦਰਜ ਐਫ.ਆਈ.ਆਰ. ਨੰਬਰ 63 ਅਤੇ 128 ਵਿਚ ਡੇਰਾ ਸਿਰਸਾ ਮੁਖੀ ਦਾ ਨਾਂ ਸ਼ਾਮਲ ਸੀ। ਡੇਰਾ ਸਮਰਥਕ ਮਹਿੰਦਰ ਸਿੰਘ ਬਿੱਟੂ ਵੱਲੋਂ ਦਿੱਤੇ ਗਏ ਬਿਆਨਾਂ ਦੇ ਆਧਾਰ 'ਤੇ ਡੇਰਾ ਸਿਰਸਾ ਮੁਖੀ ਦਾ ਨਾਂ ਐਫ.ਆਈ.ਆਰ. ਵਿਚ ਸ਼ਾਮਲ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਸਰਕਾਰ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਨਵੀਂ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਐਫ.ਆਈ.ਆਰ. ਨੰ. 28 ਦੇ ਆਧਾਰ 'ਤੇ ਅਦਾਲਤ ਵਿਚ ਚਲਾਨ ਪੇਸ਼ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਾਂਚ ਕਮੇਟੀ ਨੇ ਚੁੱਪ ਚਪੀਤੇ ਚਲਾਨ ਵਿਚੋਂ ਡੇਰਾ ਸਿਰਸਾ ਮੁਖੀ ਦਾ ਨਾਂ ਬਾਹਰ ਕੱਢ ਦਿੱਤਾ ਹੈ, ਜੋ ਕਿ ਇਤਰਾਜ਼ਯੋਗ ਹੈ। ਉਨ੍ਹਾਂ ਕਿਹਾ ਕਿ 'ਸਿਟ' ਇਸ ਮਾਮਲੇ ਨੂੰ ਜਨਤਕ ਕਰੇ ਕਿ ਉਸ ਨੇ ਚਲਾਨ ਵਿਚੋਂ ਡੇਰਾ ਸਿਰਸਾ ਮੁਖੀ ਦਾ ਨਾਂ ਬਾਹਰ ਕਿਉਂ ਕੱਢਿਆ ਹੈ। ਉਨ੍ਹਾਂ ਕਿਹਾ ਕਿ ਚਾਹੀਦਾ ਇਹ ਸੀ ਕਿ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਬੰਦ ਡੇਰਾ ਸਿਰਸਾ ਮੁਖੀ ਨੂੰ ਪੰਜਾਬ ਵਿਚ ਲਿਆ ਕੇ ਪੁੱਛਗਿੱਛ ਕੀਤੀ ਜਾਂਦੀ। ਉਸ ਕੋਲੋਂ ਹੋਰਨਾਂ ਮੁਲਜ਼ਮਾਂ ਵਾਂਗ ਐਫ.ਆਈ.ਆਰ. 63 ਅਤੇ 128 ਵਿਚਲੇ ਦੋਸ਼ਾਂ ਬਾਰੇ ਸਖਤੀ ਨਾਲ ਪੁੱਛ-ਪੜਤਾਲ ਹੁੰਦੀ। ਉਨ੍ਹਾਂ ਕਿਹਾ ਕਿ ਤਫਤੀਸ਼ੀ ਅਧਿਕਾਰੀਆਂ ਨੇ ਪੁੱਛ-ਪੜਤਾਲ ਤਾਂ ਕੀ ਕਰਨੀ ਸੀ ਸਗੋਂ ਡੇਰਾ ਸਿਰਸਾ ਮੁਖੀ ਦਾ ਨਾਮ ਹੀ ਐਫ.ਆਈ.ਆਰ. 'ਚੋਂ ਬਾਹਰ ਕੱਢ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਸਰਕਾਰ ਦੀ ਨੀਅਤ 'ਤੇ ਸ਼ੱਕ ਪੈਦਾ ਹੁੰਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਵਿਚ ਕੇਂਦਰ ਸਰਕਾਰ ਦੀ ਵੀ ਮਿਲੀਭੁਗਤ ਹੋ ਸਕਦੀ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਆਗਾਮੀ ਚੋਣਾਂ ਜਿੱਤਣ ਲਈ ਸਿਆਸਤ ਕੀਤੀ ਜਾ ਰਹੀ ਹੈ। ਉਨ੍ਹਾਂ ਸਮੂਹ ਸਿਆਸੀ ਪਾਰਟੀਆਂ ਨੂੰ ਸੁਚੇਤ ਕੀਤਾ ਕਿ ਬੇਅਦਬੀ ਮਾਮਲੇ 'ਤੇ ਕਿਸੇ ਵੀ ਤਰ੍ਹਾਂ ਦੀ ਸਿਆਸਤ ਨਾ ਕੀਤੀ ਜਾਵੇ, ਕਿਉਂਕਿ ਇਹ ਮਾਮਲਾ ਸਿੱਖਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ।

## ਚਲਾਨ ਵਿਚ ਕਿਸੇ ਅਕਾਲੀ ਆਗੂ ਦਾ ਨਾਂ ਨਹੀਂ: ਸੁਖਬੀਰ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਕਾਰਜਕਾਲ ਦੌਰਾਨ ਡੇਰਾ ਮੁਖੀ ਵਿਰੁੱਧ ਚੱਲਦਾ ਕੇਸ ਵਾਪਸ ਨਹੀਂ ਲਿਆ ਸੀ। ਉਨ੍ਹਾਂ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਜਾਂਚ ਕਾਂਗਰਸੀਆਂ ਨੇ ਉਨ੍ਹਾਂ ਦੀ ਸਰਕਾਰ ਨੂੰ ਨਹੀਂ ਕਰਨ ਦਿੱਤੀ ਸਗੋਂ ਸੀ.ਬੀ.ਆਈ. ਤੋਂ ਜਾਂਚ ਕਰਾਉਣ ਲਈ ਦਬਾਅ ਪਾਇਆ ਸੀ। ਇਸ ਲਈ ਕਾਂਗਰਸੀ ਆਗੂ ਗਵਰਨਰ ਨੂੰ ਮਿਲੇ ਸਨ ਤੇ ਇਸੇ ਕਰਕੇ ਹੀ ਸਾਨੂੰ ਇਹ ਜਾਂਚ ਸੀ.ਬੀ.ਆਈ. ਨੂੰ ਸੌਂਪਣੀ ਪਈ। ਉਨ੍ਹਾਂ ਕਿਹਾ ਕਿ ਉਸ ਵੇਲੇ ਚੋਣ ਜ਼ਾਬਤਾ ਲਾਗੂ ਹੋ ਚੁੱਕਾ ਸੀ ਤੇ ਇਹ ਸਾਰਾ ਕੁਝ ਕਾਂਗਰਸ ਦੇ ਦਬਾਅ ਹੇਠ ਕੀਤਾ ਗਿਆ ਸੀ।

## ਡੇਰਾ ਸਿਰਸਾ ਦੇ ਸਮਰਥਕ ਸਿਆਸੀ ਵੋਟ ਬੈਂਕ: ਜਥੇਦਾਰ

ਅਕਾਲ ਤਖਤ ਦੇ ਜਥੇਦਾਰ ਨੇ ਕਿਹਾ ਕਿ ਡੇਰਾ ਸਿਰਸਾ ਦੇ ਸਮਰਥਕ ਸਿਆਸੀ ਪਾਰਟੀਆਂ ਦਾ ਵੋਟ ਬੈਂਕ ਹਨ ਅਤੇ ਸਿਆਸੀ ਪਾਰਟੀਆਂ ਇਸ ਵੋਟ ਨੂੰ ਆਪਣੇ ਹੱਕ ਵਿਚ ਭੁਗਤਾਉਣਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਬੇਅਦਬੀ ਮਾਮਲੇ ਵਿਚ ਹੁਣ ਤੱਕ ਹੋਈਆਂ ਸਾਰੀਆਂ ਜਾਂਚਾਂ ਸਿਆਸਤ ਤੋਂ ਪ੍ਰਭਾਵਿਤ ਲਗਦੀਆਂ ਹਨ। ਜਥੇਦਾਰ ਨੇ ਖੁਲਾਸਾ ਕੀਤਾ ਕਿ 2015 ਵਿਚ ਜਦੋਂ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਸਨ, ਤਾਂ ਉਹ ਖੁਦ ਉਸ ਵੇਲੇ ਗੁਰਦੁਆਰਾ ਮੁਕਤਸਰ ਸਾਹਿਬ ਵਿਖੇ ਮੁੱਖ ਗ੍ਰੰਥੀ ਵਜੋਂ ਤਾਇਨਾਤ ਸਨ। ਬੇਅਦਬੀ ਕੀਤੇ ਅੰਗਾਂ ਦੀ ਸਪੁਰਦਗੀ ਉਨ੍ਹਾਂ ਨੇ ਖੁਦ ਹਾਸਲ ਕੀਤੀ ਸੀ।

## ਡੇਰਾ ਮੁਖੀ ਦੇ ਕੇਸ ਬਾਰੇ ਸੁਖਬੀਰ ਨੇ ਝੂਠ ਬੋਲਿਆ: ਖਹਿਰਾ

**ਜਲੰਧਰ:** ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਜੋ ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਡੇਰਾ ਸਿਰਸਾ ਦੇ ਮੁਖੀ ਵਿਰੁੱਧ ਕੇਸ ਵਾਪਸ ਲੈਣ ਵਿਚ ਕੋਈ ਦਖਲ ਨਹੀਂ ਦਿੱਤਾ ਤਾਂ ਉਹ ਇਹ ਗੱਲ ਅਕਾਲ ਤਖਤ ਸਾਹਿਬ ਵਿਖੇ ਸਹੁੰ ਖਾ ਕੇ ਕਹਿਣ। ਖਹਿਰਾ ਨੇ ਸੁਖਬੀਰ ਨੂੰ ਸਵਾਲ ਕੀਤਾ ਕਿ ਜੇ ਉਨ੍ਹਾਂ ਦੀ ਕੇਸ ਵਾਪਸੀ ਵਿਚ ਕੋਈ ਸ਼ਮੂਲੀਅਤ ਨਹੀਂ ਸੀ ਤਾਂ ਸ਼੍ਰੋਮਣੀ ਅਕਾਲੀ ਦਲ ਤਾਂ 2012 ਵਿਚ ਮੁੜ ਸੱਤਾ ਵਿਚ ਆ ਗਿਆ ਸੀ, ਫਿਰ ਉਨ੍ਹਾਂ ਨੇ ਬੇਅਦਬੀ ਮਾਮਲੇ ਵਿਚ ਕੇਸ ਵਾਪਸ ਲੈਣ ਵਾਲੇ ਪੁਲਿਸ ਅਫਸਰਾਂ ਵਿਰੁੱਧ ਕਾਰਵਾਈ ਕਿਉਂ ਨਹੀਂ ਕੀਤੀ।

# ਕਾਂਗਰਸ ਦੀ ਅੱਖ ਹੁਣ ਡੇਰੇ ਦੇ ਵੋਟ ਬੈਂਕ 'ਤੇ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਹੈ ਕਿ ਕਾਂਗਰਸ ਸਰਕਾਰ ਬਰਗਾੜੀ ਬੇਅਦਬੀ ਮਾਮਲੇ ਵਿਚ ਸਾਜ਼ਿਸ਼ ਰਚਣ ਲਈ ਜ਼ਿੰਮੇਵਾਰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਖਿਲਾਫ ਜਾਣ-ਬੁੱਝ ਕੇ ਕਾਰਵਾਈ ਨਹੀਂ ਕਰ ਰਹੀ ਤਾਂ ਕਿ ਬਦਲੇ ਵਿਚ ਆਉਂਦੀਆਂ ਵਿਧਾਨ ਸਭਾ ਚੋਣਾਂ 'ਚ ਡੇਰੇ ਦਾ ਵੋਟ ਬੈਂਕ ਕਾਂਗਰਸ ਦੀ ਮਦਦ ਕਰੇ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਗੁਰਮੀਤ ਰਾਮ ਰਹੀਮ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਗਾਂਧੀ ਪਰਿਵਾਰ ਵੱਲੋਂ ਕਾਂਗਰਸ ਦੀ ਹਮਾਇਤ ਬਦਲੇ ਸੌਦੇਬਾਜ਼ੀ ਵਜੋਂ ਰਾਹਤ ਦਿੱਤੀ ਗਈ। ਵਲਟੋਹਾ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਗੁਰਮੀਤ ਰਾਮ ਰਹੀਮ ਨੂੰ ਬੇਅਦਬੀ ਕੇਸ ਐਫ.ਆਈ.ਆਰ. ਨੰਬਰ 128 ਵਿਚ ਮੁਲਜ਼ਮ ਵਜੋਂ ਨਾਮਜ਼ਦ ਨਹੀਂ ਕੀਤਾ ਗਿਆ, ਹਾਲਾਂਕਿ ਗੁਰੂ ਗ੍ਰੰਥ ਸਾਹਿਬ ਦੀ ਚੋਰੀ ਦੀ ਸਾਜ਼ਿਸ਼ (ਐਫ.ਆਈ.ਆਰ. ਨੰਬਰ 63) ਵਿਚ ਉਸ ਦੀ ਸ਼ਮੂਲੀਅਤ ਸਾਬਤ ਹੋ ਗਈ ਸੀ।

ਉਨ੍ਹਾਂ ਕਿਹਾ ਕਿ ਕਿਉਂਕਿ ਦੋਵੇਂ ਕੇਸ ਆਪਸ ਵਿਚ ਜੁੜੇ ਹਨ, ਇਸ ਲਈ ਡੇਰਾ ਮੁਖੀ ਨੂੰ ਐਫ.ਆਈ.ਆਰ. ਨੰਬਰ 128 ਵਿਚ ਵੀ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਜਾਣਾ ਚਾਹੀਦਾ ਹੈ। ਵਲਟੋਹਾ ਨੇ ਕਿਹਾ ਕਿ ਕੇਸ ਸਬੰਧੀ ਚਲਾਨ ਪੇਸ਼ ਕਰਨ ਵਾਲੀ ਐਸ.ਆਈ.ਟੀ. ਵੀ ਕਾਂਗਰਸ ਦੀ ਯੋਜਨਾ 'ਤੇ ਚੱਲ ਰਹੀ ਹੈ ਤੇ ਸਰਕਾਰ ਦੇ ਦਬਾਅ ਹੇਠ ਡੇਰਾ ਮੁਖੀ ਨੂੰ ਕੇਸ ਵਿਚੋਂ ਬਾਹਰ ਕੱਢ ਦਿੱਤਾ ਗਿਆ।

## ਸੁਮੇਧ ਸੈਣੀ ਦੀ ਰਿਹਾਇਸ਼ੀ ਪ੍ਰਾਪਰਟੀ ਕੁਰਕ ਕਰਨ ਦੇ ਹੁਕਮ ਦਿੱਤੇ

**ਮੁਹਾਲੀ:** ਇਥੋਂ ਦੀ ਅਦਾਲਤ ਨੇ ਪੰਜਾਬ ਪੁਲਿਸ ਦੇ ਸਾਬਕਾ ਡਾਇਰੈਕਟਰ ਜਨਰਲ ਸੁਮੇਧ ਸੈਣੀ ਦੀਆਂ ਮੁਸ਼ਕਲਾਂ ਵਿਚ ਇਜ਼ਾਫਾ ਕਰਦਿਆਂ ਉਨ੍ਹਾਂ ਦੇ ਸੈਕਟਰ-20 ਚੰਡੀਗੜ੍ਹ ਸਥਿਤ ਮਕਾਨ ਨੂੰ ਆਰਜ਼ੀ ਤੌਰ 'ਤੇ ਕੁਰਕ ਕਰਨ ਦੇ ਹੁਕਮ ਦਿੱਤੇ ਹਨ। ਵਿਸ਼ੇਸ਼ ਪਬਲਿਕ ਪ੍ਰੋਸੀਕਿਊਟਰ ਸਰਤੇਜ ਸਿੰਘ ਨਰੂਲਾ ਨੇ ਦੱਸਿਆ ਕਿ ਇਹ ਹੁਕਮ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਪੀ.ਐਸ. ਗਰੇਵਾਲ ਵੱਲੋਂ ਜਾਰੀ ਕੀਤੇ ਗਏ ਹਨ। ਅਦਾਲਤ ਨੇ ਮੁਹਾਲੀ ਦੇ ਜ਼ਿਲ੍ਹਾ ਕੁਲੈਕਟਰ ਨੂੰ ਕੁਰਕੀ ਦੀ ਕਾਰਵਾਈ ਪੂਰੀ ਕਰਨ ਦੀ ਹਦਾਇਤ ਦਿੱਤੀ ਹੈ ਤੇ ਨਾਲ ਹੀ ਕਿਹਾ ਹੈ ਕਿ ਇਸ ਪ੍ਰਾਪਰਟੀ ਦਾ ਨਿਰਧਾਰਤ 2.5 ਲੱਖ ਰੁਪਏ ਦਾ ਕਿਰਾਇਆ ਸਾਬਕਾ ਡੀ.ਜੀ.ਪੀ. ਸੈਣੀ ਤੋਂ ਵਸੂਲਿਆ ਜਾਵੇ। ਇਹ ਵੀ ਦੱਸਿਆ ਗਿਆ ਹੈ ਕਿ ਇਸ ਪ੍ਰਾਪਰਟੀ ਦੀ ਖਰੀਦ ਲਈ ਸੈਣੀ ਦੀ ਸ਼ਹਿ 'ਤੇ ਕਾਲੇ ਧਨ ਦੀ ਵਰਤੋਂ ਕੀਤੀ ਗਈ ਸੀ।

# ਕਾਂਗਰਸ ਵੱਲੋਂ ਭਾਜਪਾ ਖਿਲਾਫ ਯੂਪੀ 'ਚ ਗੱਠਜੋੜ ਦਾ ਸੱਦਾ

**ਲਖਨਊ:** ਉਤਰ ਪ੍ਰਦੇਸ਼ ਵਿਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਕਿਹਾ ਕਿ ਸੂਬੇ ਵਿਚ ਭਾਜਪਾ ਨੂੰ ਹਰਾਉਣ ਲਈ ਕਾਂਗਰਸ ਦੂਜੀਆਂ ਪਾਰਟੀਆਂ ਨਾਲ ਗੱਠਜੋੜ ਬਣਾਉਣ ਲਈ ਤਿਆਰ ਹੈ ਅਤੇ ਉਨ੍ਹਾਂ ਨੂੰ ਇਸ 'ਤੇ 'ਖੁੱਲ੍ਹੇ ਮਨ' ਨਾਲ ਸੋਚਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਮੈਂ ਗੱਠਜੋੜ ਤੋਂ ਇਨਕਾਰ ਨਹੀਂ ਕਰਦੀ। ਅਸੀਂ ਤੰਗ-ਨਜ਼ਰ ਬਿਲਕੁਲ ਨਹੀਂ ਹਾਂ। ਅਸੀਂ ਖੁੱਲ੍ਹੇ ਮਨ ਵਾਲੇ ਹਾਂ। ਸਾਡਾ ਮਕਸਦ ਭਾਜਪਾ ਨੂੰ ਹਰਾਉਣਾ ਹੈ। ਇਸ ਲਈ ਬਾਕੀ ਸਿਆਸੀ ਪਾਰਟੀਆਂ ਨੂੰ ਖੁੱਲ੍ਹੇ ਮਨ ਨਾਲ ਸੋਚਣਾ ਚਾਹੀਦਾ ਹੈ।"



ਉਧਰ, ਬਹੁਜਨ ਸਮਾਜ ਪਾਰਟੀ (ਬਸਪਾ) ਪ੍ਰਧਾਨ ਤੇ ਉਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਦਾਅਵਾ ਕੀਤਾ ਕਿ ਅਗਲੇ ਸਾਲ ਰਾਜ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਬ੍ਰਾਹਮਣ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਵੋਟ ਨਹੀਂ ਦੇਣਗੇ। ਮਾਇਆਵਤੀ ਨੇ ਇਥੇ ਮੀਡੀਆ ਨੂੰ ਕਿਹਾ, 'ਮੈਨੂੰ ਪੂਰਾ ਭਰੋਸਾ ਹੈ ਕਿ ਹੁਣ ਬ੍ਰਾਹਮਣ ਸਮਾਜ ਦੇ ਲੋਕ ਭਾਜਪਾ ਦੇ ਕਿਸੇ ਵੀ ਧੋਖੇ 'ਚ ਨਹੀਂ ਆਉਣਗੇ ਤੇ ਅਗਲੇ ਸਾਲ ਵਿਧਾਨ ਸਭਾ ਚੋਣਾਂ 'ਚ ਉਸ ਨੂੰ ਵੋਟ ਨਹੀਂ ਦੇਣਗੇ।' ਬਸਪਾ ਮੁਖੀ ਨੇ ਕਿਸਾਨਾਂ ਦਾ ਮੁੱਦਾ ਚੁਕਦਿਆਂ ਕਿਹਾ ਕਿ ਵਿਰੋਧੀ ਧਿਰਾਂ ਨੂੰ ਇਕੱਠਿਆਂ ਅੱਗੇ ਆਉਣਾ ਚਾਹੀਦਾ ਹੈ ਅਤੇ ਕੇਂਦਰ ਸਰਕਾਰ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ।

# ਅਕਾਲ ਤਖਤ ਨੇੜੇ ਮਿਲੇ ਪੁਰਾਤਨ ਇਮਾਰਤੀ ਢਾਂਚੇ ਬਾਰੇ ਭੰਬਲਭੂਸਾ ਬਰਕਰਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਨੇੜੇ ਬਣਨ ਵਾਲੇ ਜੋੜਾ ਘਰ ਅਤੇ ਦੋਪਹੀਆ ਵਾਹਨਾਂ ਵਾਸਤੇ ਸਟੈਂਡ ਦੀ ਇਮਾਰਤ ਲਈ ਖੁਦਾਈ ਦੌਰਾਨ ਪੁਰਾਤਨ ਇਮਾਰਤੀ ਢਾਂਚਾ ਮਿਲਣ 'ਤੇ ਸ਼੍ਰੋਮਣੀ ਕਮੇਟੀ ਨੇ ਸਬੰਧਤ ਸਥਾਨ 'ਤੇ ਖੁਦਾਈ ਦਾ ਕੰਮ ਰੋਕ ਦਿੱਤਾ ਹੈ ਪਰ ਬਾਕੀ ਕੰਮ ਜਾਰੀ ਹੈ। ਬੀਬੀ ਜਗੀਰ ਕੌਰ ਨੇ ਆਖਿਆ ਕਿ ਜੇਕਰ ਇਹ ਇਮਾਰਤੀ ਢਾਂਚਾ ਇਤਿਹਾਸ ਅਤੇ ਵਿਰਾਸਤ ਨਾਲ ਸਬੰਧਤ ਹੋਇਆ ਤਾਂ ਇਸ ਨੂੰ ਜ਼ਰੂਰ ਸੁਰੱਖਿਅਤ ਰੱਖਿਆ ਜਾਵੇਗਾ।

ਸੁਰੰਗਨੁਮਾ ਪੁਰਾਤਨ ਇਮਾਰਤੀ ਢਾਂਚਾ ਨਾਨਕਸ਼ਾਹੀ ਇੱਟਾਂ ਦਾ ਬਣਿਆ ਹੋਇਆ ਹੈ। ਇਹ ਢਾਂਚਾ ਬਿਹਤਰ ਹਾਲਤ ਵਿਚ ਹੈ ਅਤੇ ਇਸ ਵਿਚ ਸੁੰਦਰ ਤੇ ਗੋਲਾਕਾਰ 'ਆਰਚ' ਬਣੀਆਂ ਹੋਈਆਂ ਹਨ। ਇਨ੍ਹਾਂ ਵਿਚੋਂ ਇਕ ਦੇ ਅੰਦਰ ਪਾਣੀ ਵੀ ਦਿਖਾਈ ਦਿੱਤਾ ਹੈ। ਇਸ ਤੋਂ ਇਲਾਵਾ ਨਾਨਕਸ਼ਾਹੀ ਇੱਟ ਦਾ ਹੋਰ ਮਲਬਾ ਵੀ ਨਿਕਲਿਆ ਹੈ ਪਰ ਹੁਣ ਇਸ ਨੂੰ ਢੱਕ ਦਿੱਤਾ ਗਿਆ ਹੈ।

ਇਸ ਇਲਾਕੇ ਨੂੰ ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਫੌਜੀ ਹਮਲੇ ਤੋਂ ਬਾਅਦ ਢਹਿ-ਢੇਰੀ ਕਰ ਦਿੱਤਾ ਗਿਆ ਸੀ ਅਤੇ ਕੇਂਦਰ ਸਰਕਾਰ ਵੱਲੋਂ ਭਵਿੱਖ ਵਿਚ ਸੁਰੱਖਿਆ ਦੀ ਦ੍ਰਿਸ਼ਟੀ ਨਾਲ ਸ੍ਰੀ ਦਰਬਾਰ ਸਾਹਿਬ ਸਮੂਹ ਦੇ ਆਲੇ-ਦੁਆਲੇ ਗਲਿਆਰਾ ਬਣਾ ਦਿੱਤਾ ਗਿਆ ਸੀ। ਇਸ ਯੋਜਨਾ ਤਹਿਤ ਇਥੋਂ ਦੇ ਕਈ ਪੁਰਾਤਨ ਬਾਜ਼ਾਰ ਅਤੇ ਇਮਾਰਤਾਂ ਖਤਮ ਹੋ ਗਈਆਂ ਸਨ, ਜਿਨ੍ਹਾਂ ਵਿਚ



ਮੁਨਿਆਰਾ ਵਾਲਾ ਬਾਜ਼ਾਰ, ਝੂਠਾ ਬਾਜ਼ਾਰ, ਬੜਾ ਸਾਹਿਬ ਬਾਜ਼ਾਰ, ਆਟਾ ਮੰਡੀ ਬਾਜ਼ਾਰ ਤੇ ਹੋਰ ਕਈ ਇਮਾਰਤਾਂ ਸ਼ਾਮਲ ਸਨ।

ਇਸ ਤੋਂ ਪਹਿਲਾਂ ਇਥੇ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਵੱਡੀ ਗਿਣਤੀ ਵਿਚ ਬੁੰਗੇ ਹੁੰਦੇ ਸਨ, ਜੋ ਸਿੱਖ ਭਾਈਚਾਰੇ ਦੇ ਕਈ ਫਿਰਕਿਆਂ ਵੱਲੋਂ ਇਥੇ ਆਉਣ ਸਮੇਂ ਆਪਣੇ ਠਹਿਰਾਅ ਵਾਸਤੇ ਬਣਾਏ ਹੋਏ ਸਨ। ਇਨ੍ਹਾਂ ਵਿਚੋਂ ਰਾਮਗੜ੍ਹੀਆ ਬੁੰਗਿਆਂ ਦੀ ਇਮਾਰਤ ਅੱਜ ਵੀ ਪੁਰਾਤਨ ਤੇ ਇਤਿਹਾਸਕ ਨਿਸ਼ਾਨੀ ਵਜੋਂ ਮੌਜੂਦ ਹੈ।

ਸਿੱਖ ਸੰਸਥਾ ਵਿਚ 1956 ਤੋਂ ਦਸੰਬਰ, 1999 ਤੱਕ ਸੇਵਾਵਾਂ ਨਿਭਾਉਣ ਵਾਲੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ 1943 ਵਿਚ ਪਰਿਕਰਮਾ ਨੂੰ ਚੌੜਾ ਕਰਨ ਵਾਸਤੇ ਕਈ ਇਮਾਰਤਾਂ ਖਰੀਦੀਆਂ ਸਨ ਅਤੇ ਇਨ੍ਹਾਂ ਵਿਚ ਕਈ ਬੁੰਗਿਆਂ ਦੀਆਂ ਇਮਾਰਤਾਂ ਵੀ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਇਹ ਇਮਾਰਤੀ ਢਾਂਚਾ ਵੀ ਉਸ ਵੇਲੇ ਦੀਆਂ ਇਮਾਰਤਾਂ ਵਿਚੋਂ ਹੋ ਸਕਦਾ ਹੈ।

ਕੁਲਵੰਤ ਸਿੰਘ ਨੇ ਕਿਹਾ ਕਿ ਆਪਣੀ ਨੌਕਰੀ ਦੌਰਾਨ ਉਨ੍ਹਾਂ ਅਜਿਹੀ ਕੋਈ ਇਮਾਰਤ ਇਥੇ ਅਕਾਲ ਤਖਤ ਦੇ ਨੇੜੇ ਨਹੀਂ ਦੇਖੀ, ਜਿਸ ਤੋਂ ਲੱਗਦਾ ਹੈ ਕਿ ਇਹ ਇਮਾਰਤ 1956 ਤੋਂ ਪਹਿਲਾਂ ਹੀ ਹੇਠਾਂ ਦੱਬੀ ਜਾ ਚੁੱਕੀ ਹੋਵੇਗੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੇ ਸਾਬਕਾ ਮੁਖੀ ਅਤੇ ਇੰਡੀਅਨ ਹੈਰੀਟੇਜ ਸਿਟੀ ਸੰਸਥਾ ਦੇ ਸਲਾਹਕਾਰ ਡਾ. ਬਲਵਿੰਦਰ ਸਿੰਘ ਨੇ ਆਖਿਆ ਕਿ ਇਹ ਇਮਾਰਤ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੀ ਹੋਵੇਗੀ ਕਿਉਂਕਿ ਇਥੋਂ ਕੁਝ ਦੂਰੀ 'ਤੇ ਗਿਆਨੀ ਸੰਤ ਸਿੰਘ ਦਾ ਬੁੰਗਾ ਹੁੰਦਾ ਸੀ, ਜਿਸ ਨੂੰ ਬੁੰਗਾ ਗਿਆਨੀਆਂ ਵਜੋਂ ਜਾਣਿਆ ਜਾਂਦਾ ਸੀ ਅਤੇ ਉਸ ਨੂੰ ਢਾਹ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜੇਕਰ ਇਹ ਕੋਈ ਸੁਰੰਗ ਹੈ ਤਾਂ ਇਸ ਦਾ ਆਧੁਨਿਕ ਤਕਨਾਲੋਜੀ ਨਾਲ ਪਤਾ ਲਾਇਆ ਜਾ ਸਕਦਾ ਹੈ।

## ਇਮਾਰਤ ਬਾਰੇ ਮਾਹਿਰਾਂ ਦੀਆਂ ਸੇਵਾਵਾਂ ਲਵਾਂਗੇ: ਜਗੀਰ ਕੌਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਇਮਾਰਤ ਸਬੰਧੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਹਿਰਾਂ ਨਾਲ ਗੱਲਬਾਤ ਕੀਤੀ ਗਈ ਹੈ ਅਤੇ ਹੋਰ ਮਾਹਿਰਾਂ ਅਤੇ ਇਤਿਹਾਸਕਾਰਾਂ ਦੀਆਂ ਵੀ ਸੇਵਾਵਾਂ ਲਈਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਪੁਰਾਤੱਤਵ ਵਿਭਾਗ ਰਾਹੀਂ ਪਤਾ ਲਗਾਉਣ ਲਈ ਵੀ ਕਿਹਾ ਗਿਆ ਹੈ। ਜੇਕਰ ਇਹ ਇਮਾਰਤੀ ਢਾਂਚਾ ਵਿਰਾਸਤੀ ਅਤੇ ਇਤਿਹਾਸਕ ਹੋਇਆ ਤਾਂ ਇਸ ਦੀ ਸਾਂਭ-ਸੰਭਾਲ ਕੀਤੀ ਜਾਵੇਗੀ।

## ਦਾਅਵੇਦਾਰ ਵਜੋਂ ਸਾਹਮਣੇ ਆਇਆ ਪਰਿਵਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਨੇੜੇ ਖੁਦਾਈ ਦੌਰਾਨ ਮਿਲੇ ਪੁਰਾਤਨ ਇਮਾਰਤੀ ਢਾਂਚੇ ਸਬੰਧੀ ਯਾਦਇੰਦਰ ਸਿੰਘ ਗਿਆਨੀ ਦੇ ਪਰਿਵਾਰ ਨੇ ਦਾਅਵਾ ਕੀਤਾ ਹੈ ਕਿ ਇਹ ਇਮਾਰਤ ਉਨ੍ਹਾਂ ਦੇ ਪਰਿਵਾਰ ਦੀ ਹੈ ਜਿਸ ਨੂੰ ਬੁੰਗਾ ਗਿਆਨੀਆਂ ਵਜੋਂ ਜਾਣਿਆ ਜਾਂਦਾ ਸੀ। ਇਹ ਪਰਿਵਾਰ ਗਿਆਨੀ ਸੰਤ ਸਿੰਘ ਨਾਲ ਸਬੰਧਤ ਹੈ। ਲਗਭਗ 80 ਵਰ੍ਹਿਆਂ ਦੇ ਯਾਦਇੰਦਰ ਸਿੰਘ ਗਿਆਨੀ ਅਤੇ ਉਨ੍ਹਾਂ ਦੇ ਪੁੱਤਰ ਦੀਪਇੰਦਰ ਸਿੰਘ ਗਿਆਨੀ ਨੇ ਦੱਸਿਆ ਕਿ ਇਹ ਪੁਰਾਤਨ ਥਾਂ ਮਹਾਰਾਜਾ ਰਣਜੀਤ ਸਿੰਘ ਵੇਲੇ ਦੀ ਹੈ, ਜੋ ਉਨ੍ਹਾਂ ਨੇ ਪਰਿਵਾਰ ਦੇ ਵੱਡੇ-ਵਡੇਰੇ ਗਿਆਨੀ ਸੰਤ ਸਿੰਘ ਨੂੰ ਦਿੱਤੀ ਸੀ। ਉਹ ਇਸੇ ਥਾਂ ਦੇ ਜੰਮਪਲ ਹਨ ਅਤੇ ਇਹ ਇਮਾਰਤ 1988 ਵਿਚ ਗਲਿਆਰਾ ਉਸਾਰਨ ਵੇਲੇ ਕੇਂਦਰੀ ਯੋਜਨਾ ਹੇਠ ਆ ਗਈ ਸੀ। ਸਰਕਾਰ ਨੇ ਉਨ੍ਹਾਂ ਨੂੰ ਮੁਆਵਜ਼ਾ ਦੇ ਕੇ ਜਗ੍ਹਾ ਆਪਣੇ ਕਬਜ਼ੇ ਵਿਚ ਲੈ ਲਈ ਸੀ।

# ਸੰਸਦ ਅੱਗੇ ਰੋਸ ਮੁਜ਼ਾਹਰਿਆਂ ਲਈ ਕਿਸਾਨਾਂ ਦੇ ਹੌਸਲੇ ਬੁਲੰਦ

**ਚੰਡੀਗੜ੍ਹ:** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਰੋਸ ਮੁਜ਼ਾਹਰਿਆਂ ਲਈ ਤਿਆਰੀ ਖਿੱਚ ਲਈ ਹੈ। ਕਿਸਾਨ ਜਥੇਬੰਦੀਆਂ ਰੋਸ ਪ੍ਰਦਰਸ਼ਨ 'ਚ ਨਿੱਤ ਸ਼ਾਮਲ ਹੋਣ ਵਾਲੇ ਜਥਿਆਂ ਦਾ ਵੇਰਵਾ ਤਿਆਰ ਕਰਕੇ ਸੰਯੁਕਤ ਕਿਸਾਨ ਮੋਰਚੇ ਨੂੰ ਸੌਂਪ ਰਹੀਆਂ ਹਨ। ਸੰਸਦ ਦੇ ਬਾਹਰ ਰੋਸ ਮੁਜ਼ਾਹਰੇ ਲਈ ਪੰਜਾਬ ਦੀ ਹਰੇਕ ਕਿਸਾਨ ਜਥੇਬੰਦੀ ਵਿਚੋਂ 5-5 ਕਿਸਾਨ ਆਗੂ ਸ਼ਮੂਲੀਅਤ ਕਰਨਗੇ।



ਆਗੂਆਂ ਨੇ ਕਿਹਾ ਕਿ ਸੰਸਦ ਮੂਹਰੇ ਰੋਸ ਪ੍ਰਦਰਸ਼ਨ ਬਿਲਕੁਲ ਸ਼ਾਂਤਮਈ, ਅਨੁਸ਼ਾਸਨੀ ਅਤੇ ਜਥੇਬੰਦਕ ਹੋਵੇਗਾ। ਸੰਸਦ ਦੇ ਬਾਹਰ ਕਿਸਾਨ ਰੋਸ ਪ੍ਰਗਟਾਉਣਗੇ ਅਤੇ ਅੰਦਰ ਸੰਸਦ ਮੈਂਬਰਾਂ ਨੂੰ ਵ੍ਹਿਪ ਜਾਰੀ ਕਰਦਿਆਂ ਕਿਸਾਨਾਂ ਦੇ ਪੱਖ 'ਚ ਖੜ੍ਹਨ ਦੀ ਅਪੀਲ ਕੀਤੀ ਹੈ। ਸੰਸਦ ਸੈਸ਼ਨ ਮੂਹਰੇ ਰੋਸ ਮੁਜ਼ਾਹਰਿਆਂ ਦੌਰਾਨ ਦਿੱਲੀ ਮੋਰਚਿਆਂ ਦੀ ਮਜ਼ਬੂਤੀ ਲਈ ਵੀ ਕਿਸਾਨ ਜਥੇਬੰਦੀਆਂ ਪਿੰਡ-ਪਿੰਡ ਨੁੱਕੜ ਮੀਟਿੰਗਾਂ ਕਰ ਰਹੀਆਂ ਹਨ। ਇਸ ਮੌਕੇ ਦਿੱਲੀ ਮੋਰਚਿਆਂ ਵਿਚ ਇਕੱਠ ਨੂੰ ਵਧਾਉਣ ਲਈ ਵਿਉਂਤਬੰਦੀ ਕੀਤੀ ਜਾ ਰਹੀ ਹੈ ਤਾਂ ਜੋ ਸੰਸਦ ਸੈਸ਼ਨ ਦੌਰਾਨ ਰੋਜ਼ ਪੰਜਾਬ ਭਰ ਤੋਂ ਕਿਸਾਨਾਂ ਦੇ ਵੱਡੇ-ਵੱਡੇ ਕਾਫਲੇ ਦਿੱਲੀ ਪਹੁੰਚ ਸਕਣ। ਇਸੇ ਦੌਰਾਨ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਸੂਬੇ ਵਿਚ ਟੌਲ ਪਲਾਜ਼ਿਆਂ, ਰੇਲਵੇ ਪਾਰਕਾਂ, ਕਾਰਪੋਰੇਟ ਘਰਾਣਿਆਂ ਦੇ ਮਾਲਜ਼ ਅਤੇ ਭਾਜਪਾ ਆਗੂਆਂ ਦੇ ਘਰਾਂ/ਦਫਤਰਾਂ ਮੂਹਰੇ ਰੋਸ ਧਰਨੇ ਜਾਰੀ ਰਹੇ। ਆਗੂਆਂ ਨੇ ਕਿਹਾ ਕਿ ਕੇਂਦਰ ਨੇ ਪਹਿਲਾਂ ਕਿਸਾਨਾਂ ਨੂੰ ਨਿਸ਼ਾਨਾ ਬਣਾਇਆ ਤੇ ਹੁਣ ਮਹਿੰਗਾਈ ਰਾਹੀਂ ਦੇਸ਼ ਦੇ ਹਰ ਨਾਗਰਿਕ ਨੂੰ ਨਿਸ਼ਾਨਾ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਲੋਕ ਵਿਰੋਧੀ ਨੀਤੀਆਂ ਵਿਚ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਦਿੱਲੀ ਪੁਲਿਸ ਦੇ ਅਧਿਕਾਰੀਆਂ ਨਾਲ ਸਿੰਘੂ ਬਾਰਡਰ 'ਤੇ ਮੰਤਰਮ ਬੈਂਕੁਇਟ ਹਾਲ ਵਿਚ ਸੰਯੁਕਤ ਕਿਸਾਨ ਮੋਰਚੇ ਦੀ 9 ਮੈਂਬਰੀ ਤਾਲਮੇਲ ਕਮੇਟੀ ਨਾਲ ਹੋਈ ਬੈਠਕ ਵਿਚ ਮੋਰਚੇ ਵੱਲੋਂ ਭਰੋਸਾ ਦਿੱਤਾ ਗਿਆ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਦੀ ਸੰਸਦ ਦਾ ਘਿਰਾਓ ਕਰਨ ਜਾਂ ਇਸ ਦੇ ਅੰਦਰ ਧੱਕੇ ਨਾਲ ਦਾਖਲ ਨਹੀਂ ਹੋਣ ਦੀ ਕੋਈ ਮਨਸ਼ਾ ਨਹੀਂ ਹੈ। ਇਸੇ ਦੌਰਾਨ ਮੋਰਚੇ ਨੇ ਤਿੰਨਾਂ ਖੇਤੀ ਕਾਨੂੰਨਾਂ ਖਿਲਾਫ ਸੰਸਦ ਨੇੜੇ ਇਕੱਠੇ ਹੋਣ ਵਾਲੇ ਕਿਸਾਨਾਂ ਦੀ ਗਿਣਤੀ ਘਟਾਉਣ ਸਬੰਧੀ ਦਿੱਲੀ ਪੁਲਿਸ ਦੀ ਅਪੀਲ ਵੀ ਖਾਰਜ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਮੋਰਚੇ ਵੱਲੋਂ ਰੋਜ਼ਾਨਾ ਪਛਾਣ ਪੱਤਰ ਨਾਲ 200 ਕਿਸਾਨਾਂ ਨੂੰ ਸੰਸਦ ਦੇ ਬਾਹਰ ਰੋਸ ਪ੍ਰਦਰਸ਼ਨ ਕਰਨ ਭੇਜਣ ਦਾ ਐਲਾਨ ਕੀਤਾ ਹੋਇਆ ਹੈ। ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਪੰਜਾਬ) ਦੇ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਇਹ ਪ੍ਰਦਰਸ਼ਨ ਸ਼ਾਂਤਮਈ ਹੋਵੇਗਾ ਤੇ ਪ੍ਰਦਰਸ਼ਨਕਾਰੀਆਂ ਕੋਲ ਪਛਾਣ ਵਾਲੇ 'ਬੈਜ' ਵੀ ਹੋਣਗੇ। ਉਨ੍ਹਾਂ ਨੇ ਕਿਹਾ ਕਿ ਹਰੇਕ ਪ੍ਰਦਰਸ਼ਨਕਾਰੀ ਬਾਰੇ ਪੂਰਾ ਵੇਰਵਾ ਪੁਲਿਸ ਨੂੰ ਦਿੱਤਾ ਜਾਵੇਗਾ, ਜਿਸ ਵਿਚ ਪ੍ਰਦਰਸ਼ਨਕਾਰੀ ਦਾ ਆਧਾਰ ਕਾਰਡ ਤੇ ਮੋਬਾਈਲ ਫੋਨ ਨੰਬਰ ਵੀ ਸ਼ਾਮਲ ਹੈ।

ਸੰਸਦ ਦੇ ਹਰੇਕ ਕੰਮ ਵਾਲੇ ਦਿਨ ਵੱਖ-ਵੱਖ ਰਾਜਾਂ ਦੇ 200 ਕਿਸਾਨਾਂ ਦਾ ਜਥਾ ਰੋਸ ਪ੍ਰਦਰਸ਼ਨ ਕਰੇਗਾ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਵਿਚ ਹਿੱਸਾ ਲੈਣ ਵਾਲੇ ਕਿਸਾਨਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ। ਮੋਰਚੇ ਨੇ ਇਸ ਲਈ ਇਕ ਕਮੇਟੀ ਵੀ ਬਣਾਈ ਹੈ। ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਉਤਰਾਖੰਡ, ਤਾਮਿਲਨਾਡੂ, ਬਿਹਾਰ, ਮੱਧ ਪ੍ਰਦੇਸ਼ ਆਦਿ ਰਾਜਾਂ ਤੋਂ ਵੱਧ ਤੋਂ ਵੱਧ ਕਿਸਾਨ ਮੋਰਚੇ 'ਤੇ ਪਹੁੰਚ ਰਹੇ ਹਨ। ਕਿਸਾਨ ਅੰਦੋਲਨ ਨਾਲ ਜੁੜੇ ਵਫਦ ਵੱਖ-ਵੱਖ ਸੂਬਿਆਂ ਵਿਚ ਸੰਸਦ ਮੈਂਬਰਾਂ ਨੂੰ ਮਿਲ ਰਹੇ ਹਨ ਅਤੇ ਉਨ੍ਹਾਂ ਨੂੰ ਮੋਰਚੇ ਵੱਲੋਂ ਜਾਰੀ ਕੀਤਾ ਗਿਆ ਵ੍ਹਿਪ ਸੌਂਪਿਆ ਜਾ ਰਿਹਾ ਹੈ। ਪੰਜਾਬ ਤੋਂ ਵਕੀਲਾਂ ਅਤੇ ਕਲਾਕਾਰਾਂ ਦੀ ਇਕ ਵੱਡੀ ਮੰਡਲੀ ਟਿਕਰੀ ਬਾਰਡਰ 'ਤੇ ਪਹੁੰਚੀ, ਜਿਸ ਨੇ ਕਿਸਾਨੀ ਅੰਦੋਲਨ ਪ੍ਰਤੀ ਆਪਣੀ ਇਕਜੁੱਟਤਾ ਅਤੇ ਹਮਾਇਤ ਦਾ ਪ੍ਰਗਟਾਵਾ ਕੀਤਾ ਹੈ।

## ਕਿਸਾਨ ਸਰਕਾਰ ਦੇ ਖੇਤੀ ਸੁਧਾਰਾਂ ਦਾ ਲਾਹਾ ਲੈਣ: ਤੋਮਰ

**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਸਾਨਾਂ ਨੂੰ ਸਰਕਾਰ ਦੇ ਖੇਤੀ ਸੁਧਾਰਾਂ ਦਾ ਲਾਭ ਲੈਣ ਦੀ ਅਪੀਲ ਕੀਤੀ ਜੋ ਨਾ ਸਿਰਫ ਉਨ੍ਹਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ, ਬਲਕਿ ਖੇਤੀਬਾੜੀ ਸੈਕਟਰ ਨੂੰ ਵੀ ਹੁਲਾਰਾ ਦੇਣ ਦੇ ਉਦੇਸ਼ਾਂ ਨਾਲ ਹਨ। ਉਨ੍ਹਾਂ ਇਹ ਵੀ ਕਿਹਾ ਕਿ ਮੋਦੀ ਸਰਕਾਰ ਦੇਸ਼ ਦੇ ਖੇਤੀਬਾੜੀ ਸੈਕਟਰ ਦੀ ਨੀਂਹ ਨੂੰ ਲਗਾਤਾਰ ਮਜ਼ਬੂਤ ਕਰ ਰਹੀ ਹੈ, ਜਿਹੜੀ ਪਿਛਲੀ ਸਰਕਾਰ ਦੀਆਂ ਅਣਗਹਿਲੀ ਨੀਤੀਆਂ ਕਾਰਨ ਖੋਖਲੀ ਹੋ ਰਹੀ ਸੀ। ਸ੍ਰੀ ਤੋਮਰ ਨੇ ਭਾਰਤੀ ਖੇਤੀਬਾੜੀ ਖੋਜ ਪਰਿਸ਼ਦ (ਆਈ.ਸੀ.ਏ.ਆਰ.) ਦੇ 93ਵੇਂ ਸਥਾਪਨਾ ਦਿਵਸ ਅਤੇ ਪੁਰਸਕਾਰ ਸਮਾਰੋਹ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਖੇਤੀ ਸੁਧਾਰ ਕਿਸਾਨਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਲਈ ਹਨ। ਇਸ ਮੌਕੇ ਮੰਤਰੀ ਨੇ ਕਿਸਾਨਾਂ ਦੀ ਸਹਾਇਤਾ ਲਈ ਕਿਸਾਨ ਸਾਰਥੀ ਐਪ ਵੀ ਲਾਂਚ ਕੀਤੀ।

## ਕਿਸਾਨ ਅੰਦੋਲਨ: ਭਾਜਪਾ ਆਗੂਆਂ ਨੂੰ ਚੰਡੀਗੜ੍ਹ 'ਚ ਵਿਚ ਲੱਗਣ ਲੱਗਾ ਸੇਕ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਵਿਚ ਕਿਸਾਨਾਂ ਵੱਲੋਂ ਭਾਜਪਾ ਆਗੂਆਂ ਦੇ ਕੀਤੇ ਜਾ ਰਹੇ ਵਿਰੋਧ ਦਾ ਸੇਕ ਚੰਡੀਗੜ੍ਹ ਵੀ ਪਹੁੰਚ ਗਿਆ ਹੈ। ਚੰਡੀਗੜ੍ਹ ਦੇ ਸੈਕਟਰ-48 ਵਿਚ ਕਿਸਾਨਾਂ ਨੇ ਭਾਜਪਾ ਆਗੂਆਂ ਨੂੰ ਕਾਲੇ ਝੰਡੇ ਦਿਖਾਏ ਅਤੇ ਪਾਰਟੀ ਦੇ ਸੀਨੀਅਰ ਆਗੂ ਸੰਜੈ ਟੰਡਨ, ਚੰਡੀਗੜ੍ਹ ਦੇ ਮੇਅਰ ਰਵੀਕਾਂਤ ਸ਼ਰਮਾ ਅਤੇ ਹੋਰ ਆਗੂਆਂ ਦੀਆਂ ਗੱਡੀਆਂ ਦੇ ਸ਼ੀਸ਼ੇ ਭੰਨ ਦਿੱਤੇ। ਕਿਸਾਨਾਂ ਦੇ ਵਿਰੋਧ ਦੌਰਾਨ ਪੁਲਿਸ ਨੇ ਭਾਜਪਾ ਆਗੂਆਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ। ਇਸ ਦੌਰਾਨ ਪੁਲਿਸ ਨੇ 13 ਸਾਲ ਦੇ ਬੱਚੇ ਸਣੇ ਤਿੰਨ ਦਰਜਨ ਕਿਸਾਨਾਂ ਨੂੰ ਹਿਰਾਸਤ ਵਿਚ ਲਿਆ ਪਰ ਕਿਸਾਨਾਂ ਦੇ ਦਬਾਅ ਹੇਠ ਉਨ੍ਹਾਂ ਨੂੰ ਦੇਰ ਸ਼ਾਮ ਰਿਹਾਅ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਸੈਕਟਰ-48 ਦੀ ਮੋਟਰ ਮਾਰਕਿਟ ਵਿਚ ਸਮਾਗਮ ਰੱਖਿਆ ਗਿਆ ਸੀ ਜਿਸ ਵਿਚ ਸੰਜੈ ਟੰਡਨ, ਮੇਅਰ ਰਵੀਕਾਂਤ ਸ਼ਰਮਾ ਅਤੇ ਹੋਰ ਆਗੂ ਪਹੁੰਚੇ ਹੋਏ ਸਨ। ਭਾਜਪਾ ਦੇ ਸਮਾਗਮ ਦਾ ਕਿਸਾਨ ਆਗੂਆਂ ਨੇ ਪਹਿਲਾਂ ਹੀ ਵਿਰੋਧ ਕਰਨ ਦਾ ਐਲਾਨ ਕੀਤਾ ਹੋਇਆ ਸੀ।

## ਮਾਨਸੂਨ ਸੈਸ਼ਨ: ਦਿੱਲੀ ਹੱਦਾਂ 'ਤੇ ਇਕੱਠ ਵਧਾਉਣ ਦਾ ਸੱਦਾ

**ਚੰਡੀਗੜ੍ਹ:** ਕਿਸਾਨ ਸੰਘਰਸ਼ ਚਲਾ ਰਹੀਆਂ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਦਿੱਲੀ ਦੀਆਂ ਹੱਦਾਂ 'ਤੇ ਇਕੱਠ ਵਧਾਉਣ ਦਾ ਸੱਦਾ ਦਿੱਤਾ ਹੈ। ਸੰਘਰਸ਼ੀ ਅਖਾੜਿਆਂ ਤੋਂ ਕਿਸਾਨ ਜਥੇਬੰਦੀਆਂ ਦੇ ਬੁਲਾਰਿਆਂ ਨੇ ਕਿਹਾ ਕਿ ਪਿੰਡਾਂ ਵਿਚ ਵਿਉਂਤਬੰਦੀ ਕਰਕੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ 22 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਸੰਸਦ ਸੈਸ਼ਨ ਦੌਰਾਨ ਹਰ ਰੋਜ਼ ਵੱਡੇ ਕਾਫਲੇ ਦਿੱਲੀ ਦੀਆਂ ਹੱਦਾਂ ਵੱਲ ਕੂਚ ਕਰਨ। ਇਸ ਪ੍ਰੋਗਰਾਮ ਲਈ ਮਹਿਲਾਵਾਂ ਵਿਚ ਉਤਸ਼ਾਹ ਦੇ ਮੱਦੇਨਜ਼ਰ ਠਹਿਰਾਅ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ।

ਸੂਬੇ ਦੀਆਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ ਉਪਰ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਦੇ ਬਾਹਰ ਸਵਾ ਸੌ ਤੋਂ ਵੱਧ ਥਾਵਾਂ 'ਤੇ ਧਰਨਿਆਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਇਕ ਸੁਰ 'ਚ ਕਿਹਾ ਕਿ ਮੋਦੀ ਸਰਕਾਰ ਨੂੰ ਝੁਕਾਉਣ ਲਈ ਅਤੇ ਸਾਢੇ 10 ਮਹੀਨਿਆਂ ਤੋਂ ਚੱਲ ਰਹੇ ਸ਼ਾਂਤਮਈ ਅੰਦੋਲਨ ਨੂੰ ਕਾਮਯਾਬ ਬਣਾਉਣ ਲਈ ਸੰਯੁਕਤ ਮੋਰਚੇ ਦੇ ਹਰ ਪ੍ਰੋਗਰਾਮ 'ਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

ਉਨ੍ਹਾਂ ਸਮੂਹ ਵਰਗਾਂ ਨੂੰ ਯੋਗਦਾਨ ਪਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਲੋਕਾਂ ਦੀ ਏਕਤਾ ਹੀ ਫਿਰਕਾਪ੍ਰਸਤ ਅਤੇ ਤਾਨਾਸ਼ਾਹ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਨੂੰ ਰੱਦ ਕਰਾਉਣ ਦਾ ਇਕ ਸਾਧਨ ਹੈ। ਬੁਲਾਰਿਆਂ ਨੇ ਕਿਹਾ ਕਿ ਪੰਜਾਬ ਭਾਜਪਾ 'ਤੇ ਕਿਸਾਨ ਅੰਦੋਲਨ ਦਾ ਦਬਾਅ ਵਧਣ ਲੱਗਿਆ ਹੈ, ਜਿਸ ਕਾਰਨ ਆਏ ਦਿਨ ਭਾਜਪਾ ਆਗੂ ਆਪਣੀ ਲੀਡਰਸ਼ਿਪ ਵਿਰੁੱਧ ਬਗਾਵਤ ਕਰ ਰਹੇ ਹਨ। ਅਨਿਲ ਜੋਸ਼ੀ ਨੇ ਕਿਸਾਨਾਂ ਦੀ ਗੱਲ ਸੁਣਨ ਬਾਰੇ ਬੋਲਿਆ ਤਾਂ ਉਸ ਨੂੰ ਪਾਰਟੀ ਵਿਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ। ਇਸ ਤੋਂ ਬਾਅਦ ਕਈ ਹੋਰ ਭਾਜਪਾ ਆਗੂ ਕਿਸਾਨਾਂ ਦੀ ਗੱਲ ਸੁਣਨ ਬਾਰੇ ਆਵਾਜ਼ ਚੁੱਕਣ ਲੱਗੇ ਹਨ। ਇਹ ਕਿਸਾਨ ਅੰਦੋਲਨ ਦੀ ਇਖਲਾਕੀ ਜਿੱਤ ਹੈ ਅਤੇ ਜਲਦੀ ਹੀ ਇਹ ਅੰਦੋਲਨ ਹਕੀਕੀ ਜਿੱਤ ਵੀ ਹਾਸਲ ਕਰ ਲਵੇਗਾ। ਉਨ੍ਹਾਂ ਕਿਹਾ ਕਿ ਕਿਸਾਨੀ ਅੰਦੋਲਨ ਦੌਰਾਨ ਦੇਸ਼ ਭਰ 'ਚ ਉਠਿਆ ਰੋਹ ਭਾਜਪਾ ਦੇ ਪਤਨ ਦਾ ਆਧਾਰ ਬਣੇਗਾ।

## ਕਿਸਾਨਾਂ ਨੇ ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ ਨੂੰ ਭੇਜੀ 'ਵੋਟਰਜ਼ ਵ੍ਹਿਪ'

**ਨਵੀਂ ਦਿੱਲੀ:** ਸੰਸਦ ਦੇ ਮਾਨਸੂਨ ਇਜਲਾਸ ਦੌਰਾਨ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੂੰ ਸੰਯੁਕਤ ਕਿਸਾਨ ਮੋਰਚੇ ਨੇ 'ਵੋਟਰਜ਼ ਵ੍ਹਿਪ' ਭੇਜੀ ਹੈ। ਮੋਰਚੇ ਨੇ ਲੋਕ ਸਭਾ ਅਤੇ ਰਾਜ ਸਭਾ ਵਿਚ ਕਿਸਾਨੀ ਮੰਗਾਂ ਦੀ ਆਵਾਜ਼ ਉਠਾਉਣ ਤੇ ਸੰਸਦ ਮੈਂਬਰਾਂ ਨੂੰ ਕਿਸੇ ਵੀ ਹਾਲਤ ਵਿਚ ਵਾਕਆਊਟ ਨਾ ਕਰਨ ਲਈ ਇਹ ਵ੍ਹਿਪ ਜਾਰੀ ਕੀਤੀ ਹੈ।

ਕਿਸਾਨਾਂ ਦੀ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਅਤੇ ਫਸਲਾਂ ਦੀ ਖਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਉਣ ਦੀਆਂ ਮੰਗਾਂ ਵੱਲ ਮੋਰਚੇ ਨੇ ਵਿਰੋਧੀ ਧਿਰਾਂ ਦਾ ਧਿਆਨ ਖਿੱਚਿਆ ਹੈ। ਕਿਸਾਨ ਆਗੂ ਤਵੱਕੋ ਰੱਖਦੇ ਹਨ ਕਿ ਵਿਰੋਧੀ ਧਿਰਾਂ ਮਾਨਸੂਨ ਸੈਸ਼ਨ ਦੌਰਾਨ ਸੰਸਦ ਵਿਚ ਗੈਰ ਜਮਹੂਰੀ ਤਰੀਕੇ ਨਾਲ ਪਾਸ ਕੀਤੇ ਗਏ ਕਾਨੂੰਨ ਰੱਦ ਕਰਵਾਉਣ ਲਈ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ 'ਤੇ ਦਬਾਅ ਪਾਈ ਰੱਖਣ ਤੇ ਵਾਕਆਊਟ ਕਰਕੇ ਕੇਂਦਰ ਸਰਕਾਰ ਦਾ ਰਾਹ ਸੌਖਾ ਨਾ ਕਰਨ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਾਨੂੰਨਾਂ ਵਿਚ ਸੋਧਾਂ ਕਰਨੀਆਂ ਤਾਂ ਮੰਨ ਲਈਆਂ ਹਨ ਪਰ ਉਨ੍ਹਾਂ ਨੂੰ ਮੁਕੰਮਲ ਤੌਰ 'ਤੇ ਰੱਦ ਕਰਨ ਤੋਂ ਇਨਕਾਰ ਕਰਦੀ ਆਈ ਹੈ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਮੁਤਾਬਕ ਖੇਤੀ ਦਾ ਵਿਸ਼ਾ ਰਾਜਾਂ ਨਾਲ ਸਬੰਧਤ ਹੈ। ਇਸ ਲਈ ਕੇਂਦਰ ਨੇ ਇਹ ਕਾਨੂੰਨ ਗੈਰ ਸੰਵਿਧਾਨਕ ਤਰੀਕੇ ਨਾਲ ਪਾਸ ਕੀਤੇ ਹਨ।

## ਹਰਿਆਣਾ ਦੇ ਖੋਰੀ ਗਾਓਂ ਦੇ ਉਜਾੜੇ 'ਤੇ ਸੰਯੁਕਤ ਰਾਸ਼ਟਰ ਫਿਕਰਮੰਦ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਮਾਹਿਰਾਂ ਨੇ ਭਾਰਤ ਨੂੰ ਫਰੀਦਾਬਾਦ ਦੇ ਖੋਰੀ ਗਾਓਂ ਵਿਚੋਂ ਲਗਭਗ ਇਕ ਲੱਖ ਲੋਕਾਂ ਨੂੰ ਕੱਢਣ ਤੋਂ ਰੋਕਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਕਰੋਨਾ ਮਹਾਮਾਰੀ ਦੌਰਾਨ ਪਿੰਡ ਵਾਸੀਆਂ ਨੂੰ ਸੁਰੱਖਿਅਤ ਰੱਖਣਾ ਅਹਿਮ ਹੈ ਤੇ ਨਾਲ ਹੀ ਲੋਕਾਂ ਨੂੰ ਬੇਦਖਲ ਕਰਨ ਸਬੰਧੀ ਸੁਪਰੀਮ ਕੋਰਟ ਵੱਲੋਂ ਜਾਰੀ ਹੁਕਮਾਂ ਨੂੰ 'ਬੇਹੱਦ ਚਿੰਤਾਜਨਕ' ਕਰਾਰ ਦਿੱਤਾ। ਪਿੰਡ ਵਿਚੋਂ ਇਕ ਲੱਖ ਲੋਕਾਂ, ਜਿਨ੍ਹਾਂ ਵਿਚ 20 ਹਜ਼ਾਰ ਬੱਚੇ ਵੀ ਸ਼ਾਮਲ ਹਨ, ਨੂੰ ਪਿੰਡ 'ਚੋਂ ਕੱਢਣ ਦੀ ਪ੍ਰਕਿਰਿਆ ਇਸੇ ਹਫਤੇ ਸ਼ੁਰੂ ਹੋਈ ਹੈ। ਯੂ.ਐਨ. ਮਨੁੱਖੀ ਅਧਿਕਾਰ ਮਾਹਿਰਾਂ ਨੇ ਇਕ ਬਿਆਨ 'ਚ ਕਿਹਾ, 'ਅਸੀਂ ਭਾਰਤ ਸਰਕਾਰ ਨੂੰ ਉਸ ਦੇ ਆਪਣੇ ਕਾਨੂੰਨਾਂ ਅਤੇ 2022 ਤੱਕ ਸਾਰਿਆਂ ਲਈ ਘਰ ਮੁਹੱਈਆ ਕਰਵਾਉਣ ਦੇ ਆਪਣੇ ਟੀਚੇ ਦਾ ਸਨਮਾਨ ਕਰਨ ਤੋਂ ਇਲਾਵਾ ਇਕ ਲੱਖ ਲੋਕਾਂ, ਜਿਨ੍ਹਾਂ ਵਿਚੋਂ ਬਹੁਤੇ ਘੱਟਗਿਣਤੀ ਅਤੇ ਹਾਸ਼ੀਆਗਤ ਭਾਈਚਾਰਿਆਂ ਨਾਲ ਸਬੰਧਤ ਹਨ, ਲਈ ਘਰ ਮੁਹੱਈਆ ਕਰਵਾਉਣ ਦੀ ਅਪੀਲ ਕਰਦੇ ਹਾਂ।" ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ ਹਰਿਆਣਾ ਤੇ ਫਰੀਦਾਬਾਦ ਮਿਊਂਸਪਲ ਕਾਰਪੋਰੇਸ਼ਨ ਨੂੰ ਖੋਰੀ ਗਾਓਂ ਨੇੜੇ ਅਰਾਵਲੀ ਜੰਗਲਾਤ ਇਲਾਕੇ ਵਿਚੋਂ ਸਾਰੇ ਨਾਜਾਇਜ਼ ਕਬਜ਼ੇ ਹਟਾਉਣ ਦੇ ਨਿਰਦੇਸ਼ ਦਿੱਤੇ ਗਏ ਸਨ।

## ਕਿਸਾਨ ਅੰਦੋਲਨ: ਭਾਜਪਾ ਆਗੂਆਂ ਵੱਲੋਂ ਨੱਡਾ ਨਾਲ ਮੁਲਾਕਾਤ

**ਮੋਗਾ:** ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਕਸੂਤੀ ਘਿਰੀ ਮੋਦੀ ਸਰਕਾਰ ਪੰਜਾਬ 'ਚ ਭਾਜਪਾ ਦੀ ਪਤਲੀ ਹੋਈ ਹਾਲਤ ਤੋਂ ਫਿਕਰਮੰਦ ਦਿਖਾਈ ਦੇਣ ਲੱਗੀ ਹੈ। ਦਿੱਲੀ ਵਿਚ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨੇ ਪਾਰਟੀ ਦੇ ਪੰਜਾਬ ਨਾਲ ਸਬੰਧਤ ਆਗੂਆਂ ਨਾਲ ਆਗਾਮੀ ਵਿਧਾਨ ਚੋਣਾਂ ਦੇ ਮੱਦੇਨਜਰ ਅਤੇ ਕਿਸਾਨੀ ਅੰਦੋਲਨ ਸਬੰਧੀ ਮੀਟਿੰਗ ਕੀਤੀ। ਮੀਟਿੰਗ ਵਿਚ ਸ਼ਾਮਲ ਹੋਏ ਸਥਾਨਕ ਭਾਜਪਾ ਜ਼ਿਲ੍ਹਾ ਪ੍ਰਧਾਨ ਵਿਨੈ ਸ਼ਰਮਾ ਤੇ ਜਨਰਲ ਸਕੱਤਰ ਬੋਹੜ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਹੋਰ ਭਾਜਪਾ ਆਗੂਆਂ ਦੇ ਘਰਾਂ ਅੱਗੇ ਦਿੱਤੇ ਜਾ ਰਹੇ ਕਿਸਾਨੀ ਧਰਨਿਆਂ ਬਾਰੇ ਇਹ ਵਿਸ਼ੇਸ਼ ਮੀਟਿੰਗ ਹੋਈ ਹੈ। ਉਨ੍ਹਾਂ ਕਿਹਾ ਕਿ ਮੀਟਿੰਗ ਵਿਚ ਪੰਜਾਬ ਵਿਚ ਆਗਾਮੀ ਵਿਧਾਨ ਚੋਣਾਂ ਦੇ ਮੱਦੇਨਜਰ ਅਤੇ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਕਿਸਾਨੀ ਅੰਦੋਲਨ ਨੂੰ ਸੁਲਝਾਉਣ ਲਈ ਅਗਲੇਰੀ ਰਣਨੀਤੀ ਤਿਆਰ ਕੀਤੀ ਗਈ ਹੈ।



ਇਸ ਮੌਕੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਕੌਮੀ ਸਕੱਤਰ ਦੁਸ਼ਯੰਤ ਗੌਤਮ, ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ, ਹਰਜੀਤ ਗਰੇਵਾਲ, ਸੰਗਠਨ ਦੇ ਜਨਰਲ ਸਕੱਤਰ ਦਿਨੇਸ਼ ਤੇ ਸਾਬਕਾ ਮੰਤਰੀ ਸੁਰਜੀਤ ਜਿਆਣੀ ਹਾਜ਼ਰ ਸਨ।

ਭਾਜਪਾ ਆਗੂਆਂ ਨੇ ਦੱਸਿਆ ਕਿ ਪਾਰਟੀ ਦੇ ਕੌਮੀ ਪ੍ਰਧਾਨ ਨੱਡਾ ਨੇ ਪੰਜਾਬ ਦੇ ਮਸਲਿਆਂ ਨੂੰ ਧਿਆਨ ਨਾਲ ਸੁਣਦਿਆਂ ਖੇਤੀ ਕਾਨੂੰਨਾਂ ਮੁੱਦੇ ਨੂੰ ਜਲਦੀ ਹੱਲ ਕਰਨ ਅਤੇ ਸੂਬੇ ਵਿਚ ਆਗਾਮੀ ਵਿਧਾਨ ਸਭਾ ਚੋਣਾਂ ਲੜਨ ਲਈ ਕਮਰਕੱਸੇ ਕਰਨ ਲਈ ਆਖਿਆ ਹੈ। ਭਾਜਪਾ ਆਗੂ ਮੁਤਾਬਕ ਮੋਦੀ ਸਰਕਾਰ ਖੇਤੀ ਕਾਨੂੰਨ ਦੇ ਹੱਲ ਲਈ ਵਚਨਬੱਧ ਹੈ। ਨੱਡਾ ਨੇ ਪੰਜਾਬ ਵਿਚ ਭਾਜਪਾ ਆਗੂਆਂ 'ਤੇ ਹੋ ਰਹੇ ਹਮਲਿਆਂ ਸਬੰਧੀ ਅਮਨ-ਕਾਨੂੰਨ ਦੀ ਵਿਵਸਥਾ ਲਈ ਰਾਜ ਸਰਕਾਰ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਕਾਂਗਰਸ ਖੁਦ ਅੰਦਰੂਨੀ ਲੜਾਈ ਵਿਚ ਉਲਝੀ ਹੋਈ ਹੈ। ਇਸ ਮੌਕੇ ਪਾਰਟੀ ਦੀਆਂ ਨੀਤੀਆਂ ਤੇ ਯੋਜਨਾਵਾਂ ਦੇ ਨਾਲ-ਨਾਲ ਕਿਸਾਨਾਂ, ਗਰੀਬਾਂ ਤੇ ਮਜ਼ਦੂਰਾਂ ਲਈ ਸਕੀਮਾਂ ਬਾਰੇ ਮੁਹਿੰਮ ਵਿੱਢਣ ਲਈ ਆਖਿਆ ਗਿਆ। ਦੱਸਣਯੋਗ ਹੈ ਕਿ ਖੇਤੀ ਕਾਨੂੰਨ ਰੱਦ ਕਰਵਾਉਣ ਲਈ 9 ਮਹੀਨੇ ਤੋਂ ਕਿਸਾਨ ਦਿੱਲੀ ਮੋਰਚਿਆਂ 'ਤੇ ਡਟੇ ਹੋਏ ਹਨ।

## ਭਾਜਪਾ ਆਗੂਆਂ ਨੇ ਅਨਿਲ ਜੋਸ਼ੀ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ

**ਜਲੰਧਰ:** ਭਾਜਪਾ ਦੇ ਸੀਨੀਅਰ ਆਗੂ ਕੇ.ਡੀ. ਭੰਡਾਰੀ ਨੇ ਭਾਜਪਾ ਲੀਡਰਸ਼ਿਪ ਨੂੰ ਅਪੀਲ ਕੀਤੀ ਕਿ ਉਹ ਸਾਬਕਾ ਮੰਤਰੀ ਤੇ ਸੀਨੀਅਰ ਆਗੂ ਅਨਿਲ ਜੋਸ਼ੀ ਨੂੰ ਪਾਰਟੀ ਵਿਚੋਂ ਕੱਢਣ ਦੇ ਮਾਮਲੇ ਨੂੰ ਮੁੜ ਵਿਚਾਰਨ। ਉਨ੍ਹਾਂ ਆਖਿਆ ਕਿ ਪੰਜਾਬੀ ਹੋਣ ਦੇ ਨਾਤੇ ਅਨਿਲ ਜੋਸ਼ੀ ਨੇ ਕਿਸਾਨਾਂ ਦੇ ਮੁੱਦੇ ਨੂੰ ਸਭ ਤੋਂ ਪਹਿਲਾਂ ਪਾਰਟੀ ਦੇ ਮੰਚ 'ਤੇ ਹੀ ਉਠਾਇਆ ਸੀ। ਉਨ੍ਹਾਂ ਨੇ ਇਹੀ ਗੱਲ ਕੀਤੀ ਸੀ ਕਿ ਜੋ ਹਾਲਾਤ ਬਣੇ ਹੋਏ ਹਨ, ਉਸ ਨਾਲ ਪਾਰਟੀ ਨੂੰ ਨੁਕਸਾਨ ਹੋ ਰਿਹਾ ਹੈ। ਸ੍ਰੀ ਭੰਡਾਰੀ ਦੇ ਨਾਲ ਕੁਝ ਹੋਰ ਆਗੂਆਂ ਨੇ ਵੀ ਜੋਸ਼ੀ ਬਾਰੇ ਮੁੜ ਵਿਚਾਰ ਦੀ ਸਲਾਹ ਦਿੱਤੀ ਹੈ।



ਸ੍ਰੀ ਭੰਡਾਰੀ ਨੇ ਦਾਅਵਾ ਕੀਤਾ ਕਿ ਅਨਿਲ ਜੋਸ਼ੀ ਨੇ ਕਦੇ ਵੀ ਕੇਂਦਰ ਦੀ ਮੋਦੀ ਸਰਕਾਰ ਦੇ ਫੈਸਲਿਆਂ ਵਿਰੁੱਧ ਕੋਈ ਬਿਆਨਬਾਜ਼ੀ ਨਹੀਂ ਕੀਤੀ ਸੀ ਤੇ ਨਾ ਹੀ ਖੇਤੀ ਕਾਨੂੰਨਾਂ ਵਿਰੁੱਧ ਉਹ ਬੋਲੇ ਸਨ। ਉਨ੍ਹਾਂ ਨੇ ਤਾਂ ਇਸ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ ਸੀ ਕਿ ਖੇਤੀ ਕਾਨੂੰਨਾਂ ਦਾ ਕਿਸਾਨਾਂ ਵੱਲੋਂ ਵਿਰੋਧ ਕੀਤੇ ਜਾਣ ਦਾ ਮਾਮਲਾ ਹੱਲ ਹੋਣਾ ਚਾਹੀਦਾ ਹੈ, ਕਿਉਂਕਿ ਇਸ ਨਾਲ ਪੰਜਾਬ ਵਿਚ ਭਾਜਪਾ ਨੂੰ ਰਾਜਨੀਤਕ ਨੁਕਸਾਨ ਉਠਾਉਣਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਭਾਜਪਾ ਲੀਡਰਸ਼ਿਪ ਨੇ ਅਨਿਲ ਜੋਸ਼ੀ ਨੂੰ ਪਹਿਲਾਂ ਮੁਅੱਤਲ ਕੀਤਾ ਸੀ ਤੇ ਬਾਅਦ ਵਿਚ ਉਨ੍ਹਾਂ ਨੂੰ 6 ਸਾਲ ਲਈ ਪਾਰਟੀ ਵਿਚੋਂ ਬਾਹਰ ਕੱਢ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸਾਡਾ ਫਰਜ਼ ਬਣਦਾ ਹੈ ਕਿ ਪੰਜਾਬੀ ਹੋਣ ਦੇ ਨਾਤੇ ਪੰਜਾਬ ਦੇ ਹੱਕ ਵਿਚ ਬੋਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਨਿਲ ਜੋਸ਼ੀ ਉਦੋਂ ਹੀ ਜਨਤਕ ਤੌਰ 'ਤੇ ਬੋਲਣ ਲੱਗੇ ਸਨ ਜਦੋਂ ਉਨ੍ਹਾਂ ਨੇ ਮਹਿਸੂਸ ਕੀਤਾ ਸੀ ਕਿ ਪਾਰਟੀ ਨੂੰ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਜਿਹਾ ਮਾਹੌਲ ਨਹੀਂ ਬਣਨਾ ਚਾਹੀਦਾ ਜਿਸ ਨਾਲ ਹਿੰਦੂ-ਸਿੱਖ ਭਾਈਚਾਰੇ ਦੀ ਸਾਂਝ ਨੂੰ ਸੱਟ ਵੱਜੇ।

# ਗੁਰਦੁਆਰਾ ਬੈਡਫੋਰਡ, ਓਹਾਇਓ ਦੀ ਪਿਕਨਿਕ ਵਿਚ ਲੱਗੀਆਂ ਰੌਣਕਾਂ

**ਕਲੀਵਲੈਂਡ, ਓਹਾਇਓ (ਬਿਊਰੋ):** ਪਿਛਲੇ ਦਿਨੀਂ ਬੈਡਫੋਰਡ ਗੁਰਦੁਆਰੇ ਵਲੋਂ ਪੰਜਾਬੀ ਭਾਈਚਾਰੇ ਦੀ ਸਾਲਾਨਾ ਪਿਕਨਿਕ ਮਨਾਈ ਗਈ। ਪਿਛਲੇ ਡੇਢ ਸਾਲ ਤੋਂ ਕਰੋਨਾ ਕਾਰਨ ਘਰਾਂ ਵਿਚ ਬੰਦ ਅਤੇ ਸਮਾਜਿਕ ਮਿਲਣੀਆਂ ਤੋਂ ਵਾਂਝੇ ਰਹੇ ਲੋਕਾਂ ਲਈ ਇਹ ਪਹਿਲਾ ਮੌਕਾ ਸੀ ਫਿਰ ਤੋਂ ਜ਼ਿੰਦਗੀ ਨੂੰ ਪੁਰਾਣੀ ਲੀਹ 'ਤੇ ਤੋਰਨ ਅਤੇ ਜ਼ਿੰਦਗੀ ਦਾ ਰੰਗ ਮਾਣਨ ਦਾ।



ਇਸ ਪਿਕਨਿਕ ਵਿਚ ਬਹੁਤ ਵੱਡੀ ਗਿਣਤੀ ਵਿਚ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਲੋਕਾਂ ਦੇ ਚਿਹਰੇ 'ਤੇ ਬੜੇ ਚਿਰ ਤੋਂ ਬਾਅਦ ਰੌਣਕਾਂ ਪਰਤੀਆਂ। ਇਸ ਮੌਕੇ ਬੱਚਿਆਂ ਦੇ ਖੇਡ ਮੁਕਾਬਲੇ, ਮੁੰਡਿਆਂ ਦੇ ਵਾਲੀਬਾਲ ਦੇ ਮੁਕਾਬਲੇ ਅਤੇ ਨੌਜਵਾਨਾਂ ਦੀਆਂ ਦੌੜਾਂ ਦੇ ਮੁਕਬਾਲੇ ਵੀ ਕਰਵਾਏ ਗਏ। ਜੇਤੂਆਂ ਨੂੰ ਇਨਾਮ ਡਾ. ਸਤਨਾਮ ਸਿੰਘ ਸੰਧੂ, ਡਾ. ਸੁਰਿੰਦਰ ਸਿੰਘ ਚੌਹਾਨ, ਬਲਟੇਕ ਸਿੰਘ ਰੰਧਾਵਾ, ਪ੍ਰੋ. ਹਰਜੀਤ ਸਿੰਘ ਢਿੱਲੋਂ, ਬਰਜਿੰਦਰ ਸਿੰਘ ਧਨੋਆ ਅਤੇ ਪਰਮਜੀਤ ਸਿੰਘ ਅਟਵਾਲ ਨੇ ਵੰਡੇ।

ਵੱਖ ਵੱਖ ਤਰ੍ਹਾਂ ਦੇ ਲੰਗਰ ਦੀ ਸੇਵਾ ਅਮਰਜੀਤ ਸਿੰਘ ਕੰਗ, ਨਿਰਮਲ ਸਿੰਘ ਸਿੱਧੂ ਅਤੇ ਚਮਕੌਰ ਸਿੰਘ ਹੰਸ ਨੇ ਬਹੁਤ ਹੀ ਬਿਹਤਰੀਨ ਤਰੀਕੇ ਨਾਲ ਨਿਭਾਈ। ਇਸ ਬਹੁਤ ਹੀ ਸ਼ਾਨਦਾਰ ਪਿਕਨਿਕ ਲਈ ਜਿਥੇ ਬੈਡਫੋਰਡ ਗੁਰਦੁਆਰੇ ਦੀ ਸਮੁੱਚੀ ਪ੍ਰਬੰਧਕੀ ਕਮੇਟੀ ਵਧਾਈ ਦੀ ਪਾਤਰ ਹੈ, ਉਥੇ ਸਮੁੱਚੀ ਪੰਜਾਬੀ ਕਮਿਊਨਿਟੀ ਵੀ ਇਸ ਦੀ ਕਾਮਯਾਬੀ ਲਈ ਹੱਕਦਾਰ ਹੈ, ਜਿਨ੍ਹਾਂ ਦੀ ਭਰਵੀਂ ਹਾਜਰੀ ਨੇ ਪਿਕਨਿਕ ਨੂੰ ਚਾਰ ਚੰਨ ਲਾਏ।







## ਬੱਚਿਆਂ ਨੂੰ ਬਿਨਾਂ ਟਰਾਇਲਾਂ ਦੇ ਟੀਕੇ ਲਗਾਉਣੇ ਆਫਤ ਨੂੰ ਸੱਦਾ: ਹਾਈ ਕੋਰਟ

**ਨਵੀਂ ਦਿੱਲੀ:** ਹਾਈ ਕੋਰਟ ਨੇ ਕਿਹਾ ਕਿ ਬਿਨਾਂ ਕਲੀਨਿਕਲ ਟਰਾਇਲਾਂ ਦੇ ਖਾਸ ਕਰ ਕੇ ਬੱਚਿਆਂ ਨੂੰ ਕੋਵਿਡ-19 ਵੈਕਸੀਨਾਂ ਲਾਉਣਾ ਕਿਸੇ ਆਫਤ/ਮੁਸੀਬਤ ਨੂੰ ਸੱਦਾ ਦੇਣ ਤੋਂ ਘੱਟ ਨਹੀਂ ਹੋਵੇਗਾ। ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਕਿ ਇਕ ਵਾਰੀ ਟਰਾਇਲ ਮੁਕੰਮਲ ਹੋਣ ਤਾਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਟੀਕਾਕਰਨ ਲਈ ਫੌਰੀ ਕਦਮ ਚੁੱਕੇ ਜਾਣ। ਹਾਈ ਕੋਰਟ ਨੇ ਕਿਹਾ ਕਿ ਪੂਰੇ ਮੁਲਕ ਨੂੰ ਬੱਚਿਆਂ ਦੇ ਟੀਕਾਕਰਨ ਦੀ ਉਡੀਕ ਹੈ।

# ਤਾਰਾ ਮੁਲਤਾਨੀ ਦੀ ਦਰਦਨਾਕ ਹਾਦਸੇ ਵਿਚ ਮੌਤ

**ਸਿਨਸਿਨੈਟੀ, ਓਹਾਇਓ:** ਪੰਜਾਬੀ ਗਾਇਕ ਅਵਤਾਰ ਸਿੰਘ (ਤਾਰਾ ਮੁਲਤਾਨੀ) ਲੰਘੀ 6 ਜੁਲਾਈ ਨੂੰ ਇਕ ਦਰਦਨਾਕ ਹਾਦਸੇ ਵਿਚ ਸਦੀਵੀ ਵਿਛੋੜਾ ਦੇ ਗਿਆ। ਹਾਦਸਾ ਉਸ ਸਮੇਂ ਵਾਪਰਿਆ ਜਦੋਂ ਉਹ ਰਾਤ ਨੂੰ ਕੰਮ ਤੋਂ ਵਾਪਸ ਆ ਰਿਹਾ ਸੀ। ਉਹ ਆਪਣੇ ਪਿੱਛੇ ਪਤਨੀ ਕੁਲਵਿੰਦਰ ਕੌਰ ਅਤੇ ਬੇਟੀ ਸੁਖਹਰਮਨ ਕੌਰ, ਜੋ ਇੰਡੀਆ ਵਿਚ ਹਨ, ਛੱਡ ਗਿਆ ਹੈ। ਇਸ ਤੋਂ ਇਲਾਵਾ ਉਸ ਦੇ ਪਰਿਵਾਰ ਵਿਚ ਦੋ ਭੈਣਾਂ-ਕੁਲਵੰਤ ਕੌਰ ਤੇ ਜਸਵੰਤ ਕੌਰ ਅਤੇ 3 ਭਰਾ-ਜਸਪਾਲ ਸਿੰਘ, ਕੁਲਵੰਤ ਸਿੰਘ (ਅਮਰੀਕਾ) ਤੇ ਜਸਵੰਤ ਸਿੰਘ (ਇੰਡੀਆ) ਹਨ।



ਕਰੀਬ 39 ਸਾਲਾਂ ਦਾ ਸਵਰਗੀ ਤਾਰਾ ਮੁਲਤਾਨੀ ਪੰਜਾਬ ਦੇ ਜਿਲਾ ਕਪੂਰਥਲਾ ਦੇ ਪਿੰਡ ਹਬੀਬਵਾਲ ਤੋਂ ਸੀ। ਇਸ ਸਮੇਂ ਉਹ ਆਪਣੀ ਛੋਟੀ ਭੈਣ ਜਸਵੰਤ ਕੌਰ ਕੋਲ ਸਿਨਸਿਨੈਟੀ ਵਿਖੇ ਰਹਿ ਰਿਹਾ ਸੀ। ਇਸ ਤੋਂ ਪਹਿਲਾਂ ਜਦੋਂ ਤਾਰਾ ਮੁਲਤਾਨੀ ਸ਼ਿਕਾਗੋ ਵਿਚ ਸੀ ਤਾਂ ਉਹ ਅਖਬਾਰ ਪੰਜਾਬ ਟਾਈਮਜ਼ ਦੇ ਸਾਲਾਨਾ ਪ੍ਰੋਗਰਾਮ 'ਪੰਜਾਬ ਟਾਈਮਜ਼ ਨਾਈਟ' ਵਿਚ ਆਪਣੀ ਗਾਇਕੀ ਰਾਹੀਂ ਦਰਸ਼ਕਾਂ ਦਾ ਮਨ ਜਿੱਤਦਾ ਰਿਹਾ ਅਤੇ ਸਥਾਨਕ ਹੋਰਨਾਂ ਸਮਾਗਮਾਂ ਵਿਚ ਵੀ ਪੰਜਾਬੀ ਸਭਿਆਚਾਰਕ ਗੀਤ ਗਾਉਂਦਾ ਰਿਹਾ।

ਤਾਰਾ ਮੁਲਤਾਨੀ ਦਾ ਅੰਤਿਮ ਸਸਕਾਰ 23 ਜੁਲਾਈ ਨੂੰ ਬਾਅਦ ਦੁਪਹਿਰ ਇਕ ਵਜੇ ਭਾਰਤ ਅਤੇ ਅਮਰੀਕਾ ਰਹਿੰਦੇ ਉਸ ਦੇ ਰਿਸ਼ਤੇਦਾਰਾਂ ਤੇ ਭੈਣਾਂ-ਭਾਈਆਂ ਦੀ ਉਡੀਕ ਤੋਂ ਬਾਅਦ ਮਿਊਲਰ ਫਿਊਨਰਲ ਹੋਮ (6791 Tylersville Road, Mason, OH 45040) ਵਿਖੇ ਕੀਤਾ ਜਾਵੇਗਾ। ਉਪਰੰਤ ਅੰਤਿਮ ਅਰਦਾਸ 2 ਤੋਂ 4 ਵਜੇ ਦਰਮਿਆਨ ਗੁਰਦੁਆਰਾ ਗੁਰੂ ਨਾਨਕ ਸਿੱਖ ਸੁਸਾਇਟੀ (4394 Tylersville Road), ਵੈਸਟ ਚੈਸਟਰ ਵਿਖੇ ਹੋਵੇਗੀ।

ਜੇ ਕੋਈ ਸੱਜਣ ਜਾਂ ਸੰਸਥਾ ਤਾਰਾ ਮੁਲਤਾਨੀ ਦੇ ਪਰਿਵਾਰ ਦੀ ਆਰਥਿਕ ਮਦਦ ਕਰਨੀ ਚਾਹੁੰਦਾ ਹੋਵੇ ਤਾਂ ਪਰਿਵਾਰ ਨਾਲ ਫੋਨ: 219-613-1011 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

*(ਸਵਰਗੀ ਤਾਰਾ ਮੁਲਤਾਨੀ ਨਮਿਤ ਸ਼ਰਧਾਂਜਲੀ ਵਜੋਂ ਵਿਸ਼ੇਸ਼ ਲੇਖ ਸਫਾ 18 ਉਤੇ ਪੜ੍ਹੋ )*

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

**Indian Restaurant**

**Indianapolis, IN**

ਇੰਡੀਅਨਐਪੋਲਿਸ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

*Call, Manjit Nagra*

**Ph: 317-750-1900**

# ਸਟੈਨ ਸਵਾਮੀ ਦੀ ਮੌਤ ਭਾਰਤ ਲਈ ਧੱਬਾ: ਸੰਯੁਕਤ ਰਾਸ਼ਟਰ

**ਸੰਯੁਕਤ ਰਾਸ਼ਟਰ/ਜਨੇਵਾ:** ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਦੀ ਮਾਹਿਰ ਨੇ ਕਿਹਾ ਹੈ ਕਿ ਹਿਰਾਸਤ 'ਚ ਪਾਦਰੀ ਸਟੈਨ ਸਵਾਮੀ ਦੀ ਮੌਤ ਬਾਰੇ ਸੁਣ ਕੇ ਉਨ੍ਹਾਂ ਨੂੰ ਧੱਕਾ ਲੱਗਾ ਹੈ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰ ਦੇ ਰਾਖੇ ਨੂੰ ਉਸ ਦੇ ਹੱਕਾਂ ਤੋਂ ਵਾਂਝੇ ਰੱਖਣ ਦਾ ਕੋਈ ਕਾਰਨ ਨਹੀਂ ਹੈ ਅਤੇ ਸਟੈਨ ਸਵਾਮੀ ਦੀ ਮੌਤ ਭਾਰਤ ਦੇ ਮਨੁੱਖੀ ਅਧਿਕਾਰਾਂ ਦੇ ਰਿਕਾਰਡ 'ਤੇ ਹਮੇਸ਼ਾ ਇਕ ਧੱਬਾ ਰਹੇਗੀ।

ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਦੂਤ ਮੈਰੀ ਲਾਅਲੋਰ ਨੇ ਬਿਆਨ 'ਚ ਕਿਹਾ ਕਿ ਫਾਦਰ ਸਵਾਮੀ ਦਾ ਮਾਮਲਾ ਸਾਰੇ ਦੇਸ਼ਾਂ ਨੂੰ ਚੇਤੇ ਕਰਵਾਉਂਦਾ ਹੈ ਕਿ ਮਨੁੱਖੀ ਹੱਕਾਂ ਦੇ ਰਾਖਿਆਂ ਅਤੇ ਬਿਨਾਂ ਕਿਸੇ ਜਾਇਜ਼ ਆਧਾਰ 'ਤੇ ਹਿਰਾਸਤ 'ਚ ਲਏ ਗਏ ਲੋਕਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ,"ਇਕ ਮਨੁੱਖੀ ਅਧਿਕਾਰ ਰਾਖੇ ਨੂੰ ਅਤਿਵਾਦੀ ਵਜੋਂ ਬਦਨਾਮ ਕਰਨ ਦਾ ਕੋਈ ਬਹਾਨਾ ਨਹੀਂ ਹੋ ਸਕਦਾ ਅਤੇ ਕੋਈ ਕਾਰਨ ਨਹੀਂ ਹੈ ਕਿ ਉਸ ਦੀ ਮੌਤ ਉਸ ਤਰ੍ਹਾਂ ਹੋਵੇ ਜਿਵੇਂ ਫਾਦਰ ਸਵਾਮੀ ਦੀ ਹੋਈ ਹੈ। ਮੁਲਜ਼ਮ ਵਜੋਂ ਹਿਰਾਸਤ 'ਚ ਉਨ੍ਹਾਂ ਨੂੰ ਹੱਕਾਂ ਤੋਂ ਵਾਂਝੇ ਕੀਤਾ ਗਿਆ।" ਭਾਰਤ ਨੇ ਸਵਾਮੀ ਦੇ ਮਾਮਲੇ ਨਾਲ ਨਜਿੱਠਣ ਨੂੰ ਲੈ ਕੇ ਕੌਮਾਂਤਰੀ ਪੱਧਰ 'ਤੇ ਆਲੋਚਨਾਵਾਂ ਨੂੰ ਖਾਰਜ ਕਰ ਦਿੱਤਾ ਹੈ। ਲਾਅਲਰ ਨੇ ਕਿਹਾ ਕਿ ਫਾਦਰ ਸਵਾਮੀ ਨੇ ਆਪਣਾ ਪੂਰਾ ਜੀਵਨ ਮੂਲ ਨਿਵਾਸੀਆਂ ਅਤੇ ਆਦਿਵਾਸੀਆਂ ਦੇ ਹੱਕਾਂ ਦੀ ਰੱਖਿਆ 'ਚ ਸਮਰਪਿਤ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸਿਹਤ ਦੇ ਆਧਾਰ 'ਤੇ ਕਈ ਵਾਰ ਫਾਦਰ ਨੂੰ ਰਿਹਾਅ ਕਰਨ ਦੀ ਬੇਨਤੀ ਕੀਤੀ ਜਾ ਚੁੱਕੀ ਸੀ ਪਰ ਭਾਰਤ ਸਰਕਾਰ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਨਵੰਬਰ 2020 'ਚ ਸੰਯੁਕਤ ਰਾਸ਼ਟਰ ਮਾਹਿਰਾਂ ਨੇ ਭਾਰਤੀ ਅਧਿਕਾਰੀਆਂ ਨੂੰ ਕੌਮਾਂਤਰੀ ਮਨੁੱਖੀ ਹੱਕਾਂ ਨੂੰ ਲੈ ਕੇ ਵਚਨਬੱਧਤਾ ਦੀ ਯਾਦ ਵੀ ਦਿਵਾਈ ਸੀ। ਉਨ੍ਹਾਂ ਸਵਾਲ ਕੀਤਾ ਕਿ ਸਟੈਨ ਸਵਾਮੀ ਨੂੰ ਰਿਹਾਅ ਕਿਉਂ ਨਹੀਂ ਕੀਤਾ ਗਿਆ ਅਤੇ ਹਿਰਾਸਤ 'ਚ ਮਰਨ ਲਈ ਕਿਉਂ ਛੱਡ ਦਿੱਤਾ ਗਿਆ।

## ਯੂਕਰੇਨ ਵਿਚ ਡੁੱਬਣ ਕਾਰਨ ਜਲੰਧਰ ਦੇ ਨੌਜਵਾਨ ਦੀ ਮੌਤ

**ਜਲੰਧਰ:** ਇਥੋਂ ਦੇ ਇਕ ਨੌਜਵਾਨ ਦੀ ਯੂਕਰੇਨ ਦੀ ਝੀਲ ਵਿਚ ਡੁੱਬਣ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸੰਜੂ ਵਾਸੀ ਮਾਡਲ ਟਾਊਨ ਵਜੋਂ ਹੋਈ ਹੈ। ਉਸ ਦੇ ਭਰਾ ਬੰਟੀ ਨੇ ਦੱਸਿਆ ਕਿ ਸੰਜੂ ਦੋ ਮਹੀਨੇ ਪਹਿਲਾਂ ਸਟੱਡੀ ਵੀਜ਼ੇ 'ਤੇ ਯੂਕਰੇਨ ਗਿਆ ਸੀ। ਉਸ ਦਾ ਸਿਹਤ ਬੀਮਾ ਥੋੜਾ ਹੋਣ ਕਰ ਕੇ ਪੈਸੇ ਖਤਮ ਹੋ ਗਏ ਤੇ ਇਲਾਜ ਨਹੀਂ ਹੋਇਆ। ਉਸ ਦੀ ਲਾਸ਼ ਭਾਰਤ ਲਿਆਉਣ 'ਤੇ ਪੰਜ ਲੱਖ ਰੁਪਏ ਦਾ ਖਰਚਾ ਆ ਰਿਹਾ ਹੈ ਪਰ ਪਰਿਵਾਰ ਇਹ ਰਕਮ ਦੇਣ ਤੋਂ ਅਸਮਰੱਥ ਹੈ। ਉਨ੍ਹਾਂ ਦੋਸ਼ ਲਾਇਆ ਕਿ ਟਰੈਵਲ ਏਜੰਟ ਨੇ ਸੰਜੂ ਦਾ ਸਿਹਤ ਬੀਮਾ ਬਹੁਤ ਥੋੜਾ ਕਰਵਾਇਆ ਸੀ, ਜਿਸ ਕਰਕੇ ਪੈਸੇ ਖਤਮ ਹੋ ਗਏ। ਟਰੈਵਲ ਏਜੰਸੀ ਦੇ ਮਾਲਕ ਪਲਵਿੰਦਰ ਸਿੰਘ ਨੇ ਕਿਹਾ ਕਿ ਸਿਹਤ ਬੀਮੇ 'ਚ ਲਾਸ਼ ਲਿਆਉਣ ਦਾ ਖਰਚਾ ਸ਼ਾਮਲ ਨਹੀਂ ਹੁੰਦਾ।

ਪੰਜਾਬ ਟਾਈਮਜ਼

*ਸਨਿਚਰਵਾਰ, 24 ਜੁਲਾਈ 2021*

## ਨਵੀਂ ਸਿਆਸੀ ਸਫਬੰਦੀ

ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦੀ ਕਮਾਨ ਸੌਂਪਣ ਤੋਂ ਬਾਅਦ ਸੂਬੇ ਅੰਦਰ ਨਵੀਂ ਸਫਬੰਦੀ ਦੇ ਆਸਾਰ ਬਣ ਗਏ ਹਨ। ਇਸ ਸਫਬੰਦੀ ਦੀਆਂ ਵੀ ਵੱਖ-ਵੱਖ ਪਰਤਾਂ ਹਨ। ਨਵਜੋਤ ਸਿੱਧੂ 13 ਸਾਲ ਭਾਰਤੀ ਜਨਤਾ ਪਾਰਟੀ ਵਿਚ ਰਿਹਾ ਹੈ ਅਤੇ ਕਾਂਗਰਸ ਵਿਚ ਉਹ 2017 ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਆਇਆ ਸੀ। ਕਾਂਗਰਸ ਵਿਚ ਆਉਣ ਤੋਂ ਪਹਿਲਾਂ ਉਸ ਦੇ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋਣ ਦੇ ਚਰਚੇ ਸਨ। ਇਹ ਸੱਚ ਹੈ ਕਿ 2017 ਵਾਲੀਆਂ ਵਿਧਾਨ ਸਭਾ ਚੋਣਾਂ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਦਮ 'ਤੇ ਲੜੀਆਂ ਸਨ ਅਤੇ 2019 ਵਿਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਵੀ ਉਸ ਦੀ ਅਗਵਾਈ ਹੇਠ ਪਾਰਟੀ ਨੇ ਕੁੱਲ 13 ਵਿਚੋਂ 8 ਸੀਟਾਂ ਉਤੇ ਜਿੱਤ ਹਾਸਲ ਕੀਤੀ ਸੀ। ਉਸ ਵਕਤ ਨਵਜੋਤ ਸਿੱਧੂ ਦੀ ਦੌੜ ਆਪਣੀ ਪਤਨੀ ਨਵਜੋਤ ਕੌਰ ਸਿੱਧੂ ਨੂੰ ਲੋਕ ਸਭਾ ਸੀਟ ਦਿਵਾਉਣ ਦੀ ਸੀ। ਇਸ ਦੌਰਾਨ ਉਹ ਕੈਪਟਨ ਵਜ਼ਾਰਤ ਵਿਚ ਮੰਤਰੀ ਵੀ ਰਿਹਾ ਪਰ ਉਸ ਦੀ ਕਾਰਗੁਜ਼ਾਰੀ ਇਸ ਤਰ੍ਹਾਂ ਦੀ ਨਹੀਂ ਸੀ ਜਿਸ ਦੀ ਹੁੱਬ ਕੇ ਮਿਸਾਲ ਦਿੱਤੀ ਜਾ ਸਕੇ। ਉਹ ਤਾਂ ਸਗੋਂ ਆਪਣੇ ਵਿਧਾਨ ਸਭਾ ਹਲਕੇ ਦੇ ਲੋਕਾਂ ਲਈ ਵੀ ਕੁਝ ਨਹੀਂ ਕਰ ਸਕਿਆ। ਸਿਆਸੀ ਕਾਰਕੁਨ ਵਜੋਂ ਵੀ ਉਸ ਦੀ ਕਾਰਕਰਦਗੀ ਅਜੇ ਤੱਕ ਸਿਫਰ ਹੈ ਅਤੇ ਲੋਕਾਂ ਦੀ ਸੇਵਾ ਕਰਨ ਵਾਲਾ ਪੱਖ ਵੀ ਕਮਜ਼ੋਰ ਹੀ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਉਸ ਦੀ ਸਿਆਸਤ ਵਿਚ ਕੋਈ ਬੰਨ੍ਹਵੀਂ ਲਗਾਤਾਰਤਾ ਵੀ ਕਿਧਰੇ ਨਜ਼ਰੀਂ ਨਹੀਂ ਪੈਂਦੀ। ਇਹੀ ਨਹੀਂ, ਕਾਂਗਰਸ ਨਾਲ ਡੂੰਘੀ ਵਿਚਾਰਧਾਰਕ ਸਾਂਝ ਵਾਲੀ ਕੋਈ ਗੱਲ ਵੀ ਨਹੀਂ ਹਾਲਾਂਕਿ ਹੁਣ ਉਹਨੇ ਆਪਣੇ ਬਾਪ ਦੇ ਪੱਕਾ ਕਾਂਗਰਸੀ ਹੋਣ ਦੇ ਸਬੂਤ ਦੇਣੇ ਸ਼ੁਰੂ ਕਰ ਦਿੱਤੇ ਹਨ। ਉਂਜ, ਹੁਣ ਜਦੋਂ ਚੋਣਾਂ ਨੇੜੇ ਢੁੱਕਣ ਕਾਰਨ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਕਾਰਗੁਜ਼ਾਰੀ ਦਾ ਮਸਲਾ ਉਭਰਨਾ ਸ਼ੁਰੂ ਹੋਇਆ ਤਾਂ ਨਵਜੋਤ ਸਿੱਧੂ ਦਾ ਨਾਂ ਕੁਝ ਵਧੇਰੇ ਅੱਗੇ ਆਉਣਾ ਸ਼ੁਰੂ ਹੋ ਗਿਆ ਹਾਲਾਂਕਿ ਇਹ ਸ਼ੁਰੂਆਤ ਵੀ ਪਰਗਟ ਸਿੰਘ ਵਰਗੇ ਵਿਧਾਇਕਾਂ ਅਤੇ ਪਾਰਟੀ ਦੇ ਕੁਝ ਲੀਡਰਾਂ ਨੇ ਕੀਤੀ ਸੀ। ਇਸ ਪ੍ਰਸੰਗ ਵਿਚ ਨਵਜੋਤ ਸਿੱਧੂ ਨੇ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਤੱਕ ਆਪਣੀ ਨਿੱਜੀ ਪਹੁੰਚ ਨੂੰ ਪੂਰੀ ਤਰ੍ਹਾਂ ਵਰਤਿਆ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਤਿੱਖੇ ਵਿਰੋਧ ਦੇ ਬਾਵਜੂਦ ਪੰਜਾਬ ਕਾਂਗਰਸ ਦੇ ਪ੍ਰਧਾਨ ਦੀ ਕੁਰਸੀ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ।

ਕਾਂਗਰਸ ਹਾਈਕਮਾਨ ਦੇ ਇਸ ਫੈਸਲੇ ਨਾਲ ਜ਼ਖਮੀ ਹੋਇਆ ਕੈਪਟਨ ਅਮਰਿੰਦਰ ਸਿੰਘ ਫਿਲਹਾਲ ਬੇਵੱਸ ਨਜ਼ਰ ਆ ਰਿਹਾ ਹੈ। ਛੇ ਮਹੀਨੇ ਪਹਿਲਾਂ ਤੱਕ ਉਸ ਨੂੰ ਯਕੀਨ ਸੀ ਕਿ 2022 ਵਾਲੀਆਂ ਚੋਣਾਂ ਦੇ ਨਤੀਜੇ ਉਸ ਦੀ ਝੋਲੀ ਹੀ ਪੈਣੇ ਹਨ ਪਰ ਛੇਤੀ ਹੀ ਉਸ ਦੀ ਸਰਕਾਰ ਦੀ ਮਾੜੀ ਕਰਗੁਜ਼ਾਰੀ ਦਾ ਪ੍ਰਛਾਵਾਂ ਉਸ ਉਤੇ ਪੈਣਾ ਸ਼ੁਰੂ ਹੋ ਗਿਆ। ਪਹਿਲਾਂ-ਪਹਿਲ ਉਸ ਨੂੰ ਜਾਪਦਾ ਸੀ ਕਿਸਾਨ ਅੰਦੋਲਨ ਦੇ ਰੌਲੇ-ਰੱਪੇ ਵਿਚ ਵਿਧਾਨ ਸਭਾ ਚੋਣਾਂ ਵਿਚ ਇਕ ਵਾਰ ਫਿਰ ਉਸ ਦੀ ਝੰਡੀ ਹੋ ਜਾਣੀ ਹੈ ਪਰ ਉਸ ਦੇ ਵਿਰੋਧੀ ਉਸ ਖਿਲਾਫ ਲਗਾਤਾਰ ਲਾਮਬੰਦੀ ਕਰਨ ਵਿਚ ਕਾਮਯਾਬ ਹੋ ਗਏ। ਉਂਜ, ਉਸ ਨੇ ਆਪਣੇ ਪੱਤੇ ਅਜੇ ਤੱਕ ਖੋਲ੍ਹੇ ਨਹੀਂ ਹਨ। ਇਹ ਕਿਆਸ-ਆਰਾਈਆਂ ਵੀ ਹਨ ਕਿ ਉਸ ਦਾ ਤਾਲਮੇਲ ਨਵਜੋਤ ਸਿੱਧੂ ਨਾਲ ਜੇਕਰ ਨਾ ਬੈਠਿਆ ਤਾਂ ਉਹ ਕਾਂਗਰਸ ਤੋਂ ਵੱਖ ਹੋ ਕੇ ਨਵੀਂ ਪਾਰਟੀ ਦੀ ਅਗਵਾਈ ਹੇਠ ਚੋਣ ਮੈਦਾਨ ਵਿਚ ਡਟ ਸਕਦਾ ਹੈ। ਇਸ ਸੂਰਤ ਵਿਚ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਨਾਰਾਜ਼ ਆਗੂ ਉਸ ਦੀ ਕਮਾਨ ਹੇਠ ਆ ਸਕਦੇ ਹਨ। ਸਿਆਸੀ ਵਿਸ਼ਲੇਸ਼ਕਾਂ ਅਨੁਸਾਰ, ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਵੀ ਸਿੱਧੇ-ਅਸਿੱਧੇ ਢੰਗ ਨਾਲ ਉਸ ਦੀ ਹਮਾਇਤ 'ਤੇ ਆ ਸਕਦੀ ਹੈ। ਪਿਛਲੀ ਵਿਧਾਨ ਸਭਾ ਚੋਣ ਵਿਚ ਵੀ ਜਦੋਂ ਪਾਰਟੀ ਹਾਈਕਮਾਨ ਕੈਪਟਨ ਨੂੰ ਕੋਈ ਰਾਹ ਨਹੀਂ ਸੀ ਦੇ ਰਹੀ ਤਾਂ ਉਹ ਆਪਣੀ ਵੱਖਰੀ ਪਾਰਟੀ ਦੀ ਕਮਾਨ ਹੇਠ ਚੋਣਾਂ ਲੜਨ ਲਈ ਤਿਆਰ ਹੋ ਗਿਆ ਸੀ। ਉਸ ਵਕਤ ਰਾਹੁਲ ਗਾਂਧੀ ਨੂੰ ਖੁਦ ਪੰਜਾਬ ਆ ਕੇ ਐਲਾਨ ਕਰਨਾ ਪਿਆ ਸੀ ਕਿ ਵਿਧਾਨ ਸਭਾ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਲੜੀਆਂ ਜਾਣਗੀਆਂ। ਅਸਲ ਵਿਚ ਮੌਜੂਦਾ ਸੰਕਟ ਪੰਜਾਬ ਕਾਂਗਰਸ ਦੇ ਸੰਕਟ ਨਾਲੋਂ ਮੁਲਕ ਪੱਧਰ 'ਤੇ ਕਾਂਗਰਸ ਦਾ ਸੰਕਟ ਵਧੇਰੇ ਹੈ। ਪਾਰਟੀ ਦੀ ਕੌਮੀ ਸਿਆਸਤ 'ਤੇ ਪਕੜ ਲਗਾਤਾਰ ਢਿੱਲੀ ਪੈ ਰਹੀ ਹੈ। ਸੂਬਾ ਪੱਧਰ 'ਤੇ ਲੀਡਰਾਂ ਨਾਲ ਕਲੇਸ਼ ਦਾ ਖਮਿਆਜ਼ਾ ਕਾਂਗਰਸ ਪਹਿਲਾਂ ਹੀ ਭੁਗਤ ਰਹੀ ਹੈ ਪਰ ਇਸ ਨੇ ਅਜੇ ਤੱਕ ਕੋਈ ਸਬਕ ਨਹੀਂ ਸਿੱਖਿਆ ਹੈ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਕਾਂਗਰਸ ਤੋਂ ਵੱਖ ਹੋਈ ਤਾਂ ਅੱਜ ਕਾਂਗਰਸ ਉਥੇ ਕਿਸੇ ਗਿਣਤੀ ਵਿਚ ਨਹੀਂ। ਇਸ ਦਾ ਇਹੀ ਹਾਲ ਆਂਧਰਾ ਪ੍ਰਦੇਸ਼ ਅਤੇ ਅਸਾਮ ਵਿਚ ਹੋਇਆ ਹੈ। ਇਸ ਸੂਰਤ ਵਿਚ ਨਵਜੋਤ ਸਿੰਘ ਸਿੱਧੂ ਕਾਂਗਰਸ ਦਾ ਕੀ ਸੰਵਾਰ ਸਕਦਾ, ਇਹ ਵੱਡਾ ਸਵਾਲ ਹੈ। ਉਸ ਦੀ ਮੌਕਾਪ੍ਰਸਤੀ ਸਦਾ ਚਰਚਾ ਦਾ ਵਿਸ਼ਾ ਰਹੀ ਹੈ। ਉਂਜ ਵੀ, ਦੂਜੀਆਂ ਸਿਆਸੀ ਪਾਰਟੀਆਂ ਅਜਿਹੀਆਂ ਸ਼ਖਸੀਅਤਾਂ ਨੂੰ ਚੋਣਾਂ ਤਾਂ ਲੜਾਉਂਦੀਆਂ ਰਹੀਆਂ ਹਨ ਪਰ ਸਮੁੱਚੇ ਸੂਬੇ ਦੀ ਸਿਆਸਤ ਦੀ ਕਮਾਨ ਹੀ ਸੰਭਾਲ ਦਿੱਤੀ ਹੋਵੇ, ਅਜਿਹੀ ਮਿਸਾਲ ਕਿਤੇ ਨਹੀਂ ਮਿਲਦੀ। ਹੋਰ ਤਾਂ ਹੋਰ, ਉਹ ਅਜੇ ਤੱਕ ਖੁਦ ਨੂੰ ਸੰਜੀਦਾ ਸਿਆਸੀ ਆਗੂ ਵਜੋਂ ਸਾਬਤ ਅਤੇ ਸਥਾਪਿਤ ਵੀ ਨਹੀਂ ਕਰ ਸਕਿਆ ਹੈ। ਇਸ ਸੂਰਤ-ਏ-ਹਾਲ ਵਿਚ ਸਭ ਤੋਂ ਮਾੜੀ ਗੱਲ ਇਹ ਹੈ ਕਿ ਕੋਈ ਵੀ ਧਿਰ ਪੰਜਾਬ ਦੇ ਮਸਲਿਆਂ ਨੂੰ ਆਪਣੀ ਸਿਆਸਤ ਦਾ ਏਜੰਡਾ ਨਹੀਂ ਬਣਾ ਰਹੀ। ਉਂਜ ਵੀ ਇਹ ਸਾਰੀ ਕਵਾਇਦ ਚੋਣਾਂ ਨੂੰ ਟੀਚਾ ਮਿਥ ਕੇ ਕੀਤੀ ਜਾ ਰਹੀ ਹੈ। ਇਸੇ ਕਰਕੇ ਜਿੰਨਾ ਚਿਰ ਲੋਕ ਚੋਣਾਂ ਦੇ ਇਸ ਮੱਕੜ ਜਾਲ ਬਾਰੇ ਚੇਤਨ ਨਹੀਂ ਹੁੰਦੇ ਅਤੇ ਇਸ ਵਿਚੋਂ ਬਾਹਰ ਨਹੀਂ ਆਉਂਦੇ, ਉਦੋਂ ਤੱਕ ਸਿਆਸੀ ਲੀਡਰ ਅਤੇ ਪਾਰਟੀਆਂ ਸੱਤਾ ਦਾ ਸੁਖ ਮਾਣ ਕੇ ਅਗਾਂਹ ਤੁਰਦੇ ਰਹਿਣਗੇ ਅਤੇ ਆਮ ਲੋਕ ਉਨ੍ਹਾਂ ਵੱਲ ਦੇਖਦੇ ਰਹਿਣਗੇ। ਤਕੜੇ ਕਿਸਾਨ ਅੰਦੋਲਨ ਦੇ ਬਾਵਜੂਦ ਪੰਜਾਬ ਦੀ ਸਿਆਸਤ ਉਥੇ ਦੀ ਉਥੇ ਖੜ੍ਹੀ ਜਾਪਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਆਈਲੈਟਸ ਕਿ ਪੌੜੀ?*

ਸਾਕ ਨੇੜੇ ਦਾ ਸੱਭਿਆਚਾਰ ਅੰਦਰ, ਸਮਝੀ ਜਾਂਦੀ ਸੀ ਬਾਂਹ ਸਿਰਹਾਣਿਆਂ ਦੀ।
ਰਿਸ਼ਤੇ ਕਰਦੇ ਸੀ ਦੇਖ ਕੇ ਹਾਣ-ਮੰਗਲ, ਸਾਂਝੀ ਹੁੰਦੀ ਸੀ ਇੱਜਤ ਘਰਾਣਿਆਂ ਦੀ।
ਸੰਗ-ਸ਼ਰਮ ਰਵਾਇਤਾਂ ਦਾ ਭੋਗ ਪਾਉਂਦੇ, ਕਹਿ ਕੇ ਰਸਮ ਹੈ ਸਮੇਂ ਪੁਰਾਣਿਆਂ ਦੀ।
ਵੱਜੀ ਠੱਗੀ ਦਾ ਜਦੋਂ ਫਿਰ ਪਤਾ ਲਗਦਾ, ਖਾਕ ਛਾਣਦੇ 'ਕੋਰਟਾਂ' ਠਾਣਿਆਂ ਦੀ।
ਸੌਦੇਬਾਜੀਆਂ ਕਰਦੇ ਨੇ ਆਪ ਮਾਪੇ, ਹੁਣ ਗੱਲਾਂ ਸੱਚੀਆਂ ਲੱਗਦੀਆਂ ਕੌੜੀਆਂ ਨੇ।
ਆਈਲੈਟਸ ਪਾਸ ਨੂੰ ਮੁੰਡਾ ਨਾ ਕੁੜੀ ਜਾਣੋ, ਬਣਦੇ 'ਬਾਹਰ' ਨੂੰ ਜਾਣ ਲਈ 'ਪੌੜੀਆਂ' ਨੇ!

# ਨਿਆਂਪਾਲਿਕਾ ਦੀ ਜ਼ਮੀਰ ਨੂੰ ਝੰਜੋੜਨ ਦੀ ਕੋਸ਼ਿਸ਼...

***30 ਜੂਨ ਨੂੰ ਭਾਰਤ ਦੇ ਚੀਫ ਜਸਟਿਸ ਐਨ.ਵੀ. ਰਮਨ ਨੇ 17ਵਾਂ ਪੀ.ਡੀ. ਦੇਸਾਈ ਯਾਦਗਾਰੀ ਭਾਸ਼ਣ ਦਿੱਤਾ ਜਿਸ ਵਿਚ ਉਨ੍ਹਾਂ ਨੇ ਕਾਨੂੰਨ ਦੇ ਰਾਜ ਦੀ ਗੱਲ ਕੀਤੀ। ਉਘੇ ਗਾਂਧੀਵਾਦੀ ਲੇਖਕ ਕੁਮਾਰ ਪ੍ਰਸ਼ਾਂਤ ਨੇ ਭਾਰਤੀ ਨਿਆਂ ਪ੍ਰਣਾਲੀ ਦੀ ਭੂਮਿਕਾ ਦੇ ਹਵਾਲੇ ਨਾਲ ਉਸ ਵਿਖਿਆਨ ਉਪਰ ਸਵਾਲ ਉਠਾਉਂਦਿਆਂ ਇਹ ਅਹਿਮ ਟਿੱਪਣੀ ਕੀਤੀ ਹੈ ਕਿ ਨਿਆਂਪਾਲਿਕਾ ਭਾਰਤੀ ਸੱਤਾ ਵੱਲੋਂ ਸੰਵਿਧਾਨ ਦੀਆਂ ਧੱਜੀਆਂ ਉਡਾਏ ਜਾਣ ਪ੍ਰਤੀ ਮੂਕ ਦਰਸ਼ਕ ਕਿਉਂ ਹੈ, ਇਹ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਕਿਉਂ ਨਹੀਂ ਨਿਭਾ ਰਹੀ? ਇਸ ਮਹੱਤਵਪੂਰਨ ਟਿੱਪਣੀ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***

ਮੈਂ ਮਨੁੱਖੀ ਹੱਕਾਂ ਦੇ ਕਾਰਕੁਨ ਦੀ ਮੌਤ ਤੋਂ ਬਾਅਦ ਕੁਝ ਵੀ ਲਿਖਣ-ਕਹਿਣ ਦੇ ਉਜੱਡਪੁਣੇ ਤੋਂ ਬਚਣ ਦੀ ਬਹੁਤ ਕੋਸ਼ਿਸ਼ ਕੀਤੀ। ਮੈਨੂੰ ਲੱਗਦਾ ਰਿਹਾ ਕਿ ਇਹ ਐਸਾ ਮੌਕਾ ਹੈ ਕਿ ਅਸੀਂ ਆਵਾਜ਼ ਹੀ ਨਹੀਂ, ਸਾਹ ਵੀ ਬੰਦ ਕਰ ਲਈਏ ਤਾਂ ਬਿਹਤਰ ਹੋਵੇਗਾ! ਲੇਕਿਨ ਘੁਟਣ ਐਸੀ ਹੈ ਕਿ ਅਜਿਹਾ ਕਰਕੇ ਵੀ ਅਸੀਂ ਆਪਣੀ ਬੁਜ਼ਦਿਲ ਅਤੇ ਕਰੂਰ ਹੋਂਦ ਤੋਂ ਬਚ ਨਹੀਂ ਸਕਾਂਗੇ ਤਾਂ ਕੁਝ ਬੋਲਣਾ ਜਾਂ ਪੁੱਛਣਾ ਜ਼ਰੂਰੀ ਹੋ ਜਾਂਦਾ ਹੈ; ਤੇ ਪੁੱਛਣਾ ਤੁਹਾਡੇ ਕੋਲੋਂ ਹੈ ਰਮਨ ਸਾਹਿਬ! ਮੇਰੇ ਪੁੱਛਣ 'ਚ ਥੋੜ੍ਹੀ ਤਲਖੀ ਹੋਵੇ ਤਾਂ ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਸ ਨੂੰ ਅਦਾਲਤ ਦਾ ਅਪਮਾਨ ਨਹੀਂ, ਲੋਕਤੰਤਰ 'ਚ ਲੋਕਾਂ ਦੇ ਅਪਮਾਨ ਦੀ ਅਪਮਾਨਜਨਕ ਪੀੜਾ ਵਾਂਗ ਸਮਝੋਗੇ, ਕਿਉਂਕਿ



ਕੁਮਾਰ ਪ੍ਰਸ਼ਾਂਤ
ਅਨੁਵਾਦ: ਬੂਟਾ ਸਿੰਘ

ਇਸ ਅਦਾਲਤ ਦਾ ਅਪਮਾਨ ਵੀ ਕੀ ਕਰਨਾ! ਤੇ ਇਹ ਵੀ ਸ਼ੁਰੂ 'ਚ ਹੀ ਕਹਿ ਦਿਆਂ ਕਿ ਤੁਹਾਨੂੰ ਇਹ ਸਭ ਕਹਿ ਰਿਹਾ ਹਾਂ ਤਾਂ ਇਸ ਲਈ ਕਿ ਸਾਡੀ ਕਥਿਤ ਨਿਆਂਪਾਲਿਕਾ ਦੇ ਸਭ ਤੋਂ ਬੜੇ ਪਾਲਕ ਤੁਸੀਂ ਹੋ!

ਇਹ ਬਹੁਤ ਦੁਖਦਾਈ ਹੈ ਅਤੇ ਗਿਲਾਨੀ ਵੀ, ਲੇਕਿਨ ਇਹੀ ਸੱਚ ਹੈ ਕਿ ਆਪਣੀ ਨਿਆਂਪਾਲਿਕਾ ਦੇ ਸਭ ਤੋਂ ਬੜੇ ਪਾਲਕਾਂ ਤੋਂ ਇਨ੍ਹਾਂ ਸਾਲਾਂ 'ਚ ਕੁਝ ਕਹਿਣ ਜਾਂ ਸੁਣਨ ਦੀ ਸਾਰਥਕਤਾ ਬਚੀ ਹੀ ਨਹੀਂ ਸੀ, ਲੇਕਿਨ ਗਾਂਧੀ ਨੇ ਸਾਨੂੰ ਸਿਖਾਇਆ ਹੈ ਕਿ ਜ਼ਮੀਰ ਨਾਂ ਦੀ ਚੀਜ਼ ਵੀ ਹੁੰਦੀ ਹੈ; ਤੇ ਇਹ ਜਦੋਂ ਝੰਜੋੜੀ ਜਾ ਸਕੇ ਤਾਂ ਝੰਜੋੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮੈਂ ਉਹੀ ਕੋਸ਼ਿਸ਼ ਕਰ ਰਿਹਾ ਹਾਂ ਅਤੇ ਇਸ ਦੇ ਕਾਰਨ ਵੀ ਤੁਸੀਂ ਹੀ ਹੋ। ਅਹਿਮਦਾਬਾਦ 'ਚ ਜਸਟਿਸ ਪੀ.ਡੀ. ਦੇਸਾਈ ਯਾਦਗਾਰੀ ਟਰੱਸਟ ਦੇ ਵਿਖਿਆਨ 'ਚ ਹੁਣੇ-ਹੁਣੇ ਤੁਸੀਂ ਕੁਝ ਐਸੀਆਂ ਨਾਯਾਬ ਗੱਲਾਂ ਕਹੀਆਂ ਜਿਨ੍ਹਾਂ ਤੋਂ ਲੱਗਾ ਕਿ ਕਿਤੇ, ਕੋਈ ਜ਼ਮੀਰ ਹੈ ਜੋ ਧੜਕ ਰਹੀ ਹੈ। ਉਸੇ ਧੜਕਣ ਨਾਲ ਜੁੜਨ ਲਈ ਇਹ ਲਿਖ ਰਿਹਾ ਹਾਂ। 84 ਸਾਲ ਦਾ ਕੰਬਦਾ ਬੁੱਢਾ ਜਿਸ ਨੂੰ ਸੁਣਦਾ ਵੀ ਨਹੀਂ ਸੀ, ਬੋਲ ਵੀ ਨਹੀਂ ਸਕਦਾ ਸੀ, ਜਿਸ ਨੂੰ ਤੁਰਨ ਤੇ ਖਾਣ-ਪੀਣ 'ਚ ਤਕਲੀਫ ਵੀ ਨੰਗੀਆਂ ਅੱਖਾਂ ਨੂੰ ਨਜ਼ਰ ਆਉਂਦੀ ਸੀ, ਉਹ ਨਿਆਂਪਾਲਿਕਾ ਦੇ ਦਰਵਾਜ਼ੇ ਉਪਰ ਖੜ੍ਹਾ ਹੋ ਕੇ ਸਿਰਫ ਇੰਨੀ ਕੁ ਮੰਗ ਕਰ ਰਿਹਾ ਸੀ ਕਿ ਉਸ ਨੂੰ ਆਪਣੇ ਘਰ 'ਚ, ਆਪਣੇ ਲੋਕਾਂ ਦਰਮਿਆਨ ਮਰਨ ਦੀ ਇਜਾਜ਼ਤ ਦਿੱਤੀ ਜਾਵੇ! ਉਸ ਨੇ ਕੋਈ ਜੁਰਮ ਨਹੀਂ ਕੀਤਾ ਸੀ, ਸਟੇਟ ਨੇ ਉਸ ਨੂੰ ਮੁਜਰਿਮ ਮੰਨਿਆ ਸੀ।

ਇਸ ਆਦਮੀ ਉਪਰ ਸਟੇਟ ਦਾ ਇਲਜ਼ਾਮ ਸੀ ਕਿ ਉਹ ਸਟੇਟ ਦਾ ਤਖਤਾ ਪਲਟਣ ਦੀ ਸਾਜ਼ਿਸ਼ ਰਚ ਰਿਹਾ ਹੈ, ਕਿ ਮੁਲਕ ਦੇ ਮੁਖੀ ਦੇ ਕਤਲ ਦੀ ਸਾਜ਼ਿਸ਼ 'ਚ ਸ਼ਾਮਿਲ ਹੈ। ਇਸ ਇਲਜ਼ਾਮ ਬਾਰੇ ਅਸੀਂ ਤਾਂ ਕੀ ਕਹਿ ਸਕਦੇ ਹਾਂ, ਕਹਿਣਾ ਤਾਂ ਤੁਸੀਂ ਸੀ ਪਰ ਤੁਸੀਂ ਕਿਹਾ ਨਹੀਂ। ਹੋ ਸਕਦਾ ਹੈ ਕਿ ਨਿਆਂ ਦੀ ਨਵੀਂ ਪਰਿਭਾਸ਼ਾ 'ਚ ਇਹ ਹੱਕ ਵੀ ਨਿਆਂਪਾਲਿਕਾ ਦੇ ਕੋਲ ਆ ਗਿਆ ਹੋਵੇ ਕਿ ਨਿਆਂ ਕਰਨਾ ਜਾਂ ਨਹੀਂ ਕਰਨਾ, ਉਸ ਦਾ ਵਿਸ਼ੇਸ਼ ਅਧਿਕਾਰ ਹੈ। ਸਾਨੂੰ ਤਾਂ ਸਾਡੀ ਪ੍ਰਾਇਮਰੀ ਸਕੂਲ ਦੀ ਕਿਤਾਬ 'ਚ ਇਹੀ ਪੜ੍ਹਾਇਆ ਗਿਆ ਸੀ, ਤੇ ਸਾਨੂੰ ਉਸੇ ਨੂੰ ਕੰਠ ਕਰਨ ਲਈ ਕਿਹਾ ਗਿਆ ਸੀ ਕਿ ਨਿਆਂ 'ਚ ਦੇਰੀ ਸਭ ਤੋਂ ਬੜਾ ਜੁਰਮ ਹੈ, ਇਸ ਲਈ ਸਟੇਨ ਸਵਾਮੀ ਦੇ ਮੁਜਰਿਮ ਹੋਣ, ਨਾ ਹੋਣ ਬਾਬਤ ਅਸੀਂ ਕੁਝ ਨਹੀਂ ਕਹਿ ਸਕਦੇ।

ਅਸੀਂ ਜਾਣਨਾ ਇਹ ਚਾਹੁੰਦੇ ਹਾਂ ਕਿ ਜ਼ਿੰਦਗੀ ਦੀ ਪੌੜੀ ਦੇ ਆਖਰੀ ਪੌਡੇ ਉਪਰ ਕੰਬਦੇ-ਡੋਲਦੇ ਇਕ ਨਾਗਰਿਕ ਦੀ ਆਖਰੀ ਇੱਛਾ ਦਾ ਸਨਮਾਨ ਕਰਨਾ, ਕੀ ਨਿਆਂਪਾਲਿਕਾ ਦੀ ਇਨਸਾਨੀਅਤ ਨਾਲ ਕੋਈ ਸੰਬੰਧ ਰੱਖਦਾ ਹੈ? ਫਾਂਸੀ ਚੜ੍ਹਦੇ ਮੁਜਰਿਮ ਤੋਂ ਵੀ ਉਸ ਦੀ ਆਖਰੀ ਇੱਛਾ ਪੁੱਛਣਾ ਅਤੇ ਜਿੱਥੋਂ ਤੱਕ ਸੰਭਵ ਹੋਵੇ ਉਸ ਨੂੰ ਪੂਰਾ ਕਰਨਾ ਨਿਆਂ ਦੇ ਮਨੁੱਖੀ ਸਰੋਕਾਰਾਂ ਨੂੰ ਦਰਸਾਉਂਦਾ ਹੈ। ਜੇ ਇਉਂ ਹੈ ਤਾਂ ਸਟੇਨ ਸਵਾਮੀ ਦੇ ਮਾਮਲੇ 'ਚ ਮੁਜਰਿਮ ਨਿਆਂਪਾਲਿਕਾ ਹੈ। ਤੁਹਾਡਾ ਤਾਂ ਕੰਮ ਹੀ ਜੁਰਮ ਦੀ ਸਜ਼ਾ ਦੇਣਾ ਹੈ, ਤਾਂ ਇਸ ਦੀ ਕੀ ਸਜ਼ਾ ਦਿਓਗੇ ਤੁਸੀਂ ਆਪਣੀ ਨਿਆਂਪਾਲਿਕਾ ਨੂੰ?

ਤੁਸੀਂ ਆਪਣੇ ਵਿਖਿਆਨ 'ਚ ਕਿਹਾ ਕਿ ਕੁਝ ਸਾਲਾਂ 'ਚ ਹਾਕਮਾਂ ਨੂੰ ਬਦਲਣਾ ਇਸ ਦੀ ਗਾਰੰਟੀ ਨਹੀਂ ਹੈ ਕਿ ਸਮਾਜ ਸੱਤਾ ਦੀ ਦਹਿਸ਼ਤ ਜਾਂ ਜੁਰਮ ਤੋਂ ਮੁਕਤ ਹੋ ਜਾਵੇਗਾ। ਤੁਹਾਡੀ ਇਸ ਗੱਲ ਤੋਂ ਸਾਡੀ ਤੁਛ ਸਮਝ 'ਚ ਇਹ ਗੱਲ ਆਈ ਕਿ ਸੱਤਾ ਜੁਰਮ ਵੀ ਕਰਦੀ ਹੈ ਅਤੇ ਦਹਿਸ਼ਤ ਵੀ ਫੈਲਾਉਂਦੀ ਹੈ। ਫਿਰ ਅੰਦੋਲਨ 'ਚ ਵਾਰ-ਵਾਰ ਇਹ ਕਹਿੰਦੇ ਸਟੇਨ ਸਵਾਮੀ ਦੀ ਗੱਲ ਤੁਹਾਡੀ ਨਿਆਂਪਾਲਿਕਾ ਨੇ ਕਿਉਂ ਨਹੀਂ ਸੁਣੀ ਕਿ ਉਹ ਨਾ ਤਾਂ ਕਦੇ ਭੀਮਾ-ਕੋਰੇਗਾਓਂ ਗਏ ਹਨ, ਨਾ ਕਦੇ ਉਨ੍ਹਾਂ ਸਮੱਗਰੀਆਂ ਨੂੰ ਦੇਖਿਆ-ਪੜ੍ਹਿਆ ਹੈ ਜਿਨ੍ਹਾਂ ਨੂੰ ਰੱਖਣ-ਪ੍ਰਚਾਰਨ ਦਾ ਬਿਨਾ ਸਬੂਤ ਮਨਮਾਨਾ ਇਲਜ਼ਾਮ ਉਸ ਉਪਰ ਲਗਾਇਆ ਜਾ ਰਿਹਾ ਹੈ? ਕੋਈ ਇਕ ਹੀ ਗੱਲ ਸਹੀ ਹੋ ਸਕਦੀ ਹੈ - ਜਾਂ ਤਾਂ ਤੁਸੀਂ ਜੋ ਸੱਤਾ ਦੀ ਦਹਿਸ਼ਤ ਅਤੇ ਜੁਰਮ ਦੀ ਗੱਲ ਕੀਤੀ ਹੈ, ਉਹ; ਜਾਂ ਦਹਿਸ਼ਤ ਤੇ ਜੁਰਮ ਨਾਲ ਜੋ ਸੱਤਾ ਚੱਲਦੀ ਹੈ, ਉਹ! ਸਟੇਨ ਸਵਾਮੀ ਤਾਂ ਆਪਣਾ ਫੈਸਲਾ ਸੁਣਾ ਕੇ ਤੁਰ ਗਏ, ਤੁਹਾਡਾ ਫੈਸਲਾ ਸੁਣਨਾ ਬਾਕੀ ਹੈ।

ਤੁਸੀਂ ਆਪਣੇ ਵਿਖਿਆਨ 'ਚ ਇਹ ਬੜੇ ਮਾਅਰਕੇ ਦੀ ਗੱਲ ਕਹੀ ਕਿ ਆਜ਼ਾਦੀ ਤੋਂ ਬਾਅਦ ਹੋਈਆਂ 17 ਆਮ ਚੋਣਾਂ 'ਚ ਅਸੀਂ ਨਾਗਰਿਕਾਂ ਨੇ ਸੰਵਿਧਾਨਕ ਜ਼ਿੰਮੇਵਾਰੀ ਵਾਹਵਾ ਕੁਸ਼ਲਤਾ ਨਾਲ ਨਿਭਾਈ ਹੈ। ਫਿਰ ਖੁਦ ਹੀ ਕਹਿੰਦੇ ਹੋ ਕਿ ਹੁਣ ਵਾਰੀ ਉਨ੍ਹਾਂ ਦੀ ਹੈ ਜੋ ਰਾਜ ਦੇ ਵੱਖ-ਵੱਖ ਅੰਗਾਂ ਦਾ ਸੰਚਾਲਨ-ਨਿਯਮਨ ਕਰਦੇ ਹਨ ਕਿ ਉਹ ਦੱਸਣ ਕਿ ਉਨ੍ਹਾਂ ਨੇ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਕਿੰਨੀ ਕੁ ਪੂਰੀ ਕੀਤੀ। ਮੈਂ ਤੁਹਾਡੇ ਕੋਲੋਂ ਪੁੱਛਦਾ ਹਾਂ ਕਿ ਨਿਆਂਪਾਲਿਕਾ ਨੇ ਆਪਣੀ ਭੂਮਿਕਾ ਦਾ ਕਿੰਨਾ ਅਤੇ ਕਿਹੋ ਜਿਹਾ ਪਾਲਣ ਕੀਤਾ? ਨਿਆਂਪਾਲਿਕਾ ਨਾਮ ਦਾ ਇਹ ਹਾਥੀ ਅਸੀਂ ਤਾਂ ਇਸੇ ਉਮੀਦ ਨਾਲ ਬਣਾਇਆ ਅਤੇ ਪਾਲਿਆ ਕਿ ਇਹ ਸਾਡੇ ਲੋਕਤੰਤਰੀ ਹੱਕਾਂ ਦੀ ਪਹਿਰੇਦਾਰੀ ਕਰੇਗਾ!

ਅਸੀਂ ਤਾਂ ਤੁਹਾਡਾ ਕੰਮ ਇਕਦਮ ਸੌਖਾ ਬਣਾਉਣ ਲਈ ਇੱਥੋਂ ਤੱਕ ਕੀਤਾ ਕਿ ਪੋਥੀ ਲਿਖ ਕੇ ਤੁਹਾਡੇ ਹੱਥ ਵਿਚ ਫੜਾ ਦਿੱਤੀ ਕਿ ਇਹ ਸੰਵਿਧਾਨ ਹੈ ਜਿਸ ਦਾ ਪਾਲਣ ਕਰਨਾ ਅਤੇ ਕਰਾਉਣਾ ਤੁਹਾਡਾ ਕੰਮ ਹੈ; ਮੈਂ ਪੁੱਛਦਾ ਹਾਂ ਕਿ ਨਾਗਰਿਕਾਂ ਦੇ ਲੋਕਤੰਤਰੀ ਹੱਕਾਂ ਉਪਰ ਪਾਬੰਦੀਆਂ ਲਾਉਣ ਵਾਲੇ ਐਨੇ ਕਾਨੂੰਨ ਫਿਰ ਕਿਵੇਂ ਬਣਦੇ ਗਏ?

ਸਾਡਾ ਸੰਵਿਧਾਨ ਕਹਿੰਦਾ ਹੈ ਕਿ ਸੰਸਦ ਕਾਨੂੰਨ ਬਣਾਉਣ ਵਾਲੀ ਵਾਹਦ ਸੰਸਥਾ ਹੈ, ਲੇਕਿਨ ਉਹੀ ਸੰਵਿਧਾਨ ਇਹ ਵੀ ਕਹਿੰਦਾ ਹੈ ਕਿ ਕੋਈ ਵੀ ਕਾਨੂੰਨ ਸੰਵਿਧਾਨ ਅਨੁਸਾਰ ਹੈ ਜਾਂ ਨਹੀਂ, ਇਹ ਕਹਿਣ ਵਾਲੀ ਵਾਹਦ ਸੰਸਥਾ ਨਿਆਂਪਾਲਿਕਾ ਹੈ। ਦਹਿਸ਼ਤ ਜਾਂ ਜੁਰਮ ਦੀ ਤਾਕਤ ਨਾਲ ਰਾਜ ਕਰਨ ਵਾਲੇ ਕਾਨੂੰਨ ਸੰਸਦ ਬਣਾ ਸਕਦੀ ਹੈ, ਲੇਕਿਨ ਉਸ ਨੂੰ ਨਿਆਂਪਾਲਿਕਾ ਗੈਰਸੰਵਿਧਾਨਕ ਕਰਾਰ ਦੇ ਕੇ ਰੱਦ ਕਰ ਸਕਦੀ ਹੈ। ਫਿਰ ਯੂ.ਏ.ਪੀ.ਏ. ਵਰਗੇ ਕਾਨੂੰਨ ਕਿਵੇਂ ਬਣ ਗਏ ਅਤੇ ਨਿਆਂਪਾਲਿਕਾ ਨੇ ਉਨ੍ਹਾਂ ਨੂੰ ਹਜ਼ਮ ਵੀ ਕਰ ਲਿਆ ਜੋ ਇਸੇ ਧਾਰਨਾ ਉਪਰ ਚੱਲਦੀ ਹੈ ਕਿ ਨਿਆਂਪਾਲਿਕਾ ਨਾ ਇਸ ਦੀ ਜਾਂਚ ਕਰ ਸਕਦੀ ਹੈ ਅਤੇ ਨਾ ਉਨ੍ਹਾਂ ਨੂੰ ਰੱਦ ਕਰ ਸਕਦੀ ਹੈ?

ਜੋ ਨਿਆਂਪਾਲਿਕਾ ਨੂੰ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਪੂਰੀ ਕਰਨ 'ਚ ਅਸਮਰੱਥ ਬਣਾ ਦੇਵੇ, ਐਸਾ ਕਾਨੂੰਨ ਸੰਵਿਧਾਨ ਅਨੁਸਾਰ ਕਿਵੇਂ ਹੋ ਸਕਦਾ ਹੈ? ਭੀਮਾ-ਕੋਰੇਗਾਓਂ ਕੇਸ 'ਚ ਜਿਨ੍ਹਾਂ ਨੂੰ ਫੜਿਆ ਗਿਆ ਹੈ, ਉਨ੍ਹਾਂ ਉਪਰ ਮੁਕੱਦਮਾ ਚੱਲੇ ਅਤੇ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਸਜ਼ਾ ਹੋਵੇ, ਇਸ ਉਪਰ ਕਿਸੇ ਨੂੰ ਇਤਰਾਜ਼ ਕਿਵੇਂ ਹੋ ਸਕਦਾ ਹੈ? ਲੇਕਿਨ ਮੁਕੱਦਮਾ ਚਲਾਏ ਬਿਨਾ ਹੀ ਉਨ੍ਹਾਂ ਨੂੰ ਜੇਲ੍ਹਾਂ ਵਿਚ ਰੱਖਿਆ ਜਾਵੇ ਅਤੇ ਸਾਡੀ ਨਿਆਂਪਾਲਿਕਾ ਵਰ੍ਹਿਆਂ ਤੱਕ ਚੁੱਪ ਰਹੇ, ਇਸ ਨੂੰ ਕਿਸ ਦਲੀਲ ਨਾਲ ਸਮਝਿਆ ਜਾਵੇ? ਫਿਰ ਤਾਂ ਸਾਨੂੰ ਕਹਿਣਾ ਪਵੇਗਾ ਕਿ ਸੰਵਿਧਾਨ ਦੇ ਰਖਵਾਲੇ ਸੰਵਿਧਾਨ ਪੜ੍ਹਾਏ ਜਾਣ ਵਾਲੇ ਸਕੂਲ 'ਚ ਗਏ ਹੀ ਨਹੀਂ!

ਹਜ਼ਾਰਾਂ-ਹਜ਼ਾਰ ਲੋਕ ਐਸੇ ਹਨ ਜੋ ਬਿਨਾ ਜੁਰਮ ਅਤੇ ਬਿਨਾ ਮੁਕੱਦਮੇ ਜੇਲ੍ਹਾਂ ਦੀਆਂ ਸੀਖਾਂ ਪਿੱਛੇ ਬੰਦ ਰੱਖੇ ਗਏ ਹਨ। ਜੇਲ੍ਹਾਂ ਮੁਜਰਿਮਾਂ ਲਈ ਬਣਾਈਆਂ ਗਈਆਂ ਹਨ, ਨਾ ਕਿ ਰਾਜਨੀਤਕ ਵਿਰੋਧੀਆਂ ਜਾਂ ਅਸਹਿਮਤ ਲੋਕਾਂ ਦੀ ਸੰਘੀ ਘੁੱਟਣ ਲਈ। ਜੇਲ੍ਹਾਂ ਦਾ ਗਲਤ ਇਸਤੇਮਾਲ ਨਾ ਹੋਵੇ, ਇਹ ਦੇਖਣਾ ਵੀ ਨਿਆਂਪਾਲਿਕਾ ਦਾ ਹੀ ਕੰਮ ਹੈ। ਜਿਸ ਮੁਲਕ ਦੀਆਂ ਜੇਲ੍ਹਾਂ 'ਚ ਜਿੰਨ੍ਹਾ ਜ਼ਿਆਦਾ ਲੋਕ ਬੰਦ ਹੋਣਗੇ, ਉਹ ਸਰਕਾਰ ਅਤੇ ਉਹ ਨਿਆਂਪਾਲਿਕਾ ਉਨੀ ਹੀ ਅਸਫਲ ਮੰਨੀ ਜਾਵੇਗੀ। ਤੇ ਸਰਕਾਰੀ ਏਜੰਸੀਆਂ ਲੰਮੇ ਸਮੇਂ ਤੱਕ ਲੋਕਾਂ ਨੂੰ ਜੇਲ੍ਹਾਂ 'ਚ ਸਾੜਦੀਆਂ ਹਨ, ਜ਼ਿੰਦਾ ਲਾਸ਼ਾਂ ਬਣਾ ਦਿੰਦੀਆਂ ਹਨ ਅਤੇ ਫਿਰ ਕਿਤੇ ਅਦਾਲਤ ਕਹਿੰਦੀ ਹੈ ਕਿ ਕੋਈ ਵੀ ਪੱਕਾ ਸਬੂਤ ਪੇਸ਼ ਨਹੀਂ ਕੀਤਾ ਗਿਆ, ਇਸ ਲਈ ਉਨ੍ਹਾਂ ਨੂੰ ਰਿਹਾਅ ਕੀਤਾ ਜਾਂਦਾ ਹੈ। ਇਹ ਜੁਰਮ ਕਿਸ ਦਾ ਹੈ? ਉਨ੍ਹਾਂ ਦਾ ਤਾਂ ਨਹੀਂ ਜਿਨ੍ਹਾਂ ਨੂੰ ਰਿਹਾਅ ਕੀਤਾ ਗਿਆ ਹੈ!

ਫਿਰ ਤੁਹਾਡੀ ਨਿਆਂਪਾਲਿਕਾ ਇਸ ਜੁਰਮ ਦੀ ਸਜ਼ਾ ਇਨ੍ਹਾਂ ਏਜੰਸੀਆਂ ਨੂੰ ਅਤੇ ਇਨ੍ਹਾਂ ਆਕਾਵਾਂ ਨੂੰ ਕਿਉਂ ਨਹੀਂ ਦਿੰਦੀ? ਨਾਗਰਿਕਾਂ ਦੇ ਪ੍ਰਤੀ ਇਹ ਸੰਵਿਧਾਨਕ ਜ਼ਿੰਮੇਵਾਰੀ ਨਿਆਂਪਾਲਿਕਾ ਦੀ ਹੈ ਜਾਂ ਨਹੀਂ? ਦਿੱਲੀ ਹਾਈਕੋਰਟ ਨੇ ਹੁਣੇ ਜਿਹੇ ਕਿਹਾ ਹੈ ਕਿ ਸਰਕਾਰ ਅਦਾਲਤ ਵਿਚ ਝੂਠ ਬੋਲਦੀ ਹੈ। ਅਦਾਲਤ 'ਚ ਖੜ੍ਹੇ ਹੋ ਕੇ ਸਰਕਾਰ ਝੂਠ ਬੋਲੇ ਤਾਂ ਇਹ ਦੋ ਸੰਵਿਧਾਨਕ ਵਿਵਸਥਾਵਾਂ ਦਾ ਨਾਲੋ-ਨਾਲ ਅਪਮਾਨ ਹੈ, ਉਨ੍ਹਾਂ ਦੇ ਨਾਲ ਧੋਖਾਧੜੀ ਹੈ। ਇਸ ਦੀ ਸਜ਼ਾ ਕੀ ਹੈ? ਬਸ ਇੰਨੀ, ਇਹ ਕਹਿ ਦੇਣਾ ਕਿ ਤੁਸੀਂ ਝੂਠ ਬੋਲਦੇ ਹੋ? ਫਿਰ ਝੂਠੀ ਗਵਾਹੀ, ਝੂਠਾ ਮੁਕੱਦਮਾ ਸਭ ਕਾਸੇ ਦੀ ਛੋਟ ਹੋਣੀ ਚਾਹੀਦੀ ਹੈ ਨਾ? ਐਸੀ ਆਪਾਧਾਪੀ ਹੀ ਜੇ ਲੋਕਤੰਤਰ ਦੀ ਕਿਸਮਤ 'ਚ ਹੈ ਤਾਂ ਫਿਰ ਸੰਵਿਧਾਨ ਦਾ ਅਤੇ ਸੰਵਿਧਾਨ ਦੁਆਰਾ ਬਣਾਈਆਂ ਇਨ੍ਹਾਂ ਵਿਵਸਥਾਵਾਂ ਦਾ ਬੋਝ ਅਸੀਂ ਕਿਉਂ ਢੋਈਏ?

ਤੁਸੀਂ ਆਪਣੇ ਵਿਖਿਆਨ 'ਚ ਬਹੁਤ ਵਧੀਆ ਗੱਲ ਕਹੀ ਕਿ ਕਾਨੂੰਨ ਲੋਕਾਂ ਲਈ ਹਨ, ਇਸ ਲਈ ਉਹ ਸਰਲ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ 'ਚ ਕਿਸੇ ਤਰ੍ਹਾਂ ਦਾ ਓਹਲਾ ਨਹੀਂ ਹੋਣਾ ਚਾਹੀਦਾ। ਇਹ ਅਸੀਂ ਕਹੀਏ ਤਾਂ ਤੁਹਾਨੂੰ ਕਹਾਂਗੇ, ਤੁਸੀਂ ਕਹਿੰਦੇ ਹੋ ਤਾਂ ਕਿਸ ਨੂੰ ਕਹਿ ਰਹੇ ਹੋ? ਤੁਸੀਂ ਹੀ ਤਾਂ ਇਹ ਕਰਨਾ ਹੈ ਕਿ ਸੰਵਿਧਾਨ ਦੀ ਆਤਮਾ ਨੂੰ ਕੁਚਲਣ ਵਾਲਾ ਕੋਈ ਵੀ ਕਾਨੂੰਨ ਲਾਗੂ ਨਾ ਹੋਵੇ। ਗਾਂਧੀ ਨੇ ਐਸਾ ਸਵਾਲ ਕਿੰਨੀ ਵਾਰ, ਕਿੰਨੀਆਂ ਹੀ ਅਦਾਲਤਾਂ 'ਚ ਪੁੱਛਿਆ ਸੀ, ਲੇਕਿਨ ਉਦੋਂ ਸਾਨੂੰ ਗੁਲਾਮਾਂ ਨੂੰ ਜਵਾਬ ਕੌਣ ਦਿੰਦਾ? ਲੇਕਿਨ ਹੁਣ?

ਹੁਣ ਤਾਂ ਇਕ ਹੀ ਸਵਾਲ ਹੈ, ਜੋ ਨਿਆਂਪਾਲਿਕਾ ਸਰਕਾਰ ਦੀ ਮਿਹਰ ਦੀ ਨਜ਼ਰ ਲਈ ਤਰਸਦੀ ਹੋਵੇ, ਕੀ ਉਹ ਨਿਆਂਪਾਲਿਕਾ ਰਹਿ ਜਾਂਦੀ ਹੈ? ਸਵਾਲ ਤਾਂ ਹੋਰ ਵੀ ਹਨ, ਜਵਾਬ ਤੁਹਾਡੇ ਵੱਲੋਂ ਆਉਣਾ ਹੈ।

# ਮੋਦੀ ਇਜ਼ ਅ ਸ਼ੇਮਲੈੱਸ ਪ੍ਰਾਈਮ ਮਨਿਸਟਰ...

## ਟਵੀਟ 'ਚ ਪ੍ਰਧਾਨ ਮੰਤਰੀ ਨੂੰ ਬੇਸ਼ਰਮ ਕਹਿਣ ਵਾਲੇ ਪੱਤਰਕਾਰ ਦੀ ਬਰਖਾਸਤਗੀ

***ਤਿੱਖੇ ਤੇਵਰਾਂ ਲਈ ਮਸ਼ਹੂਰ ਅਤੇ ਬੇਬਾਕ ਪੱਤਰਕਾਰ ਸ਼ਿਆਮ ਮੀਰਾ ਸਿੰਘ ਨੂੰ ਉਸ ਵਕਤ ਪੱਤਰਕਾਰੀ ਦਾ ਖਮਿਆਜ਼ਾ ਭੁਗਤਣਾ ਪਿਆ ਜਦੋਂ ਨਿਊਜ਼ ਚੈਨਲ 'ਆਜਤਕ' ਨੇ ਉਸ ਨੂੰ ਪ੍ਰਧਾਨ ਮੰਤਰੀ ਦੇ ਖਿਲਾਫ ਲਿਖੇ ਟਵੀਟਾਂ ਲਈ ਬਰਖਾਸਤ ਕਰ ਦਿੱਤਾ। ਸ਼ਿਆਮ ਮੀਰਾ ਸਿੰਘ ਸੋਸ਼ਲ ਮੀਡੀਆ ਉਪਰ ਬੇਹੱਦ ਹਰਮਨਪਿਆਰੇ ਹਨ। ਚੰਗੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਇਸ ਦਾ ਕੋਈ ਅਫਸੋਸ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਸੱਚੀ ਪੱਤਰਕਾਰੀ ਅਤੇ ਨਾਗਰਿਕ ਧਰਮ ਨਿਭਾਉਣ ਲਈ ਉਹ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹੈ। ਬਰਖਾਸਤਗੀ ਦੀ ਕਹਾਣੀ ਨੂੰ ਉਨ੍ਹਾਂ ਨੇ ਆਪਣੇ ਸ਼ਬਦਾਂ 'ਚ ਬਿਆਨ ਕੀਤਾ ਹੈ ਜਿਸ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***

'ਆਜਤਕ' ਨਾਲ ਪੱਤਰਕਾਰੀ ਦਾ ਮੇਰਾ ਸਫਰ ਖਤਮ ਹੋ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਪਰ ਲਿਖੇ ਮੇਰੇ ਦੋ ਟਵੀਟਾਂ ਦੀ ਵਜ੍ਹਾ ਨਾਲ ਮੈਨੂੰ 'ਆਜਤਕ' ਦੀ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਮੈਨੂੰ ਇਸ ਗੱਲ ਦਾ ਦੁੱਖ ਨਹੀਂ ਹੈ, ਇਸ ਲਈ ਤੁਸੀਂ ਵੀ ਦੁਖੀ ਨਾ ਹੋਵੋ। ਜਿਨ੍ਹਾਂ ਦੋ ਟਵੀਟ ਦਾ ਹਵਾਲਾ ਦਿੰਦੇ ਹੋਏ ਮੈਨੂੰ ਕੱਢਿਆ ਗਿਆ ਹੈ, ਉਹ ਦੋ ਟਵੀਟ ਇਹ ਹਨ:

'ਜੋ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਦਾ ਸਨਮਾਨ ਕਰੋ, ਉਨ੍ਹਾਂ ਨੂੰ ਸਭ ਤੋਂ ਪਹਿਲਾਂ ਮੋਦੀ ਨੂੰ ਕਹਿਣਾ ਚਾਹੀਦਾ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਸਨਮਾਨ ਕਰੇ।' ... 'ਟਵਿੱਟਰ ਉਪਰ ਕੁਝ ਲਿਖਦਾ ਹਾਂ ਤਾਂ ਲੋਕ ਮੇਰੀ ਕੰਪਨੀ ਨੂੰ ਟੈਗ ਕਰਨ ਲੱਗ ਪੈਂਦੇ ਹਨ। ਕਹਿੰਦੇ ਹਨ ਕਿ ਇਸ ਨੂੰ ਹਟਾਓ, ਇਸ ਨੂੰ ਹਟਾਉਂਦੇ ਕਿਉਂ ਨਹੀਂ... ਮੈਂ ਅਗਲਾ ਟਵੀਟ ਹੋਰ ਵਧੇਰੇ ਜ਼ੋਰ ਲਗਾ ਕੇ ਲਿਖਦਾ

**ਸ਼ਿਆਮ ਮੀਰਾ ਸਿੰਘ**
**ਅਨੁਵਾਦ: ਬੂਟਾ ਸਿੰਘ**

ਹਾਂ ਪਰ ਇਹ ਲਿਖਣ ਤੋਂ ਪਿੱਛੇ ਨਹੀਂ ਹਟਾਂਗਾ ਕਿ "ਮੋਦੀ ਇਜ਼ ਅ ਸ਼ੇਮਲੈੱਸ ਪ੍ਰਾਈਮ ਮਨਿਸਟਰ" (ਮੋਦੀ ਬੇਸ਼ਰਮ ਪ੍ਰਧਾਨ ਮੰਤਰੀ ਹੈ)।'

ਇਹ ਦੋ ਗੱਲਾਂ ਹਨ ਜਿਨ੍ਹਾਂ ਕਰਕੇ ਮੈਨੂੰ ਕੱਢਿਆ ਜਾਂ ਕਢਵਾਇਆ ਗਿਆ। ਸੱਤ ਮਹੀਨੇ ਪਹਿਲਾਂ ਜਦੋਂ ਮੈਂ 'ਆਜਤਕ' ਜੁਆਇਨ ਕੀਤਾ, ਉਦੋਂ ਵੀ ਮੈਨੂੰ ਇਸ ਗੱਲ ਦੀ ਸਮਝ ਸੀ ਕਿ ਮੈਂ ਕੀ ਲਿਖਣਾ ਹੈ, ਕਿਨ੍ਹਾਂ ਲੋਕਾਂ ਲਈ ਬੋਲਣਾ ਹੈ। ਉਦੋਂ ਤੋਂ ਹੀ ਹੁਕਮਰਾਨ ਪਾਰਟੀ ਦੇ ਹਮਾਇਤੀਆਂ ਵੱਲੋਂ ਕੰਪਨੀ ਨੂੰ ਟੈਗ ਕਰ-ਕਰ ਕੇ ਲਿਖਿਆ ਜਾਣ ਲੱਗਿਆ ਸੀ ਕਿ 'ਇਸ ਆਦਮੀ (ਮੈਨੂੰ) ਨੂੰ 'ਆਜਤਕ' ਤੋਂ ਕੱਢਿਆ ਜਾਵੇ, ਕਿਉਂਕਿ ਇਹ ਮੋਦੀ ਦੇ ਖਿਲਾਫ ਲਿਖਦਾ ਹੈ'। ਬੀਤੇ ਕੁਝ ਦਿਨਾਂ ਤੋਂ ਕੰਪਨੀ ਉਪਰ ਸੋਸ਼ਲ ਮੀਡੀਆ ਦੇ ਮਾਧਿਅਮ ਜ਼ਰੀਏ ਇਕ ਵਰਗ ਵੱਲੋਂ ਇਹ ਦਬਾਓ ਬਣਾਇਆ ਜਾ ਰਿਹਾ ਸੀ। ਆਖਰਕਾਰ ਇਨ੍ਹਾਂ ਦੋ ਟਵੀਟ ਤੋਂ ਬਾਅਦ ਮੈਨੂੰ 'ਆਜਤਕ' ਤੋਂ ਕੱਢ ਦਿੱਤਾ ਗਿਆ। ਮੈਨੂੰ ਕਿਸੇ ਨਾਲ ਸ਼ਿਕਾਇਤ ਨਹੀਂ ਹੈ। ਜੋ ਮੈਂ ਲਿਖਿਆ, ਮੈਂ ਉਸ 'ਤੇ ਖੜ੍ਹਾ ਹਾਂ। ਇਹ ਉਹ ਗੱਲਾਂ ਹਨ ਜੋ ਪੱਤਰਕਾਰ ਦੇ ਰੂਪ 'ਚ ਹੀ ਨਹੀਂ, ਨਾਗਰਿਕ ਦੇ ਰੂਪ ਵਿਚ ਮੇਰੇ ਕੋਲੋਂ ਉਮੀਦ ਕੀਤੀ ਜਾਂਦੀ ਸੀ ਕਿ ਮੈਂ ਇਕ ਐਸੇ ਸ਼ੇਮਲੈੱਸ (ਬੇਸ਼ਰਮ) ਪ੍ਰਧਾਨ ਮੰਤਰੀ ਨੂੰ ਸ਼ੇਮਲੈੱਸ ਕਹਾਂ ਜੋ ਕਿਸੇ ਖਿਡਾਰੀ ਦੇ ਅੰਗੂਠੇ ਦੀ ਸੱਟ ਉਪਰ ਟਵੀਟ ਕਰ ਸਕਦਾ ਹੈ ਪਰ ਵਿਦੇਸ਼ 'ਚ ਸ਼ਹੀਦ ਹੋਏ ਇਮਾਨਦਾਰ ਪੱਤਰਕਾਰ ਉਪਰ ਇਕ ਸ਼ਬਦ ਤੱਕ ਨਹੀਂ ਬੋਲਦਾ। ਮੇਰੇ ਕੋਲੋਂ ਨਾਗਰਿਕ ਦੇ ਰੂਪ 'ਚ ਇਹ ਉਮੀਦ ਸੀ ਕਿ ਮੈਂ ਉਸ ਪ੍ਰਧਾਨ ਮੰਤਰੀ ਨੂੰ 'ਸ਼ੇਮਲੈੱਸ' ਕਹਾਂ ਜਿਸ ਦੀ ਲੱਫਾਜ਼ੀ ਅਤੇ ਭਾਸ਼ਣਬਾਜ਼ੀ ਨੇ ਮੇਰੇ ਦੇਸ਼ ਦੇ ਲੱਖਾਂ ਨਾਗਰਿਕਾਂ ਨੂੰ ਕਰੋਨਾ ਦੌਰਾਨ ਮਰਨ ਲਈ ਇਕੱਲੇ ਛੱਡ ਦਿੱਤਾ।



***ਐਸੀਆਂ ਹਜ਼ਾਰ ਗੱਲਾਂ ਅਤੇ ਸੈਂਕੜੇ ਘਟਨਾਵਾਂ ਹਨ ਜਿਨ੍ਹਾਂ ਉਪਰ ਇਸ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਸ਼ੇਮਲੈੱਸ ਹੀ ਨਹੀਂ, ਮੱਕਾਰ, ਚੋਰ ਅਤੇ ਨਿਰਦੋਸ਼ ਨਾਗਰਿਕਾਂ ਦੇ ਹੱਕਾਂ ਨੂੰ ਕੁਚਲਣ ਵਾਲਾ ਬੁਜ਼ਦਿਲ ਤਾਨਾਸ਼ਾਹ ਕਿਹਾ ਜਾਣਾ ਚਾਹੀਦਾ ਹੈ। ਇਸ ਲਈ ਮੈਨੂੰ ਆਪਣੇ ਆਪਣੇ ਕਹੇ ਦਾ ਕੋਈ ਦੁੱਖ ਨਹੀਂ ਹੈ। ਇਸ ਗੱਲ ਦੀ ਸਮਝ ਮੈਨੂੰ ਨੌਕਰੀ ਦੇ ਪਹਿਲੇ ਦਿਨ ਤੋਂ ਹੀ ਸੀ ਕਿ ਦੇਰ ਸਵੇਰ ਮੇਰੇ ਕੋਲੋਂ ਅਸਤੀਫਾ ਮੰਗਿਆ ਜਾਵੇਗਾ, ਜਾਂ ਕਿਸੇ ਵੀ ਮਿੰਟ ਪੀ.ਐਮ.ਓ. ਦਫਤਰ ਦੇ ਫੋਨ 'ਤੇ ਮੈਨੂੰ ਕੱਢ ਦਿੱਤਾ ਜਾਵੇਗਾ। ... ਪਰ ਮੈਂ ਉਹੀ ਗੱਲਾਂ ਕਹੀਆਂ ਜੋ ਮੇਰੇ ਕੋਲੋਂ ਪੱਤਰਕਾਰ ਦੇ ਰੂਪ 'ਚ ਨਹੀਂ, ਨਾਗਰਿਕ ਦੇ ਰੂਪ 'ਚ ਵੀ ਉਮੀਦ ਕੀਤੀ ਗਈ ਸੀ; ਜਿਸ ਦੀ ਉਮੀਦ ਸਿਰਫ ਮੇਰੇ ਕੋਲੋਂ ਨਹੀਂ ਕੀਤੀ ਜਾਂਦੀ ਸਗੋਂ ਇਕ ਦਰਜੀ ਤੋਂ ਵੀ ਕੀਤੀ ਜਾਂਦੀ ਹੈ ਕਿ ਵਰ੍ਹਿਆਂ ਤੋਂ ਕਮਾਈ ਇਸ ਦੇਸ਼ ਦੀ ਸੁਤੰਤਰਤਾ ਨੂੰ ਲੁੱਟਣ 'ਤੇ ਤੁਸੀਂ ਬੋਲੋਗੇ।***

ਮੇਰੇ ਕੋਲੋਂ ਇਹੀ ਉਮੀਦ ਸੀ ਕਿ ਐਸੇ ਪ੍ਰਧਾਨ ਮੰਤਰੀ ਅਤੇ ਉਸ ਦੀ ਸਰਕਾਰ ਨੂੰ ਬੇਸ਼ਰਮ ਕਹਾਂ ਜਿਸ ਦੀ ਵਜ੍ਹਾ ਨਾਲ ਇਸ ਦੇਸ਼ ਦਾ ਇਕ ਘੱਟਗਿਣਤੀ ਵਰਗ ਹਰ ਰੋਜ਼ ਭੈਅ 'ਚ ਜਿਊਂਦਾ ਹੈ, ਜਿਸ ਨੂੰ ਹਰ ਰੋਜ਼ ਡਰ ਲੱਗਦਾ ਹੈ ਕਿ ਸ਼ਾਮ ਨੂੰ ਸਬਜ਼ੀ ਲੈਣ ਜਾਵਾਂਗਾ ਤਾਂ ਘਰ ਵਾਪਸ ਵੀ ਮੁੜ ਸਕਾਂਗਾ ਜਾਂ ਨਹੀਂ, ਜਾਂ ਦਾੜ੍ਹੀ ਅਤੇ ਮੁਸਲਮਾਨ ਹੋਣ ਕਾਰਨ ਮਾਰਿਆ ਜਾਵਾਂਗਾ! ਮੇਰੇ ਕੋਲੋਂ ਇਹ ਉਮੀਦ ਕੀਤੀ ਗਈ ਸੀ ਕਿ ਮੈਂ ਉਸ ਪ੍ਰਧਾਨ ਮੰਤਰੀ ਨੂੰ ਸ਼ੇਮਲੈੱਸ ਕਹਾਂ ਜੋ ਲਦਾਖ ਵਿਚ ਸ਼ਹੀਦ ਹੋਏ 21 ਸੈਨਿਕਾਂ ਦੀ ਸ਼ਹਾਦਤ ਦੀ ਖਬਰ ਨੂੰ ਦਬਾ ਦੇਵੇ, ਤੇ ਆਪਣੀ ਗੱਦੀ ਬਚਾਉਣ ਲਈ ਇਹ ਕਹਿ ਕੇ ਦੁਸ਼ਮਣ ਦੇਸ਼ ਨੂੰ ਕਲੀਨ ਚਿੱਟ ਦੇ ਦੇਵੇ ਕਿ ਸੀਮਾ ਵਿਚ ਕੋਈ ਨਹੀਂ ਵੜਿਆ, ਨਾ ਕੋਈ ਝਗੜਾ ਹੋਇਆ ਹੈ। ਦੇਸ਼ ਨੂੰ ਬਾਕੀ ਲੋਕਾਂ ਤੋਂ ਪਤਾ ਲੱਗੇ ਕਿ ਸਾਡੇ ਜਵਾਨਾਂ ਦੀ ਹੱਤਿਆ ਕੀਤੀ ਗਈ ਹੈ। ਕੋਈ ਵੀ ਪਾਰਟੀ, ਵਿਦਿਆਰਥੀ, ਮਜ਼ਦੂਰ, ਅਧਿਆਪਕ, ਸਿੱਖਿਆ ਹਿਤੈਸ਼ੀ, ਦਲਿਤਾਂ ਦੀਆਂ ਜਥੇਬੰਦੀਆਂ ਆਪਣਾ ਵਿਰੋਧ ਕਰਨ ਲਈ ਸੜਕ ਉਪਰ ਆਉਣ ਅਤੇ ਪੁਲਿਸ ਲਾਠੀਆਂ ਨਾਲ ਉਨ੍ਹਾਂ ਦਾ ਲੱਕ ਤੋੜ ਦੇਵੇ। ਤਦ ਮੇਰੇ ਕੋਲੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਸ ਪੁਲਿਸ ਜ਼ੁਲਮ ਦੇ ਸਿਖਰ 'ਤੇ ਬੈਠੇ ਪ੍ਰਧਾਨ ਮੰਤਰੀ ਨੂੰ ਕਹਾਂ ਕਿ ਉਹ 'ਸ਼ੇਮਲੈੱਸ' ਹੈ। ਹਜ਼ਾਰਾਂ ਕਿਸਾਨ ਦਿੱਲੀ ਦੀਆਂ ਹੱਦਾਂ ਉਪਰ ਅੱਠ ਮਹੀਨੇ ਤੋਂ ਸੜਕਾਂ ਉਪਰ ਪਏ ਹੋਣ, ਉਨ੍ਹਾਂ ਵਿਚੋਂ ਸੈਂਕੜੇ ਬਜ਼ੁਰਗ ਧਰਨੇ ਵਾਲੀ ਜਗ੍ਹਾ 'ਤੇ ਹੀ ਦਮ ਤੋੜ ਦੇਣ, ਤੇ ਪ੍ਰਧਾਨ ਮੰਤਰੀ ਕਹੇ ਕਿ ਮੈਂ ਉਨ੍ਹਾਂ ਤੋਂ ਸਿਰਫ ਇਕ ਕਾਲ ਦੂਰ ਹਾਂ, ਤਾਂ ਨਾਗਰਿਕ ਦੇ ਰੂਪ 'ਚ ਮੇਰੇ ਕੋਲੋਂ ਉਮੀਦ ਕੀਤੀ ਜਾਂਦੀ ਹੈ ਕਿ ਮੈਂ ਉਸ ਪ੍ਰਧਾਨ ਮੰਤਰੀ ਨੂੰ ਸ਼ੇਮਲੈੱਸ ਕਹਾਂ।

ਐਸੀਆਂ ਹਜ਼ਾਰ ਗੱਲਾਂ ਅਤੇ ਸੈਂਕੜੇ ਘਟਨਾਵਾਂ ਹਨ ਜਿਨ੍ਹਾਂ ਉਪਰ ਇਸ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਸ਼ੇਮਲੈੱਸ ਹੀ ਨਹੀਂ, ਮੱਕਾਰ, ਚੋਰ ਅਤੇ ਨਿਰਦੋਸ਼ ਨਾਗਰਿਕਾਂ ਦੇ ਹੱਕਾਂ ਨੂੰ ਕੁਚਲਣ ਵਾਲਾ ਬੁਜ਼ਦਿਲ ਤਾਨਾਸ਼ਾਹ ਕਿਹਾ ਜਾਣਾ ਚਾਹੀਦਾ ਹੈ। ਇਸ ਲਈ ਮੈਨੂੰ ਆਪਣੇ ਆਪਣੇ ਕਹੇ ਦਾ ਕੋਈ ਦੁੱਖ ਨਹੀਂ ਹੈ। ਇਸ ਗੱਲ ਦੀ ਸਮਝ ਮੈਨੂੰ ਨੌਕਰੀ ਦੇ ਪਹਿਲੇ ਦਿਨ ਤੋਂ ਹੀ ਸੀ ਕਿ ਦੇਰ ਸਵੇਰ ਮੇਰੇ ਕੋਲੋਂ ਅਸਤੀਫਾ ਮੰਗਿਆ ਜਾਵੇਗਾ, ਜਾਂ ਕਿਸੇ ਵੀ ਮਿੰਟ ਪੀ.ਐਮ.ਓ. ਦਫਤਰ ਦੇ ਫੋਨ 'ਤੇ ਮੈਨੂੰ ਕੱਢ ਦਿੱਤਾ ਜਾਵੇਗਾ। ਹਰ ਟਵੀਟ ਕਰਦੇ ਹੋਏ ਜ਼ਿਹਨ 'ਚ ਇਹ ਗੱਲ ਆਉਂਦੀ ਸੀ ਕਿ ਇਸ ਤੋਂ ਬਾਅਦ ਕਿਤੇ ਐਫ.ਆਈ.ਆਰ. ਦਰਜ ਨਾ ਹੋ ਜਾਵੇ, ਕਿਤੇ ਨੋਟਿਸ ਨਾ ਭੇਜ ਦਿੱਤਾ ਜਾਵੇ ... ਕਿਵੇਂ ਨਜਿੱਠਾਂਗਾ ਉਸ ਨਾਲ? ਇਹ ਜੋਖਮ ਮਨ 'ਚ ਸੋਚ ਕੇ ਵੀ ਲਿਖ ਦਿੰਦਾ ਸੀ...।

ਮੈਂ ਉਹੀ ਗੱਲਾਂ ਕਹੀਆਂ ਜੋ ਮੇਰੇ ਕੋਲੋਂ ਪੱਤਰਕਾਰ ਦੇ ਰੂਪ 'ਚ ਨਹੀਂ, ਨਾਗਰਿਕ ਦੇ ਰੂਪ 'ਚ ਵੀ ਉਮੀਦ ਕੀਤੀ ਗਈ ਸੀ; ਜਿਸ ਦੀ ਉਮੀਦ ਸਿਰਫ ਮੇਰੇ ਕੋਲੋਂ ਨਹੀਂ ਕੀਤੀ ਜਾਂਦੀ ਸਗੋਂ ਇਕ ਦਰਜੀ ਤੋਂ ਵੀ ਕੀਤੀ ਜਾਂਦੀ ਹੈ ਕਿ ਵਰ੍ਹਿਆਂ ਤੋਂ ਕਮਾਈ ਇਸ ਦੇਸ਼ ਦੀ ਸੁਤੰਤਰਤਾ ਨੂੰ ਲੁੱਟਣ 'ਤੇ ਤੁਸੀਂ ਬੋਲੋਗੇ। ਇਹ ਉਮੀਦ ਮੇਰੇ ਕੋਲੋਂ ਹੀ ਨਹੀਂ ਕੀਤੀ ਜਾਂਦੀ, ਪ੍ਰਾਇਮਰੀ ਸਕੂਲ 'ਚ ਪੜ੍ਹਾਉਣ ਵਾਲੇ ਟੀਚਰ ਕੋਲੋਂ ਵੀ ਕੀਤੀ ਜਾਂਦੀ ਹੈ; ਯੂਨੀਵਰਸਿਟੀਆਂ ਦੇ ਕੁਲਪਤੀ, ਮਕਾਨ ਬਣਾਉਣ ਵਾਲੇ ਰਾਜ ਮਿਸਤਰੀ, ਸੜਕ ਉਪਰ ਟੈਂਪੂ ਚਲਾਉਣ ਵਾਲੇ ਡਰਾਈਵਰ, ਪੜ੍ਹਨ ਵਾਲੇ ਵਿਦਿਆਰਥੀਆਂ, ਕੰਪਨੀਆਂ 'ਚ ਕੰਮ ਕਰਨ ਵਾਲੇ ਹਰ ਕਰਮਚਾਰੀ ਕੋਲੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਹਰ ਰੋਜ਼ ਹੋ ਰਹੇ ਹਜੂਮੀ ਕਤਲਾਂ ਉਪਰ ਉਹ ਬੋਲਣਗੇ। ਮੈਂ ਆਪਣਾ ਕਰਜ਼ ਚੁਕਾਇਆ; ਮੈਂ ਜਿੱਥੇ ਵੀ ਰਿਹਾ, ਹਰ ਜਗ੍ਹਾ ਕੋਸ਼ਿਸ਼ ਕੀਤੀ ਕਿ ਆਮ ਇਨਸਾਨਾਂ ਦੀ ਬਿਹਤਰੀ ਲਈ ਕੁਝ ਲਿਖ ਸਕਾਂ।

ਕਿਉਂਕਿ ਉਮਰ ਅਤੇ ਤਜਰਬਿਆਂ ਵਿਚ ਮੈਂ ਬੱਚਾ ਹਾਂ, ਕਰੀਅਰ ਦੇ ਸ਼ੁਰੂਆਤੀ ਪੜਾਅ 'ਤੇ ਹਾਂ, ਜਿੱਥੇ ਅੱਗੇ ਦਾ ਮੈਨੂੰ ਪਤਾ ਨਹੀਂ ... ਸ਼ੁਰੂਆਤ 'ਚ ਹੀ ਮੇਰੇ ਲਿਖੇ ਦੇ ਬਦਲੇ ਮੇਰਾ ਰੁਜ਼ਗਾਰ ਖੋਹ ਲਿਆ ਗਿਆ ਤਾਂ ਅੰਦਰੋਂ ਕਦੇ-ਕਦੇ ਭਾਵੁਕ ਹੋ ਜਾਂਦਾ ਹਾਂ। ਇਉਂ ਲੱਗਦਾ ਹੈ, ਜਿਵੇਂ ਕੋਈ ਨਿੱਕੀ ਜਿਹੀ ਚਿੜੀ ਕਿਸੇ ਜੰਗਲ 'ਚ ਆਈ ਅਤੇ ਉਡਣ ਤੋਂ ਪਹਿਲਾਂ ਹੀ ਉਸ ਦੇ ਖੰਭ ਕੁਤਰ ਦਿੱਤੇ ਗਏ ਹੋਣ ਪਰ ਇਹ ਵੀ ਜ਼ਰੂਰੀ ਹੈ। ਉਸ ਨੰਨ੍ਹੀ ਚਿੜੀ ਕੋਲ ਇਹ ਬਦਲ ਸੀ ਕਿ ਕੁਝ ਦਿਨ ਬਿਨਾ ਉਡੇ ਹੀ ਆਪਣੇ ਆਲ੍ਹਣੇ 'ਚ ਰਹੇ, ਚੁੱਪ ਬੈਠੇ, ਕਿਤੇ ਵੀ ਉਡਣ ਨਾ ਜਾਵੇ ਪਰ ਉਸ ਚਿੜੀ ਨੇ ਆਪਣੇ ਖੰਭ ਕੁਤਰੇ ਜਾਣਾ ਸਵੀਕਾਰ ਕਰ ਲਿਆ, ਲੇਕਿਨ ਇਹ ਨਹੀਂ ਕਿ ਉਹ ਉਡਣਾ ਛੱਡ ਦੇਵੇਗੀ। ਜ਼ਮੀਨ 'ਤੇ ਪਏ ਉਸ ਦੇ ਖੰਭ ਇਸ ਗੱਲ ਦੇ ਰੂਪ 'ਚ ਦਰਜ ਕੀਤੇ ਜਾਣਗੇ ਕਿ ਕੋਈ ਐਸਾ ਰਾਜ ਸੀ ਜਿਸ ਵਿਚ ਪੰਛੀਆਂ ਦੇ ਖੰਭ ਕੁਤਰ ਦਿੱਤੇ ਜਾਂਦੇ ਸਨ। ਜੇ ਉਹ ਚਿੜੀ ਉਡਣਾ ਬੰਦ ਕਰਕੇ ਆਲ੍ਹਣੇ 'ਚ ਹੀ ਬੈਠੀ ਰਹਿੰਦੀ ਤਾਂ ਇਹ ਖੰਭ ਕਦੇ ਦਰਜ ਨਾ ਹੁੰਦੇ ਅਤੇ ਖੰਭ ਕੁਤਰਨ ਵਾਲੇ ਰਾਜ ਦਾ ਨੰਗਾ ਚਿਹਰਾ ਕਦੇ ਨਜ਼ਰ ਨਾ ਆਉਂਦਾ। ਐਸੀਆਂ ਨੰਨ੍ਹੀਆਂ ਚਿੜੀਆਂ ਦੇ ਕੁਤਰੇ ਹੋਏ ਖੰਭ, ਉਸ ਜੰਗਲ ਉਪਰ ਰਾਜ ਕਰਨ ਵਾਲੇ ਰਾਜਾ ਦੇ ਚਿਹਰਾ ਦਰਜ ਕਰਨ ਦੇ ਦਸਤਾਵੇਜ਼ ਹਨ। ਇਸ ਲਈ ਮੈਨੂੰ ਦੁੱਖ ਨਹੀਂ, ਅਫਸੋਸ ਨਹੀਂ ... ਸੰਤੁਸ਼ਟੀ ਜ਼ਰੂਰ ਹੈ ਕਿ ਮੈਂ ਆਪਣਾ ਹਿੱਸਾ ਚੁਕਾ ਕੇ ਜਾ ਰਿਹਾ ਹਾਂ। ਬਾਕੀ ਆਪਣੇ ਹਰ ਚੰਗੇ ਮਾੜੇ 'ਚ (ਮਸ਼ਹੂਰ ਸ਼ਾਇਰ ਸਾਹਿਰ ਲੁਧਿਆਣਵੀ ਦੀਆਂ) ਇਨ੍ਹਾਂ ਸਤਰਾਂ ਤੋਂ ਹਿੰਮਤ ਮਿਲਦੀ ਰਹਿੰਦੀ ਹੈ:

ਹਜ਼ਾਰ ਬਰਕ ਗਿਰੇ ਲਾਖ ਆਂਧੀਆਂ ਉਠੇਂ
ਵੋ ਫੂਲ ਖਿਲ ਕੇ ਰਹੇਂਗੇ ਜੋ ਖਿਲਨੇ ਵਾਲੇ ਹੈਂ।

---

# ਯੂ.ਪੀ. 'ਚ ਭਾਜਪਾ ਤੇ ਵਿਰੋਧੀ ਧਿਰ

ਚੋਣ ਮਾਹਿਰ ਸੰਜੇ ਕੁਮਾਰ ਨੇ ਹਿਸਾਬ-ਕਿਤਾਬ ਲਾਇਆ ਹੈ ਕਿ ਉਤਰ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਨੂੰ ਉਦੋਂ ਤੱਕ ਨਹੀਂ ਹਰਾਇਆ ਜਾ ਸਕਦਾ, ਜਦੋਂ ਤੱਕ ਉਸ ਦੇ ਵੋਟ 10 ਤੋਂ 12 ਫੀਸਦੀ ਘੱਟ ਨਾ ਹੋ ਜਾਣ। ਸੰਜੇ ਕੁਮਾਰ ਨੇ ਇਹ ਵਿਸ਼ਲੇਸ਼ਣ ਵੀ ਪੇਸ਼ ਕੀਤਾ ਹੈ ਕਿ ਭਾਜਪਾ ਨੂੰ ਵਿਧਾਨ ਸਭਾ ਚੋਣਾਂ ਵਿਚ ਲੋਕ ਸਭਾ ਦੇ ਮੁਕਾਬਲੇ ਵੋਟ ਘੱਟ ਜ਼ਰੂਰ ਮਿਲਦੇ ਹਨ ਪਰ ਕਿਸੇ ਵੀ ਸੂਬੇ ਵਿਚ ਉਸ ਦੇ ਵੋਟ ਫੀਸਦੀ ਵਿਚ ਇਹ ਗਿਰਾਵਟ ਏਨੀ

**ਅਭੈ ਕੁਮਾਰ ਦੂਬੇ**

ਜ਼ਿਆਦਾ ਨਹੀਂ ਹੁੰਦੀ, ਜਿੰਨੀ ਉਤਰ ਪ੍ਰਦੇਸ਼ ਵਿਚ ਵਿਰੋਧੀ ਧਿਰ ਨੂੰ ਜਿਤਾਉਣ ਲਈ ਜ਼ਰੂਰੀ ਹੈ। ਅਜਿਹੀ ਸਥਿਤੀ ਵਿਚ ਸਵਾਲ ਉਠਦਾ ਹੈ ਕਿ ਉਤਰ ਪ੍ਰਦੇਸ਼ ਵਿਚ ਗੈਰ-ਭਾਜਪਾ ਪਾਰਟੀਆਂ ਕੋਲ ਅਜਿਹੀ ਕਿਹੜੀ ਰਣਨੀਤੀ ਹੈ, ਜਿਸ ਵਿਚ ਭਾਜਪਾ ਦੇ ਗਰਾਫ ਨੂੰ ਏਨਾ ਹੇਠਾਂ ਗਿਰਾਉਣ ਦੀ ਸੰਭਾਵਨਾ ਹੋਵੇ। ਮੇਰਾ ਵਿਚਾਰ ਹੈ ਕਿ ਹੁਣ ਤੱਕ ਕਿਸੇ ਵੀ ਪਾਰਟੀ ਕੋਲ ਅਜਿਹੀ ਕੋਈ ਰਣਨੀਤੀ ਦਿਖਾਈ ਨਹੀਂ ਦੇ ਰਹੀ ਜਿਸ ਨਾਲ ਉਤਰ ਪ੍ਰਦੇਸ਼ ਵਿਚ ਸੱਤਾ ਤਬਦੀਲੀ ਦੀ ਉਮੀਦ ਪੈਦਾ ਹੋ ਸਕੇ। ਅੰਦਰੂਨੀ ਕਲੇਸ਼ ਦੇ ਬਾਵਜੂਦ ਭਾਜਪਾ 250 ਤੋਂ 300 ਤੱਕ ਸੀਟਾਂ ਜਿੱਤ ਸਕਣ ਵਾਲੀ ਪਾਰਟੀ ਬਣੀ ਹੋਈ ਹੈ।

2007 ਵਿਚ ਬਹੁਮਤ ਹਾਸਲ ਕਰਕੇ ਸਰਕਾਰ ਬਣਾਉਣ ਵਾਲੀ ਮਾਇਆਵਤੀ ਅਤੇ ਉਨ੍ਹਾਂ ਦੀ ਬਹੁਜਨ ਸਮਾਜ ਪਾਰਟੀ ਦੀ ਉਦਾਹਰਨ 'ਤੇ ਗੌਰ ਕਰਨ ਨਾਲ ਇਹ ਗੱਲ ਸਪਸ਼ਟ ਹੋ ਜਾਂਦੀ ਹੈ। ਮਾਇਆਵਤੀ ਨੂੰ 2012 'ਚ ਕਰੀਬ 23% ਵੋਟਾਂ ਅਤੇ 90 ਤੋਂ ਜ਼ਿਆਦਾ ਸੀਟਾਂ ਮਿਲੀਆਂ ਸਨ। 2017 ਵਿਚ ਉਨ੍ਹਾਂ ਨੂੰ 22% ਵੋਟਾਂ ਮਿਲੀਆਂ ਤੇ ਸੀਟਾਂ ਘਟ ਕੇ 20 ਤੱਕ ਰਹਿ ਗਈਆਂ। ਅਜਿਹਾ ਕਿਉਂ ਹੋਇਆ? ਕਿਉਂਕਿ ਭਾਜਪਾ ਨੇ ਆਪਣੀਆਂ ਵੋਟਾਂ ਵਧਾ ਕੇ 40 ਫੀਸਦੀ ਦੇ ਨੇੜੇ-ਤੇੜੇ ਪਹੁੰਚਾ ਦਿੱਤੀਆਂ। ਨਤੀਜੇ ਵਜੋਂ ਬਸਪਾ ਦੇ ਸੀਟ ਜਿੱਤਣ ਦੀ ਦਰ ਘੱਟੋ-ਘੱਟ 3 ਗੁਣਾ ਘਟ ਗਈ। ਇਕ ਤਰ੍ਹਾਂ ਨਾਲ ਭਾਜਪਾ ਨੇ ਏਨੀ ਵੱਡੀ ਚੁਣਾਵੀ ਗੋਲਬੰਦੀ ਕਰਕੇ ਸੂਬੇ ਦੇ ਚੁਣਾਵੀ ਗਣਿਤ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਹੁਣ 20 ਫੀਸਦੀ ਤੋਂ 30 ਫੀਸਦੀ ਵੋਟ ਪ੍ਰਾਪਤ ਕਰਨ ਵਾਲੀ ਪਾਰਟੀ ਨੂੰ ਸਰਕਾਰ ਬਣਾਉਣ ਦੀ ਕਲਪਨਾ ਨਹੀਂ ਕਰਨੀ ਚਾਹੀਦੀ। 2007 ਵਿਚ ਬਹੁਜਨ ਸਮਾਜ ਪਾਰਟੀ ਨੂੰ ਅਤੇ 2012 ਵਿਚ ਸਮਾਜਵਾਦੀ ਪਾਰਟੀ ਨੂੰ 30 ਫੀਸਦੀ ਦੇ ਨੇੜੇ ਵੋਟਾਂ ਮਿਲੀਆਂ ਸਨ ਅਤੇ ਉਨ੍ਹਾਂ ਨੇ ਪੂਰਨ ਬਹੁਮਤ ਦੀਆਂ ਸਰਕਾਰਾਂ ਬਣਾਈਆਂ ਸਨ। ਨਵੇਂ ਹਾਲਾਤ ਵਿਚ ਅਜਿਹਾ ਨਹੀਂ ਹੋ ਸਕਦਾ। ਉਤਰ ਪ੍ਰਦੇਸ਼ ਵਿਚ ਭਾਜਪਾ ਦੇ ਮੁਕਾਬਲੇ ਸਰਕਾਰ ਬਣਾਉਣ ਲਈ ਇਨ੍ਹਾਂ ਪਾਰਟੀਆਂ ਨੂੰ ਘੱਟੋ-ਘੱਟ 35 ਫੀਸਦੀ ਵੋਟਾਂ ਦਾ ਟੀਚਾ ਨਿਰਧਾਰਤ ਕਰਨਾ ਚਾਹੀਦਾ ਹੈ। ਏਨੇ ਵੋਟ ਇਨ੍ਹਾਂ ਨੂੰ ਇਤਿਹਾਸ ਵਿਚ ਕਦੇ ਪ੍ਰਾਪਤ ਨਹੀਂ ਹੋਏ ਅਤੇ ਭਾਜਪਾ ਜੇਕਰ ਕਮਜ਼ੋਰ ਵੀ ਹੁੰਦੀ ਹੈ ਤਾਂ ਵੀ ਉਹ 35 ਫੀਸਦੀ ਤੋਂ ਵਧੇਰੇ ਵੋਟਾਂ ਹਾਸਲ ਕਰ ਸਕਦੀ ਹੈ।

ਇਕ ਰਾਜਨੀਤਕ ਸਮੀਖਿਅਕ ਨੇ ਮੈਨੂੰ ਕਿਹਾ ਹੈ ਕਿ ਗੈਰ-ਭਾਜਪਾ ਪਾਰਟੀਆਂ ਕੁੱਲ ਮਿਲਾ ਕੇ ਆਪਣੀ ਬਾਜ਼ੀ ਉਨ੍ਹਾਂ ਵੋਟਾਂ ਵਿਚ ਖੇਡ ਰਹੀਆਂ ਹਨ ਜੋ ਭਾਜਪਾ ਦੇ ਖਿਲਾਫ ਭੁਗਤਦੀਆਂ ਰਹੀਆਂ ਹਨ; ਭਾਵ ਉਹ ਮੁਸਲਮਾਨ, ਯਾਦਵ ਅਤੇ ਜਾਟਵ ਵੋਟਾਂ ਵਿਚਾਲੇ ਵਿਚਰਦੇ ਦਿਖਾਈ ਦੇ ਰਹੇ ਹਨ। ਮੈਂ ਸਮਝਦਾ ਹਾਂ ਕਿ ਇਹ ਸਮੀਖਿਆ ਵਾਜਬ ਨਹੀਂ। ਅਖਿਲੇਸ਼ ਯਾਦਵ ਪੱਛਮੀ ਉਤਰ ਪ੍ਰਦੇਸ਼ ਵਿਚ ਜਾਟ ਸਮਰਥਨ ਵਾਲੇ ਰਾਸ਼ਟਰੀ ਲੋਕਦਲ ਅਤੇ ਭਾਜਪਾ ਤੋਂ ਨਾਰਾਜ਼ ਛੋਟੀਆਂ-ਛੋਟੀਆਂ ਪਛੜੀ ਜਾਤੀਆਂ ਦੀਆਂ ਪਾਰਟੀਆਂ ਦਾ ਗੱਠਜੋੜ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਿਧਾਂਤਕ ਤੌਰ 'ਤੇ ਦੇਖੀਏ ਤਾਂ ਇਹ ਚੰਗੀ ਕੋਸ਼ਿਸ਼ ਹੈ। ਜੇਕਰ ਸਮਾਜਵਾਦੀ ਪਾਰਟੀ ਅਜਿਹਾ ਕਰ ਸਕੇ ਤਾਂ ਭਾਵੇਂ ਉਹ ਅਗਲੀਆਂ ਚੋਣਾਂ ਨਾ ਜਿੱਤੇ ਪਰ ਉਹ ਸਮਾਜਿਕ ਨਿਆਂ ਦੀ ਰਾਜਨੀਤੀ ਵਿਚ ਨਵੀਂ ਜਾਨ ਫੂਕ ਸਕੇਗੀ। ਯਾਦਵ ਵੋਟਾਂ ਦੇ ਨਾਲ ਜਾਟ ਵੋਟਰ, ਨਿਸ਼ਾਦ ਵੋਟਰ ਅਤੇ ਹੋਰ ਗੈਰ-ਯਾਦਵ ਪਛੜੇ ਭਾਈਚਾਰੇ ਜੁੜਨਗੇ ਤਾਂ ਉਹੀ ਨਜ਼ਾਰਾ ਬਣੇਗਾ ਜੋ ਕਦੇ ਮੁਲਾਇਮ ਸਿੰਘ ਯਾਦਵ ਦੀ ਅਗਵਾਈ ਵਿਚ ਬਣਿਆ ਕਰਦਾ ਸੀ। ਉਸ ਜ਼ਮਾਨੇ ਵਿਚ ਮੁਲਾਇਮ ਸਿੰਘ ਯਾਦਵ ਅਸਲ ਵਿਚ ਪਛੜੀਆਂ ਜਾਤਾਂ ਦੇ ਨੇਤਾ ਦੇ ਰੂਪ ਵਿਚ ਉਭਰਦੇ ਸਨ। ਇਸੇ ਤਰ੍ਹਾਂ ਮਾਇਆਵਤੀ ਕੋਸ਼ਿਸ਼ ਕਰ ਰਹੀ ਹੈ ਕਿ ਕਿਸੇ ਤਰ੍ਹਾਂ ਬ੍ਰਾਹਮਣਾਂ ਦੀ ਨਾਰਾਜ਼ਗੀ ਦਾ ਲਾਭ ਚੁੱਕ ਕੇ ਹਿੰਦੂ ਏਕਤਾ ਨਾਲ ਬ੍ਰਾਹਮਣ ਵੋਟਾਂ ਨੂੰ ਆਪਣੇ ਵੱਲ ਖਿੱਚ ਲਵੇ। ਇਸ ਲਈ ਉਨ੍ਹਾਂ ਨੇ ਟੀ.ਵੀ. 'ਤੇ ਆ ਕੇ ਅਪੀਲ ਵੀ ਜਾਰੀ ਕੀਤੀ ਹੈ। ਉਨ੍ਹਾਂ ਨੇ ਬ੍ਰਾਹਮਣਾਂ ਨੂੰ 2007 ਦੀ ਯਾਦ ਦਿਵਾਈ, ਜਦੋਂ ਉਨ੍ਹਾਂ ਦੇ ਸਮਰਥਨ ਨਾਲ ਬਸਪਾ ਦੀ ਸਰਕਾਰ ਬਣੀ ਸੀ। ਬਸਪਾ ਨਾਲ ਹਮਦਰਦੀ ਰੱਖਣ ਵਾਲੇ ਸੋਚ ਸਕਦੇ ਹਨ ਕਿ ਇਹ ਰਣਨੀਤੀ ਜੇ ਉਸ ਸਮੇਂ ਸਫਲ ਹੋ ਸਕਦੀ ਸੀ ਤਾਂ ਇਸ ਸਮੇਂ ਕਿਉਂ ਨਹੀਂ?

ਸਵਾਲ ਇਹ ਹੈ: ਕੀ ਅਖਿਲੇਸ਼ ਅਤੇ ਮਾਇਆਵਤੀ ਦੀਆਂ ਇਹ ਕੋਸ਼ਿਸ਼ਾਂ ਭਾਜਪਾ ਦੀ ਗੱਡੀ ਨੂੰ ਪੈਂਚਰ ਕਰ ਸਕਣਗੀਆਂ? ਅੱਜ ਦੀ ਤਰੀਕ ਵਿਚ ਅਜਿਹਾ ਸੰਭਵ ਹੁੰਦਾ ਦਿਖਾਈ ਨਹੀਂ ਦੇ ਰਿਹਾ। ਕਾਰਨ ਇਹ ਹੈ ਕਿ ਅਖਿਲੇਸ਼ ਜੇਕਰ ਪਛੜੀਆਂ ਜਾਤੀਆਂ ਨੂੰ ਗੋਲਬੰਦੀ ਕਰਦੇ ਦਿਸਣਗੇ ਤਾਂ ਉਸ ਦੇ ਖਿਲਾਫ ਉਚੀਆਂ ਜਾਤੀਆਂ ਦਾ ਜ਼ਬਰਦਸਤ ਪ੍ਰਤੀਕਰਮ ਹੋਣ ਦਾ ਖਦਸ਼ਾ ਰਹੇਗਾ। ਉਤਰ ਪ੍ਰਦੇਸ਼ ਵਿਚ ਭਾਜਪਾ ਲੰਮੇ ਅਰਸੇ ਤੋਂ ਉਚੀਆਂ ਜਾਤੀਆਂ ਦੀ ਸੁਭਾਵਿਕ ਪਾਰਟੀ ਦੇ ਤੌਰ 'ਤੇ ਰਾਜਨੀਤੀ ਕਰ ਰਹੀ ਹੈ। ਨਾ ਸਿਰਫ ਬ੍ਰਾਹਮਣ, ਠਾਕੁਰ ਅਤੇ ਵੈਸ਼ ਉਸ ਨੂੰ ਵੋਟ ਦਿੰਦੇ ਹਨ ਸਗੋਂ ਕਾਇਸਥ, ਭੂਮੀਹਾਰ ਅਤੇ ਅਜਿਹੀਆਂ ਸਾਰੀਆਂ ਜਾਤੀਆਂ ਉਸ ਨੂੰ ਵੋਟ ਦਿੰਦੀਆਂ ਹਨ, ਜਿਨ੍ਹਾਂ ਦਾ ਆਪਣਾ ਅਕਸ 'ਉਚੀਆਂ ਜਾਤੀਆਂ' ਦਾ ਹੈ। ਅਖਿਲੇਸ਼ ਦੀ ਗੋਲਬੰਦੀ ਵਿਚ ਜੇਕਰ ਕਿਸੇ ਤਰ੍ਹਾਂ ਨਾਲ ਬ੍ਰਾਹਮਣ ਵੀ ਸ਼ਾਮਿਲ ਹੋ ਸਕਣ ਤਾਂ ਉਹ ਆਪਣੇ ਖਿਲਾਫ ਉਚੀਆਂ ਜਾਤੀਆਂ ਦਾ ਪ੍ਰਤੀਕਰਮ ਰੋਕ ਸਕਣਗੇ। ਇਸੇ ਤਰ੍ਹਾਂ ਮਾਇਆਵਤੀ ਨੇ ਬ੍ਰਾਹਮਣਾਂ ਨੂੰ ਆਪਣੇ ਵੱਲ ਖਿੱਚਣ ਦੀ ਕਾਰਵਾਈ ਵਿਚ ਬਹੁਤ ਦੇਰ ਕਰ ਦਿੱਤੀ ਹੈ। ਵਿਕਾਸ ਦੂਬੇ ਦੇ ਐਨਕਾਊਂਟਰ ਦੇ ਸਮੇਂ ਤੋਂ ਉਹ ਇਹ ਗੱਲ ਕਹਿ ਰਹੀ ਹੈ ਕਿ ਬ੍ਰਾਹਮਣ ਭਾਜਪਾ ਦੀ ਯੋਗੀ ਸਰਕਾਰ ਤੋਂ ਦੁਖੀ ਹਨ। ਉਨ੍ਹਾਂ ਦੀ ਗੱਲ ਇਕ ਹੱਦ ਤੱਕ ਸਹੀ ਵੀ ਹੈ ਪਰ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਬ੍ਰਾਹਮਣ ਦੋਸਤੀ ਸੰਮੇਲਨ ਦੀ ਰਣਨੀਤੀ ਅਖਤਿਆਰ ਕਰਨ ਵਿਚ ਉਨ੍ਹਾਂ ਨੂੰ ਏਨੀ ਦੇਰ ਕਿਉਂ ਲੱਗੀ? ਚੋਣਾਂ ਤੋਂ ਠੀਕ ਪਹਿਲਾਂ ਤਾਂ ਪਾਰਟੀਆਂ ਨਾਲ ਗੱਠਜੋੜ ਹੁੰਦਾ ਹੈ, ਜੇਕਰ ਕਿਸੇ ਭਾਈਚਾਰੇ ਜਾਂ ਜਾਤ ਨਾਲ ਦੋਸਤੀ ਕਰਨੀ ਹੋਵੇ ਤਾਂ ਉਸ ਲਈ ਕਾਫੀ ਪਹਿਲਾਂ ਤੋਂ ਕੋਸ਼ਿਸ਼ਾਂ ਕਰਨੀਆਂ ਹੁੰਦੀਆਂ ਹਨ। ਕੀ ਮਾਇਆਵਤੀ ਭੁੱਲ ਗਈ ਹੈ ਕਿ 2007 ਵਿਚ ਬ੍ਰਾਹਮਣਾਂ ਨੇ ਉਨ੍ਹਾਂ ਨੂੰ ਵੋਟ ਉਦੋਂ ਦਿੱਤੇ ਸਨ, ਜਦੋਂ ਉਨ੍ਹਾਂ ਨੇ 3 ਸਾਲ ਪਹਿਲਾਂ ਤੋਂ ਇਸੇ ਤਰ੍ਹਾਂ ਦੇ ਪ੍ਰੋਗਰਾਮਾਂ ਰਾਹੀਂ ਉਕਤ ਵਿਸ਼ੇਸ਼ ਸਮਾਜ ਨੂੰ ਭਰੋਸੇ 'ਚ ਲੈ ਲਿਆ ਸੀ। ਮੌਜੂਦਾ ਸਥਿਤੀ ਵਿਚ ਬ੍ਰਾਹਮਣਾਂ ਨੂੰ ਜੇਕਰ ਕੋਈ ਹੋਰ ਬਿਹਤਰ ਟਿਕਾਣਾ ਨਾ ਮਿਲਿਆ ਤਾਂ ਉਹ ਰੋ-ਪਿੱਟ ਕੇ ਫਿਰ ਤੋਂ ਆਪਣੀ ਰਵਾਇਤੀ ਪਾਰਟੀ ਭਾਜਪਾ ਨੂੰ ਹੀ ਵੋਟ ਦੇ ਦੇਣਗੇ।

ਇਹ ਸਵਾਲ ਵੀ ਹੈ ਕਿ ਕਾਂਗਰਸ ਉਤਰ ਪ੍ਰਦੇਸ਼ ਦੇ ਮੈਦਾਨ ਵਿਚ ਕੀ ਕਰ ਰਹੀ ਹੈ?

ਇਕ ਹੋਰ ਸਵਾਲ ਹੈ ਜਿਸ 'ਤੇ 2017 ਵਿਚ ਭਾਜਪਾ ਦਾ ਸਰਗਰਮ ਅਤੇ ਮਹੱਤਵਪੂਰਨ ਸਮਰਥਨ ਕਰਨ ਵਾਲੇ ਓਮ ਪ੍ਰਕਾਸ਼ ਰਾਜਭਰ ਖੜ੍ਹੇ ਹਨ। ਇਸ ਵਾਰ ਉਹ ਭਾਜਪਾ ਦੇ ਵਿਰੋਧ ਵਿਚ ਦਲਿਤ ਸਮਾਜ ਦੀਆਂ ਕਮਜ਼ੋਰ ਜਾਤਾਂ ਦੇ ਰਾਜਨੀਤਕ ਨੁਮਾਇੰਦਿਆਂ ਨੂੰ ਇਕੱਠਾ ਕਰ ਰਹੇ ਹਨ। ਹੋ ਸਕਦਾ ਹੈ, ਉਨ੍ਹਾਂ ਨਾਲ ਅਸਦ-ਉਦ-ਦੀਨ ਓਵਾਇਸੀ ਵੀ ਜੁੜ ਜਾਣ। ਫਿਰ ਸਵਾਲ ਉਠਦਾ ਹੈ ਕਿ ਜੇਕਰ ਇਹ ਸਾਰੀਆਂ ਤਾਕਤਾਂ ਵੱਖ-ਵੱਖ ਚੋਣਾਂ ਲੜਨਗੀਆਂ ਤਾਂ ਕੀ ਹੋਵੇਗਾ? ਜਵਾਬ ਇਹੀ ਹੋਵੇਗਾ ਜੋ ਪਿਛਲੀਆਂ ਚੋਣਾਂ ਵਿਚ ਹੋਇਆ ਸੀ। ਭਾਜਪਾ ਦੀ ਜਿੱਤ ਹੋਵੇਗੀ। ਹੋ ਸਕਦਾ ਹੈ ਕਿ ਪੱਛਮੀ ਉਤਰ ਪ੍ਰਦੇਸ਼ ਵਿਚ ਉਸ ਨੂੰ ਕੁਝ ਝਟਕੇ ਖਾਣੇ ਪੈਣ ਪਰ ਕੁੱਲ ਮਿਲਾ ਕੇ ਉਹੀ ਫਾਇਦੇ ਵਿਚ ਰਹੇਗੀ।

# ਚੋਣਾਂ ਨੇੜੇ ਕੈਪਟਨ ਸਰਕਾਰ ਨੂੰ ਮਜ਼ਦੂਰਾਂ ਦੀ ਕਰਜ਼ ਮੁਆਫੀ ਯਾਦ ਆਈ

**ਚੰਡੀਗੜ੍ਹ:** ਪੰਜਾਬ ਸਰਕਾਰ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦਾ 590 ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਨ ਲਈ 20 ਅਗਸਤ ਨੂੰ ਸੂਬਾ ਪੱਧਰੀ ਸਮਾਗਮ ਕਰੇਗੀ, ਜਿਸ ਵਿਚ ਕਰਜ਼ਾ ਮੁਆਫੀ ਦੇ ਚੈੱਕ ਜਾਰੀ ਕੀਤੇ ਜਾਣਗੇ। ਕਰਜ਼ਾ ਮੁਆਫੀ ਕਾਂਗਰਸ ਹਾਈਕਮਾਨ ਵੱਲੋਂ ਪੰਜਾਬ ਵਿਧਾਨ ਸਭਾ ਦੀਆਂ ਅਗਾਮੀ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਤੇ 18 ਨੁਕਾਤੀ ਏਜੰਡੇ ਵਿਚ ਵੀ ਸ਼ਾਮਲ ਸੀ। ਖੇਤ ਮਜ਼ਦੂਰ ਪਿਛਲੇ ਕਈ ਸਾਲਾਂ ਤੋਂ ਕਰਜ਼ਾ ਮੁਆਫੀ ਲਈ ਲੜ ਰਹੇ ਸਨ ਤੇ ਉਨ੍ਹਾਂ ਨੂੰ ਹੁਣ ਆਸ ਬੱਝੀ ਹੈ। ਸਰਕਾਰ ਨੇ ਇਹ ਵਾਅਦਾ ਸਾਢੇ ਚਾਰ ਸਾਲ ਪਹਿਲਾਂ ਆਪਣੇ ਚੋਣ ਮਨੋਰਥ ਪੱਤਰ ਵਿਚ ਕੀਤਾ ਸੀ। ਹੁਣ ਚੋਣਾਂ ਤੋਂ ਕਰੀਬ 6-7 ਮਹੀਨੇ ਪਹਿਲਾਂ ਸਰਕਾਰ ਨੂੰ ਆਪਣਾ ਵਾਅਦਾ ਯਾਦ ਆਇਆ ਹੈ।



ਫੈਸਲੇ ਨਾਲ 2 ਲੱਖ 85 ਹਜ਼ਾਰ ਤੋਂ ਵੱਧ ਮਜ਼ਦੂਰਾਂ ਨੂੰ 590 ਕਰੋੜ ਰੁਪਏ ਦੀ ਰਾਹਤ ਮਿਲਣ ਦਾ ਅਨੁਮਾਨ ਹੈ। ਇਸ ਐਲਾਨ ਅਨੁਸਾਰ ਸਬੰਧਤ ਮਜ਼ਦੂਰ ਪਰਿਵਾਰ ਦਾ 20,000 ਰੁਪਏ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ। ਮੰਤਰੀ ਮੰਡਲ ਨੇ ਕਰਜ਼ਾ ਮੁਆਫੀ ਦਾ ਸਿਧਾਂਤਕ ਫੈਸਲਾ ਮਾਰਚ 2019 ਵਿਚ ਕਰਕੇ ਅਤੇ 6 ਮਾਰਚ 2019 ਨੂੰ ਮੁਆਫੀ ਸਬੰਧੀ ਸਕੀਮ ਦਾ ਨੋਟੀਫਿਕੇਸ਼ਨ ਜਾਰੀ ਕੀਤਾ। ਕਾਂਗਰਸ ਨੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਵੀ ਐਲਾਨ ਕੀਤਾ ਸੀ। ਸਰਕਾਰ ਦੇ ਤੱਥਾਂ ਅਨੁਸਾਰ 31 ਮਾਰਚ 2017 ਤੱਕ ਸੂਬੇ ਦੇ ਕਿਸਾਨਾਂ ਸਿਰ 73770 ਕਰੋੜ ਰੁਪਏ ਸੰਸਥਾਗਤ ਕਰਜ਼ਾ ਸੀ। ਵਿੱਤੀ ਮੁਸ਼ਕਲਾਂ ਕਾਰਨ ਸਰਕਾਰ ਲਈ ਕਰਜ਼ਾ ਮੁਆਫੀ ਮੁਸ਼ਕਲ ਹੋ ਗਈ। ਸਰਕਾਰ ਨੇ ਮਾਰਕਿਟ ਫੀਸ ਅਤੇ ਦਿਹਾਤੀ ਵਿਕਾਸ ਫੰਡ ਦੋਹਾਂ ਨੂੰ ਇਕ ਫੀਸਦੀ ਵਧਾ ਦਿੱਤਾ। ਇਸ ਦੇ ਅਧਾਰ ਉਤੇ ਕਰੀਬ 9500 ਕਰੋੜ ਰੁਪਏ ਕਰਜ਼ਾ ਲੈ ਲਿਆ ਗਿਆ। ਇਸ ਤੋਂ ਬਾਅਦ ਸਰਕਾਰ ਨੇ ਕਿਸਾਨਾਂ ਦਾ ਲਗਭਗ 4624 ਕਰੋੜ ਰੁਪਏ ਦਾ ਕਰਜ਼ਾ ਮੁਆਫ ਕੀਤਾ। ਇਸੇ ਦੌਰਾਨ ਜੂਨ 2017 ਦੀ ਵਿਧਾਨ ਸਭਾ ਵਿਚ ਮੁੱਖ ਮੰਤਰੀ ਦਾ ਇਹ ਬਿਆਨ ਕਿ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਬਾਰੇ ਅੰਕੜੇ ਨਾ ਹੋਣ ਕਰ ਕੇ ਉਨ੍ਹਾਂ ਦੀ ਕਰਜ਼ਾ ਮੁਆਫੀ ਬਾਰੇ ਫੈਸਲਾ ਨਹੀਂ ਹੋ ਸਕਿਆ, ਚਰਚਾ ਦਾ ਵਿਸ਼ਾ ਬਣਿਆ। ਮੁੱਖ ਮੰਤਰੀ ਦੇ ਆਦੇਸ਼ 'ਤੇ ਪੰਜਾਬ ਵਿਧਾਨ ਸਭਾ ਦੀ ਪੰਜ ਮੈਂਬਰੀ ਕਮੇਟੀ ਵੀ ਬਣਾਈ ਗਈ।

ਖੇਤ ਮਜ਼ਦੂਰਾਂ ਦੇ ਕਰਜ਼ਿਆਂ ਬਾਰੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਆਪਣੇ ਪੱਧਰ ਉਤੇ ਸਰਵੇਖਣ ਕੀਤਾ ਅਤੇ ਉਘੇ ਅਰਥਸ਼ਾਸਤਰੀ ਡਾ. ਗਿਆਨ ਸਿੰਘ ਦੀ ਅਗਵਾਈ ਵਾਲੇ ਗਰੁੱਪ ਨੇ ਇਕ ਹੋਰ ਅਧਿਐਨ। ਇਨ੍ਹਾਂ ਦੋਹਾਂ ਸਰਵੇਖਣਾਂ ਅਨੁਸਾਰ ਪ੍ਰਤੀ ਮਜ਼ਦੂਰ ਪਰਿਵਾਰ ਔਸਤਨ ਕਰਜ਼ਾ 77000 ਰੁਪਏ ਸੀ/ਹੈ। ਸਰਕਾਰੀ ਅੰਕੜਾਸਾਰ ਵਿਚ ਖੇਤ ਮਜ਼ਦੂਰ ਪਰਿਵਾਰਾਂ ਦੀ ਸੰਖਿਆ ਲਗਭਗ 7 ਲੱਖ ਦੱਸੀ ਗਈ ਹੈ। ਸਰਕਾਰ ਨੇ ਲਗਭਗ ਦੋ ਵਰ੍ਹੇ ਪਹਿਲਾਂ ਅਨੁਸੂਚਿਤ ਜਾਤੀ ਅਤੇ ਪਛੜੀ ਸ਼੍ਰੇਣੀਆਂ ਦੀਆਂ ਦੋ ਕਾਰਪੋਰੇਸ਼ਨਾਂ ਤੋਂ ਲਏ ਗਏ ਲਗਭਗ 79 ਕਰੋੜ ਰੁਪਏ ਦੇ ਕਰਜ਼ੇ ਮੁਆਫ ਕੀਤੇ ਸਨ।

ਕਰਜ਼ਾ ਮੁਆਫੀ ਦੇ ਐਲਾਨ ਤੋਂ ਬਾਅਦ ਸਹਿਕਾਰੀ ਬੈਂਕ ਅਤੇ ਸਭਾਵਾਂ ਦੇ ਕਰਜ਼ੇ ਦਾ ਵੱਡਾ ਹਿੱਸਾ ਵਾਪਸ ਆਉਣਾ ਬੰਦ ਹੋ ਗਿਆ ਸੀ। ਮੌਜੂਦਾ ਫੈਸਲੇ ਨਾਲ ਜ਼ਿਲ੍ਹਾ ਸਹਿਕਾਰੀ ਬੈਂਕ ਅਤੇ ਸੁਸਾਇਟੀਆਂ ਨੂੰ ਰਾਹਤ ਮਿਲੇਗੀ। ਜਾਣਕਾਰੀ ਅਨੁਸਾਰ ਪੰਜਾਬ ਮੰਡੀ ਬੋਰਡ ਨੇ ਕਰਜ਼ਾ ਮੁਆਫੀ ਰਾਹਤ ਲਈ ਕਰੀਬ 700 ਕਰੋੜ ਰੁਪਏ ਮਾਰਚ 2020 ਵਿਚ ਹੀ ਪੰਜਾਬ ਸਰਕਾਰ ਨੂੰ ਦੇ ਦਿੱਤੇ ਸਨ, ਪਰ ਸਰਕਾਰ ਨੇ ਇਸ ਰਾਹਤ ਨੂੰ ਲਟਕਾਈ ਰੱਖਿਆ। ਸੂਤਰਾਂ ਅਨੁਸਾਰ ਕਰਜ਼ਾ ਮੁਆਫੀ ਲਈ ਪੰਜਾਬ ਮੰਡੀ ਬੋਰਡ ਅਤੇ ਦਿਹਾਤੀ ਵਿਕਾਸ ਬੋਰਡ ਨੇ ਵੱਖੋ ਵੱਖਰੇ ਅਦਾਰਿਆਂ ਤੋਂ ਕਰਜ਼ਾ ਚੁੱਕਿਆ ਹੈ। ਪੰਜਾਬ ਸਰਕਾਰ ਦੀ ਉਚ ਪੱਧਰੀ ਮੀਟਿੰਗ ਵਿਚ ਕਰਜ਼ਾ ਮੁਆਫੀ ਦਾ ਐਲਾਨ ਕੀਤਾ ਗਿਆ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਇਮਰੀ ਸਹਿਕਾਰੀ ਸਭਾਵਾਂ ਦੇ 2,85,325 ਮੈਂਬਰਾਂ ਦਾ 590 ਕਰੋੜ ਰੁਪਏ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ। ਇਸ ਨਾਲ ਪ੍ਰਤੀ ਮੈਂਬਰ 20,000 ਰੁਪਏ ਦੀ ਰਾਹਤ ਮੁਹੱਈਆ ਹੋਵੇਗੀ। ਉਨ੍ਹਾਂ ਵਿੱਤ ਅਤੇ ਸਹਿਕਾਰਤਾ ਵਿਭਾਗਾਂ ਨੂੰ ਇਸ ਫੈਸਲੇ ਨੂੰ ਜ਼ਮੀਨੀ ਪੱਧਰ ਉਤੇ ਕਾਰਗਰ ਢੰਗ ਨਾਲ ਅਮਲ ਵਿਚ ਲਿਆਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਨੇ ਪੰਜਾਬ ਖੇਤੀਬਾੜੀ ਸਹਿਕਾਰੀ ਸਭਾਵਾਂ-2019 ਤਹਿਤ ਖੇਤ ਕਾਮਿਆਂ ਅਤੇ ਬੇਜ਼ਮੀਨੇ ਕਾਸ਼ਤਕਾਰ ਮੈਂਬਰਾਂ ਲਈ ਕਰਜ਼ਾ ਰਾਹਤ ਸਕੀਮ ਉਲੀਕੀ ਸੀ।

**ਕਰਜ਼ਾ ਮੁਆਫੀ ਦਾ ਐਲਾਨ ਮਜ਼ਦੂਰ ਸੰਘਰਸ਼ ਦੀ ਅੰਸ਼ਕ ਜਿੱਤ ਕਰਾਰ:** ਪੰਜਾਬ ਸਰਕਾਰ ਵੱਲੋਂ ਖੇਤ ਮਜ਼ਦੂਰਾਂ ਤੇ ਬੇਜ਼ਮੀਨਿਆਂ ਦੇ 590 ਕਰੋੜ ਰੁਪਏ ਦੇ ਕਰਜ਼ੇ ਮੁਆਫ ਕਰਨ ਦੇ ਐਲਾਨ ਨੂੰ ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਨਿਗੂਣੀ ਰਾਹਤ ਕਰਾਰ ਦਿੰਦਿਆਂ ਇਸ ਨੂੰ ਖੇਤ ਮਜ਼ਦੂਰਾਂ ਦੇ ਲੰਮੇ ਸੰਘਰਸ਼ ਦੀ ਅੰਸ਼ਕ ਜਿੱਤ ਕਰਾਰ ਦਿੱਤਾ ਹੈ। ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਤੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਮਾਈਕਰੋਫਾਇਨਾਂਸ ਕੰਪਨੀਆਂ ਸਮੇਤ ਖੇਤ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਮੁਆਫ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਖੇਤ ਮਜ਼ਦੂਰ ਜਥੇਬੰਦੀ ਵੱਲੋਂ ਮਜ਼ਦੂਰਾਂ ਦੇ ਕੀਤੇ ਸਰਵੇਖਣ ਅਨੁਸਾਰ 84 ਫੀਸਦੀ ਮਜ਼ਦੂਰ ਪਰਿਵਾਰ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ, ਜਿਨ੍ਹਾਂ ਸਿਰ ਪ੍ਰਤੀ ਪਰਿਵਾਰ 91,437 ਰੁਪਏ ਕਰਜ਼ਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਦੇ ਕਰਜ਼ਾ ਮੁਆਫੀ ਦੇ ਐਲਾਨ ਮਗਰੋਂ ਵੀ ਦਲਿਤ ਪਰਿਵਾਰਾਂ ਨੂੰ ਨਾਮਾਤਰ ਰਾਹਤ ਹੀ ਮਿਲੇਗੀ।

## ਕੈਪਟਨ ਨੇ ਕਾਂਗਰਸੀਆਂ ਦੇ ਕਰਜ਼ੇ ਮੁਆਫ ਕੀਤੇ: ਸੰਧਵਾਂ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਵਿਧਾਇਕ ਅਤੇ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਕੈਪਟਨ ਨੇ ਸਾਢੇ ਚਾਰ ਸਾਲਾਂ ਦੌਰਾਨ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦੀ ਥਾਂ ਕਾਂਗਰਸੀਆਂ ਦੇ ਹੀ ਕਰਜ਼ੇ ਮੁਆਫ ਕੀਤੇ ਹਨ। ਸ੍ਰੀ ਸੰਧਵਾਂ ਕਿਹਾ ਕਿ ਇਕ ਸਰਵੇਖਣ ਅਨੁਸਾਰ ਸੂਬੇ ਵਿਚ ਇਕ ਖੇਤ ਮਜ਼ਦੂਰ ਪਰਿਵਾਰ ਦੇ ਸਿਰ 77,000 ਰੁਪਏ ਦਾ ਕਰਜ਼ਾ ਹੈ ਪਰ ਕਾਂਗਰਸ ਸਰਕਾਰ ਨੇ ਸਿਰਫ 20,000 ਰੁਪਏ ਦਾ ਕਰਜ਼ਾ ਹੀ ਮੁਆਫ ਕੀਤਾ, ਜਿਸ ਨਾਲ ਪਰਿਵਾਰ ਦੇ ਸਿਰ 'ਤੇ ਕਰੀਬ 57,000 ਰੁਪਏ ਦੇ ਕਰਜ਼ੇ ਦੀ ਤਲਵਾਰ ਲਟਕੀ ਰਹੇਗੀ। ਕਿਸਾਨ ਵਿੰਗ ਦੇ ਪ੍ਰਧਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਉਹ ਆਪਣੇ ਵਾਅਦੇ ਅਨੁਸਾਰ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦੇ ਹਰ ਤਰ੍ਹਾਂ ਦੇ ਕਰਜ਼ੇ ਪੂਰੀ ਤਰ੍ਹਾਂ ਮੁਆਫ ਕਰਨ।

## ਰਹਿ ਗਏ ਕਿਸਾਨਾਂ ਨੂੰ ਕਰਜ਼ਾ ਮੁਆਫੀ ਦੀ ਉਡੀਕ

ਪੰਜਾਬ ਸਰਕਾਰ ਨੇ ਮੁੱਢਲੇ ਪੜਾਅ 'ਤੇ 10.25 ਲੱਖ ਕਿਸਾਨਾਂ ਦਾ 10 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਨ ਦਾ ਫੈਸਲਾ ਕੀਤਾ ਸੀ। ਇਸ ਸਕੀਮ ਤਹਿਤ ਹੁਣ ਤੱਕ 5.64 ਲੱਖ ਕਿਸਾਨਾਂ ਦਾ 4624 ਕਰੋੜ ਰੁਪਏ ਦਾ ਕਰਜ਼ਾ ਮੁਆਫ ਕੀਤਾ ਗਿਆ ਹੈ। ਇਸ ਤੋਂ ਇਲਾਵਾ 1.13 ਲੱਖ ਕਿਸਾਨਾਂ ਦਾ 1186 ਕਰੋੜ ਰੁਪਏ ਦਾ ਹੋਰ ਕਰਜ਼ਾ ਮੁਆਫ ਹੋਣਾ ਸੀ। ਪੰਜਾਬ ਸਰਕਾਰ ਵੱਲੋਂ ਇਸ ਬਾਰੇ ਅਜੇ ਫੈਸਲਾ ਲੈਣਾ ਬਾਕੀ ਹੈ। ਕਿਸਾਨ ਲੰਮੇ ਸਮੇਂ ਤੋਂ ਕਰਜ਼ਾ ਮੁਆਫੀ ਨੂੰ ਉਡੀਕ ਰਹੇ ਹਨ।

# ਹੁਣ ਪੰਜਾਬ ਦੇ ਅਕਸ 'ਤੇ ਭਾਰੀ ਪੈਣ ਲੱਗੇ ਬਿਜਲੀ ਖਰੀਦ ਸਮਝੌਤੇ

**ਚੰਡੀਗੜ੍ਹ:** ਬਿਜਲੀ ਖਰੀਦ ਸਮਝੌਤੇ ਹੁਣ ਬਿਜਲੀ ਪ੍ਰਬੰਧਾਂ ਅਤੇ ਸੁਧਾਰਾਂ ਦੇ ਮਾਮਲੇ 'ਚ ਪੰਜਾਬ ਦੇ ਅਕਸ 'ਤੇ ਭਾਰੀ ਪੈਣ ਲੱਗ ਪਏ ਹਨ। ਉਂਜ, ਮੁਲਕ 'ਚ ਪੰਜਾਬ ਬਿਜਲੀ ਪ੍ਰਬੰਧਾਂ ਦੇ ਮਾਮਲੇ 'ਚ ਸਿਖਰਲੇ ਮੁਕਾਮ ਦੇ ਨੇੜੇ ਹੈ ਪਰ ਪਿਛਲੇ ਵਰ੍ਹੇ ਨਾਲੋਂ ਐਤਕੀਂ ਸੂਬੇ ਦੀ ਰੇਟਿੰਗ ਹੇਠਾਂ ਖਿਸਕ ਗਈ ਹੈ।

ਕੇਂਦਰੀ ਬਿਜਲੀ ਮੰਤਰਾਲੇ ਦੀ ਰੇਟਿੰਗ 'ਚ ਪੰਜਾਬ ਨੂੰ 'ਏ' ਰੈਂਕਿੰਗ ਮਿਲੀ ਹੈ। ਵਰ੍ਹਾ 2018-19 ਵਿਚ ਪੰਜਾਬ ਬਿਜਲੀ ਪ੍ਰਬੰਧਾਂ ਦੇ ਮਾਮਲੇ 'ਚ ਦੇਸ ਭਰ 'ਚੋਂ 'ਏ-ਪਲੱਸ' ਰੈਂਕਿੰਗ ਲੈਣ 'ਚ ਸਫਲ ਹੋਇਆ ਸੀ ਪਰ 2019-20 ਵਿਚ ਇਹ ਰੈਂਕਿੰਗ ਹੇਠਾਂ ਆ ਗਈ ਹੈ। ਕੇਂਦਰੀ ਬਿਜਲੀ ਮੰਤਰਾਲੇ ਵੱਲੋਂ ਦੇਸ ਭਰ ਵਿਚ 41 ਬਿਜਲੀ ਬੋਰਡਾਂ ਤੇ ਕਾਰਪੋਰੇਸ਼ਨਾਂ ਦੀ ਬਿਜਲੀ ਪ੍ਰਬੰਧਾਂ ਅਤੇ ਸੁਧਾਰਾਂ ਦੇ ਆਧਾਰ 'ਤੇ ਰੇਟਿੰਗ ਕਰਾਈ ਗਈ ਹੈ ਜਿਸ ਵਿਚ ਗੁਜਰਾਤ ਪਹਿਲੇ, ਹਰਿਆਣਾ ਦੂਸਰੇ ਅਤੇ ਪੰਜਾਬ ਤੀਜੇ ਨੰਬਰ 'ਤੇ ਆਇਆ ਹੈ। ਮੁਲਕ ਭਰ 'ਚੋਂ ਪੰਜ ਨਿਗਮਾਂ/ਬੋਰਡਾਂ ਨੂੰ ਸਭ ਤੋਂ ਉਪਰਲੀ ਰੈਂਕਿੰਗ 'ਏ-ਪਲੱਸ' ਪ੍ਰਾਪਤ ਹੋਈ ਹੈ ਜਦੋਂ ਕਿ ਤਿੰਨ ਨਿਗਮਾਂ ਨੂੰ 'ਏ' ਰੈਂਕਿੰਗ ਮਿਲੀ ਹੈ ਜਿਸ ਵਿਚ ਪੰਜਾਬ ਦਾ ਅਦਾਰਾ ਪਾਵਰਕੌਮ ਵੀ ਸ਼ਾਮਲ ਹੈ। ਇਸੇ ਤਰ੍ਹਾਂ 10 ਨਿਗਮਾਂ ਨੂੰ 'ਬੀ-ਪਲੱਸ' ਰੈਂਕਿੰਗ ਮਿਲੀ ਹੈ। ਬਿਜਲੀ ਖਰੀਦ ਸਮਝੌਤੇ ਅਤੇ ਸਬਸਿਡੀ ਦੇਰੀ ਨਾਲ ਜਾਰੀ ਕਰਨ ਦਾ ਮਸਲਾ ਅੜਿੱਕਾ ਨਾ ਬਣਦਾ ਤਾਂ ਪੰਜਾਬ ਨੂੰ ਉਪਰਲੀ ਰੈਂਕਿੰਗ ਮਿਲਣੀ ਸੀ।

ਵੇਰਵਿਆਂ ਅਨੁਸਾਰ ਰੈਂਕਿੰਗ ਦਾ ਆਧਾਰ ਬਣਨ ਵਾਲੀ ਮੱਦ ਵਿਚ ਪੰਜਾਬ ਮਾਰ ਖਾ ਗਿਆ ਹੈ ਜਿਸ ਵਿਚ ਉੱਚੀ ਦਰ 'ਤੇ ਬਿਜਲੀ ਖਰੀਦ ਕਰਨਾ ਸ਼ਾਮਲ ਹੈ। ਵਰ੍ਹਾ 2019-20 ਵਿਚ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਪ੍ਰਾਈਵੇਟ ਕੰਪਨੀਆਂ ਨੂੰ 1424 ਕਰੋੜ ਰੁਪਏ ਕੋਲਾ ਧੁਲਾਈ ਦਾ ਪੈਸਾ ਤਾਰਨਾ ਪਿਆ ਸੀ ਜਿਸ ਨੂੰ ਪ੍ਰਤੀ ਯੂਨਿਟ ਰੇਟ ਵਿਚ ਸ਼ਾਮਲ ਕਰ ਲਿਆ ਜਾਵੇ ਤਾਂ ਬਿਜਲੀ ਦੀ ਖਰੀਦ ਹੋਰ ਮਹਿੰਗੀ ਬਣ ਜਾਂਦੀ ਹੈ। ਇਸ ਤੋਂ ਬਿਨਾਂ 2019-20 ਵਿਚ ਤਿੰਨੋਂ ਪ੍ਰਾਈਵੇਟ ਤਾਪ ਬਿਜਲੀ ਘਰਾਂ ਨੂੰ ਫਿਕਸਡ ਚਾਰਜਿਜ ਵਜੋਂ 3521 ਕਰੋੜ ਤਾਰਨੇ ਪਏ ਸਨ ਜਿਨ੍ਹਾਂ ਚੋਂ 1510 ਕਰੋੜ ਰੁਪਏ ਬਿਨਾਂ ਬਿਜਲੀ ਲਏ ਅਦਾ ਕੀਤੇ ਗਏ ਸਨ। ਕੋਲਾ ਧੁਲਾਈ ਦੀ ਰਾਸ਼ੀ ਸ਼ਾਮਲ ਕੀਤੇ ਜਾਣ ਮਗਰੋਂ 2019-20 ਵਿਚ ਪਾਵਰਕੌਮ ਨੂੰ ਗੋਇੰਦਵਾਲ ਥਰਮਲ ਪਲਾਂਟ ਤੋਂ ਬਿਜਲੀ 10 ਰੁਪਏ ਪ੍ਰਤੀ ਯੂਨਿਟ, ਤਲਵੰਡੀ ਸਾਬੋ ਥਰਮਲ ਤੋਂ 5.53 ਰੁਪਏ ਪ੍ਰਤੀ ਯੂਨਿਟ ਅਤੇ ਰਾਜਪੁਰਾ ਥਰਮਲ ਪਲਾਂਟ ਤੋਂ 4.71 ਰੁਪਏ ਪ੍ਰਤੀ ਯੂਨਿਟ ਮਿਲੀ ਸੀ।

ਸਾਲ 2019-20 ਵਿਚ ਪਾਵਰਕੌਮ ਨੇ ਗੋਇੰਦਵਾਲ ਥਰਮਲ ਨੂੰ 542 ਕਰੋੜ, ਤਲਵੰਡੀ ਸਾਬੋ ਥਰਮਲ ਨੂੰ 756 ਕਰੋੜ ਅਤੇ ਰਾਜਪੁਰਾ ਥਰਮਲ ਪਲਾਂਟ ਨੂੰ 212 ਕਰੋੜ ਰੁਪਏ ਬਿਨਾਂ ਬਿਜਲੀ ਲਏ ਤਾਰੇ ਸਨ। ਮਹਿੰਗੇ ਬਿਜਲੀ ਖਰੀਦ ਸਮਝੌਤੇ ਅਤੇ ਕੋਲਾ ਧੁਲਾਈ ਚਾਰਜਿਜ ਨਾ ਤਾਰਨੇ ਪੈਂਦੇ ਤਾਂ ਦੇਸ ਭਰ 'ਚੋਂ ਪੰਜਾਬ ਨੇ ਪਹਿਲੇ ਨੰਬਰ 'ਤੇ ਪੁੱਜ ਜਾਣਾ ਸੀ। ਜਦੋਂ 2018-19 ਵਿਚ ਪੰਜਾਬ ਦੀ ਦੇਸ 'ਚੋਂ ਰੈਂਕਿੰਗ 'ਏ-ਪਲੱਸ' ਆਈ ਸੀ ਤਾਂ ਪਾਵਰਕੌਮ ਨੇ ਦੂਸਰੇ ਸੂਬਿਆਂ ਨੂੰ 1200 ਕਰੋੜ ਦੀ ਬਿਜਲੀ ਵੇਚੀ ਸੀ। ਦੂਸਰਾ ਆਧਾਰ ਬਿਜਲੀ ਸਬਸਿਡੀ ਦੇਣ ਵਿਚ ਕੀਤੀ ਦੇਰੀ ਦਾ ਹੈ। ਪੰਜਾਬ ਸਰਕਾਰ ਵੱਲੋਂ ਜੇਕਰ ਸਮੇਂ ਸਿਰ ਬਿਜਲੀ ਸਬਸਿਡੀ ਪਾਵਰਕੌਮ ਨੂੰ ਦਿੱਤੀ ਜਾਵੇ ਤਾਂ ਇਸ ਨਾਲ ਸੂਬੇ ਦੀ ਰੈਂਕਿੰਗ 'ਚ ਇਜਾਫਾ ਹੋਣਾ ਸੀ। ਪੰਜਾਬ ਸਰਕਾਰ ਵੱਲ ਮਾਰਚ 2021 ਤੱਕ 7117 ਕਰੋੜ ਦੀ ਸਬਸਿਡੀ ਬਕਾਇਆ ਪਈ ਸੀ। ਹਾਲਾਂਕਿ ਇਹ ਸਬਸਿਡੀ ਸਰਕਾਰ ਨੇ ਐਡਵਾਂਸ ਵਿਚ ਦੇਣੀ ਹੁੰਦੀ ਹੈ। ਤੀਸਰਾ ਆਧਾਰ ਮੁਲਾਜ਼ਮਾਂ 'ਤੇ ਪਈ ਵੱਧ ਲਾਗਤ ਨੂੰ ਬਣਾਇਆ ਹੈ। ਦੇਖਿਆ ਜਾਵੇ ਤਾਂ ਪਾਵਰਕੌਮ ਦੇ ਮੁਲਾਜ਼ਮ 90 ਹਜ਼ਾਰ ਤੋਂ ਘੱਟ ਕੇ ਹੁਣ ਕਰੀਬ 33 ਹਜ਼ਾਰ ਹੀ ਰਹਿ ਗਏ ਹਨ ਪਰ ਸੇਵਾਮੁਕਤ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਕਰਕੇ ਲਾਗਤ ਵਧੇਰੇ ਬਣ ਜਾਂਦੀ ਹੈ।

# ਕੈਪਟਨ ਸਰਕਾਰ ਵੀ ਨਿੱਜੀਕਰਨ ਵਾਲੇ ਰਾਹ ਪਈ

**ਚੰਡੀਗੜ੍ਹ:** ਕੇਂਦਰ ਸਰਕਾਰ ਦੇ ਰਾਹ ਚੱਲਦਿਆਂ ਪੰਜਾਬ ਸਰਕਾਰ ਵੀ ਨਿੱਜੀਕਰਨ ਵੱਲ ਕਦਮ ਪੁੱਟਣ ਲੱਗੀ ਹੈ। ਸੂਬਾ ਸਰਕਾਰ ਨੇ ਜ਼ਿਲ੍ਹਾ ਸਰਕਾਰੀ ਹਸਪਤਾਲਾਂ ਵਿਚ ਪ੍ਰਾਈਵੇਟ ਪ੍ਰਯੋਗਸ਼ਾਲਾਵਾਂ ਦੀ ਚੇਨ ਨੂੰ ਟੈਸਟ ਕਰਨ ਲਈ ਇਜਾਜ਼ਤ ਦੇ ਕੇ ਸਿਹਤ ਸਹੂਲਤਾਂ ਦੇ ਪਹਿਲਾਂ ਹੀ ਹੋ ਰਹੇ ਨਿੱਜੀਕਰਨ ਵੱਲ ਇਕ ਹੋਰ ਕਦਮ ਪੁੱਟਿਆ ਹੈ। ਪੰਜਾਬ ਦੇ ਸਾਰੇ ਜ਼ਿਲ੍ਹਾ ਅਤੇ ਤਹਿਸੀਲ ਪੱਧਰੀ ਹਸਪਤਾਲਾਂ ਵਿਚ ਪਹਿਲਾਂ ਹੀ ਪ੍ਰੋਯਗਸ਼ਾਲਾਵਾਂ ਵਿਚ ਲਗਭਗ ਸਾਰੇ ਮੁਢਲੇ ਟੈਸਟ ਹੁੰਦੇ ਹਨ।

ਸਿਹਤ ਵਿਭਾਗ ਦੀ ਦਲੀਲ ਹੈ ਕਿ ਸਰਕਾਰੀ ਪ੍ਰੋਯਗਸ਼ਾਲਾ ਵਿਚ ਕੰਮ ਦੁਪਹਿਰ ਤੱਕ ਹੁੰਦਾ ਹੈ ਅਤੇ ਪ੍ਰਾਈਵੇਟ ਪ੍ਰਯੋਗਸ਼ਾਲਾਵਾਂ ਵਿਚ ਟੈਸਟ 24 ਘੰਟੇ ਚੱਲਦੇ ਰਹਿਣ ਨਾਲ ਮਰੀਜ਼ਾਂ ਨੂੰ ਲਾਭ ਹੋਵੇਗਾ। ਸਰਕਾਰੀ ਹਸਪਤਾਲਾਂ ਵਿਚ ਨਿੱਜੀ ਕੰਪਨੀਆਂ ਦੇ ਦਖਲ ਦੇ ਅਸਰ ਨੂੰ ਸਿਹਤ ਖੇਤਰ ਦੇ ਮਾਹਿਰ ਲੰਮੇ ਦਾਅ ਵਜੋਂ ਹਸਪਤਾਲਾਂ ਦੇ ਨਿੱਜੀਕਰਨ ਵੱਲ ਵਧਦੇ ਕਦਮਾਂ ਦੇ ਰੂਪ ਵਿਚ ਦੇਖ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕੰਪਨੀਆਂ ਕੇਵਲ ਟੈਸਟ ਹੀ ਨਹੀਂ ਕਰਨਗੀਆਂ ਬਲਕਿ ਉਹ ਪ੍ਰਾਈਵੇਟ ਪ੍ਰੈਕਟਿਸ ਨਾਲ ਸਬੰਧਤ ਅਲਾਮਤਾਂ ਵੀ ਨਾਲ ਲੈ ਕੇ ਆਉਣਗੀਆਂ।

ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਸਰਕਾਰੀ ਪ੍ਰਯੋਗਸ਼ਾਲਾਵਾਂ ਕਈ ਵਾਰ ਕਾਰਜਕੁਸ਼ਲਤਾ ਨਾਲ ਕੰਮ ਨਹੀਂ ਕਰਦੀਆਂ ਅਤੇ ਕਈ ਵਾਰ ਕਰਮਚਾਰੀ ਵੀ ਗੈਰ-ਜ਼ਿੰਮੇਵਾਰੀ ਦਿਖਾਉਂਦੇ ਹਨ। ਕੋਵਿਡ-19 ਦੇ ਸੰਕਟ ਨੇ ਸਪੱਸ਼ਟ ਕੀਤਾ ਹੈ ਕਿ ਨਿੱਜੀ ਖੇਤਰ ਦੀਆਂ ਸੰਸਥਾਵਾਂ ਲੋਕਾਂ ਦਾ ਸਾਥ ਨਹੀਂ ਦਿੰਦੀਆਂ। ਨਿੱਜੀ ਹਸਪਤਾਲਾਂ ਵਿਚ ਆਕਸੀਜਨ ਅਤੇ ਇਲਾਜ ਦੀ ਕੀਮਤ ਦੀਆਂ ਖਬਰਾਂ ਬੇਚੈਨ ਕਰਨ ਵਾਲੀਆਂ ਰਹੀਆਂ ਹਨ। ਕੋਵਿਡ-19 ਦੇ ਦੌਰ ਨੇ ਸਾਰੀ ਦੁਨੀਆਂ ਨੂੰ ਸਿਖਾਇਆ ਹੈ ਕਿ ਸਰਕਾਰਾਂ ਨੂੰ ਸਿਹਤ ਅਤੇ ਸਿੱਖਿਆ ਦੇ ਖੇਤਰਾਂ 'ਚੋਂ ਹੱਥ ਨਹੀਂ ਖਿੱਚਣੇ ਚਾਹੀਦੇ ਤੇ ਇਨ੍ਹਾਂ ਖੇਤਰਾਂ ਵਿਚ ਬਜਟ ਵਧਾਉਣਾ ਚਾਹੀਦਾ ਹੈ।

ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ, ਦਵਾਈਆਂ ਅਤੇ ਪ੍ਰਯੋਗਸ਼ਾਲਾਵਾਂ ਦੇ ਸਟਾਫ ਦੀ ਕਮੀ ਤੋਂ ਬਿਨਾਂ ਕਈ ਹੋਰ ਸੰਕਟ ਹਨ। ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ ਪ੍ਰਾਈਵੇਟ ਡਾਕਟਰਾਂ ਦੀਆਂ ਸੇਵਾਵਾਂ ਲੈਣ ਦੀ ਤਜਵੀਜ਼ ਵੀ ਲੰਮੇ ਸਮੇਂ ਤੱਕ ਚਰਚਾ ਵਿਚ ਰਹੀ ਹੈ ਪਰ ਉਹ ਸਰਕਾਰੀ ਡਾਕਟਰਾਂ ਦੇ ਵਿਰੋਧ ਕਾਰਨ ਅੱਗੇ ਨਹੀਂ ਵਧ ਸਕੀ ਸੀ। ਸਰਕਾਰ ਦੀਆਂ ਕਈ ਸਕੀਮਾਂ (ਜਿਵੇਂ ਕੈਂਸਰ ਰਾਹਤ ਸਕੀਮ) ਵੀ ਪ੍ਰਾਈਵੇਟ ਹਸਪਤਾਲਾਂ ਨੂੰ ਤਰਜੀਹ ਦੇਣ ਵਾਲੀਆਂ ਹਨ ਕਿਉਂਕਿ ਸਰਕਾਰੀ ਹਸਪਤਾਲ ਵਿਚ ਖਰਚ ਇਲਾਜ ਤੋਂ ਬਾਅਦ ਵਾਪਸ ਕੀਤਾ ਜਾਂਦਾ ਹੈ ਜਦਕਿ ਪੈਨਲ ਉਤੇ ਆਏ ਨਿੱਜੀ ਹਸਪਤਾਲਾਂ ਵਿਚ ਬਿਨਾ ਪੈਸਾ ਇਲਾਜ ਕਰਨ ਦਾ (ਕੈਸ਼ਲੈਸ) ਤਰੀਕਾ ਅਪਣਾਇਆ ਜਾਂਦਾ ਹੈ। ਇਸ ਤਰ੍ਹਾਂ ਪੈਸੇ ਦਾ ਵੱਡਾ ਹਿੱਸਾ ਨਿੱਜੀ ਹਸਪਤਾਲਾਂ ਦੇ ਖਾਤੇ ਵਿਚ ਚਲਾ ਜਾਂਦਾ ਹੈ।

ਕੇਂਦਰ ਅਤੇ ਰਾਜ ਸਰਕਾਰਾਂ ਦੇ ਸਿਹਤ ਬਜਟ ਵਧਣ ਦੀ ਬਜਾਇ ਉਨ੍ਹਾਂ ਵਿਚ ਲਗਾਤਾਰ ਕਟੌਤੀ ਹੁੰਦੀ ਰਹੀ ਹੈ। ਦੇਸ਼ ਦੀ ਵਸੋਂ ਦਾ ਵੱਡਾ ਹਿੱਸਾ ਜਿਸ ਵਿਚ ਗਰੀਬ ਅਤੇ ਨਿਮਨ ਮੱਧਵਰਗ ਦੇ ਲੋਕ ਸ਼ਾਮਲ ਹਨ, ਇਲਾਜ ਲਈ ਸਰਕਾਰੀ ਹਸਪਤਾਲਾਂ ਉਤੇ ਨਿਰਭਰ ਹੈ।

## ਮੈਂ ਖੁਦ ਚੋਣ ਨਹੀਂ ਲੜਾਂਗਾ, ਨੌਜਵਾਨਾਂ ਨੂੰ ਅੱਗੇ ਲਿਆਵਾਂਗੇ: ਢੀਂਡਸਾ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ 'ਚ ਆਉਂਦੀ ਹੈ ਤਾਂ ਨੌਜਵਾਨਾਂ ਦੀ ਭਾਗੀਦਾਰੀ ਵਾਲਾ ਨਵੀਂ ਸੋਚ ਦਾ ਨਵਾਂ ਪੰਜਾਬ ਉਸਾਰਿਆ ਜਾਵੇਗਾ, ਜਿਸ ਵਿਚ ਸਭ ਧਰਮਾਂ ਅਤੇ ਜਾਤਾਂ ਦੇ ਲੋਕਾਂ ਦੀ ਹਰ ਖੇਤਰ 'ਚ ਬਰਾਬਰ ਦੀ ਸ਼ਮੂਲੀਅਤ ਹੋਵੇਗੀ ਤੇ ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ ਨੂੰ ਅੱਗੇ ਵਧਣ ਦੇ ਇਕਸਾਰ ਮੌਕੇ ਪ੍ਰਦਾਨ ਕੀਤੇ ਜਾਣਗੇ।

ਸ. ਢੀਂਡਸਾ ਨੇ ਇਹ ਦਾਅਵਾ ਵੀ ਕੀਤਾ ਕਿ ਹਰ ਰੋਜ਼ ਵੱਡੀ ਗਿਣਤੀ 'ਚ ਸਮਾਜ ਦੇ ਹਰ ਵਰਗ ਦੇ ਲੋਕ ਪਾਰਟੀ 'ਚ ਸ਼ਾਮਲ ਹੋ ਰਹੇ ਹਨ ਤੇ ਇਹ ਕਾਫਲਾ ਦਿਨੋਂ ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਇਸ ਮੌਕੇ ਸੁਖਦੇਵ ਸਿੰਘ ਢੀਂਡਸਾ ਨੇ ਇਕ ਵਾਰ ਫਿਰ ਸਾਫ ਕੀਤਾ ਕਿ ਉਹ ਖੁਦ ਕਿਸੇ ਵੀ ਤਰ੍ਹਾਂ ਦੀ ਚੋਣ ਨਹੀਂ ਲੜਨਗੇ ਅਤੇ ਨੌਜਵਾਨਾਂ ਨੂੰ ਅੱਗੇ ਲਿਆਂਦਾ ਜਾਵੇਗਾ।

# ਪੰਜਾਬ ਸਰਕਾਰ ਨੇ ਸਰਕਾਰੀ ਅਦਾਰਿਆਂ ਦੀ ਉਦਯੋਗਿਕ ਸਬਸਿਡੀ ਖਤਮ ਕੀਤੀ

**ਪਟਿਆਲਾ:** ਸਬਸਿਡੀ ਦੇ ਵਿੱਤੀ ਬੋਝ ਨੂੰ ਹੌਲਾ ਕਰਨ ਲਈ ਪੰਜਾਬ ਸਰਕਾਰ ਨੇ ਆਪਣੇ ਹੀ ਸਰਕਾਰੀ ਅਦਾਰਿਆਂ ਦੀ ਉਦਯੋਗਿਕ ਸਬਸਿਡੀ ਖਤਮ ਕਰ ਦਿੱਤੀ ਹੈ। ਇਨ੍ਹਾਂ ਅਦਾਰਿਆਂ 'ਚ ਪਾਵਰਕਾਮ ਅਤੇ ਟਰਾਂਸਕੋ ਵੀ ਸ਼ਾਮਲ ਹਨ। ਜਿਨ੍ਹਾਂ ਅਦਾਰਿਆਂ ਨੂੰ ਸਰਕਾਰ ਪਿਛਲੇ ਲੰਮੇ ਸਮੇਂ ਤੋਂ ਉਦਯੋਗਿਕ ਸ਼੍ਰੇਣੀ 'ਚ ਰੱਖ ਕੇ ਇਹ ਸਬਸਿਡੀ ਦਿੰਦੀ ਸੀ, ਉਨ੍ਹਾਂ ਅਦਾਰਿਆਂ ਦੀ ਸਬਸਿਡੀ ਖਤਮ ਕਰਨ ਲਈ ਸਰਕਾਰ ਨੇ ਇਥੇ ਕੋਈ ਉਦਯੋਗਿਕ ਉਤਪਾਦਨ ਨਾ ਹੋਣ ਦਾ ਤਰਕ ਦਿੱਤਾ ਹੈ।

ਪੰਜਾਬ ਸਰਕਾਰ ਵੱਲੋਂ 6 ਜੁਲਾਈ 2021 ਨੂੰ ਜਾਰੀ ਕੀਤੇ ਸਰਕੂਲਰ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਰਾਜ ਅੰਦਰ ਕੇਂਦਰ ਸਰਕਾਰ, ਪੰਜਾਬ ਸਰਕਾਰ ਜਨਤਕ ਖੇਤਰ ਦੇ ਅਦਾਰਿਆਂ ਦੇ ਨਾਲ ਪਾਵਰਕਾਮ, ਟਰਾਂਸਕੋ ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਅਦਾਰਿਆਂ ਨੂੰ ਦਿੱਤੀ ਜਾ ਰਹੀ ਉਦਯੋਗਿਕ ਸਬਸਿਡੀ ਖਤਮ ਕੀਤੀ ਜਾਂਦੀ ਹੈ। ਇਸ ਵਿਚ ਦੱਸਿਆ ਗਿਆ ਕਿ 17 ਜੂਨ 2021 ਤੋਂ ਇਹ ਨਿਯਮ ਲਾਗੂ ਹੋਣਗੇ। ਇਸ ਸਰਕੂਲਰ 'ਚ ਇਹ ਤਰਕ ਦਿੱਤਾ ਗਿਆ ਹੈ ਕਿ ਉਪਰੋਕਤ ਅਦਾਰੇ ਭਾਵੇਂ ਉਦਯੋਗਿਕ ਸ਼੍ਰੇਣੀ ਵਿਚ ਆਉਂਦੇ ਹਨ, ਪਰ ਇਨ੍ਹਾਂ ਅਦਾਰਿਆਂ ਵਲੋਂ ਉਦਯੋਗਿਕ ਉਤਪਾਦਾਂ ਦਾ ਨਿਰਮਾਣ ਨਹੀਂ ਕੀਤਾ ਜਾਂਦਾ। ਇਸ ਕਰਕੇ ਇਨ੍ਹਾਂ ਦੀ ਉਦਯੋਗਿਕ ਸਬਸਿਡੀ ਖਤਮ ਕੀਤੀ ਜਾਂਦੀ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਮਿਊਂਸਪਲ ਕਾਰਪੋਰੇਸ਼ਨ, ਕੌਂਸਲਾਂ ਕਮੇਟੀਆਂ, ਨਗਰ ਪੰਚਾਇਤਾਂ, ਪੰਜਾਬ ਸਰਕਾਰ ਦੇ ਵਾਟਰ ਟਰੀਟਮੈਂਟ ਪਲਾਂਟ, ਸੀਵਰੇਜ ਟਰੀਟਮੈਂਟ ਪਲਾਂਟ ਦੀ ਸਬਸਿਡੀ ਵੀ ਸਰਕਾਰ ਵੱਲੋਂ ਖਤਮ ਕਰ ਦਿੱਤੀ ਗਈ ਹੈ।

# ਦੁਨੀਆਂ ਦੀਆਂ ਨਜ਼ਰਾਂ ਟੋਕੀਓ ਦੀਆਂ ਓਲੰਪਿਕ ਖੇਡਾਂ ਵੱਲ

ਓਲੰਪਿਕ ਖੇਡਾਂ ਦੀ ਮਸ਼ਾਲ ਯੂਨਾਨ ਤੋਂ ਜਪਾਨ ਯਾਨਿ ਏਥਨਜ਼ ਤੋਂ ਟੋਕੀਓ ਪੁੱਜ ਚੁੱਕੀ ਹੈ। 1896 ਤੋਂ 2021 ਤਕ ਸਵਾ ਸੌ ਸਾਲਾਂ ਦੇ ਸਫਰ ਦੌਰਾਨ 28 ਵਾਰ ਓਲੰਪਿਕ ਖੇਡਾਂ ਹੋਈਆਂ ਹਨ। ਪਹਿਲੀ ਤੇ ਦੂਜੀ ਵਿਸ਼ਵ ਜੰਗ ਕਾਰਨ ਤਿੰਨ ਵਾਰ ਇਹ ਖੇਡਾਂ ਨਹੀਂ ਸੀ ਹੋ ਸਕੀਆਂ। 32ਵੀਆਂ ਓਲੰਪਿਕ ਖੇਡਾਂ ਜੋ 2020 ਵਿਚ 24 ਜੁਲਾਈ ਤੋਂ 9 ਅਗਸਤ ਤਕ ਹੋਣੀਆਂ ਸਨ, ਕੋਵਿਡ-19 ਕਰਕੇ ਮੁਲਤਵੀ ਹੋ ਗਈਆਂ ਸਨ। ਉਹ ਹੁਣ 23 ਜੁਲਾਈ 2021 ਤੋਂ 8 ਅਗਸਤ 2021 ਤਕ ਜਪਾਨ ਦੇ ਸ਼ਹਿਰ ਟੋਕੀਓ ਵਿਚ ਹੋ ਰਹੀਆਂ ਹਨ। ਕੋਵਿਡ ਤੋਂ ਸੁਰੱਖਿਆ ਰੱਖਦਿਆਂ ਉਨ੍ਹਾਂ ਲਈ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਅਗਲੇ ਤਿੰਨ ਕੁ ਹਫਤੇ ਵਿਸ਼ਵ ਭਰ ਦੇ ਮੀਡੀਏ ਦਾ ਧਿਆਨ ਟੋਕੀਓ 'ਤੇ ਟਿਕਿਆ ਰਹੇਗਾ।

ਮਾਡਰਨ ਓਲੰਪਿਕ ਖੇਡਾਂ 1896 ਵਿਚ

**ਪ੍ਰਿੰ. ਸਰਵਣ ਸਿੰਘ**

ਏਥਨਜ਼ ਤੋਂ ਸ਼ੁਰੂ ਹੋਈਆਂ ਸਨ। 1900 ਵਿਚ ਪੈਰਿਸ, 1904 ਸੇਂਟ ਲੂਈਸ, 1908 ਲੰਡਨ ਤੇ 1912 ਸਟਾਕਹੋਮ ਵਿਚ ਹੋਣ ਪਿੱਛੋਂ 1916 ਵਿਚ ਹੋ ਨਹੀਂ ਸਕੀਆਂ, ਕਿਉਂਕਿ ਵਿਸ਼ਵ ਜੰਗ ਲੱਗ ਗਈ ਸੀ। 1920 ਵਿਚ ਐਂਟਵਰਪ, 1924 ਪੈਰਿਸ, 1928 ਐਮਸਟਰਡਮ, 1932 ਲਾਸ ਏਂਜਲਸ ਤੇ 1936 ਬਰਲਿਨ ਵਿਚ ਹੋਈਆਂ। 1940 ਤੇ 1944 ਦੀਆਂ ਖੇਡਾਂ ਦੂਜੀ ਵਿਸ਼ਵ ਜੰਗ ਦੀ ਭੇਟ ਚੜ੍ਹ ਗਈਆਂ। 1948 ਵਿਚ ਲੰਡਨ, 1952 ਹੈਲਸਿੰਕੀ, 1956 ਮੈਲਬੌਰਨ, 1960 ਰੋਮ ਤੇ 1964 ਵਿਚ ਪਹਿਲੀ ਵਾਰ ਏਸ਼ੀਆ ਦੇ ਸ਼ਹਿਰ ਟੋਕੀਓ ਵਿਚ ਹੋਈਆਂ। 1968 ਵਿਚ ਮੈਕਸੀਕੋ, 1972 ਮਿਊਨਿਖ, 1976 ਮੌਂਟਰੀਅਲ, 1980 ਮਾਸਕੋ, 1984 ਲਾਸ ਏਂਜਲਸ, 1988 ਸਿਓਲ, 1992 ਬਾਰਸੀਲੋਨਾ, 1996 ਐਟਲਾਂਟਾ, 2000 ਸਿਡਨੀ, 2004 ਏਥਨਜ਼, 2008 ਬੀਜਿੰਗ, 2012 ਵਿਚ ਲੰਡਨ ਤੇ 2016 ਵਿਚ ਰੀਓ ਡੀ ਜਨੇਰੋ ਵਿਚ ਓਲੰਪਿਕ ਖੇਡਾਂ ਵਿਚ ਹੋਈਆਂ। ਵਿਸ਼ਵ ਦੀ ਸਭ ਤੋਂ ਵੱਧ ਆਬਾਦੀ ਵਾਲੇ ਮਹਾਂਦੀਪ ਏਸ਼ੀਆ ਵਿਚ ਓਲੰਪਿਕ ਖੇਡਾਂ ਸਿਰਫ 3 ਵਾਰ ਹੋਈਆਂ ਹਨ-ਪਹਿਲੀ ਵਾਰ ਟੋਕੀਓ, ਦੂਜੀ ਵਾਰ ਸਿਓਲ ਤੇ ਤੀਜੀ ਵਾਰ ਬੀਜਿੰਗ। 2016 ਦੀਆਂ ਓਲੰਪਿਕ ਖੇਡਾਂ ਪਹਿਲੀ ਵਾਰ ਦੱਖਣੀ ਅਮਰੀਕਾ ਦੇ ਕਿਸੇ ਸ਼ਹਿਰ ਵਿਚ ਹੋਈਆਂ। 2020 ਦੀਆਂ ਖੇਡਾਂ ਦੂਜੀ ਵਾਰ ਟੋਕੀਓ ਵਿਚ ਹੋਣੀਆਂ ਸਨ, ਜੋ ਕੋਵਿਡ-19 ਕਰਕੇ 2021 'ਚ ਪਾ ਦਿੱਤੀਆਂ ਗਈਆਂ। 2024 ਦੀਆਂ ਓਲੰਪਿਕ ਖੇਡਾਂ ਪੈਰਿਸ ਵਿਚ ਹੋਣਗੀਆਂ ਤੇ 2028 ਦੀਆਂ ਲਾਸ ਏਂਜਲਸ। ਭਾਰਤ ਨੇ ਓਲੰਪਿਕ ਖੇਡਾਂ ਕਰਾਉਣ ਦੀ ਕਦੇ ਪੇਸ਼ਕਸ਼ ਹੀ ਨਹੀਂ ਕੀਤੀ ਹਾਲਾਂ ਕਿ ਆਬਾਦੀ ਪੱਖੋਂ ਇਹ ਵਿਸ਼ਵ ਦਾ ਦੂਜਾ ਵੱਡਾ ਦੇਸ਼ ਹੈ, ਜਿਸ ਵਿਚ ਦੁਨੀਆਂ ਦੀ ਛੇਵਾਂ ਹਿੱਸਾ ਆਬਾਦੀ ਵਸਦੀ ਹੈ। ਲੰਡਨ ਐਸਾ ਸ਼ਹਿਰ ਹੈ, ਜਿਥੇ ਇਹ ਖੇਡਾਂ ਤਿੰਨ ਵਾਰ ਹੋਈਆਂ। ਪੈਰਿਸ ਤੇ ਲਾਸ ਏਂਜਲਸ ਵਿਚ ਦੋ-ਦੋ ਵਾਰ ਓਲੰਪਿਕ ਖੇਡਾਂ ਹੋਈਆਂ।

23 ਜੁਲਾਈ 2021 ਨੂੰ ਕੁਲ ਦੁਨੀਆਂ ਦੀਆਂ ਨਜ਼ਰਾਂ ਟੋਕੀਓ ਦੇ ਸ਼ਾਨਦਾਰ ਨੈਸ਼ਨਲ ਸਟੇਡੀਅਮ 'ਤੇ ਟਿਕੀਆਂ ਹੋਣਗੀਆਂ। ਉਸ ਦਿਨ 32ਵੀਆਂ ਓਲੰਪਿਕ ਖੇਡਾਂ ਦਾ ਉਦਘਾਟਨੀ ਸਮਾਰੋਹ ਹੋਵੇਗਾ, ਜਿਸ ਵਿਚ ਦੋ ਸੌ ਤੋਂ ਵੱਧ ਮੁਲਕਾਂ ਦੇ ਗਿਆਰਾਂ ਹਜ਼ਾਰ ਤੋਂ ਵੱਧ ਚੋਟੀ ਦੇ ਖਿਡਾਰੀ ਮਾਰਚ ਪਾਸਟ ਕਰਨਗੇ। ਭਾਰਤੀ ਦਲ ਦੇ ਝੰਡਾਬਰਦਾਰ ਮੈਰੀ ਕਾਮ ਤੇ ਮਨਪ੍ਰੀਤ ਸਿੰਘ ਮਿੱਠਾਪੁਰ ਹੋਣਗੇ। ਦੋ ਅਰਬ ਤੋਂ ਵੱਧ ਲੋਕ ਇਹ ਖੇਡਾਂ ਇੰਟਰਨੈੱਟ ਰਾਹੀਂ ਵੇਖਣਗੇ। ਓਲੰਪਿਕ ਖੇਡਾਂ ਦੁਨੀਆਂ ਦਾ ਸਭ ਤੋਂ ਵੱਡਾ ਖੇਡ ਮੇਲਾ ਹੈ, ਜੋ ਚਾਰ ਸਾਲਾਂ ਬਾਅਦ ਲੱਗਦੈ। ਪੰਜਾਂ ਮਹਾਂਦੀਪਾਂ ਦੇ 207 ਦੇਸ਼ਾਂ ਦਾ ਸਾਂਝਾ ਖੇਡ ਮੇਲਾ! ਇਸ ਵਿਚ ਵਿਸ਼ਵ ਭਰ ਦੀ ਜੁਆਨੀ ਦਾ ਜ਼ੋਰ ਭਿੜੇਗਾ। ਨਿਤਾਰੇ ਹੋਣਗੇ ਕਿ ਜ਼ੋਰ ਜੁਗਤ ਦੀਆਂ ਖੇਡਾਂ 'ਚ ਕੌਣ ਸਭ ਤੋਂ ਤਕੜਾ ਹੈ? ਕਿਹੜਾ ਦੇਸ਼ ਕਿੰਨੇ ਮੈਡਲ ਜਿੱਤਦੈ ਤੇ ਕੌਣ ਦੁਨੀਆਂ 'ਤੇ ਲੱਤ ਫੇਰਦੈ? ਪਹਿਲਾਂ ਤਕੜੇ-ਮਾੜੇ ਦਾ ਨਿਰਣਾ ਜੰਗ ਦੇ ਮੈਦਾਨ 'ਚ ਹੁੰਦਾ ਸੀ, ਹੁਣ ਓਲੰਪਿਕ ਖੇਡਾਂ ਵਿਚ ਹੁੰਦੈ।

ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਪ੍ਰਧਾਨ ਥਾਮਸ ਬਾਕ ਨੇ ਭਰੇ ਮਨ ਨਾਲ ਕਿਹਾ ਹੈ ਕਿ ਕੋਵਿਡ ਕਾਰਨ ਇਨ੍ਹਾਂ ਖੇਡਾਂ ਨੂੰ ਵੇਖਣ ਲਈ ਐਤਕੀਂ ਦਰਸ਼ਕ ਸਟੇਡੀਅਮਾਂ ਵਿਚ ਨਹੀਂ ਜਾ ਸਕਣਗੇ। ਕੇਵਲ ਖਿਡਾਰੀ ਤੇ ਪ੍ਰਬੰਧਕ ਹੀ ਕੋਵਿਡ ਹਦਾਇਤਾਂ ਦਾ ਪਾਲਣ ਕਰਦਿਆਂ ਖੇਡ ਮੈਦਾਨਾਂ ਵਿਚ ਹਾਜ਼ਰ ਹੋਣਗੇ। ਜੇਤੂ ਖਿਡਾਰੀਆਂ ਨਾਲ ਵਿਸ਼ੇਸ਼ ਵਿਅਕਤੀ ਹੱਥ ਨਹੀਂ ਮਿਲਾਉਣਗੇ ਤੇ ਨਾ ਹੀ ਆਪਣੇ ਹੱਥੀਂ ਮੈਡਲ ਪਹਿਨਾਉਣਗੇ। ਮੈਡਲ ਸੈਰੇਮਨੀ ਵੇਲੇ ਜੇਤੂ ਖਿਡਾਰੀ ਟ੍ਰੇਅ ਵਿਚੋਂ ਖੁਦ ਮੈਡਲ ਚੁੱਕ ਕੇ ਆਪਣੇ ਗਲਾਂ ਵਿਚ ਪਾਉਣਗੇ। ਜੇਤੂ ਖਿਡਾਰੀਆਂ ਦੇ ਦੇਸ਼ਾਂ ਦੇ ਝੰਡੇ ਪਹਿਲਾਂ ਵਾਂਗ ਹੀ ਝੁਲਾਏ ਜਾਣਗੇ ਅਤੇ ਉਨ੍ਹਾਂ ਦੇ ਕੌਮੀ ਗੀਤਾਂ ਦੀਆਂ ਧੁਨਾਂ ਗੂੰਜਣਗੀਆਂ। ਉਹ ਸਾਰਾ ਕੁਝ ਦੁਨੀਆਂ ਭਰ ਦੇ ਦਰਸ਼ਕ ਟੀ. ਵੀ. ਤੇ ਹੋਰ ਸਾਧਨਾਂ ਤੋਂ ਵੇਖ ਸਕਣਗੇ। ਉਦਘਾਟਨੀ ਸਮਾਰੋਹ ਚੜ੍ਹਦੇ ਸੂਰਜ ਦੀ ਧਰਤੀ ਜਪਾਨ ਦੇ ਸਮੇਂ ਅਨੁਸਾਰ ਸ਼ਾਮ 8 ਵਜੇ ਤੋਂ 12 ਵਜੇ ਤਕ ਹੋਵੇਗਾ। ਕੈਨੇਡਾ/ਅਮਰੀਕਾ ਵਿਚ ਉਸ ਸਮੇਂ ਸਵੇਰਾ ਹੋਵੇਗਾ ਅਤੇ ਭਾਰਤ ਸਣੇ ਬਹੁਤ ਸਾਰੇ ਦੇਸ਼ਾਂ ਵਿਚ ਦੁਪਹਿਰਾ।

ਭਾਰਤੀ ਦਲ 228 ਜਣਿਆਂ ਦਾ ਹੋਵੇਗਾ, ਜਿਸ ਵਿਚ 67 ਮਰਦ ਤੇ 52 ਔਰਤਾਂ ਸਮੇਤ 119 ਖਿਡਾਰੀ ਹੋਣਗੇ। ਉਹ 18 ਸਪੋਰਟਸ ਦੇ 69 ਈਵੈਂਟਾਂ ਵਿਚ ਭਾਗ ਲੈਣਗੇ। ਓਲੰਪਿਕ ਖੇਡਾਂ ਵਿਚ ਜਿੱਤਣ ਲਈ ਮੈਡਲਾਂ ਦੇ 339 ਸੈੱਟ ਹੋਣਗੇ ਯਾਨਿ ਹਜ਼ਾਰ ਤੋਂ ਵੱਧ ਮੈਡਲ, ਪਰ ਭਾਰਤੀ ਖਿਡਾਰੀ ਜੇ ਦਸ ਬਾਰਾਂ ਮੈਡਲ ਵੀ ਜਿੱਤ ਗਏ ਤਾਂ ਵੱਡੀ ਪ੍ਰਾਪਤੀ ਮੰਨੀ ਜਾਵੇਗੀ। ਉਂਜ ਭਾਰਤੀ ਖੇਡ ਅਧਿਕਾਰੀਆਂ ਦੇ ਅਨੁਮਾਨ ਅਨੁਸਾਰ ਐਤਕੀਂ ਭਾਰਤ ਦੇ ਖਿਡਾਰੀਆਂ ਦੀ ਪ੍ਰਫਾਰਮੈਂਸ ਚੰਗੀ ਹੈ ਤੇ ਉਹ 10 ਗੋਲਡ, 5 ਚਾਂਦੀ ਤੇ 5 ਕਾਂਸੀ ਦੇ ਮੈਡਲ ਜਿੱਤ ਸਕਦੇ ਹਨ। ਜੇ ਅਜਿਹਾ ਹੋ ਜਾਵੇ ਤਾਂ ਕਿਆ ਬਾਤਾਂ!

ਕੁਝ ਸੂਤਰਾਂ ਸਣੇ ਤੀਰਅੰਦਾਜ਼ ਦੀਪਿਕਾ ਕੁਮਾਰੀ, ਮੁੱਕੇਬਾਜ਼ ਮੈਰੀ ਕਾਮ ਤੇ ਅਮਿਤ ਪੰਘਾਲ, ਬੈਡਮਿੰਟਨ ਖਿਡਾਰਨ ਪੀ. ਵੀ. ਸਿੰਧੂ, ਪਹਿਲਵਾਨ ਵਿਨੇਸ਼ ਫੋਗਾਟ ਤੇ ਬਜਰੰਗ ਪੂਨੀਆ, ਜੈਵਲਿਨ ਥਰੋਅਰ ਨੀਰਜ ਚੋਪੜਾ ਤੇ ਸ਼ਿਵਪਾਲ, ਟੈਨਿਸ ਖਿਡਾਰਨ ਸਾਨੀਆ ਮਿਰਜ਼ਾ, ਮਨਪ੍ਰੀਤ ਦੀ ਹਾਕੀ ਟੀਮ ਤੇ ਵੇਟ ਲਿਫਟਰ ਮੀਰਾ ਬਾਈ ਚੰਨੂੰ ਤੋਂ ਗੋਲਡ ਮੈਡਲਾਂ ਦੀ ਆਸ ਰੱਖੀ ਜਾ ਰਹੀ ਹੈ। ਮਨੀਪੁਰ ਦੀ ਮੀਰਾ ਬਾਈ 49 ਕਿਲੋਗਰਾਮ ਵਜ਼ਨ ਵਿਚ ਵਿਸ਼ਵ ਚੈਂਪੀਅਨ ਹੈ, ਜਿਸ ਨੇ 86 ਕਿਲੋਗਰਾਮ ਦੀ ਸਨੈਚ ਤੇ 119 ਕਿਲੋ ਦੀ ਜਰਕ ਲਾ ਕੇ 205 ਕਿਲੋਗਰਾਮ ਦਾ ਰਿਕਾਰਡ ਰੱਖਿਆ ਹੈ। ਉਸ ਨੇ ਆਪਣੇ ਵਜ਼ਨ ਤੋਂ ਢਾਈ ਗੁਣਾਂ ਵੱਧ ਵਜ਼ਨ ਬਾਹਾਂ ਉਤੇ ਤੋਲ ਦਿੱਤਾ ਹੈ। ਉਸ ਤੋਂ ਗੋਲਡ ਮੈਡਲ ਜਿੱਤਣ ਦੀ ਪੂਰੀ ਆਸ ਹੈ।

ਭਾਰਤ ਦੇ ਖਿਡਾਰੀ ਦਲ ਵਿਚ ਸਭ ਤੋਂ ਵੱਧ ਗਿਣਤੀ ਹਾਕੀ ਦੇ ਖਿਡਾਰੀਆਂ/ਖਿਡਾਰਨਾਂ ਦੀ ਹੈ, ਜੋ 36 ਹਨ। 25 ਅਥਲੀਟ, 15 ਸ਼ੂਟਰ, 9 ਮੁੱਕੇਬਾਜ਼ ਤੇ 7 ਪਹਿਲਵਾਨ ਹਨ। ਮੈਰਾਜ ਅਹਿਮਦ ਖਾਨ 45 ਸਾਲਾਂ ਦਾ ਹੈ ਤੇ ਦਿਵਿਆਸ਼ ਸਿੰਘ ਪੰਵਾਰ 18 ਸਾਲਾਂ ਦਾ। ਭਾਰਤੀ ਖਿਡਾਰੀਆਂ ਦੀ ਔਸਤ ਉਮਰ 27 ਸਾਲ ਹੈ। ਕਦੇ ਓਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਟੀਮਾਂ ਦੀ ਸਰਦਾਰੀ ਸੀ। ਭਾਰਤ ਨੇ ਹੁਣ ਤਕ ਜਿੱਤੇ ਕੁਲ 28 ਮੈਡਲਾਂ ਵਿਚੋਂ 11 ਮੈਡਲ ਸਿਰਫ ਹਾਕੀ ਦੀ ਖੇਡ ਰਾਹੀਂ ਜਿੱਤੇ ਸਨ, ਪਰ 1980 ਤੋਂ ਬਾਅਦ ਭਾਰਤੀ ਹਾਕੀ ਟੀਮ ਕਦੇ ਵੀ ਜਿੱਤ ਮੰਚ 'ਤੇ ਨਹੀਂ ਚੜ੍ਹ ਸਕੀ। ਇਥੋਂ ਤਕ ਕਿ ਬੀਜਿੰਗ ਦੀਆਂ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਲਈ ਕੁਆਲੀਫਾਈ ਵੀ ਨਹੀਂ ਸੀ ਕਰ ਸਕੀ। ਉਦੋਂ ਕੈਨੇਡਾ ਦੀ ਹਾਕੀ ਟੀਮ ਕੁਆਲੀਫਾਈ ਕਰ ਗਈ ਸੀ, ਜਿਸ ਵਿਚ ਚਾਰ ਖਿਡਾਰੀ ਪੰਜਾਬੀ ਮੂਲ ਦੇ ਸਨ। ਇਸ ਵੇਲੇ 10 ਪੰਜਾਬੀ ਖਿਡਾਰੀਆਂ ਨਾਲ ਲੈਸ ਭਾਰਤੀ ਹਾਕੀ ਟੀਮ ਵਿਸ਼ਵ ਦੀਆਂ 4 ਚੋਟੀ ਦੀਆਂ ਟੀਮਾਂ ਵਿਚ



ਗਿਣੀ ਜਾਂਦੀ ਹੈ। ਆਸ ਰੱਖੀ ਜਾ ਰਹੀ ਹੈ ਕਿ ਵਿਕਟਰੀ ਸਟੈਂਡ 'ਤੇ ਚੜ੍ਹੇਗੀ। ਔਰਤਾਂ ਦੀ ਭਾਰਤੀ ਹਾਕੀ ਟੀਮ 1980 ਤੋਂ 36 ਸਾਲਾਂ ਬਾਅਦ ਰੀਓ-2016 ਦੀਆਂ ਓਲੰਪਿਕ ਖੇਡਾਂ ਲਈ ਕੁਆਲੀਫਾਈ ਕਰ ਸਕੀ ਸੀ, ਪਰ ਜਿੱਤ-ਮੰਚ 'ਤੇ ਨਹੀਂ ਚੜ੍ਹ ਸਕੀ। ਐਤਕੀਂ ਉਹਦੇ ਤੋਂ ਵੀ ਆਸ ਉਮੀਦ ਹੈ।

ਇਸ ਵਾਰ ਮਰਦਾਂ ਦੀ ਭਾਰਤੀ ਹਾਕੀ ਟੀਮ ਵਿਚ ਪੰਜਾਬੀ ਖਿਡਾਰੀ ਅੱਧੋਂ ਵੱਧ ਹਨ। ਔਰਤਾਂ ਦੀ ਹਾਕੀ ਟੀਮ ਵਿਚ ਹਰਿਆਣੇ ਦੀਆਂ ਖਿਡਾਰਨਾਂ ਅੱਧੋਂ ਵੱਧ ਹਨ। ਭਾਰਤ ਦੇ ਕੁਲ ਖਿਡਾਰੀਆਂ ਵਿਚ ਸਭ ਤੋਂ ਵੱਧ ਖਿਡਾਰੀ ਹਰਿਆਣੇ ਦੇ ਹਨ, ਜੋ 1966 ਤੋਂ ਪਹਿਲਾਂ ਪੰਜਾਬ ਦੇ ਗਿਣੇ ਜਾਂਦੇ ਸਨ। ਖੇਡਾਂ ਵਿਚ ਪਹਿਲਾਂ ਪੰਜਾਬ ਚੋਟੀ 'ਤੇ ਹੁੰਦਾ ਸੀ, ਹੁਣ ਹਰਿਆਣਾ ਚੋਟੀ 'ਤੇ ਹੈ। ਅਸਲ ਵਿਚ ਹਰਿਆਣਾ ਸਰਕਾਰ ਖੇਡ ਖਿਡਾਰੀਆਂ ਵੱਲ ਵਧੇਰੇ ਧਿਆਨ ਦਿੰਦੀ ਹੈ, ਜਦ ਕਿ ਪੰਜਾਬ ਸਰਕਾਰ ਅਵੇਸਲੀ ਹੈ। ਹਰਿਆਣੇ ਨੇ ਆਪਣੇ ਓਲੰਪੀਅਨ ਖਿਡਾਰੀਆਂ ਨੂੰ ਤਿਆਰੀ ਲਈ ਪੰਦਰਾਂ ਪੰਦਰਾਂ ਲੱਖ ਰੁਪਏ ਦਿੱਤੇ, ਜਦ ਕਿ ਪੰਜਾਬ ਨੇ ਪੰਜ ਪੰਜ ਲੱਖ ਦਿੱਤੇ। ਹਰਿਆਣਾ ਆਪਣੇ ਓਲੰਪਿਕ ਜੇਤੂ ਖਿਡਾਰੀਆਂ ਨੂੰ ਗੋਲਡ ਮੈਡਲ ਲਈ ਛੇ ਕਰੋੜ, ਸਿਲਵਰ ਮੈਡਲ ਲਈ ਚਾਰ ਕਰੋੜ ਤੇ ਬਰਾਂਜ਼ ਮੈਡਲ ਲਈ ਤਿੰਨ ਕਰੋੜ ਦੇ ਇਨਾਮ ਦੇਵੇਗਾ। ਪੰਜਾਬ ਆਪਣੇ ਜੇਤੂਆਂ ਨੂੰ ਗੋਲਡ ਮੈਡਲ ਦੇ ਸਵਾ ਦੋ ਕਰੋੜ, ਸਿਲਵਰ ਦੇ ਡੇਢ ਕਰੋੜ ਤੇ ਬਰਾਂਜ਼ ਦੇ ਇਕ ਕਰੋੜ ਹੀ ਦੇਵੇਗਾ। ਹਰਿਆਣੇ ਵਿਚ ਖਿਡਾਰੀਆਂ ਨੂੰ ਚੰਗੀਆਂ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ, ਜਦ ਕਿ ਪੰਜਾਬ ਵਿਚ ਖਿਡਾਰੀਆਂ ਲਈ ਨੌਕਰੀਆਂ ਨਾਮਾਤਰ ਹਨ। ਸਾਡੇ ਆਪਣੇ ਪਿੰਡ ਚਕਰ ਦੇ ਇਕ ਗਰੀਬ ਕਿਸਾਨ ਦੀ 26 ਸਾਲਾ ਮੁੱਕੇਬਾਜ਼ ਲੜਕੀ ਸਿਮਰਨਜੀਤ ਕੌਰ ਬਾਠ ਟੋਕੀਓ ਓਲੰਪਿਕਸ ਵਿਚ ਭਾਗ ਲੈ ਰਹੀ ਹੈ, ਪਰ ਅਜੇ ਤਕ ਕੋਈ ਨੌਕਰੀ ਨਹੀਂ ਮਿਲੀ। ਹਰਿਆਣੇ 'ਚ ਜੰਮਦੀ ਤਾਂ ਸੰਭਵ ਸੀ ਹੁਣ ਨੂੰ ਡੀ. ਐਸ. ਪੀ. ਲੱਗੀ ਹੁੰਦੀ!

ਭਾਰਤੀ ਦਲ ਵਿਚ ਪੰਜਾਬ ਦੇ 16 ਖਿਡਾਰੀ ਹਨ। ਉਨ੍ਹਾਂ ਸੋਲਾਂ ਵਿਚੋਂ ਪੰਜਾਬ ਵਿਚ ਇਕੋ ਹੀ ਨੌਕਰੀ ਕਰਦਾ ਹੈ, ਜਦ ਕਿ ਬਾਕੀ ਖਿਡਾਰੀ ਪੰਜਾਬੋਂ ਬਾਹਰ ਨੌਕਰੀਆਂ ਕਰਨ ਲਈ ਮਜਬੂਰ ਹਨ ਜਾਂ ਅਜੇ ਵੀ ਬੇਰੁਜ਼ਗਾਰ ਹਨ। ਹਾਕੀ ਦਾ ਕੈਪਟਨ ਮਨਪ੍ਰੀਤ ਸਿੰਘ ਹੀ ਪੰਜਾਬ ਪੁਲਿਸ ਵਿਚ ਡੀ. ਐਸ. ਪੀ. ਹੈ। ਹਰਮਨਪ੍ਰੀਤ ਸਿੰਘ ਤੇ ਵਰੁਣ ਕੁਮਾਰ ਭਾਰਤ ਪੈਟਰੋਲੀਅਮ ਵਿਚ, ਸਿਮਰਨਜੀਤ ਸਿੰਘ, ਦਿਲਪ੍ਰੀਤ ਸਿੰਘ, ਕ੍ਰਿਸ਼ਨ ਕੁਮਾਰ ਪਾਠਕ ਤੇ ਹਾਰਦਿਕ ਸਿੰਘ ਇੰਡੀਅਨ ਆਇਲ ਦਿੱਲੀ ਵਿਚ, ਗੁਰਜੰਟ ਸਿੰਘ ਤੇ ਮਨਦੀਪ ਸਿੰਘ ਓ. ਐਨ. ਜੀ. ਦੇਹਰਾਦੂਨ, ਰੁਪਿੰਦਰਪਾਲ ਸਿੰਘ ਇੰਡੀਅਨ ਓਵਰਸੀਜ਼ ਬੈਂਕ ਚੇਨੱਈ, ਸ਼ਮਸ਼ੇਰ ਸਿੰਘ ਪੰਜਾਬ ਨੈਸ਼ਨਲ ਬੈਂਕ ਦਿੱਲੀ, ਗੁਰਜੀਤ ਕੌਰ ਰੇਲਵੇ, ਤੇਜਿੰਦਰਪਾਲ ਸਿੰਘ ਤੂਰ ਨੇਵੀ, ਕਮਲਪ੍ਰੀਤ ਕੌਰ ਰੇਲਵੇ ਤੇ ਗੁਰਪ੍ਰੀਤ ਸਿੰਘ ਫੌਜ ਵਿਚ ਨੌਕਰੀ ਕਰਦੇ ਹਨ। ਸਿਮਰ ਚਕਰ ਨੂੰ ਅਜੇ ਤਕ ਕਿਤੇ ਵੀ ਨੌਕਰੀ ਨਹੀਂ ਮਿਲੀ, ਜਦ ਕਿ ਓਲੰਪਿਕ ਖੇਡਾਂ ਲਈ ਕੁਆਲੀਫਾਈ ਕਰਨਾ ਖੇਡ ਖੇਤਰ ਵਿਚ ਬੜੀ ਵੱਡੀ ਪ੍ਰਾਪਤੀ ਮੰਨੀ ਜਾਂਦੀ ਹੈ।

ਹਾਕੀ ਦੇ ਮੈਚ 24 ਜੁਲਾਈ ਤੋਂ ਸ਼ੁਰੂ ਹੋ ਜਾਣਗੇ, ਜੋ 6 ਅਗਸਤ ਤਕ ਚੱਲਣਗੇ। ਭਾਰਤ ਦਾ ਪਹਿਲਾ ਮੈਚ 24 ਜੁਲਾਈ ਨੂੰ ਨੀਦਰਲੈਂਡ, ਦੂਜਾ 25 ਨੂੰ ਆਸਟ੍ਰੇਲੀਆ, ਤੀਜਾ 27 ਨੂੰ ਸਪੇਨ, ਚੌਥਾ 29 ਨੂੰ ਅਰਜਨਟੀਨਾ ਤੇ ਪੰਜਵਾਂ 30 ਜੁਲਾਈ ਨੂੰ ਜਪਾਨ ਵਿਰੁਧ ਖੇਡਿਆ ਜਾਵੇਗਾ। ਫਿਰ ਕੁਆਟਰ ਫਾਈਨਲ, ਸੈਮੀ ਫਾਈਨਲ ਤੇ ਫਾਈਨਲ ਮੈਚ ਹੋਣਗੇ। ਐਤਕੀਂ ਪਾਕਿਸਤਾਨ ਦੀ ਹਾਕੀ ਟੀਮ ਓਲੰਪਿਕ ਲਈ ਕੁਆਲੀਫਾਈ ਨਹੀਂ ਕਰ ਸਕੀ। ਹਾਕੀ ਦੇ 'ਗੋਲ ਕਿੰਗ' ਕਹੇ ਜਾਂਦੇ ਪਾਕਿਸਤਾਨ ਦੇ ਵੈਟਰਨ ਖਿਡਾਰੀ ਹਸਨ ਸਰਦਾਰ ਨੇ ਕਿਹਾ ਹੈ ਕਿ ਮੈਂ ਭਾਰਤੀ ਹਾਕੀ ਟੀਮ ਨੂੰ ਬੈਕਅੱਪ ਕਰਾਂਗਾ। ਭਾਰਤੀ ਹਾਕੀ ਦੀ ਜਿੱਤ ਮੈਨੂੰ ਆਪਣੀ ਜਿੱਤ ਮਹਿਸੂਸ ਹੋਵੇਗੀ। ਕਦੇ ਅਸੀਂ ਇਕ ਸਾਂ ਤੇ ਹੁਣ ਗੁਆਂਢੀ ਹਾਂ। ਖਿਡਾਰੀਆਂ ਦੀਆਂ ਅਜਿਹੀਆਂ ਭਾਵਨਾਵਾਂ ਦੀ ਕਦਰ ਕਰਨੀ ਬਣਦੀ ਹੈ, ਜਿਸ ਨਾਲ ਗੁਆਂਢੀ ਮੁਲਕਾਂ ਦੇ ਸਬੰਧ ਸੁਖਾਵੇਂ ਹੋਣ। ਟੋਕੀਓ ਓਲੰਪਿਕਸ ਦਾ ਉਦੇਸ਼ ਹੈ, 'ਯੂਨਿਟੀ ਇਨ ਇਮੋਸ਼ਨ।'

1981 ਵਿਚ ਮੈਂ 'ਪੰਜਾਬੀ ਟ੍ਰਿਬਿਊਨ' ਵੱਲੋਂ ਬੰਬਈ ਦਾ ਵਰਲਡ ਹਾਕੀ ਕੱਪ ਕਵਰ ਕਰਨ ਗਿਆ ਤਾਂ ਭਾਰਤੀ ਟੀਮ ਕੁਆਟਰ ਫਾਈਨਲ ਵਿਚ ਹਾਰ ਗਈ। ਲਾਹੌਰੀਏ ਭਾਊ ਜਿਹੜੇ ਰੋਜ਼ ਹੱਸ ਹੱਸ ਮਿਲਦੇ ਸਨ, ਉੱਦਣ ਉਹ ਵੀ ਉਦਾਸ ਦਿਸੇ। ਅਸੀਂ ਤਾਂ ਖੈਰ ਉਦਾਸ ਹੋਣਾ ਹੀ ਸੀ। ਮੈਂ ਲਾਹੌਰੀਆਂ ਤੋਂ ਪੁੱਛਿਆ, "ਭਾਊ, ਹਾਰੇ ਅਸੀਂ, ਤੁਸੀਂ ਕਿਉਂ ਉਦਾਸ ਓਂ?" ਉਨ੍ਹਾਂ ਜਵਾਬ ਦਿੱਤਾ, "ਭਾਅ ਧਾਡੀ ਟੀਮ ਤਕੜੀ ਸੀ, ਪਰ ਕਿਸਮਤ ਦਗਾ ਦੇ ਗਈ। ਅਹੀਂ ਤਾਂ ਲਾਹੌਰੋਂ ਆਏ ਈ ਇੰਡੀਆ ਤੇ ਪਾਕਿਸਤਾਨ ਦਾ ਫਾਈਨਲ ਮੈਚ ਵੇਖਣ ਸਾਂ। ਹੁਣ ਤੇ ਫਾਈਨਲ ਦਾ ਕੋਈ ਸੁਆਦ ਈ ਨਹੀਂ ਆਉਣਾ।"

ਮੈਂ ਮਨ 'ਚ ਕਿਹਾ, "ਸ਼ਰੀਕ ਦਾ ਰਿਸ਼ਤਾ ਵੀ ਕਿਆ ਰਿਸ਼ਤਾ ਐ! ਮੋਹ ਵੀ ਪੁੱਜ ਕੇ ਤੇ ਵੈਰ ਵੀ ਪੁੱਜ ਕੇ!

ਭਾਰਤ ਦੇ ਆਜ਼ਾਦ ਹੋਣ ਪਿੱਛੋਂ ਜਿੰਨੀਆਂ ਵੀ ਓਲੰਪਿਕ ਖੇਡਾਂ ਹੋਈਆਂ, ਮੇਰੀ ਸੁਰਤ 'ਚ ਹੋਈਆਂ। 1948 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ ਸਮੇਂ ਮੈਂ ਅੱਠ ਸਾਲ ਦਾ ਸਾਂ। ਭਾਰਤ ਵੱਲੋਂ ਹਰ ਵਾਰ ਹੀ ਚੋਖੇ ਮੈਡਲ ਜਿੱਤਣ ਦੀ ਆਸ ਰੱਖੀ ਜਾਂਦੀ ਰਹੀ, ਪਰ ਖੀਸੇ ਖਾਲੀ ਹੀ ਰਹੇ। ਕਈ ਵਾਰ ਤਾਂ ਇਕ ਮੈਡਲ ਵੀ ਨਾ ਜਿੱਤ ਹੋਇਆ। 2016 ਵਿਚ ਰੀਓ ਦੀਆਂ ਓਲੰਪਿਕ ਖੇਡਾਂ ਵਿਚ ਭਾਰਤ ਦੇ 117 ਖਿਡਾਰੀ ਗਏ ਸਨ। ਆਸ ਸੀ ਦਰਜਨ ਕੁ ਮੈਡਲ ਤਾਂ ਜਿੱਤਣਗੇ ਹੀ, ਪਰ ਦੇਸ਼ ਦੀ ਸਵਾ ਸੌ ਕਰੋੜ ਆਬਾਦੀ ਹੁੰਦਿਆਂ ਰੀਓ ਓਲੰਪਿਕਸ ਤੋਂ ਮੈਡਲ ਸਿਰਫ ਦੋ ਮਿਲੇ ਸਨ। ਇਕ ਸਿਲਵਰ ਤੇ ਇਕ ਬਰਾਂਜ਼। ਉਂਜ 'ਭਾਰਤ ਮਹਾਨ' ਦੇ ਵਿਸ਼ੇਸ਼ਣਾਂ ਨਾਲ ਭਾਰਤ ਦੀਆਂ ਪਾਠ ਪੁਸਤਕਾਂ ਭਰੀਆਂ ਪਈਆਂ ਹਨ!

ਅਮਰੀਕਾ ਦੇ ਇਕੋ ਤੈਰਾਕ ਮਾਈਕਲ ਫੈਲਪਸ ਨੇ 28 ਮੈਡਲ ਜਿੱਤੇ ਹਨ ਜਦ ਕਿ ਭਾਰਤ ਦੇ ਸਾਰੇ ਖਿਡਾਰੀ ਸਾਰੀਆਂ ਓਲੰਪਿਕ ਖੇਡਾਂ 'ਚੋਂ ਹੁਣ ਤਕ ਮਸੀਂ 28 ਮੈਡਲ ਜਿੱਤ ਸਕੇ ਹਨ। ਜੇ ਅਮਰੀਕਾ ਦੇ ਜਿੱਤੇ ਕੁਲ ਮੈਡਲਾਂ ਦੀ ਗਿਣਤੀ ਕਰਨੀ ਹੋਵੇ ਤਾਂ 2520 ਹੋ ਚੁੱਕੀ ਹੈ। ਸੁਆਲ ਹੈ ਜੇ ਮਾਈਕਲ ਫੈਲਪਸ ਭਾਰਤ ਵਿਚ ਜੰਮਿਆ ਹੁੰਦਾ ਤਾਂ ਕੀ ਹੁੰਦਾ? ਜਵਾਬ ਹੈ ਜਾਂ ਭਾਰਤ ਦੇ 28+28=56 ਮੈਡਲ ਹੋ ਜਾਂਦੇ ਜਾਂ ਭਾਰਤੀ ਅਧਿਕਾਰੀ ਉਹਨੂੰ ਵੀ ਲੈ ਬਹਿੰਦੇ! ਜਿਹੜੇ ਭਾਰਤੀ ਅਧਿਕਾਰੀ ਮੈਰਾਥਨ ਲਾ ਰਹੀ ਤਿਹਾਈ ਭਾਰਤੀ ਕੁੜੀ ਨੂੰ ਮੌਕੇ 'ਤੇ ਪਾਣੀ ਵੀ ਨਹੀਂ ਪੁਚਾ ਸਕੇ, ਉਨ੍ਹਾਂ ਨੇ ਮਾਈਕਲ ਫੈਲਪਸ ਨਾਲ ਕਿਹੜਾ ਘੱਟ ਕਰਨੀ ਸੀ?

ਏਸ਼ੀਆ ਦੇ ਦੇਸ਼ ਚੀਨ ਤੇ ਕੋਰੀਆ 1951 ਦੀਆਂ ਪਹਿਲੀਆਂ ਏਸ਼ਿਆਈ ਖੇਡਾਂ ਸਮੇਂ ਭਾਰਤ ਤੋਂ ਪਿੱਛੇ ਸਨ, ਪਰ ਹੁਣ ਕਿਤੇ ਅੱਗੇ ਹਨ। ਜਪਾਨ ਬਰਾਬਰੀ 'ਤੇ ਸੀ, ਜੋ ਕਿਤੇ ਅੱਗੇ ਨਿਕਲ ਗਿਐ। ਇਹ ਭਾਰਤ ਹੀ ਹੈ, ਜੋ ਅੱਗੇ ਵਧਦਾ ਪਿੱਛੇ ਮੁੜਿਆ। ਭਾਰਤ ਨੇ ਬੀਜਿੰਗ-2008 ਤੋਂ 3 ਮੈਡਲ ਜਿੱਤੇ ਸਨ, ਲੰਡਨ-2012 ਤੋਂ 6 ਪਰ ਰੀਓ-2016 ਤੋਂ ਸਿਰਫ 2 ਹੀ ਜਿੱਤ ਸਕਿਆ। ਬ੍ਰਿਟਿਸ਼ ਇੰਡੀਆ ਤੇ ਆਜ਼ਾਦ ਭਾਰਤ ਨੇ ਓਲੰਪਿਕ ਖੇਡਾਂ 'ਚੋਂ ਹੁਣ ਤਕ 9 ਗੋਲਡ, 7 ਸਿਲਵਰ ਤੇ 12 ਬਰਾਂਜ਼ ਮੈਡਲ ਜਿੱਤੇ ਹਨ। ਗੋਲਡ ਮੈਡਲਾਂ ਵਿਚ 8 ਹਾਕੀ ਦੇ ਹਨ ਤੇ ਇਕ ਸ਼ੂਟਿੰਗ ਦਾ।

ਓਲੰਪਿਕ ਖੇਡਾਂ ਦੇ ਆਪਸ ਵਿਚ ਪਰੋਏ ਪੰਜ ਚੱਕਰ ਪੰਜਾਂ ਮਹਾਂਦੀਪਾਂ ਦੀ ਨੁਮਾਇੰਦਗੀ ਕਰਦੇ ਹਨ। ਬੀਜਿੰਗ ਦੀਆਂ ਖੇਡਾਂ ਵਿਚ 43 ਵਿਸ਼ਵ ਰਿਕਾਰਡ ਟੁੱਟੇ ਸਨ ਤੇ ਲੰਡਨ ਵਿਚ 30 ਟੁੱਟੇ। ਰੀਓ ਵਿਚ 65 ਓਲੰਪਿਕ ਤੇ 19 ਵਰਲਡ ਰਿਕਾਰਡ ਟੁੱਟੇ। ਮਿਲਖਾ ਸਿੰਘ ਨੇ ਰੋਮ 'ਚ 400 ਮੀਟਰ ਦੀ ਦੌੜ 45.6 ਸੈਕੰਡ ਵਿਚ ਲਾਈ ਸੀ। ਰੀਓ 'ਚ ਦੱਖਣੀ ਅਫਰੀਕਾ ਦਾ ਦੌੜਾਕ ਵਾਨ ਇਹ ਦੌੜ 43.03 ਸੈਕੰਡ ਵਿਚ ਲਾ ਕੇ 43 ਸੈਕੰਡ ਦੀ ਹੱਦ ਤੋੜਨ ਦੇ ਨੇੜੇ ਪਹੁੰਚ ਗਿਐ! ਚੀਨ ਦਾ ਲੌਂਗ ਕਿੰਗ 56 ਕਿਲੋ ਵਜ਼ਨ ਵਿਚ 307 ਕਿਲੋਗਰਾਮ ਭਾਰ ਚੁੱਕਣ ਦਾ ਵਿਸ਼ਵ ਰਿਕਾਰਡ ਰੱਖ ਗਿਐ! ਮਨੁੱਖ ਦਿਨੋ ਦਿਨ ਹੋਰ ਤਕੜਾ ਤੇ ਜੁਗਤੀ ਹੋ ਰਿਹੈ, ਜਿਸ ਕਰਕੇ ਕੋਈ ਵੀ ਰਿਕਾਰਡ ਸਦੀਵੀ ਨਹੀਂ। ਹਰੇਕ ਓਲੰਪਿਕਸ ਵਿਚ ਨਵੇਂ ਤੋਂ ਨਵੇਂ ਰਿਕਾਰਡ ਹੁੰਦੇ ਹਨ। ਓਲੰਪਿਕ ਖੇਡਾਂ ਦਾ ਮਾਟੋ ਹੀ ਹੈ: ਹੋਰ ਤੇਜ਼, ਹੋਰ ਉੱਚਾ, ਹੋਰ ਅੱਗੇ! ਵੇਖਾਂਗੇ ਕੋਵਿਡ ਦੇ ਕਹਿਰ ਵਿਚ ਹੋ ਰਹੀਆਂ ਟੋਕੀਓ ਦੀਆਂ ਓਲੰਪਿਕ ਖੇਡਾਂ ਵਿਚ ਕਿੰਨੇ ਰਿਕਾਰਡ ਟੁੱਟਣਗੇ ਤੇ ਭਾਰਤ ਐਤਕੀਂ ਕਿੰਨੇ ਮੈਡਲ ਜਿੱਤੇਗਾ? ਉਨ੍ਹਾਂ ਵਿਚ ਕਿੰਨੇ ਪੰਜਾਬੀ ਹੋਣਗੇ ਤੇ ਕਿੰਨੇ ਹਰਿਆਣਵੀ? ਤੇ ਉਸ ਪਿੱਛੋਂ ਪੰਜਾਬ ਸਰਕਾਰ ਪੰਜਾਬ ਦੀ ਜੁਆਨੀ ਦਾ ਕੀ ਕਰੇਗੀ?

# ਹੌਬੀ ਧਾਲੀਵਾਲ ਦਾ ਬੇਟਾ ਜੈ ਪਾਲ ਸਿੰਘ ਧਾਲੀਵਾਲ ਬਾਲੀਵੁੱਡ 'ਚ

ਦਮਦਾਰ ਤੇ ਰੋਹਬਦਾਰ ਅਦਾਕਾਰੀ ਨਾਲ ਪੰਜਾਬੀ ਪਰਦੇ 'ਤੇ ਇਕ ਖਾਸ ਪਹਿਚਾਣ ਸਥਾਪਤ ਕਰਨ ਵਾਲੇ ਹੌਬੀ ਧਾਲੀਵਾਲ ਦਰਸ਼ਕਾਂ ਦੇ ਚਹੇਤੇ ਅਦਾਕਾਰ ਹਨ। ਬਾਲੀਵੁੱਡ ਤਰਜ਼ 'ਤੇ ਪੰਜਾਬੀ ਫਿਲਮਾਂ ਦੇ ਇਸ ਸਿਰਮੌਰ ਅਦਾਕਾਰ ਦਾ ਬੇਟਾ ਜੈ ਪਾਲ ਸਿੰਘ ਧਾਲੀਵਾਲ ਹੁਣ ਬਾਲੀਵੁੱਡ ਪਰਦੇ 'ਤੇ ਨਜ਼ਰ ਆਵੇਗਾ। ਦਿੱਵਿਆ ਫਿਲਮਜ਼ ਇੰਟਰਟੇਨਮੈਂਟ ਬੈਨਰ ਹੇਠ ਨਿਰਮਾਤਾ ਸਿਮਰਨ ਸੰਧੂ ਅਤੇ ਵਿਕਰਮ ਸੰਧੂ ਵਲੋਂ ਨਿਰਦੇਸ਼ਤ ਹਿੰਦੀ ਫਿਲਮ 'ਸੀਜ਼ਰ ਦਾ ਕੈਚੀ' ਵਿਚ ਉਸ ਦੀ ਅਹਿਮ ਭੂਮਿਕਾ ਹੈ। ਇਹ ਫਿਲਮ ਹਾਰਰ ਕਾਮੇਡੀ ਫਿਲਮ ਹੈ, ਜੋ ਦਰਸ਼ਕਾਂ ਦਾ ਡਰਾਵਣੇ ਰੂਪ ਦੀ ਕਾਮੇਡੀ ਨਾਲ ਮਨੋਰੰਜਨ ਕਰੇਗੀ। ਫਿਲਮ ਦੀ ਕਹਾਣੀ ਵਿਕਰਮ ਸੰਧੂ ਨੇ ਲਿਖੀ ਹੈ ਤੇ ਸਕਰੀਨ ਪਲੇਅ ਤੇ ਡਾਇਲਾਗ ਨੀਰਜ ਸ਼ਰਮਾ ਨੇ ਲਿਖੇ ਹਨ।



ਫਿਲਮ ਬਾਰੇ ਗੱਲ ਕਰਦਿਆਂ ਜੈ ਪਾਲ ਸਿੰਘ ਧਾਲੀਵਾਲ ਨੇ ਕਿਹਾ ਕਿ ਇਹ ਫਿਲਮ ਹਿੰਦੀ ਭਾਸ਼ਾ ਵਿਚ ਹੈ, ਜੋ ਸਮਾਜ ਨੂੰ ਵਹਿਮਾਂ-ਭਰਮਾਂ ਪ੍ਰਤੀ ਜਾਗਰੂਕ ਕਰਦੀ ਇਕ ਪਰਿਵਾਰਕ ਕਹਾਣੀ ਆਧਾਰਿਤ ਹੈ। ਇੱਕ ਹੋਰ ਗੱਲ ਕਿ ਸੁਰਾਂ ਦੇ ਸਿਕੰਦਰ ਮਰਹੂਮ ਫਨਕਾਰ ਸਰਦੂਲ ਸਿਕੰਦਰ ਦੇ ਬੇਟੇ ਵੀ ਇਸ ਫਿਲਮ ਦਾ ਹਿੱਸਾ ਬਣਨ ਜਾ ਰਹੇ ਹਨ। ਇਸ ਫਿਲਮ ਦੇ ਨਿਰਮਾਤਾ ਸਿਮਰਨ ਸੰਧੂ ਅਤੇ ਵਿਕਰਮ ਸੰਧੂ ਹਨ।

ਹੌਬੀ ਧਾਲੀਵਾਲ ਦਾ ਕਹਿਣਾ ਹੈ ਕਿ ਬੇਟਾ ਜੈ ਪਾਲ ਸਿੰਘ ਧਾਲੀਵਾਲ ਕਲਾ ਦੇ ਖੇਤਰ ਵਿਚ ਪੂਰੀ ਤਿਆਰੀ ਨਾਲ ਆ ਰਿਹਾ ਹੈ। ਅਦਾਕਾਰੀ ਨਾਲ ਉਸ ਦਾ ਸ਼ੁਰੂ ਤੋਂ ਹੀ ਮੋਹ ਰਿਹਾ ਹੈ। ਉਸ ਨੇ ਬਹੁਤ ਮਿਹਨਤ ਅਤੇ ਲਗਨ ਨਾਲ ਅਦਾਕਾਰੀ ਦਾ ਰਾਹ ਚੁਣਿਆ ਹੈ। ਮੈਨੂੰ ਪੂਰੀ ਉਮੀਦ ਹੈ ਕਿ ਦਰਸ਼ਕ ਉਸ ਦਾ ਹੌਸਲਾ ਵਧਾਉਣਗੇ।

*-ਸੁਰਜੀਤ ਜੱਸਲ*
*ਫੋਨ: 91-98146-07737*

# ਬੁਲੰਦ ਆਵਾਜ਼ ਅਤੇ ਸੁਰ ਦਾ ਧਨੀ-ਤਾਰਾ ਮੁਲਤਾਨੀ

*ਗਾਇਕ ਅਵਤਾਰ ਸਿੰਘ (ਤਾਰਾ ਮੁਲਤਾਨੀ) ਲੰਘੀ 6 ਜੁਲਾਈ ਨੂੰ ਇਕ ਹਾਦਸੇ ਵਿਚ ਸਦੀਵੀ ਵਿਛੋੜਾ ਦੇ ਗਿਆ। ਉਸ ਨੇ ਮਿਡਵੈਸਟ (ਅਮਰੀਕਾ) ਦੇ ਕਰੀਬ ਸਾਰੇ ਸੱਭਿਆਚਾਰਕ ਮੇਲਿਆਂ ਵਿਚ ਆਪਣੀ ਗਾਇਕੀ ਰਾਹੀਂ ਦਰਸ਼ਕਾਂ/ਸਰੋਤਿਆਂ ਦੇ ਮਨ ਹੋਏ ਹਨ। ਉਹ ਅਖਬਾਰ ਪੰਜਾਬ ਟਾਈਮਜ਼ ਦੇ ਸਾਲਾਨਾ ਪ੍ਰੋਗਰਾਮ 'ਪੰਜਾਬ ਟਾਈਮਜ਼ ਨਾਈਟ' ਮੌਕੇ ਵੀ ਆਪਣੀ ਗਾਇਕੀ ਰਾਹੀਂ ਸਰੋਤਿਆਂ ਦਾ ਮਨ ਜਿੱਤਦਾ ਰਿਹਾ। ਹਥਲਾ ਲੇਖ 'ਪੰਜਾਬ ਟਾਈਮਜ਼' ਦੇ 18 ਮਾਰਚ 2017 ਦੇ ਅੰਕ ਵਿਚ ਪ੍ਰਕਾਸ਼ਿਤ ਹੋਇਆ ਸੀ, ਜੋ ਤਾਰਾ ਮੁਲਤਾਨੀ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਵਜੋਂ ਹੂਬਹੂ ਛਾਪ ਰਹੇ ਹਾਂ।*

"ਮੈਂ ਸਾਫ ਸੁਥਰੀ ਗਾਇਕੀ ਦਾ ਹਾਮੀ ਹਾਂ। ਲਚਰਤਾ ਤੋਂ ਦੂਰ, ਨਵੀਂ ਸੇਧ ਦੇਣ ਵਾਲੇ ਮਿਆਰੀ ਗੀਤ ਗਾਉਣੇ ਹੀ ਚੰਗੇ ਲਗਦੇ ਹਨ।" ਇਹ ਵਿਚਾਰ ਸ਼ਿਕਾਗੋ ਵਸਦੇ ਲੋਕ ਗਾਇਕ ਤਾਰਾ ਮੁਲਤਾਨੀ ਨੇ ਇਕ ਮੁਲਾਕਾਤ ਦੌਰਾਨ ਸਾਂਝੇ ਕੀਤੇ। ਇਥੇ ਦੱਸਣਯੋਗ ਹੈ ਕਿ ਤਾਰਾ ਮੁਲਤਾਨੀ ਨੇ ਮਿਡਵੈਸਟ (ਅਮਰੀਕਾ) ਦੇ ਕਰੀਬ ਸਾਰੇ ਸੱਭਿਆਚਾਰਕ ਮੇਲਿਆਂ ਵਿਚ ਹਾਜ਼ਰੀ ਭਰ ਕੇ ਆਪਣੀ ਗਾਇਕੀ ਦਾ ਲੋਹਾ ਮੰਨਵਾਇਆ ਹੈ। ਪ੍ਰਤਿਭਾਸ਼ਾਲੀ ਗਾਇਕ ਤਾਰਾ ਆਪਣੀ ਸੁਰੀਲੀ ਤੇ ਬੁਲੰਦ ਆਵਾਜ਼ ਨਾਲ

**ਸੁਰਿੰਦਰ ਸਿੰਘ ਭਾਟੀਆ**
ਫੋਨ: 224-829-1437

ਦਰਸ਼ਕਾਂ ਦੇ ਦਿਲਾਂ 'ਤੇ ਗਹਿਰੀ ਛਾਪ ਛੱਡ ਜਾਂਦਾ ਹੈ। ਉਹ ਵਧੀਆ ਗਾਇਕ ਦੇ ਨਾਲ ਨਾਲ ਇਕ ਵਧੀਆ ਇਨਸਾਨ ਵੀ ਹੈ ਤੇ ਆਪਣੇ ਮਿਲਾਪੜੇ ਸੁਭਾਅ ਨਾਲ ਸਾਰਿਆਂ ਦਾ ਮਨ ਮੋਹ ਲੈਂਦਾ ਹੈ।

ਤਾਰੇ ਮੁਲਤਾਨੀ ਦਾ ਜਨਮ ਜਿਲਾ ਕਪੂਰਥਲਾ ਦੇ ਪਿੰਡ ਹਬੀਬਵਾਲ ਵਿਚ ਪਿਤਾ ਮੁਖਤਿਆਰ ਸਿੰਘ ਦੇ ਘਰ ਮਾਤਾ ਨਰਿੰਦਰ ਕੌਰ ਦੀ ਕੁੱਖੋਂ 1982 ਵਿਚ ਹੋਇਆ। ਉਸ ਨੇ ਆਪਣੀ ਪੜ੍ਹਾਈ ਗੌਰਮਿੰਟ ਇੰਸਟੀਚਿਊਟ ਇਬਰਾਮਵਲ ਤੋਂ ਕੀਤੀ। ਗਾਉਣ ਦੀ ਚੇਟਕ ਉਸ ਨੂੰ ਸਕੂਲ ਸਮੇਂ ਤੋਂ ਹੀ ਲੱਗ ਗਈ ਸੀ ਅਤੇ ਪੜ੍ਹਾਈ ਦੌਰਾਨ ਛੋਟੀ ਉਮਰੇ ਹੀ ਸੱਭਿਆਚਾਰਕ ਤੇ ਸਮਾਜਕ ਸਮਾਗਮਾਂ ਵਿਚ ਗਾਇਕੀ ਰਾਹੀਂ ਚੰਗਾ ਜਸ ਖਟਿਆ। ਸਕੂਲ-ਕਾਲਜ ਦੇ ਸਮਾਗਮਾਂ ਤੇ ਹੋਰ ਜਿਲਾ ਪੱਧਰੀ ਸਮਾਗਮਾਂ ਵਿਚ ਆਪਣੀ ਸੁਰੀਲੀ ਗਾਇਕੀ ਸਦਕਾ ਕਈ ਇਨਾਮ ਹਾਸਿਲ ਕੀਤੇ।

ਕੀ ਗਾਇਕੀ ਵਿਚ ਤੁਹਾਡਾ ਸ਼ੁਰੂ ਤੋਂ ਹੀ ਰੁਝਾਨ ਸੀ? ਇਹ ਪੁਛੇ ਜਾਣ 'ਤੇ ਤਾਰਾ ਮੁਲਤਾਨੀ ਨੇ ਗਾਇਕੀ ਦੇ ਆਪਣੇ ਸਫਰ ਬਾਰੇ ਦਸਿਆ ਕਿ ਸਕੂਲ ਵਿਚ ਨੌਵੀਂ ਜਮਾਤ ਵਿਚ ਪੜ੍ਹਦਿਆਂ ਵਿਹਲੇ ਸਮੇਂ ਦੋਸਤ-ਮਿੱਤਰ ਇੱਕਠੇ ਹੁੰਦੇ ਤਾਂ ਮੈਂ ਲਾਲ ਚੰਦ ਯਮਲਾ ਜੱਟ ਦਾ ਗੀਤ 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ' ਗਾਉਂਦਾ ਤੇ ਭਰਵੀਂ ਦਾਦ ਮਿਲਦੀ। ਸਕੂਲ ਦੇ ਸਮਾਗਮਾਂ ਵਿਚ ਜ਼ਿਆਦਾਤਰ ਯਮਲਾ ਜੱਟ ਤੇ ਗੁਰਦਾਸ ਮਾਨ ਦੇ ਗੀਤ ਗਾਉਂਦਾ। ਮੈਂ ਗੁਰਦਾਸ ਮਾਨ ਦੇ ਗੀਤਾਂ ਤੋਂ ਬਹੁਤ ਪ੍ਰਭਾਵਿਤ ਸੀ ਤੇ ਅਜੇ ਵੀ ਹਾਂ। ਪੜ੍ਹਾਈ ਦੇ ਨਾਲ ਨਾਲ ਗਾਇਕੀ ਵੀ ਚਲਦੀ ਰਹੀ।

ਤਾਰੇ ਨੇ ਦੱਸਿਆ ਕਿ ਇਕ ਵਾਰੀ ਸਕੂਲ ਦੇ 26 ਜਨਵਰੀ ਦੇ ਪ੍ਰੋਗਰਾਮ ਵਿਚ ਉਸ ਨੇ ਯਮਲੇ ਜੱਟ ਦੇ ਕਈ ਗੀਤ ਪੇਸ਼ ਕੀਤੇ। ਆਵਾਜ਼ ਸੁਣ ਕੇ ਸਕੂਲ ਦੇ ਪ੍ਰਿੰਸੀਪਲ ਮਲਕੀਅਤ ਸਿੰਘ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਦੀ ਹੌਸਲਾ ਅਫਜ਼ਾਈ ਨਾਲ ਸਕੂਲਾਂ-ਕਾਲਜਾਂ ਤੇ ਹੋਰ ਜਿਲਾ ਪੱਧਰੀ ਸਮਾਗਮਾਂ ਵਿਚ ਹਿੱਸਾ ਲਿਆ ਤੇ ਤਕਰੀਬਨ ਸਾਰੇ ਹੀ ਪ੍ਰੋਗਰਾਮਾਂ ਵਿਚ ਪਹਿਲੇ ਨੰਬਰ 'ਤੇ ਰਿਹਾ। ਉਦੋਂ ਬਹੁਤਾ ਯਮਲੇ ਜੱਟ ਤੇ ਗੁਰਦਾਸ ਮਾਨ ਦੇ ਗੀਤ ਹੀ ਗਾਉਂਦਾ।

ਗਾਇਕੀ ਦੇ ਸਫਰ ਦੀ ਗੱਲ ਨੂੰ ਅਗੇ ਤੋਰਦਿਆਂ ਤਾਰੇ ਨੇ ਦੱਸਿਆ ਕਿ ਉਨ੍ਹਾਂ ਦੇ ਗੁਆਂਢ ਇਕ ਢੋਲਕ ਮਾਸਟਰ ਵਜਿੰਦਰ ਸਿੰਘ ਮੱਟੀ ਤੇ ਕੀ-ਬੋਰਡ ਮਾਸਟਰ ਮਦਨ ਕੰਡਿਆਲੀ ਅਕਸਰ ਸਥਾਨਕ ਗਾਇਕਾਂ ਨਾਲ ਅਭਿਆਸ ਕਰਦੇ। ਜਦੋਂ ਉਨ੍ਹਾਂ ਦੇ ਰਿਆਜ਼ ਦੀ ਆਵਾਜ਼ ਕੰਨੀ ਪੈਂਦੀ ਤਾਂ ਮਨ ਵਿਚ ਸੰਗੀਤਕ ਤਰੰਗਾਂ ਉਠਣ ਲਗਦੀਆਂ, ਗੀਤ ਦੇ ਬੋਲ ਬੁੱਲਾਂ 'ਤੇ ਥਿਰਕਣ ਲੱਗਦੇ, ਕਦਮ ਆਪ ਮੁਹਾਰੇ ਉਸ ਚੁਬਾਰੇ ਵਲ ਵੱਧ ਜਾਂਦੇ ਤੇ ਸ਼ੁਰੂ ਹੋ ਜਾਂਦੀ ਮੈਰਾਥਨ ਦੌੜ ਵਰਗੀ ਲੰਬੀ ਸੰਗੀਤਕ ਮਹਿਫਿਲ। ਸਮਾਂ ਕਦੋਂ ਸਵੇਰ ਤੋਂ ਸ਼ਾਮ ਵਿਚ ਬਦਲ ਜਾਂਦਾ, ਪਤਾ ਹੀ ਨਾ ਲਗਦਾ। ਉਦੋਂ ਸੰਗੀਤ ਦਾ ਸਿਰ 'ਤੇ ਇੰਨਾ ਜਨੂੰਨ ਸਵਾਰ ਸੀ ਕਿ ਇਨ੍ਹਾਂ ਸਾਥੀਆਂ ਨਾਲ ਮਿਲ ਕੇ ਇਕ ਮਿਊਜ਼ਿਕ ਗਰੁਪ ਬਣਾ ਲਿਆ ਤੇ ਸੱਭਿਆਚਾਰਕ ਪ੍ਰੋਗਰਾਮ ਦੇਣੇ ਅਰੰਭ ਦਿਤੇ। ਇਥੇ ਹੀ ਅਧਿਆਪਕ ਰਾਜਿੰਦਰ ਜੀ ਕੋਲੋਂ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ।

ਗਾਇਕੀ ਦੇ ਅਗਲੇ ਮੁਕਾਮ...! ਦੇ ਜਵਾਬ ਵਿਚ ਤਾਰੇ ਨੇ ਭਾਵੁਕ ਹੁੰਦਿਆਂ ਦੱਸਿਆ, "ਜ਼ਿੰਦਗੀ ਵਿਚ ਸਾਰਾ ਸਮਾਂ ਇਕੋ ਜਿਹਾ ਨਹੀਂ ਹੁੰਦਾ। 2005-2006 ਵਿਚ ਪਿਤਾ ਜੀ ਬਿਮਾਰ ਹੋ ਗਏ। ਉਨ੍ਹਾਂ ਨੂੰ ਅਧਰੰਗ ਹੋ ਗਿਆ ਤੇ ਕੁਝ ਸਮੇਂ ਬਾਅਦ ਮਾਤਾ ਜੀ ਵੀ ਗੰਭੀਰ ਬਿਮਾਰ ਹੋ ਗਏ। ਮਾਤਾ-ਪਿਤਾ ਪ੍ਰਤੀ ਆਪਣਾ ਫਰਜ਼ ਸਮਝਦਿਆਂ ਉਨ੍ਹਾਂ ਦੀ ਸੇਵਾ ਵਿਚ ਜੁਟ ਗਿਆ। ਸੰਗੀਤ ਪਿਛੇ ਰਹਿ ਗਿਆ।" ਮਾਂ-ਪਿਓ ਨੂੰ ਯਾਦ ਕਰਦਿਆਂ ਅੱਖਾਂ ਵਿਚ ਆਏ ਹੰਝੂ ਪੂੰਝਦਿਆਂ ਤਾਰੇ ਨੇ ਦਸਿਆ, "ਬਿਮਾਰ ਮਾਤਾ-ਪਿਤਾ ਦੋਵੇਂ ਚਲਾਣਾ ਕਰ ਗਏ। ਘਰ ਦੇ ਹਾਲਾਤ ਠੀਕ ਨਾ ਹੋਣ ਕਰਕੇ ਗਾਇਕੀ ਨੂੰ ਇਕ ਪੇਸ਼ੇ ਵਜੋਂ ਨਾ ਅਪਨਾ ਸਕਿਆ। ਭਰੇ ਮਨ ਨਾਲ ਕੁਝ ਸਮੇਂ ਲਈ ਗਾਇਕੀ ਨੂੰ ਅਲਵਿਦਾ ਕਹਿਣਾ ਪਿਆ।"

ਆਪਣੀ ਗੱਲ ਜਾਰੀ ਰਖਦਿਆਂ ਤਾਰੇ ਨੇ ਦੱਸਿਆ ਕਿ 2009 ਵਿਚ ਉਹ ਅਮਰੀਕਾ ਆ ਗਿਆ ਅਤੇ ਸ਼ਿਕਾਗੋ ਸੈਟ ਹੋ ਗਿਆ। ਕੁਝ ਸਮਾਂ ਤਾਂ ਪੈਰ ਜਮਾਉਣ ਵਿਚ ਲੰਘ ਗਿਆ। ਅਸਲ



ਵਿਚ ਵਿਦੇਸ਼ ਆ ਕੇ ਵੀ ਗਾਇਕੀ ਪ੍ਰਤੀ ਉਸ ਦੀ ਰੁਚੀ ਘਟੀ ਨਹੀਂ। ਸੰਗੀਤ ਪ੍ਰਤੀ ਜਨੂੰਨ ਨੇ ਫਿਰ ਸਿਰ ਚੁਕ ਲਿਆ। ਜਦ ਕਦੇ ਵੀ ਸੰਗੀਤ ਦੀਆਂ ਧੁਨਾਂ, ਗੀਤਾਂ ਦੀ ਲੈਅ ਸੁਣਦਾ ਤਾਂ ਮਨ ਮਚਲਣ ਲਗਦਾ, ਦਿਲ 'ਚ ਤਰੰਗਾਂ ਉਠਦੀਆਂ ਤੇ ਅੰਦਰ ਦਾ ਗਾਇਕ ਹੁਨਰ ਅੰਗੜਾਈ ਲੈਣ ਲਗਦਾ।

ਉਸ ਦੱਸਿਆ ਕਿ ਸ਼ਿਕਾਗੋ ਦੇ ਨਜ਼ਦੀਕ ਇੰਡੀਅਨਐਪੋਲਿਸ ਵਿਚ ਹੋਏ ਇਕ ਕਬੱਡੀ ਮੇਲੇ 'ਤੇ ਕੁਝ ਗੀਤ ਪੇਸ਼ ਕੀਤੇ। ਦਰਸ਼ਕਾਂ ਤੋਂ ਚੰਗੀ ਵਾਹ ਵਾਹ ਮਿਲੀ। ਯਾਰਾਂ-ਬੇਲੀਆਂ ਨੇ ਹੱਲਾਸ਼ੇਰੀ ਦਿੱਤੀ। ਇਸ ਹੌਸਲਾ ਅਫਜ਼ਾਈ ਨਾਲ ਆਤਮ ਵਿਸ਼ਵਾਸ਼ ਵਧਿਆ। ਮਿਡਵੈਸਟ ਦੇ ਕਬੱਡੀ ਮੇਲਿਆਂ-ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਦੇ 'ਰੰਗਲਾ ਪੰਜਾਬ' ਤੇ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਦੇ ਪ੍ਰੋਗਰਾਮਾਂ ਤੋਂ ਇਲਾਵਾ 'ਐਫ ਆਈ ਏ' ਦੇ ਸਮਾਗਮਾਂ ਵਿਚ ਗਾਉਣ ਦਾ ਮੌਕਾ ਮਿਲਿਆ। ਤਾਰੇ ਨੇ ਦੱਸਿਆ ਕਿ ਹੁਣ ਗਾਇਕੀ ਨੂੰ ਹੋਰ ਨਿਖਾਰਨ ਲਈ ਉਹ ਸ਼ਿੱਦਤ ਨਾਲ ਰਿਆਜ਼ ਵਲ ਧਿਆਨ ਦੇ ਰਿਹਾ ਹੈ।

ਚੁਕਵੀਂ ਕੁਮੈਂਟਰੀ ਤੇ ਸ਼ੇਅਰੋ-ਸ਼ਾਇਰੀ ਨਾਲ ਦਰਸ਼ਕਾਂ ਦਾ ਮਨੋਰੰਜਨ ਤਾਂ ਕਰਦੇ ਹੀ ਹੋ, ਲਿਖਣ ਦਾ ਵੀ ਸ਼ੌਕ ਹੈ? ਇਸ ਸਵਾਲ ਦੇ ਜਵਾਬ ਵਿਚ ਤਾਰੇ ਨੇ ਕਿਹਾ, "ਮੈਂ ਖੁਦ ਵੀ ਲਿਖ ਲੈਂਦਾ ਹਾਂ ਤੇ ਕੁਝ ਸ਼ੇਅਰ ਮੇਰਾ ਜਰਮਨੀ ਰਹਿੰਦਾ ਦੋਸਤ 'ਸ਼ਾਇਰ ਨਿਊਮਤੀ' ਮੈਨੂੰ ਭੇਜ ਦਿੰਦਾ ਹੈ। ਮੈਂ ਮੌਕੇ ਮੁਤਾਬਕ ਵਰਤ ਲੈਂਦਾ ਹਾਂ। ਇਸ ਨਾਲ ਸਰੋਤਿਆਂ ਅਤੇ ਮੇਰੇ ਦਰਮਿਆਨ ਰਾਬਤਾ ਤੇ ਸਾਂਝ ਹੋਰ ਸ਼ਿੱਦਤ ਭਰੇ ਹੋ ਜਾਂਦੇ ਹਨ, ਤੇ ਦਰਸ਼ਕਾਂ ਦਾ ਮਨੋਰੰਜਨ ਵੀ ਹੋ ਜਾਂਦਾ ਹੈ।"

ਤਾਰੇ ਨੇ ਹੋਰ ਦੱਸਿਆ, "ਅਕਸਰ ਮੇਰੇ ਪ੍ਰਸ਼ੰਸਕ ਕਹਿੰਦੇ ਹਨ ਕਿ ਉਸ ਦੀ ਆਵਾਜ਼ ਕਮਲ ਹੀਰ ਨਾਲ ਮਿਲਦੀ ਹੈ ਤੇ ਸਟੇਜ 'ਤੇ ਪੇਸ਼ਕਾਰੀ ਨਛੱਤਰ ਗਿੱਲ ਵਰਗੀ ਹੈ। ਇਹ ਕੁਮੈਂਟ ਸੁਣ ਕੇ ਚੰਗਾ ਤਾਂ ਲਗਦਾ ਹੈ ਪਰ ਮੈਂ ਆਪਣੀ ਵੱਖਰੀ ਪਛਾਣ ਬਣਾਉਣੀ ਚਾਹੁੰਦਾ ਹਾਂ, ਜੋ ਸਿਰਫ ਤਾਰਾ ਮੁਲਤਾਨੀ ਦੇ ਨਾਂ ਨਾਲ ਜਾਣੀ ਜਾਏ। ਇਸ ਲਈ ਵੀ ਮੈਂ ਸ਼ੇਅਰੋ-ਸ਼ਾਇਰੀ ਦਾ ਆਪਣਾ ਇਕ ਵੱਖਰਾ ਅੰਦਾਜ਼ ਅਪਨਾਇਆ ਹੈ।"

ਐਲਬਮ ਤੇ ਕੈਸੇਟ ਰਿਕਾਰਡਿੰਗ ਬਾਰੇ ਪੁਛੇ ਜਾਣ 'ਤੇ ਤਾਰੇ ਨੇ ਕਿਹਾ ਕਿ ਮੇਰੀ ਨਵੀਂ ਐਲਬਮ ਤਿਆਰ ਹੋ ਰਹੀ ਹੈ। ਸੰਗੀਤਕਾਰ ਰਾਜ ਅਜਨਾਲਵੀ ਦੇ ਸੰਗੀਤ ਨਾਲ ਚਾਰ ਗਾਣੇ ਰਿਕਾਰਡ ਹੋ ਚੁਕੇ ਹਨ। ਮਾਰਕੀਟ ਵਿਚ ਜਲਦ ਆ ਰਹੀ ਇਸ ਕੈਸੇਟ ਤੋਂ ਮੈਨੂੰ ਬਹੁਤ ਉਮੀਦਾਂ ਹਨ। ਇਸ ਤੋਂ ਇਲਾਵਾ 'ਜਲਵੇ ਜੱਗੀ ਦੇ' ਵਾਲਾ ਜਗਤਾਰ ਜੱਗੀ ਵੀ ਮੇਰੀ ਗਾਇਕੀ ਤੋਂ ਪ੍ਰਭਾਵਿਤ ਹੈ। ਉਸ ਨਾਲ ਗੱਲਬਾਤ ਚਲ ਰਹੀ ਹੈ। ਹੋ ਸਕਦਾ ਹੈ, ਭਵਿਖ ਵਿਚ ਉਨ੍ਹਾਂ ਨਾਲ ਮਿਲ ਕੇ ਵਡੇ ਪੱਧਰ 'ਤੇ ਕੋਈ ਪ੍ਰੋਗਰਾਮ ਉਲੀਕਿਆ ਜਾਵੇ।

ਗੀਤਾਂ ਦੀ ਚੋਣ ਕਿਵੇਂ ਕਰਦੇ ਹੋ? ਦੇ ਜੁਆਬ ਵਿਚ ਤਾਰੇ ਨੇ ਦੱਸਿਆ ਕਿ ਉਸ ਦੇ ਸੰਪਰਕ ਵਿਚ 10-12 ਗੀਤਕਾਰ ਹਨ, ਜੋ ਸਮੇਂ ਸਮੇਂ ਗੀਤ ਭੇਜਦੇ ਰਹਿੰਦੇ ਹਨ ਪਰ ਮੈਂ ਸਿਰਫ ਸਾਫ ਸੁਥਰੀ ਗਾਇਕੀ ਦਾ ਧਾਰਨੀ ਹਾਂ। ਉਹ ਗੀਤ ਹੀ ਚੁਣਦਾ ਹਾਂ, ਜੋ ਸਰੋਤੇ ਪਰਿਵਾਰ ਵਿਚ ਬੈਠ ਕੇ ਸੁਣ ਸਕਣ। ਫੋਹਸ਼ ਗਾਇਕੀ ਤੇ ਗੀਤਕਾਰੀ ਨਾਲ ਕੋਈ ਸਮਝੌਤਾ ਨਹੀਂ ਕਰਨਾ।

ਯਾਦਗਾਰੀ ਪਲਾਂ ਬਾਰੇ ਪੁਛੇ ਜਾਣ 'ਤੇ ਉਸ ਦੱਸਿਆ, ਮਿਨੀਸੋਟਾ ਵਿਚ ਹੋਏ ਕਬੱਡੀ ਮੇਲੇ ਵਿਚ ਸਰਬਜੀਤ ਚੀਮਾ ਤੇ ਸ਼ਿਕਾਗੋ ਵਿਚ ਬਲਜੀਤ ਮਾਲਵਾ ਨਾਲ ਮੰਚ ਸਾਂਝਾ ਕਰਨਾ, ਬਹੁਤ ਵਧੀਆ ਲੱਗਾ। ਇਨ੍ਹਾਂ ਗਾਇਕਾਂ ਦੇ ਮੂੰਹੋਂ ਤਾਰੀਫ ਦੇ ਸ਼ਬਦ ਸੁਣ ਕੇ ਬੜਾ ਹੌਂਸਲਾ ਵਧਿਆ। ਇਸ ਤੋਂ ਇਲਾਵਾ 'ਪੰਜਾਬ ਟਾਈਮਜ਼' ਅਖਬਾਰ ਦਾ ਬਹੁਤ ਬਹੁਤ ਧੰਨਵਾਦ ਜਿਸ ਨੇ ਪਿਛਲੇ ਸਾਲ 'ਪੰਜਾਬ ਟਾਈਮਜ਼ ਨਾਈਟ' ਵਰਗੇ ਅਹਿਮ ਮੰਚ 'ਤੇ ਗਾਉਣ ਦਾ ਮੌਕਾ ਦਿੱਤਾ। ਇਸ ਨਾਲ ਕੈਲੀਫੋਰਨੀਆ, ਨਿਊ ਯਾਰਕ ਤੇ ਹੋਰਨਾਂ ਸਟੇਟਾਂ ਤੋਂ ਆਏ ਦਰਸ਼ਕਾਂ ਨੇ ਮੈਨੂੰ ਸੁਣਿਆ ਤੇ ਸਲਾਹਿਆ। ਇਸ ਅਖਬਾਰ ਰਾਹੀਂ ਅਮਰੀਕਾ ਹੀ ਨਹੀਂ, ਦੁਨੀਆਂ ਵਿਚ ਦੂਰ-ਦੂਰ ਤਕ ਮੇਰੀ ਪਛਾਣ ਬਣ ਗਈ। ਖੁਸ਼ਕਿਸਮਤ ਹਾਂ ਕਿ ਇਸ ਸਾਲ ਵੀ 25 ਮਾਰਚ 2017 ਨੂੰ ਹੋ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਮੈਨੂੰ ਗਾਉਣ ਦਾ ਮੌਕਾ ਮਿਲ ਰਿਹਾ ਹੈ।

ਹੁਣ ਤਕ ਕਿਹੜੇ ਕਿਹੜੇ ਮਾਣ-ਸਨਮਾਨ ਮਿਲੇ ਹਨ? ਤਾਰੇ ਨੇ ਦੱਸਿਆ ਕਿ ਮਿਡਵੈਸਟ ਦੀਆਂ ਲਗਭਗ ਸਾਰੀਆਂ ਸਮਾਜਕ ਤੇ ਸੱਭਿਆਚਾਰਕ ਸੰਸਥਾਵਾਂ ਤੋਂ ਮਾਣ-ਸਨਮਾਨ ਮਿਲ ਚੁਕਾ ਹੈ। ਇਹ ਸਨਮਾਨ ਬਹੁਤ ਕੀਮਤੀ ਹਨ। ਇਸ ਨਾਲ ਹੌਸਲਾ ਵਧਦਾ ਹੈ। ਪਰ ਮੈਂ ਇਹ ਵੀ ਮੰਨਦਾ ਹਾਂ ਅਸਲੀ ਅਵਾਰਡ ਤਾਂ ਸਰੋਤਿਆਂ ਦੀਆਂ ਤਾੜੀਆਂ ਹਨ। ਉਨ੍ਹਾਂ ਨੂੰ ਗੀਤ ਪਸੰਦ ਆ ਜਾਏ, ਇਹੋ ਵੱਡਾ ਇਨਾਮ ਹੈ।


ਹੋਰ ਕੀ ਸ਼ੌਕ ਹਨ? ਜਵਾਬ ਵਿਚ ਉਸ ਦੱਸਿਆ, ਮੈਨੂੰ ਕਬੱਡੀ ਦੀ ਖੇਡ ਬਹੁਤ ਪਸੰਦ ਹੈ। ਇਹ ਖੇਡ ਪੰਜਾਬੀਆਂ ਦੇ ਸੁਭਾਅ ਦੇ ਬਹੁਤ ਅਨੁਕੂਲ ਹੈ। ਹੋਰ ਗਾਇਕਾਂ ਪ੍ਰਤੀ ਆਪਣੀ ਪਸੰਦ ਬਾਰੇ ਤਾਰੇ ਨੇ ਦੱਸਿਆ ਕਿ ਜਨਾਬ ਨੁਸਰਤ ਅਲੀ ਸਾਹਿਬ ਤੇ ਰਾਹਤ ਫਤਿਹ ਅਲੀ ਖਾਂ ਦੇ ਸੂਫੀਆਨਾ ਤੇ ਪੰਜਾਬੀ ਫੋਕ ਗਾਇਕੀ ਦੇ ਰੰਗ ਵਿਚ ਰੰਗੇ ਗੀਤ ਬਹੁਤ ਸੁਣਦਾ ਹਾਂ।

ਅਖੀਰ ਵਿਚ ਇਕ ਵਾਰ ਫਿਰ ਉਸ ਜ਼ੋਰ ਦੇ ਕੇ ਕਿਹਾ ਕਿ ਮੈਨੂੰ ਸਿਰਫ ਸਾਫ ਸੁਥਰੇ ਸਾਹਿਤਕ, ਸੱਭਿਆਚਾਰਕ ਤੇ ਆਪਣੇ ਵਿਰਸੇ ਨਾਲ ਜੁੜੇ ਲੋਕ-ਗੀਤ ਹੀ ਗਾਉਣੇ ਚੰਗੇ ਲਗਦੇ ਹਨ। ਗਾਇਕੀ ਮੇਰੇ ਲਈ ਸਿਰਫ ਪੈਸਾ ਕਮਾਉਣ ਦਾ ਜ਼ਰੀਆ ਨਾ ਬਣੇ, ਗਾਇਕੀ ਲਈ ਸਿਰਫ ਵਪਾਰਕ ਨਜ਼ਰੀਆ ਨਾ ਹੋਵੇ। ਮੇਰੀ ਤਾਂ ਇਹੋ ਤਵੱਕੋ ਹੈ। ਮੇਰਾ ਤਾਂ ਵੈਸੇ ਵੀ ਉਪਰ ਵਾਲੇ ਦੀ ਕਿਰਪਾ ਨਾਲ ਆਪਣਾ ਚੰਗਾ ਬਿਜਨਸ ਹੈ। ਮੇਰੇ ਧੰਨਭਾਗ ਜੇ ਕਿਤੇ ਮੈਂ ਆਪਣੇ ਵਿਰਸੇ ਤੇ ਆਪਣੀ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਸਕਾਂ।

# ਅਮਰੀਕਾ 'ਚ ਭਾਰਤੀ ਮੂਲ ਦੇ ਦੋ ਡਾਕਟਰ ਪ੍ਰਮੁੱਖ ਅਹੁਦਿਆਂ ਲਈ ਨਾਮਜ਼ਦ

**ਫਰਿਜ਼ਨੋ (ਕੈਲੀਫੋਰਨੀਆ):** ਅਮਰੀਕਾ ਵਿਚ ਭਾਰਤੀ ਮੂਲ ਦੇ ਲੋਕਾਂ ਨੇ ਆਪਣੀ ਮਿਹਨਤ ਦੇ ਜੋਰ 'ਤੇ ਉੱਚੇ ਅਹੁਦਿਆਂ ਉੱਪਰ ਆਪਣਾ ਕਬਜਾ ਕੀਤਾ ਹੈ। ਇਸ ਦੀ ਇੱਕ ਤਾਜ਼ਾ ਮਿਸਾਲ ਵਿਚ ਰਾਸ਼ਟਰਪਤੀ ਜੋਅ ਬਾਈਡਨ ਨੇ ਆਪਣੇ ਪ੍ਰਸ਼ਾਸਨ ਵਿਚ ਡਾਕਟਰੀ ਲਾਈਨ ਵਿਚ ਪ੍ਰਮੁੱਖ ਭੂਮਿਕਾਵਾਂ ਪ੍ਰਤੀ ਸੇਵਾਵਾਂ ਨਿਭਾਉਣ ਲਈ ਭਾਰਤੀ ਮੂਲ ਦੇ ਇੱਕ ਪ੍ਰਸਿੱਧ ਡਾਕਟਰ ਅਤੇ ਇੱਕ ਸਰਜਨ ਨੂੰ ਨਾਮਜ਼ਦ ਕੀਤਾ ਹੈ।





ਵੈਸਟ ਵਰਜੀਨੀਆ ਦੇ ਸਾਬਕਾ ਸਿਹਤ ਕਮਿਸ਼ਨਰ ਡਾ. ਰਾਹੁਲ ਗੁਪਤਾ ਨੂੰ ਨੈਸ਼ਨਲ ਡਰੱਗ ਕੰਟਰੋਲ ਪਾਲਿਸੀ ਦਫਤਰ ਦੇ ਅਗਲੇ ਡਾਇਰੈਕਟਰ ਲਈ ਨਾਮਜ਼ਦ ਕੀਤਾ ਹੈ। ਇਸ ਦੇ ਨਾਲ ਹੀ ਇੱਕ ਸਰਜਨ ਅਤੇ ਮਸ਼ਹੂਰ ਲੇਖਕ ਅਤੁਲ ਗਾਵੰਡੇ ਨੂੰ ਯੂ. ਐਸ. ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ ਵਿਕਾਸ ਲਈ ਬਿਊਰੋ ਆਫ ਗਲੋਬਲ ਹੈਲਥ ਦੇ ਸਹਾਇਕ ਐਡਮਨਿਸਟ੍ਰੇਟਰ ਲਈ ਨਾਮਜ਼ਦ ਕੀਤਾ। 25 ਸਾਲਾਂ ਤੋਂ ਪ੍ਰਾਇਮਰੀ ਕੇਅਰ ਫਿਜ਼ੀਸ਼ੀਅਨ ਦਾ ਅਭਿਆਸ ਕਰ ਰਹੇ, ਗੁਪਤਾ ਪਹਿਲਾਂ ਵੈਸਟ ਵਰਜੀਨੀਆ ਦੇ ਸਿਹਤ ਕਮਿਸ਼ਨਰ ਦੇ ਤੌਰ 'ਤੇ ਦੋ ਰਾਜਪਾਲਾਂ ਦੇ ਅਧੀਨ ਸੇਵਾ ਨਿਭਾਅ ਰਹੇ ਸਨ। ਗੁਪਤਾ ਨੇ ਈਬੋਲਾ ਵਾਇਰਸ ਰੋਗ ਫੈਲਣ ਦੌਰਾਨ ਸਟੇਟ ਦੀ ਜ਼ੀਕਾ ਕਾਰਜ ਯੋਜਨਾ ਅਤੇ ਇਸ ਦੀਆਂ ਤਿਆਰੀਆਂ ਦੇ ਯਤਨਾਂ ਦੇ ਵਿਕਾਸ ਦੀ ਅਗਵਾਈ ਵੀ ਕੀਤੀ। ਇਸ ਦੇ ਇਲਾਵਾ ਡਾ. ਗੁਪਤਾ ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪਬਲਿਕ ਸਿਹਤ ਨੀਤੀ ਤੇ ਕਈ ਸੰਗਠਨਾਂ ਅਤੇ ਟਾਸਕ ਫੋਰਸਾਂ ਦੇ ਸਲਾਹਕਾਰ ਵਜੋਂ ਵੀ ਕੰਮ ਕਰਦੇ ਸਨ।

ਇੱਕ ਭਾਰਤੀ ਡਿਪਲੋਮੈਟ ਦਾ ਪੁੱਤਰ, ਰਾਹੁਲ ਭਾਰਤ ਵਿਚ ਪੈਦਾ ਹੋਇਆ ਸੀ ਅਤੇ ਵਾਸ਼ਿੰਗਟਨ ਡੀ. ਸੀ. ਦੇ ਉਪਨਗਰਾਂ ਵਿਚ ਵੱਡਾ ਹੋਇਆ। 21 ਸਾਲ ਦੀ ਉਮਰ 'ਚ ਉਸ ਨੇ ਦਿੱਲੀ ਯੂਨੀਵਰਸਿਟੀ ਵਿਚ ਮੈਡੀਕਲ ਦੀ ਪੜ੍ਹਾਈ ਪੂਰੀ ਕੀਤੀ। ਅਲਬਾਮਾ-ਬਰਮਿੰਘਮ ਯੂਨੀਵਰਸਿਟੀ ਤੋਂ ਪਬਲਿਕ ਹੈਲਥ ਵਿਚ ਮਾਸਟਰ ਦੀ ਡਿਗਰੀ ਅਤੇ ਲੰਡਨ ਸਕੂਲ ਆਫ ਬਿਜ਼ਨਸ ਐਂਡ ਫਾਈਨੈਂਸ ਤੋਂ ਗਲੋਬਲ ਮਾਸਟਰ ਆਫ ਬਿਜ਼ਨਸ ਐਡਮਨਿਸਟ੍ਰੇਸ਼ਨ ਦੀ ਡਿਗਰੀ ਪ੍ਰਾਪਤ ਕੀਤੀ।

ਦੂਸਰੇ ਅਹੁਦੇ ਲਈ ਨਾਮਜਦ 55 ਸਾਲਾ ਗਾਵੰਡੇ ਕਈ ਕਿਤਾਬਾਂ ਦੇ ਲੇਖਕ ਹਨ। ਗਾਵੰਡੇ ਬਰਿੰਘਮ ਅਤੇ ਔਰਤਾਂ ਦੇ ਹਸਪਤਾਲ ਵਿਚ ਸਰਜਰੀ ਦੇ ਸਿੰਡੀ ਅਤੇ ਜੌਨ ਫਿਸ਼ ਪ੍ਰੋਫੈਸਰ, ਹਾਰਵਰਡ ਮੈਡੀਕਲ ਸਕੂਲ ਵਿਚ ਸਰਜਰੀ ਦੇ ਸੈਮੂਅਲ ਓ ਥੀਅਰ ਪ੍ਰੋਫੈਸਰ ਅਤੇ ਹਾਰਵਰਡ ਟੀ ਐਚ ਚੈਨ ਸਕੂਲ ਆਫ ਪਬਲਿਕ ਹੈਲਥ ਵਿਚ ਸਿਹਤ ਨੀਤੀ ਤੇ ਪਾਲਿਸੀ ਦੇ ਪ੍ਰੋਫੈਸਰ ਹਨ। 2018 ਤੋਂ 2020 ਤੱਕ ਉਹ ਹੇਵਨ, ਐਮਾਜ਼ਾਨ, ਬਰਕਸ਼ਾਇਰ ਹੈਥਵੇ ਅਤੇ ਜੇਪੀ ਮੋਰਗਨ ਚੇਜ਼ ਸਿਹਤ ਸੰਭਾਲ ਉੱਦਮ ਦੇ ਸੀ. ਈ. ਓ. ਵੀ ਰਹੇ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕਲਿੰਟਨ ਪ੍ਰਸ਼ਾਸਨ ਵਿਚ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਵਿਚ ਇੱਕ ਸੀਨੀਅਰ ਸਲਾਹਕਾਰ ਵਜੋਂ ਵੀ ਸੇਵਾ ਨਿਭਾਈ ਸੀ। ਇਸ ਦੇ ਨਾਲ ਹੀ ਗਾਵੰਡੇ ਦੋ ਨੈਸ਼ਨਲ ਮੈਗਜ਼ੀਨ ਅਵਾਰਡਾਂ ਦੇ ਜੇਤੂ ਹੋਣ ਦੇ ਨਾਲ ਸਿਹਤ ਅਕਾਦਮੀ ਦੀ ਸਿਹਤ ਸੰਭਾਲ 'ਤੇ ਸਰਬੋਤਮ ਖੋਜ, ਮੈਕ ਆਰਥਰ ਫੈਲੋਸ਼ਿਪ ਅਤੇ ਵਿਗਿਆਨ ਬਾਰੇ ਲਿਖਣ ਲਈ ਲੇਵਿਸ ਥਾਮਸ ਅਵਾਰਡ ਦੇ ਵੀ ਜੇਤੂ ਹਨ।

# ਐਬਟਸਫੋਰਡ ਦੇ ਜਸਪ੍ਰੀਤ ਸੰਧੂ ਦੀ ਨਿਕਲੀ ਇਕ ਮਿਲੀਅਨ ਡਾਲਰ ਦੀ ਲਾਟਰੀ

ਸਰੀ, ਕੈਨੇਡਾ: ਐਬਟਸਫੋਰਡ ਦਾ ਜਸਪ੍ਰੀਤ ਸੰਧੂ ਲਾਟੋ ਮੈਕਸ ਲਾਟਰੀ ਦੇ ਇਕ ਮਿਲੀਅਨ ਡਾਲਰ ਦਾ ਜੇਤੂ ਬਣਿਆ ਹੈ। ਉਸ ਨੇ ਇਹ ਲਾਟਰੀ ਟਿਕਟ ਚਿਲੀਵੈਕ ਵਿਚ ਰੀਅਲ ਕੈਨੇਡੀਅਨ ਸੁਪਰ ਸਟੋਰ ਵਿਚੋਂ ਖਰੀਦੀ ਸੀ।



ਜਸਪ੍ਰੀਤ ਸੰਧੂ ਨੇ ਦੱਸਿਆ ਕਿ ਜਦੋਂ ਇਕ ਮਿਲੀਅਨ ਦੀ ਲਾਟਰੀ ਜਿੱਤਣ ਬਾਰੇ ਉਸ ਨੇ ਆਪਣੇ ਪਿਤਾ ਨੂੰ ਦੱਸਿਆ ਤਾਂ ਉਨ੍ਹਾਂ ਨੇ ਪਹਿਲਾਂ ਤਾਂ ਯਕੀਨ ਹੀ ਨਾ ਕੀਤਾ ਅਤੇ ਕਿਹਾ ਕਿ ਮੈਂ ਮਜ਼ਾਕ ਕਰ ਰਿਹਾ ਹਾਂ। ਫਿਰ ਜਦ ਉਨ੍ਹਾਂ ਨੂੰ ਯਕੀਨ ਆਇਆ ਤਾਂ ਉਨ੍ਹਾਂ ਘੁੱਟ ਕੇ ਉਸ ਨੂੰ ਜੱਫੀ ਪਾਈ ਅਤੇ ਵਧਾਈ ਦਿੱਤੀ। 'ਮੇਰੇ ਲਈ ਇਹ ਬਹੁਤ ਹੀ ਖਾਸ ਪਲ ਸਨ।' ਉਸ ਨੇ ਕਿਹਾ ਕਿ ਇਸ ਰਕਮ ਨਾਲ ਉਸ ਦੀ ਪ੍ਰਮੁੱਖ ਤਰਜੀਹ ਆਪਣੇ ਪਰਿਵਾਰ ਲਈ ਇਕ ਘਰ ਖਰੀਦਣਾ ਹੈ।

# 'ਤੋਤਿਆਂ' ਆਸਰੇ ਸੋਚ ਨੂੰ ਅੱਗੇ ਵਧਾ ਰਿਹੈ ਸੰਘ ਪਰਿਵਾਰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕੋਈ ਢਾਈ ਦਹਾਕੇ ਪਹਿਲਾਂ ਜਰਮਨ ਮੂਲ ਦੇ ਇੱਕ ਗੋਰੇ ਨੂੰ ਬ੍ਰਿਟੇਨ ਵਿਚ ਕਿਸੇ ਦੇ ਘਰ ਮਿਲੇ ਤਾਂ ਉਸ ਨੇ ਕਿਹਾ ਸੀ ਕਿ ਇਤਿਹਾਸ ਨੂੰ ਕੋਈ ਸਦੀਵੀ ਸੱਚ ਨਹੀਂ ਮੰਨ ਲੈਣਾ ਚਾਹੀਦਾ, ਇਹ ਲਿਖਿਆ ਘੱਟ ਅਤੇ ਲਿਖਾਇਆ ਵੱਧ ਜਾਂਦਾ ਹੈ ਤੇ ਇਹੋ ਕਾਰਨ ਹੈ ਕਿ ਹੁਕਮਰਾਨ ਜ਼ਾਲਮ ਵੀ ਹੋਵੇ ਤਾਂ ਉਸ ਦੇ ਐਬ ਲੁਕਾ ਲਏ ਜਾਂਦੇ ਹਨ। ਗੱਲ ਦੂਸਰੀ ਸੰਸਾਰ ਜੰਗ ਦੌਰਾਨ ਹਿਟਲਰ ਵੱਲੋਂ ਕੀਤੇ ਕਤਲੇਆਮ ਅਤੇ ਉਸ ਪਿੱਛੇ ਕੰਮ ਕਰਦੀ



ਸੋਚ ਨੂੰ ਹਿਟਲਰ ਵੱਲੋਂ ਸਭ ਤੋਂ ਉੱਤਮ ਮੰਨੇ ਜਾਣ ਦੀ ਨੀਤੀ ਬਾਰੇ ਹੋ ਰਹੀ ਸੀ। ਜਰਮਨ ਨੌਜਵਾਨ ਸਾਫ ਕਹਿੰਦਾ ਸੀ ਕਿ ਉਹ ਹਿਟਲਰ ਦਾ ਹਮਾਇਤੀ ਨਹੀਂ, ਪਰ ਅਗਲੀ ਗੱਲ ਇਹ ਵੀ ਜ਼ੋਰ ਨਾਲ ਕਹਿੰਦਾ ਸੀ ਕਿ ਜੇ ਹਿਟਲਰ ਜਿੱਤ ਜਾਂਦਾ ਤਾਂ ਅੱਜ ਉਸ ਨੂੰ ਗਾਲ੍ਹਾਂ ਕੱਢਣ ਵਾਲੇ ਇਤਿਹਾਸਕਾਰਾਂ ਦੀ ਇੱਕ ਵੱਡੀ ਗਿਣਤੀ ਨੇ ਉਸੇ ਹਿਟਲਰ ਨੂੰ ਸੰਸਾਰ ਦਾ ਸਭ ਤੋਂ ਵਧੀਆ ਹਾਕਮ ਸਾਬਤ ਕਰਦੇ ਹੋਣਾ ਸੀ। ਸ਼ਾਇਦ ਉਹ ਨੌਜਵਾਨ ਠੀਕ ਹੋ ਸਕਦਾ ਹੈ, ਇਹ ਗੱਲ ਉਦੋਂ ਮੇਰੇ ਮਨ ਵਿਚ ਨਹੀਂ ਸੀ, ਅੱਜ ਭਾਰਤ ਵਿਚ ਜੋ ਹੁੰਦਾ ਪਿਆ ਹੈ ਤੇ ਜਿਵੇਂ ਮੌਕੇ ਦੇ ਮਾਲਕ ਦੀ ਸੋਚ ਦੀ ਮਾਰ ਹੇਠ ਆਉਂਦੇ ਭਾਈਚਾਰਿਆਂ ਨਾਲ ਜੁੜੇ ਵੱਡੇ ਲੋਕ ਉਸੇ ਮਾਲਕ ਦੀ ਖੁਸ਼ੀ ਖਾਤਰ ਉਸ ਮੁਹਰੇ ਲੇਟਣੀਆਂ ਲੈਂਦੇ ਦਿੱਸਦੇ ਹਨ, ਉਸ ਤੋਂ ਜਾਪਦਾ ਹੈ ਕਿ ਉਹ ਨੌਜਵਾਨ ਠੀਕ ਕਹਿੰਦਾ ਹੋ ਸਕਦਾ ਹੈ।

ਰਾਸ਼ਟਰੀ ਸੋਇਮ ਸੇਵਕ ਸੰਘ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਆਪਣੀ ਸੋਚ ਨੂੰ ਕਦੀ ਲੁਕਾ ਕੇ ਨਹੀਂ ਰੱਖ ਸਕਿਆ। ਆਪਣੇ ਮੁੱਢ ਤੋਂ ਉਸ ਦੇ ਆਗੂਆਂ ਨੇ ਇਹ ਗੱਲ ਹਿੱਕ ਠੋਕ ਕੇ ਆਖੀ ਹੈ ਕਿ ਭਾਰਤ ਹਿੰਦੂਆਂ ਲਈ ਪਹਿਲੇ ਦਰਜੇ ਦੇ ਨਾਗਰਿਕ ਵਾਲਾ ਹੋਵੇ ਤੇ ਹੋਰਨਾਂ ਭਾਈਚਾਰਿਆਂ, ਖਾਸ ਕਰ ਕੇ ਮੁਸਲਿਮ ਭਾਈਚਾਰੇ ਵਾਲਿਆਂ ਨੂੰ ਇਥੇ ਬਰਾਬਰੀ ਦਾ ਦਰਜਾ ਨਹੀਂ ਹੋਣਾ ਚਾਹੀਦਾ। ਵਿਚ-ਵਿਚਾਲੇ ਕਦੇ-ਕਦੇ ਇਹ ਲੋਕ ਦੂਸਰੇ ਭਾਈਚਾਰਿਆਂ ਦੇ ਕੁਝ ਲੋਕਾਂ ਨੂੰ ਨਾਲ ਜੋੜ ਕੇ ਇਹ ਵਿਖਾਉਣ ਦਾ ਯਤਨ ਕਰਦੇ ਹਨ ਕਿ ਉਹ ਉਨ੍ਹਾਂ ਭਾਈਚਾਰਿਆਂ ਦਾ ਵੀ ਸਤਿਕਾਰ ਕਰਦੇ ਹਨ, ਪਰ ਅਸਲ ਵਿਚ ਇਹ ਬਾਹਰੀ ਪ੍ਰਭਾਵ ਹੀ ਹੁੰਦਾ ਹੈ। ਜਦੋਂ ਇਹ ਪਤਾ ਹੋਵੇ ਕਿ ਇਸ ਪ੍ਰਭਾਵ ਨੂੰ ਨਕਾਰ ਕੇ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਲਾਮਬੰਦ ਕਰਨ ਦਾ ਸਮਾਂ ਹੈ, ਉਦੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਵੱਲੋਂ ਮੁਸਲਿਮ ਆਗੂ ਦੀ ਭੇਟ ਕੀਤੀ ਹੋਈ ਟੋਪੀ ਲੈਣ ਤੋਂ ਭਰੇ ਸਮਾਗਮ ਵਿਚ ਇਨਕਾਰ ਕਰ ਕੇ ਅੰਦਰਲਾ ਸੱਚ ਜ਼ਾਹਰ ਕਰਨਾ ਵੀ ਜ਼ਰੂਰੀ ਸਮਝਦੇ ਹਨ।

ਹੈਰਾਨੀ ਇਸ ਗੱਲ ਦੀ ਕੋਈ ਨਹੀਂ ਕਿ ਆਰ. ਐੱਸ. ਐੱਸ. ਅਤੇ ਇਸ ਨਾਲ ਜੁੜੀ ਰਾਜਨੀਤੀ ਕਰਨ ਵਾਲੇ ਆਗੂਆਂ ਦਾ ਦੂਸਰੇ ਭਾਈਚਾਰਿਆਂ ਵੱਲ ਕੀ ਰੁਖ ਹੈ, ਸਗੋਂ ਇਸ ਗੱਲ ਬਾਰੇ ਹੈ ਕਿ ਦੂਸਰੇ ਭਾਈਚਾਰਿਆਂ ਵਿਚਲੇ ਕੁਝ ਹੱਦੋਂ ਬਾਹਰੇ ਚਾਪਲੂਸ ਬੰਦੇ ਇਸ ਸੋਚਣੀ ਨੂੰ ਵਡਿਆਉਣ ਵਿਚ ਹੱਦਾਂ ਪਾਰ ਕਰ ਜਾਂਦੇ ਹਨ। ਇਹ ਕੰਮ ਇਸ ਵਾਰੀ ਭਾਰਤ ਦੇ ਪ੍ਰਮੁੱਖ ਵਕੀਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿੱਖਾਂ ਦੇ ਦਸਵੇਂ ਗੁਰੂ ਸਾਹਿਬ ਵੱਲੋਂ ਲਿਖੀ ਦੱਸੀ ਜਾਂਦੀ ਇੱਕ ਕਿਤਾਬ ਭੇਟ ਕਰ ਕੇ ਕੀਤਾ ਹੈ। ਸਿੱਖ ਵਿਦਵਾਨ ਏਦਾਂ ਦੀ ਕਿਸੇ ਲਿਖਤ ਨੂੰ ਹਕੀਕਤ ਨਹੀਂ ਮੰਨਦੇ। ਇਸ ਦਾ ਦੂਸਰਾ ਪਾਸਾ ਇਹ ਹੈ ਕਿ ਸਿੱਖਾਂ ਦੇ ਕੁਝ ਧਾਰਮਿਕ ਆਗੂ ਵੀ ਪਿਛਲੇ ਸਮੇਂ ਵਿਚ ਭਾਜਪਾ ਨਾਲ ਅਕਾਲੀ ਦਲ ਦੀ ਸਾਂਝ ਦੇ ਸਮੇਂ ਇਹ ਸਾਬਤ ਕਰਨ ਵਾਲੇ ਬਿਆਨ ਦਿਆ ਕਰਦੇ ਸਨ ਕਿ ਗੁਰੂ ਨਾਨਕ ਸਾਹਿਬ ਭਗਵਾਨ ਰਾਮ ਦੀ ਕੁੱਲ ਵਿਚੋਂ ਹੋਏ ਹਨ। ਇਹ ਵਿਆਖਿਆਨ ਸ੍ਰੀ ਅਕਾਲ ਤਖਤ ਦਾ ਇੱਕ ਸਾਬਕਾ ਜਥੇਦਾਰ ਬੜਾ ਖੁੱਲ੍ਹ ਕੇ ਕਰਦਾ ਰਿਹਾ ਹੈ। ਕਹਿੰਦੇ ਹਨ ਕਿ ਉਹ ਜਥੇਦਾਰ ਏਦਾਂ ਦੀ ਵਿਆਖਿਆ ਭਾਜਪਾ ਆਗੂਆਂ ਦੇ ਰਾਹੀਂ ਅਕਾਲੀ ਲੀਡਰਸ਼ਿਪ ਉੱਤੇ ਦਬਾਅ ਪਾ ਕੇ ਆਪਣੇ ਲਈ ਜਥੇਦਾਰੀ ਜਾਂ ਇਸ ਦੇ ਬਰਾਬਰ ਦੀ ਪਦਵੀ ਲੈਣ ਦਾ ਜੁਗਾੜ ਕਰਨ ਵਾਸਤੇ ਕਰਿਆ ਕਰਦਾ ਸੀ। ਹੋ ਸਕਦਾ ਹੈ ਕਿ ਏਦਾਂ ਹੀ ਹੋਵੇ।

ਉਹ ਇਕੱਲਾ ਏਦਾਂ ਦਾ ਨਹੀਂ ਸੀ, ਮੁਸਲਿਮ ਭਾਈਚਾਰੇ ਵਿਚ ਵੀ ਕੁਝ ਲੋਕ ਸਿਰਫ ਇੱਕ ਪਾਰਲੀਮੈਂਟ ਸੀਟ ਜਾਂ ਕੇਂਦਰ ਦੀ ਵਜ਼ੀਰੀ ਖਾਤਰ ਆਰ. ਐੱਸ. ਐੱਸ. ਅਤੇ ਭਾਜਪਾ ਨੂੰ ਮੁਸਲਿਮ ਭਾਈਚਾਰੇ ਦੀ ਸਭ ਤੋਂ ਵੱਡੀ ਹਿਤੈਸ਼ੀ ਪਾਰਟੀ ਸਾਬਤ ਕਰਨ ਲੱਗ ਜਾਇਆ ਕਰਦੇ ਹਨ। ਇਸ ਤੋਂ ਸਾਫ ਹੈ ਕਿ ਇਸ ਵਕਤ ਆਰ. ਐੱਸ. ਐੱਸ. ਵਾਲੀ ਸੋਚ ਚੋਖੀ ਚੜ੍ਹਤ ਵਿਚ ਹੋਣ ਕਾਰਨ ਇਹ ਲੋਕ ਆਪਣੇ ਨਿੱਜੀ ਲਾਭਾਂ ਲਈ ਉਸ ਸੋਚ ਦੇ ਸੇਵਾਦਾਰ ਬਣਨ ਲਈ ਤਿਆਰ ਹਨ। ਬੀਤੇ ਹਫਤੇ ਚਿਤਰਕੂਟ ਵਿਚ ਆਰ. ਐੱਸ. ਐੱਸ. ਦੀ ਸਿਖਰਲੀ ਲੀਡਰਸ਼ਿਪ ਦੀ ਬੈਠਕ ਵਿਚ ਇਹ ਵੀ ਫੈਸਲਾ ਹੋਇਆ ਸੁਣਿਆ ਹੈ ਕਿ ਹਿੰਦੁਤਵ ਦੀ ਝੰਡਾ-ਬਰਦਾਰ ਇਸ ਸੰਸਥਾ ਦੀਆਂ ਰੋਜ਼ਾਨਾ ਸ਼ਾਖਾਵਾਂ ਵਿਚ ਮੁਸਲਿਮ ਨੌਜਵਾਨਾਂ ਨੂੰ ਲਿਆ ਕੇ ਮੁੱਖ-ਧਾਰਾ ਦਾ ਅੰਗ ਬਣਾਉਣ ਦੀ ਸ਼ੁਰੂਆਤ ਕਰਨੀ ਹੈ। ਉਨ੍ਹਾਂ ਵਿਚੋਂ ਬਹੁਤ ਸਾਰੇ ਇਸ ਪਿੱਛੋਂ ਇਨ੍ਹਾਂ ਦੇ ਕਹੇ ਉੱਤੇ ਤੜਕੇ ਚਾਰ ਵਜੇ ਗਰਾਊਂਡ ਵਿਚ ਪਰੇਡ ਕਰਨ ਲਈ ਜਾਣ ਲੱਗ ਜਾਣ ਤਾਂ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਕਾਰਨ ਇਹ ਹੈ ਕਿ ਬਹੁਤ ਕੱਟੜ ਸੋਚਣੀ ਵਾਲਿਆਂ ਹਾਕਮਾਂ ਦੇ ਨਾਲ ਵੀ ਨਿੱਜੀ ਲਾਭਾਂ ਲਈ ਹਰ ਯੁੱਗ ਵਿਚ ਉਨ੍ਹਾਂ ਦੇ ਵਿਰੋਧੀ ਪੱਖ ਵਿਚਲੇ ਕੁਝ ਲੋਕ ਜੁੜ ਜਾਂਦੇ ਰਹੇ ਹਨ ਅਤੇ ਅੱਜ ਜੋ ਕੁਝ ਹੋ ਰਿਹਾ ਹੈ, ਉਹ ਕੋਈ ਅਲੋਕਾਰ ਗੱਲ ਨਹੀਂ ਸਮਝੀ ਜਾ ਸਕਦੀ।

ਸਾਨੂੰ ਆਪਣੇ ਕੁਝ ਬਜ਼ੁਰਗਾਂ ਤੇ ਆਪਣੇ ਤੋਂ ਸੀਨੀਅਰ ਕੁਝ ਪੱਤਰਕਾਰਾਂ ਤੋਂ ਸੁਣੀ ਇਹ ਗੱਲ ਅੱਜ ਤੀਕ ਚੇਤੇ ਹੈ ਕਿ ਭਾਰਤ-ਪਾਕਿ ਵੰਡ ਵੇਲੇ ਇੱਕ ਹਿੰਦੂ ਪਰਿਵਾਰ ਜਦੋਂ ਭਾਰਤ ਨੂੰ ਆਇਆ ਤਾਂ ਉਨ੍ਹਾਂ ਦਾ ਬਾਪੂ ਉਥੇ ਰਹਿ ਗਿਆ ਕਿ ਜੇ ਹਾਲਾਤ ਸੁਖਾਵੇਂ ਹੋਏ ਤਾਂ ਪਰਿਵਾਰ ਵਾਪਸ ਆਉਣ ਤੱਕ ਜਾਇਦਾਦ ਦਾ ਖਿਆਲ ਰੱਖੇਗਾ। ਦੇਸ਼ ਦੀ ਵੰਡ ਨੇ ਨਵੀਂ ਕਿਸਮ ਦਾ ਪਾਟਕ ਪਾ ਦਿੱਤਾ, ਜਿਹੜਾ ਇਤਿਹਾਸ ਵਿਚ ਕਦੇ ਵਾਪਰਿਆ ਨਹੀਂ ਸੀ ਤੇ ਪਿਛਾਂਹ ਪਰਤਣ ਦੀ ਕੋਈ ਸੰਭਾਵਨਾ ਹੀ ਨਾ ਰਹੀ ਅਤੇ ਪੁੱਤਰਾਂ ਨੇ ਜਿਉਂਦਾ ਬਾਪੂ ਵਿਛੜ ਜਾਣ ਨੂੰ ਭਾਣਾ ਸਮਝ ਕੇ ਜਰ ਲਿਆ, ਪਰ ਬਾਪੂ ਖੁਦ ਕੋਈ ਫੈਸਲਾ ਨਾ ਲੈ ਸਕਿਆ ਤੇ ਉਥੋਂ ਵਾਲਿਆਂ ਦੀ ਬੁਲਾਈ ਬੋਲੀ ਬੋਲਣ ਲੱਗ ਪਿਆ। ਤੋਤਾ ਰਾਮ ਗੁਲਾਟੀ ਨਾਂ ਦਾ ਬਜ਼ੁਰਗ ਗਲਤੀ ਕਿਸਮ ਦਾ ਬੰਦਾ ਸੀ, ਓਧਰਲੀ ਹਕੂਮਤ ਨੇ ਉਸ ਦੇ ਇਸ ਗੁਣ ਨੂੰ ਭਾਰਤ ਦੇ ਵਿਰੁੱਧ ਵਰਤਿਆ ਅਤੇ ਲਾਹੌਰ ਰੇਡੀਓ ਤੋਂ ਪੰਜਾਬੀ ਪ੍ਰੋਗਰਾਮ ਵਿਚ ਪੇਸ਼ ਕਰਨ ਲੱਗ ਪਏ। ਉਹ ਰੋਜ਼ ਸ਼ਾਮ ਵੇਲੇ ਲਾਹੌਰ ਰੇਡੀਓ ਤੋਂ ਭਾਰਤ ਦੇ ਲੋਕਾਂ ਨੂੰ ਇਹ ਸੁਣਾਇਆ ਕਰੇ ਕਿ ਆਪੋ ਆਪਣੇ ਧਰਮ ਨੂੰ ਮੰਨਣ ਦੀ ਜਿੰਨੀ ਆਜ਼ਾਦੀ ਪਾਕਿਸਤਾਨ ਵਿਚ ਹੈ, ਓਦਾਂ ਦੀ ਆਜ਼ਾਦੀ ਦਾ ਸੁਫਨਾ ਵੀ ਭਾਰਤ ਦੇ ਲੋਕ ਨਹੀਂ ਲੈ ਸਕਦੇ। ਏਧਰ ਉਸ ਦੇ ਪੁੱਤਰ ਮੱਥੇ ਨੂੰ ਹੱਥ ਮਾਰ ਕੇ ਰੋਇਆ ਕਰਦੇ ਸਨ ਕਿ ਬਾਪੂ ਦੀ ਮਜਬੂਰੀ ਕਾਰਨ ਤੋਤਾ ਰਾਮ ਨੂੰ ਪਾਕਿਸਤਾਨ ਦੇ ਲਾਹੌਰ ਰੇਡੀਓ ਦੇ ਪ੍ਰਬੰਧਕਾਂ ਨੇ ਆਪਣਾ ਤੋਤਾ ਬਣਾ ਕੇ ਬੁਲਾਏ ਮੁਤਾਬਕ ਬੋਲਣ ਵਾਲੇ ਕੰਮ ਲਾ ਲਿਆ ਹੈ। ਇਹੋ ਕੁਝ ਅੱਜ ਕੱਲ੍ਹ ਭਾਰਤ ਵਿਚ ਹੋ ਰਿਹਾ ਹੈ। ਇਥੇ ਵੀ ਭਾਜਪਾ ਆਗੂਆਂ ਤੋਂ ਚੰਦ ਲਾਭਾਂ ਦੀ ਆਸ ਵਿਚ ਬਹੁਤ ਸਾਰੇ 'ਤੋਤਾ ਖਾਨ' ਅਤੇ 'ਤੋਤਾ ਸਿੰਘ' ਉਨ੍ਹਾਂ ਪਿੱਛੇ ਅੱਜ ਇਹ ਤਰਲੇ ਕੱਢਦੇ ਮਿਲ ਸਕਦੇ ਹਨ ਕਿ ਸੇਵਾ ਦਾ ਮੌਕਾ ਸਿਰਫ ਸਾਨੂੰ ਦਿਓ ਜੀ, ਸਾਥੋਂ ਵੱਡਾ ਚਾਪਲੂਸ ਸਾਰੀ ਦੁਨੀਆਂ ਵਿਚ ਤੁਹਾਨੂੰ ਕੋਈ ਨਹੀਂ ਮਿਲ ਸਕਣਾ।

ਜਦੋਂ ਏਦਾਂ ਦੇ ਲੋਕਾਂ ਵਿਚੋਂ ਕੋਈ ਸਾਨੂੰ ਇਹ ਸਮਝਾਉਣ ਵਾਲੀ ਕੋਸ਼ਿਸ਼ ਕਰਦਾ ਹੈ ਕਿ ਭਾਜਪਾ ਹੀ ਭਾਰਤ ਦੀਆਂ ਘੱਟ-ਗਿਣਤੀਆਂ ਦੀ ਸਭ ਤੋਂ ਵੱਡੀ ਹਿਤੈਸ਼ੀ ਹੈ ਤਾਂ ਸਾਨੂੰ ਕਦੀ ਲਾਹੌਰ ਰਹਿ ਗਿਆ ਤੋਤਾ ਰਾਮ ਗੁਲਾਟੀ ਯਾਦ ਆ ਜਾਂਦਾ ਹੈ ਅਤੇ ਕਦੀ ਜਰਮਨ ਮੂਲ ਦਾ ਉਹ ਨੌਜਵਾਨ, ਜਿਹੜਾ ਢਾਈ ਕੁ ਦਹਾਕੇ ਪਹਿਲਾਂ ਅਚਾਨਕ ਮਿਲਿਆ ਸੀ। ਉਸ ਦੀ ਇਸ ਗੱਲ ਵਿਚ ਦਮ ਜਾਪਣ ਲੱਗਦਾ ਹੈ ਕਿ ਇਤਿਹਾਸ ਲਿਖਿਆ ਨਹੀਂ ਜਾਂਦਾ, ਲਿਖਾਇਆ ਜਾ ਸਕਦਾ ਹੈ, ਲਿਖਾਉਣ ਵਾਲਿਆਂ ਦੇ ਕੋਲ ਤਾਕਤ ਚਾਹੀਦੀ ਹੈ, ਚਾਪਲੂਸਾਂ ਨੂੰ ਵੰਡਣ ਲਈ ਰਿਓੜੀਆਂ ਚਾਹੀਦੀਆਂ ਹਨ, ਇੱਕ ਲੱਭਣ ਜਾਓ ਤਾਂ ਇੱਕ ਹਜ਼ਾਰ ਏਦਾਂ ਦੇ ਮਿਲ ਜਾਣਗੇ, ਜਿਹੜੇ ਇਸ ਦੇਸ਼ ਦੇ ਭਵਿੱਖ ਨੂੰ ਕੁਰਾਹੇ ਪਾਉਣ ਲਈ ਜਮੂਰੇ ਬਣਨ ਨੂੰ ਤਿਆਰ ਹਨ।

# ਪੰਜਾਬ ਦਾ ਹੋ ਚੁਕਾ ਨੁਕਸਾਨ ਕਦੀ ਪੂਰਾ ਨਹੀਂ ਹੋਣਾ

ਦਲੀਪ ਸਿੰਘ ਵਾਸਨ, ਐਡਵੋਕੇਟ
ਫੋਨ: +0175-5191856

1947 ਦਾ ਬਟਵਾਰਾ ਵੀ ਰਾਜਸੀ ਲੋਕਾਂ ਨੇ ਕਰਵਾਇਆ ਸੀ ਅਤੇ ਸਭ ਤੋਂ ਵੱਧ ਪੰਜਾਬ ਦਾ ਨੁਕਸਾਨ ਹੋਇਆ ਸੀ। ਮਾਸੂਮਾਂ ਦਾ ਕਤਲ, ਆਮ ਆਦਮੀ ਦਾ ਉਜਾੜਾ, ਲੁੱਟ ਅਤੇ ਸ਼ਰਨਾਰਥੀ ਬਣ ਕੇ ਰਹਿਣਾ ਜੈਸੀਆਂ ਮੁਸੀਬਤਾਂ ਪੰਜਾਬੀਆਂ ਸਿਰ ਪਈਆਂ ਸਨ। ਰਾਜਸੀ ਲੋਕਾਂ ਨੇ ਇਥੇ ਹੀ ਬਸ ਨਹੀਂ ਸੀ ਕੀਤੀ, ਪੰਜਾਬ ਵਿਚੋਂ ਹਿਮਾਚਲ ਵੱਖਰਾ ਕਰ ਦਿੱਤਾ ਗਿਆ ਅਤੇ ਫਿਰ ਹਰਿਆਣਾ ਵੀ ਪੰਜਾਬ ਵਿਚੋਂ ਬਾਹਰ ਕੱਢ ਕੇ ਇਹ ਨਿੱਕੀ ਜਿਹੀ ਸੂਬੀ ਬਣਾ ਕੇ ਰੱਖ ਦਿੱਤੀ ਗਈ, ਜਿਸ ਪਾਸ ਅੱਜ ਨਾ ਤਾਂ ਪਹਾੜ ਹਨ, ਨਾ ਹੀ ਆਪਣੇ ਦਰਿਆ ਹਨ, ਨਾ ਹੀ ਆਪਣੇ ਜੰਗਲ ਹਨ ਤੇ ਨਾ ਹੀ ਆਪਣਾ ਡੈਮ ਰਿਹਾ ਹੈ ਅਤੇ ਨਾ ਹੀ ਆਪਣੀ ਰਾਜਧਾਨੀ ਹੈ। ਕੋਈ ਇਹ ਆਖੇ ਕਿ ਇਸ ਵੰਡ ਨਾਲ ਪੰਜਾਬੀ ਭਾਸ਼ਾ ਨੂੰ ਕੋਈ ਲਾਭ ਪੁੱਜਾ ਹੈ ਤਾਂ ਐਸਾ ਵੀ ਨਹੀਂ ਹੈ, ਕਿਉਂਕਿ ਅੱਗੇ ਪੰਜਾਬੀ ਦੀਆਂ 1100 ਪੁਸਤਕਾਂ ਦੀਆਂ ਕਾਪੀਆਂ ਛਪਦੀਆਂ ਸਨ ਅਤੇ ਅੱਜ 100-200 ਕਾਪੀ ਛਪਦੀ ਹੈ ਤੇ ਉਹ ਵੀ ਵਿਕਦੀ ਨਹੀਂ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਿੱਖ ਭਾਈਚਾਰਾ ਗਤੀਸ਼ੀਲ ਤੇ ਪ੍ਰਗਤੀਸ਼ੀਲ ਹੈ ਅਤੇ 1947 ਵਿਚ ਹੀ ਭਾਰਤ ਨੂੰ ਆਪਣਾ ਦੇਸ਼ ਮੰਨ ਕੇ ਭਾਰਤ ਦੇ ਹਰ ਕੋਨੇ ਵਿਚ ਜਾ ਵਸਿਆ ਸੀ। ਸਿੱਖ ਭਾਈਚਾਰਾ ਦੇਸ਼ ਦੀ ਆਰਮੀ ਤੇ ਪੁਲਿਸ ਵਿਚ, ਦੇਸ਼ ਦੀ ਖੇਤੀਬਾੜੀ, ਵਪਾਰ, ਉਦਯੋਗ ਵਿਚ ਪੂਰੀ ਤਰ੍ਹਾਂ ਸ਼ਾਮਲ ਹੋ ਗਿਆ ਸੀ ਅਤੇ ਹਰ ਕੋਈ ਸਿੱਖਾਂ ਉਤੇ ਵਿਸ਼ਵਾਸ ਕਰਦਾ ਸੀ। ਖਾਲਿਸਤਾਨੀ ਲਹਿਰ ਦੇ ਜਨਮਦਾਤਾ ਪੰਜਾਬ ਦੇ ਰਾਜਸੀ ਲੋਕ ਹਨ ਅਤੇ ਇਸ ਲਹਿਰ ਨੇ ਪੰਜਾਬ ਅਤੇ ਖਾਸ ਕਰਕੇ ਸਿੱਖਾਂ ਦਾ ਵੱਡਾ ਨੁਕਸਾਨ ਕੀਤਾ ਹੈ। ਇਸੇ ਲਹਿਰ ਦੌਰਾਨ ਅਤਿਵਾਦ ਆਇਆ ਅਤੇ ਇਸ ਅਤਿਵਾਦ ਨੇ ਖੱਟਿਆ ਤਾਂ ਕੁਝ ਨਹੀਂ, ਪਰ ਸਿੱਖਾਂ ਦਾ ਰੱਜ ਕੇ ਨੁਕਸਾਨ ਕੀਤਾ, ਜਿਹੜਾ ਇਤਿਹਾਸ ਦੇ ਪੰਨਿਆਂ ਉਤੇ ਲਿਖਿਆ ਨਹੀਂ ਜਾ ਸਕਦਾ ਤੇ ਇਹ ਨੁਕਸਾਨ ਇੰਨਾ ਵੱਡਾ ਹੋ ਚੁਕਾ ਹੈ, ਜੋ ਸਦਾ ਹੀ ਬਣਿਆ ਰਹਿਣਾ ਹੈ।

ਸਿੱਖਾਂ ਉਤੇ ਹਮੇਸ਼ਾ ਹੀ ਸ਼ੱਕ ਕੀਤਾ ਜਾਂਦਾ ਹੈ ਕਿ ਇਹ ਅਤਿਵਾਦੀ ਹਨ ਤੇ ਖਾਲਿਸਤਾਨੀ ਹਨ। ਖਾਲਿਸਤਾਨ ਵਾਲਾ ਮਸਲਾ 1947 ਵਿਚ ਹੀ ਸੁਲਝਾ ਲਿਆ ਗਿਆ ਸੀ, ਪਰ ਪਤਾ ਨਹੀਂ ਇਹ ਰਾਜਸੀ ਲੋਕਾਂ ਦੀ ਇੱਛਾ ਕੀ ਰਹੀ ਹੈ, ਜਿਸ ਨਾਲ ਇਹ ਮਸਲਾ ਫਿਰ ਜਿਉਂਦਾ ਕਰਕੇ ਸਿੱਖਾਂ ਦਾ ਨੁਕਸਾਨ ਕਰਵਾ ਦਿੱਤਾ ਗਿਆ ਹੈ। ਹਾਲੇ ਤੱਕ ਕਿਸੇ ਵੀ ਸਿੱਖ ਸੰਸਥਾ ਨੇ ਇਹ ਗਿਣਤੀ ਹੀ ਨਹੀਂ ਕੀਤੀ ਕਿ ਕਿੰਨੇ ਹੀ ਸਿੱਖ ਨੌਜਵਾਨਾਂ ਦਾ ਕਤਲ ਕੀਤਾ ਗਿਆ ਹੈ। ਕੋਈ ਵੀ ਰਾਜਸੀ ਆਦਮੀ ਇਹ ਨਹੀਂ ਮੰਨ ਰਿਹਾ ਕਿ ਖਾਲਿਸਤਾਨੀ ਲਹਿਰ ਕਿਸ ਨੇ ਚਲਵਾਈ ਹੈ ਅਤੇ ਦਰਬਾਰ ਸਾਹਿਬ ਕੰਪਲੈਕਸ ਇਸ ਕੰਮ ਲਈ ਕਿਉਂ ਵਰਤਿਆ ਗਿਆ ਸੀ? ਜੇ ਘੋਖ ਕੀਤੀ ਜਾਵੇ ਤਾਂ ਨੀਲਾ ਤਾਰਾ ਕਾਰਵਾਈ ਕਰਾਉਣ 'ਚ ਵੀ ਰਾਜਸੀ ਲੋਕ ਸ਼ਾਮਲ ਸਨ।

ਇਸ ਨੀਲਾ ਤਾਰਾ ਕਾਰਵਾਈ ਕਾਰਨ ਇੰਦਰਾ ਗਾਂਧੀ ਦਾ ਕਤਲ ਹੋ ਗਿਆ ਅਤੇ ਰਾਜਸੀ ਲੋਕਾਂ ਨੂੰ ਮੌਕਾ ਮਿਲ ਗਿਆ ਤੇ ਸਿੱਖਾਂ ਖਿਲਾਫ ਦਿੱਲੀ ਦੰਗੇ ਕਰਵਾ ਕੇ ਹਜ਼ਾਰਾਂ ਮਾਸੂਮ ਸਿੱਖਾਂ ਦਾ ਕਤਲ ਕਰ/ਕਰਾ ਦਿੱਤਾ ਗਿਆ। ਰਾਜਸੀ ਲੋਕਾਂ ਨੇ ਆਪਣੀਆਂ ਗਲਤੀਆਂ ਦਾ ਅਫਸੋਸ ਕੀਤਾ ਹੈ ਜਾਂ ਨਹੀਂ, ਪਰ ਇਹ ਗੱਲ ਸਾਫ ਹੈ ਕਿ ਇਹ ਨੀਲਾ ਤਾਰਾ ਅਤੇ ਇਹ ਦਿੱਲੀ ਦੰਗੇ ਅੱਜ ਰਾਜਸੀ ਲੋਕਾਂ ਦਾ ਵੋਟ ਬੈਂਕ ਬਣ ਗਿਆ ਹੈ।

ਪੰਜਾਬ ਦੇ ਰਾਜਸੀ ਲੋਕਾਂ ਨੂੰ ਪਤਾ ਹੈ ਕਿ ਖਾਲਿਸਤਾਨ ਦੀ ਗੱਲ ਬਹੁਤ ਪੁਰਾਣੀ ਹੋ ਗਈ ਹੈ ਅਤੇ ਆਪ ਬਾਕਾਇਦਾ ਚੋਣਾਂ ਜਿੱਤ ਕੇ ਇਥੇ ਸਰਕਾਰਾਂ ਵੀ ਬਣਾਉਂਦੇ ਆ ਰਹੇ ਹਨ ਤੇ ਭਾਰਤ ਦੇ ਵਿਧਾਨ ਦੀਆਂ ਕਸਮਾਂ ਵੀ ਖਾ ਰਹੇ ਹਨ, ਪਰ ਸਿੱਖਾਂ ਦੀਆਂ ਵੋਟਾਂ ਲੈਣ ਲਈ ਕਦੀ ਖਾਲਿਸਤਾਨ, ਕਦੀ ਨੀਲਾ ਤਾਰਾ ਕਾਰਵਾਈ, ਕਦੀ ਦਰਬਾਰ ਸਾਹਿਬ ਉਤੇ ਹਮਲਾ, ਕਦੀ ਸਿੱਖ ਕੈਦੀਆਂ, ਕਦੀ ਕੁਝ ਅਤੇ ਕਦੀ ਕੁਝ ਗੱਲਾਂ ਕਰਕੇ ਇਹ ਸਿੱਖਾਂ ਦੀਆਂ ਵੋਟਾਂ ਹਾਸਲ ਕਰਕੇ ਭਾਰਤ ਦੇ ਵਿਧਾਨ ਦੀਆਂ ਕਸਮਾਂ ਖਾ ਰਹੇ ਹਨ। ਪੰਜਾਬ ਦੇ ਸਿੱਖ ਰਾਜਸੀ ਲੋਕ ਤਾਂ ਕਈ ਵਾਰ ਖਾਲਿਸਤਾਨ ਦੀ ਪ੍ਰਾਪਤੀ ਲਈ ਮਤੇ ਵੀ ਪਾ ਬੈਠੇ ਹਨ-ਅਰਥਾਤ ਰਾਜਸੀ ਲੋਕਾਂ ਨੂੰ ਵੋਟਾਂ ਚਾਹੀਦੀਆਂ ਹੁੰਦੀਆਂ ਹਨ ਅਤੇ ਇਹ ਕੋਈ ਵੀ ਪੈਂਤੜਾ ਵਰਤ ਸਕਦੇ ਹਨ।

ਅੱਜ ਤਕ ਪੰਜਾਬ ਦਾ ਜਿਹੜਾ ਨੁਕਸਾਨ ਹੋ ਚੁਕਾ ਹੈ, ਇਹ ਗਿਣਿਆ ਨਹੀਂ ਜਾ ਸਕਦਾ। ਖਾਲਿਸਤਾਨ ਅਤੇ ਅਤਿਵਾਦ ਦਾ ਡਰ ਐਸਾ ਪੈ ਗਿਆ ਹੈ ਕਿ ਪੰਜਾਬ ਅੰਦਰ ਕੋਈ ਵੱਡੇ ਉਦਯੋਗ ਨਹੀਂ ਲੱਗੇ ਹਨ ਅਤੇ ਇਸ ਇਲਾਕੇ ਦਾ ਅਨਾਜ ਹੀ ਸੰਭਾਲਣ ਲਈ ਕੋਈ ਅਨਾਜ ਪ੍ਰੋਸੈਸਿੰਗ ਪਲਾਂਟ ਵੀ ਨਹੀਂ ਲੱਗ ਸਕੇ। ਕਈ ਵੱਡੇ ਕਾਰਖਾਨੇ ਪੰਜਾਬ ਛੱਡ ਗਏ ਹਨ ਅਤੇ ਇਸ ਤਰ੍ਹਾਂ ਪੰਜਾਬ ਹਰ ਤਰ੍ਹਾਂ ਨਾਲ ਤਬਾਹੀ ਕੰਢੇ ਆ ਪੁੱਜਾ ਹੈ। ਨੌਜਵਾਨ ਵਿਦੇਸ਼ਾਂ ਵੱਲ ਭੱਜ ਰਹੇ ਹਨ। ਕਈ ਅਮਲੀ ਹੋ ਗਏ ਹਨ, ਕਈ ਅਪਰਾਧੀ ਬਣੀ ਜਾ ਰਹੇ ਹਨ ਅਤੇ ਖੁਦਕੁਸ਼ੀ ਦੀਆਂ ਘਟਨਾਵਾਂ ਵੀ ਵਧ ਗਈਆਂ ਹਨ।

ਪੰਜਾਬ ਦਾ ਜੋ ਵੀ ਹਾਲ ਬਣਾ ਦਿੱਤਾ ਗਿਆ ਹੈ, ਸਿਆਣੇ ਤੋਂ ਵੀ ਸਿਆਣਾ ਆਦਮੀ ਇਸ ਦਾ ਹੱਲ ਨਹੀਂ ਲੱਭ ਸਕਦਾ। ਪੰਜਾਬ ਦਾ ਬੇੜਾ ਗਰਕ ਕੀਤਾ ਜਾ ਚੁਕਾ ਹੈ। ਸਿੱਖਾਂ ਦੀ ਭਾਰਤ ਵਿਚ ਜਿਹੜੀ ਸ਼ਾਨ ਬਣ ਆਈ ਸੀ, ਖਤਮ ਹੈ। ਕੋਈ ਇਹ ਆਖੇ ਕਿ ਪੰਜਾਬ ਨੂੰ ਕਦੀ ਆਪਣੇ ਪਹਾੜ, ਆਪਣੇ ਜੰਗਲ, ਆਪਣੇ ਦਰਿਆ, ਆਪਣੇ ਡੈਮ, ਆਪਣੇ ਬਿਜਲੀ ਘਰ, ਆਪਣੇ ਪੰਜਾਬੀ ਬੋਲਦੇ ਇਲਾਕੇ ਵਾਪਸ ਮਿਲ ਜਾਣਗੇ-ਅਨਹੋਣੀਆਂ ਗੱਲਾਂ ਹਨ। ਹੁਣ ਤਾਂ ਪੰਜਾਬ ਬਸ ਖੇਤੀਬਾੜੀ ਵਾਲਾ ਇਲਾਕਾ ਹੀ ਰਹੇਗਾ ਅਤੇ ਵੱਡੇ ਉਦਯੋਗ ਤੇ ਵੱਡੇ ਵਪਾਰਕ ਅਦਾਰੇ ਵੀ ਇਥੇ ਨਹੀਂ ਲੱਗਣਗੇ। ਇਹ ਸਭ ਤੋਂ ਪਛੜਿਆ ਹੋਇਆ ਸੂਬਾ ਬਣ ਚੁਕਾ ਹੈ।

# ਅਕਾਲੀ ਦਲ ਵੱਲੋਂ ਭਾਜਪਾ ਦੇ ਰਵਾਇਤੀ ਵੋਟ ਬੈਂਕ ਨੂੰ ਖੋਰਾ ਲਾਉਣ ਦੀ ਰਣਨੀਤੀ

**ਚੰਡੀਗੜ੍ਹ:** ਪੰਜਾਬ ਵਿਚ ਭਾਜਪਾ ਨਾਲ ਗੱਠਜੋੜ ਤੋੜਨ ਤੋਂ ਬਾਅਦ ਅਕਾਲੀ ਦਲ ਨੇ ਭਾਜਪਾ ਦੇ ਰਵਾਇਤੀ ਵੋਟ ਬੈਂਕ ਨੂੰ ਖੋਰਾ ਲਗਾਉਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ 'ਚ ਦਲਿਤ ਉਪ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰਨ ਤੋਂ ਬਾਅਦ ਅਕਾਲੀ ਦਲ ਵੱਲੋਂ ਹੁਣ ਇਕ ਹਿੰਦੂ ਚਿਹਰੇ ਨੂੰ ਉਪ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ।

ਤਕਰੀਬਨ 25 ਸਾਲਾਂ ਬਾਅਦ ਪੰਜਾਬ 'ਚ ਇਹ ਪਹਿਲਾ ਮੌਕਾ ਹੈ, ਜਦੋਂ ਅਕਾਲੀ ਦਲ ਭਾਜਪਾ ਤੋਂ ਬਗੈਰ ਵਿਧਾਨ ਸਭਾ ਚੋਣਾਂ ਲੜੇਗਾ। ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਕ ਹਿੰਦੂ ਚਿਹਰੇ ਨੂੰ ਉਪ ਮੁੱਖ ਮੰਤਰੀ ਬਣਾਉਣ ਦਾ ਐਲਾਨ ਕੀਤਾ ਹੈ ਅਤੇ ਹਲਕਾ ਡੇਰਾਬੱਸੀ ਤੋਂ ਦੂਜੀ ਵਾਰ ਵਿਧਾਇਕ ਬਣੇ ਐਨ. ਕੇ. ਸ਼ਰਮਾ, ਸਰੂਪ ਚੰਦ ਸਿੰਗਲਾ ਅਤੇ ਬਠਿੰਡਾ ਤੋਂ ਸਾਬਕਾ ਵਿਧਾਇਕ ਪ੍ਰਕਾਸ਼ ਚੰਦ ਗਰਗ ਇਸ ਲਈ ਢੁਕਵੇਂ ਚਿਹਰੇ ਮੰਨੇ ਜਾ ਰਹੇ ਹਨ। ਸੁਖਬੀਰ ਦੇ ਨੇੜਲੇ ਸਹਿਯੋਗੀ ਐਨ.ਕੇ. ਸ਼ਰਮਾ ਪਾਰਟੀ ਦੇ ਹੋਰਨਾਂ ਦਾਅਵੇਦਾਰਾਂ ਤੋਂ ਇਕ ਕਦਮ ਅੱਗੇ ਹਨ, ਜਿਸ ਕਾਰਨ ਅਕਾਲੀ ਦਲ ਦੇ



ਪ੍ਰਧਾਨ ਦੀਆਂ ਹਦਾਇਤਾਂ 'ਤੇ ਸ਼ਰਮਾ ਦੀ ਅਗਵਾਈ ਹੇਠ ਪਾਰਟੀ ਦੇ ਹਿੰਦੂ ਆਗੂਆਂ ਦੀ ਇਕ ਟੀਮ ਬਣਾਈ ਗਈ ਹੈ, ਜੋ ਕਿ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਦਾ ਦੌਰਾ ਕਰੇਗੀ ਅਤੇ ਕਾਰੋਬਾਰੀਆਂ ਤੇ ਉਦਯੋਗਪਤੀਆਂ ਨੂੰ ਅਕਾਲੀ ਦਲ ਦੇ ਸਮਰਥਨ 'ਚ ਲਾਮਬੱਧ ਕਰੇਗੀ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬੇ 'ਚ ਅਕਾਲੀ-ਬਸਪਾ ਸਰਕਾਰ ਬਣਨ ਉਤੇ ਹਿੰਦੂ ਅਤੇ ਦਲਿਤ ਭਾਈਚਾਰੇ ਦੇ 2 ਉਪ ਮੁੱਖ ਮੰਤਰੀ ਬਣਾਏ ਜਾਣਗੇ। ਕੋਰ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਸਰਕਾਰ ਬਣਨ ਉਤੇ ਇਕ ਉਪ ਮੁੱਖ ਮੰਤਰੀ ਹਿੰਦੂ ਭਾਈਚਾਰੇ ਅਤੇ ਦੂਜਾ ਦਲਿਤ ਭਾਈਚਾਰੇ ਵਿਚੋਂ ਬਣਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਉਕਤ ਦੋਵਾਂ ਭਾਈਚਾਰਿਆਂ ਦੀ ਪ੍ਰਤੀਨਿਧਤਾ ਦੀ ਬਦੌਲਤ ਅਕਾਲੀ ਦਲ ਤੇ ਬਸਪਾ ਸਰਕਾਰ ਸੰਯੁਕਤ ਪੰਜਾਬੀ ਸੱਭਿਆਚਾਰ ਦੀ ਸਹੀ ਪ੍ਰਤੀਨਿਧ ਤੇ ਪੰਜਾਬੀ ਏਕਤਾ, ਸ਼ਾਂਤੀ ਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੋਵੇਗੀ, ਜਿਵੇਂ ਕਿ ਹਮੇਸ਼ਾ ਪ੍ਰਕਾਸ਼ ਸਿੰਘ ਬਾਦਲ ਦੀ ਸੋਚ ਰਹੀ ਹੈ।

# ਪੰਜਾਬ ਅਤੇ ਪੰਜਾਬ ਕਾਂਗਰਸ ਪਾਰਟੀ ਦਾ ਵਿਵਾਦ

***ਪੰਜਾਬ ਅੰਦਰ ਸੱਤਾਧਾਰੀ ਕਾਂਗਰਸ ਦਾ ਅੰਦਰੂਨੀ ਕਲੇਸ਼ ਫਿਲਹਾਲ ਮੁੱਕਣ ਦਾ ਨਾਂ ਨਹੀਂ ਲੈ ਰਿਹਾ। ਹਾਈ ਕਮਾਨ ਨੇ ਅਜੇ ਭਾਵੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਹਿਲਾਇਆ ਨਹੀਂ ਹੈ, ਪਰ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਬਣਾ ਕੇ ਚੰਗਾ ਹਲੂਣਾ ਜ਼ਰੂਰ ਦਿੱਤਾ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਨਰਿੰਦਰ ਸਿੰਘ ਢਿੱਲੋਂ ਨੇ ਕੀਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਅੰਦਰੂਨੀ ਵਿਰੋਧ ਨਹੀਂ, ਸਗੋਂ ਕੈਪਟਨ ਦੀਆਂ ਨਾਕਾਮੀਆਂ ਕਰਕੇ ਹੈ।***

**ਨਰਿੰਦਰ ਸਿੰਘ ਢਿੱਲੋਂ**
**ਫੋਨ: 1-587-436-4032**

ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ ਨੇ ਪਾਰਟੀ ਦੇ ਹੇਠਲੇ ਵਰਕਰ ਤਕ ਸਭ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਸਮੇਂ ਜਦ ਸਾਰੀਆਂ ਸਿਆਸੀ ਪਾਰਟੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਕਮਰ ਕੱਸ ਰਹੀਆਂ ਹਨ ਤਾਂ ਕਾਂਗਰਸ ਦਾ ਇਹ ਵਿਵਾਦ ਪਾਰਟੀ ਮੁਹਿੰਮ ਨੂੰ ਵੱਡਾ ਝਟਕਾ ਲਾ ਸਕਦਾ ਹੈ। ਇਸ ਦਾ ਮੁੱਖ ਕਾਰਨ ਪਿਛਲੇ ਸਾਢੇ ਚਾਰ ਸਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਰਾਜ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਕੇ ਆਰਾਮ ਅਤੇ ਐਸ਼ ਦੀ ਜ਼ਿੰਦਗੀ ਬਤੀਤ ਕਰਦਿਆਂ ਅਫਸਰਸ਼ਾਹੀ ਅਤੇ ਆਪਣੇ ਜੋਟੀਦਾਰ ਸਲਾਹਕਾਰਾਂ 'ਤੇ ਟੇਕ ਰੱਖਣਾ ਹੈ। 2017 ਦੀ ਵਿਧਾਨ ਸਭਾ ਚੋਣ ਜੋ ਕਾਂਗਰਸ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਲੜੀ ਸੀ, ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਵੋਟਾਂ ਬਟੋਰਨ ਲਈ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਹ ਲੋਕਾਂ ਨੂੰ ਯਾਦ ਹਨ ਜਿਸ ਕਰਕੇ ਲੋਕਾਂ ਨੇ ਕਾਂਗਰਸ ਪਾਰਟੀ ਦੇ ਵਿਧਾਇਕਾਂ ਅਤੇ ਨੇਤਾਵਾਂ ਨੂੰ ਸੁਆਲ ਕਰਨੇ ਸ਼ੁਰੂ ਕਰ ਦਿੱਤੇ ਹਨ ਤੇ ਵਿਰੋਧੀ ਪਾਰਟੀਆਂ ਨੇ ਵੀ ਹਮਲਾਵਰ ਰੁਖ ਅਖਤਿਆਰ ਕਰ ਲਿਆ ਹੈ। ਇਸ ਵਿਚ ਬੇਅਦਬੀ ਕਾਂਡ ਦੇ ਦੋਸ਼ੀਆਂ ਵਿਰੁੱਧ ਕਾਰਵਾਈ, ਕਿਸਾਨਾਂ ਦੇ ਸਮੁੱਚੇ ਕਰਜ਼ੇ ਮੁਆਫ ਕਰਨੇ, ਘਰ ਘਰ ਵਿਚ ਨੌਕਰੀ, ਚਾਰ ਹਫਤਿਆਂ ਵਿਚ ਨਸ਼ਾ ਖਤਮ ਕਰਨਾ, ਮਾਈਨਿੰਗ, ਟਰਾਂਸਪੋਰਟ, ਕੇਬਲ, ਸ਼ਰਾਬ ਆਦਿ ਮਾਫੀਏ ਵਿਰੁੱਧ ਕਾਰਵਾਈ, ਬੁਢਾਪਾ ਪੈਨਸ਼ਨ ਤੇ ਸ਼ਗਨ ਸਕੀਮ ਦੀ ਰਕਮ ਵਿਚ ਵਾਧਾ ਕਰਨਾ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਰੁਕਿਆ ਹੋਇਆ ਮਹਿੰਗਾਈ ਭੱਤਾ ਤੇ ਗਰੇਡਾਂ ਵਿਚ ਸੋਧ ਕਰਨੀ, ਵਿਦਿਆਰਥੀਆਂ ਨੂੰ ਸਮਾਰਟ ਫੋਨ ਦੇਣੇ ਆਦਿ ਅਤੇ ਹੋਰ ਬਹੁਤ ਸਾਰੇ ਵਾਅਦੇ ਸ਼ਾਮਲ ਸਨ।

ਇਸ ਤੋਂ ਇਲਾਵਾ ਅਕਾਲੀ ਭਾਜਪਾ ਸਰਕਾਰ ਵੱਲੋਂ ਬਿਜਲੀ ਕੰਪਨੀਆਂ ਨਾਲ ਕੀਤੇ ਘਾਟੇਵੰਦੇ ਸਮਝੌਤਿਆਂ ਨੂੰ ਰੱਦ ਕਰਨਾ ਵੀ ਸ਼ਾਮਲ ਸੀ। ਇਨ੍ਹਾਂ ਵਾਅਦਿਆਂ ਨੂੰ ਨਜ਼ਰਅੰਦਾਜ਼ ਕਰਨ ਕਰਕੇ ਪਾਰਟੀ ਨੇਤਾਵਾਂ ਵਿਚ ਕਾਫੀ ਰੋਹ ਪੈਦਾ ਹੋ ਗਿਆ ਸੀ।

ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧ ਵਿਚ ਬਲਦੀ 'ਤੇ ਤੇਲ ਉਦੋਂ ਪਿਆ ਜਦ ਹਾਈ ਕੋਰਟ ਨੇ ਕੁੰਵਰ ਵਿਜੇ ਪ੍ਰਤਾਪ ਸਿੰਘ ਰਾਹੀਂ ਪੇਸ਼ ਹੋਈ ਬੇਅਦਬੀ ਕਾਂਡ ਬਾਰੇ 'ਸਿੱਟ' ਦੀ ਜਾਂਚ ਰਿਪੋਰਟ ਰੱਦ ਕਰ ਦਿੱਤੀ। ਇਸ ਜਾਂਚ ਲਈ 'ਸਿੱਟ' ਦੇ ਮੈਂਬਰਾਂ ਦਾ ਇੱਕ ਸੁਰ ਨਾ ਹੋਣਾ, ਐਡਵੋਕੇਟ ਜਨਰਲ ਅਤੁਲ ਨੰਦਾ ਵੱਲੋਂ ਹਾਈ ਕੋਰਟ ਵਿਚ ਪੇਸ਼ ਹੀ ਨਾ ਹੋਣਾ, ਕੇਸ ਦੀ ਪੈਰਵੀ ਨਾ ਕਰਨਾ, ਇਸ ਸਾਰੇ ਘਟਨਾਕ੍ਰਮ 'ਤੇ ਮੁੱਖ ਮੰਤਰੀ ਵੱਲੋਂ ਚੁੱਪ ਰਹਿਣਾ ਅਤੇ ਹਾਈ ਕੋਰਟ ਦੇ ਸਮੁੱਚੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਨਾ ਕਰਨ ਤੋਂ ਇਹ ਪ੍ਰਭਾਵ ਗਿਆ ਕਿ ਮੁੱਖ ਮੰਤਰੀ ਨੇ ਇਹ ਵਤੀਰਾ ਬਾਦਲਾਂ ਨੂੰ ਬਚਾਉਣ ਲਈ ਅਖਤਿਆਰ ਕੀਤਾ ਹੈ, ਕਿਉਂਕਿ ਸਿਆਸੀ ਹਲਕਿਆਂ ਵਿਚ ਇਹ ਸਮਝਿਆ ਜਾਂਦਾ ਸੀ ਕਿ ਇਸ ਕਾਂਡ ਪਿੱਛੇ ਅਕਾਲੀ ਆਗੂਆਂ ਦਾ ਹੱਥ ਸੀ।

ਕਾਂਗਰਸ ਸਰਕਾਰ ਦੇ ਪਿਛਲੇ ਲੰਮੇ ਸਮੇਂ ਵਿਚ ਵੱਖ-ਵੱਖ ਮੁੱਦਿਆਂ 'ਤੇ ਮੁੱਖ ਮੰਤਰੀ ਦੇ ਬਾਦਲਾਂ ਪ੍ਰਤੀ ਕਥਿਤ ਨਰਮ ਰਵੱਈਏ ਕਰ ਕੇ ਕਾਂਗਰਸ ਅੰਦਰੋਂ ਕੈਪਟਨ ਤੇ ਬਾਦਲਾਂ ਨਾਲ ਰਲੇ ਹੋਣ ਦੀਆਂ ਆਵਾਜ਼ਾਂ ਉਠਦੀਆਂ ਰਹੀਆਂ ਸਨ। ਮਈ 2021 ਦੇ ਸ਼ੁਰੂ ਵਿਚ ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਨੇ ਇਹ ਇੰਕਸ਼ਾਫ ਕੀਤਾ ਸੀ ਕਿ ਪੰਜਾਬ ਵਿਧਾਨ ਸਭਾ ਦੀਆਂ 2017 ਦੀਆਂ ਚੋਣਾਂ ਤੋਂ ਪਹਿਲਾਂ ਚੀਫ ਖਾਲਸਾ ਦੀਵਾਨ ਦੇ ਇਕ ਨੇਤਾ ਦੇ ਪਰਿਵਾਰਕ ਸਮਾਗਮ ਦੁਬਈ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਸ਼ਾਮਲ ਹੋਏ ਸਨ। ਦੁਬਈ ਵਿਚ ਇਨ੍ਹਾਂ ਦੋਹਾਂ ਦਾ ਸਮਝੌਤਾ ਹੋਇਆ ਸੀ ਜਿਸ ਕਰਕੇ ਇਹ ਦੋਵੇਂ ਹੁਣ ਜ਼ੁਬਾਨੀ ਇੱਕ ਦੂਜੇ ਵਿਰੁੱਧ ਜੋ ਮਰਜ਼ੀ ਕਹੀ ਜਾਣ, ਉਂਜ ਇਹ ਰਲ-ਮਿਲ ਕੇ ਚੱਲ ਰਹੇ ਹਨ। ਇਨ੍ਹਾਂ ਦੋਹਾਂ ਨੇ ਅੱਜ ਤੱਕ ਭਗਵੰਤ ਮਾਨ ਦੇ ਇਸ ਬਿਆਨ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਜਿਸ ਕਰ ਕੇ ਲੋਕਾਂ ਵਿਚ ਇਨ੍ਹਾਂ ਦੇ ਆਪਸ 'ਚ ਰਲੇ ਹੋਣ ਦਾ ਸ਼ੱਕ ਹੋਰ ਮਜ਼ਬੂਤ ਹੁੰਦਾ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕੰਮ-ਢੰਗ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਸਰਕਾਰ ਬਣਦੇ ਸਮੇਂ ਤੋਂ ਹੀ ਇਹ ਚਰਚਾ ਰਹੀ ਹੈ ਕਿ ਉਹ ਸਕੱਤਰੇਤ ਜਾਂਦੇ ਹੀ ਨਹੀਂ ਅਤੇ ਆਪਣੇ ਸਿਸਵਾਂ ਫਾਰਮ ਹਾਊਸ ਤੋਂ ਹੀ ਸਰਕਾਰ ਚਲਾਉਂਦੇ ਹਨ। ਹੁਣ ਜਦੋਂ ਕਾਂਗਰਸ ਪਾਰਟੀ ਵਿਚ ਉਨ੍ਹਾਂ ਦਾ ਵਿਰੋਧ ਵਧਿਆ ਹੈ ਅਤੇ ਗੱਲ ਕੇਂਦਰੀ ਲੀਡਰਸ਼ਿਪ ਤਕ ਗਈ ਹੈ ਤਾਂ ਉਹ ਚੰਡੀਗੜ੍ਹ ਸਥਿਤ ਸਰਕਾਰੀ ਕੋਠੀ ਵਿਚ ਗੇੜਾ ਮਾਰਨ ਲੱਗੇ ਹਨ। ਸਰਕਾਰ ਠੀਕ ਢੰਗ ਨਾਲ ਸਕੱਤਰੇਤ ਵਿਚੋਂ ਹੀ ਚੱਲ ਸਕਦੀ ਹੈ, ਫਾਰਮ ਹਾਊਸ ਤੋਂ ਨਹੀਂ।

ਹੈਰਾਨਗੀ ਦੀ ਗੱਲ ਹੈ ਕਿ ਉਨ੍ਹਾਂ ਨੇ ਵੱਡੀ ਗਿਣਤੀ ਵਿਚ ਆਪਣੇ ਨਾਲ ਸਲਾਹਕਾਰ, ਸਕੱਤਰ, ਓ.ਐਸ.ਡੀ. ਭਰਤੀ ਕੀਤੇ ਹੋਏ ਹਨ ਜਿਨ੍ਹਾਂ ਨੂੰ ਕੈਬਨਿਟ ਰੈਂਕ ਦੇ ਕੇ ਸਰਕਾਰੀ ਸਹੂਲਤਾਂ ਦਿੱਤੀਆਂ ਹੋਈਆਂ ਹਨ ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਚੂਨਾ ਲਾਇਆ ਜਾ ਰਿਹਾ ਹੈ। ਆਮ ਲੋਕਾਂ ਅਤੇ ਕਾਂਗਰਸੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਕੀ ਮੁੱਖ ਮੰਤਰੀ ਦਾ ਮੰਤਰੀ ਮੰਡਲ ਵਧੀਆ ਸਲਾਹਕਾਰ ਨਹੀਂ ਹੈ? ਕੀ ਵਿਧਾਇਕਾਂ ਤੋਂ ਸਲਾਹ-ਮਸ਼ਵਰਾ ਨਹੀਂ ਲਿਆ ਜਾ ਸਕਦਾ? ਸਲਾਹਕਾਰਾਂ ਅਤੇ ਹੋਰ ਅਮਲਾ-ਫੈਲਾ ਭਰਤੀ ਕਰ ਕੇ ਜਨਤਾ ਦੇ ਟੈਕਸ ਦੇ ਪੈਸੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਹੁਣ ਤਾਂ ਕਾਂਗਰਸ ਪਾਰਟੀ ਦੇ ਮੰਤਰੀ ਅਤੇ ਵਿਧਾਇਕ ਜਨਤਕ ਤੌਰ 'ਤੇ ਕਹਿ ਚੁੱਕੇ ਹਨ ਕਿ ਮੁੱਖ ਮੰਤਰੀ ਕਿਸੇ ਨੂੰ ਮਿਲਦੇ ਹੀ ਨਹੀਂ ਜਿਸ ਕਰਕੇ ਉਹ ਮੁੱਖ ਮੰਤਰੀ ਨਾਲ ਕਰਨ ਵਾਲੀ ਗੱਲ ਹੋਰ ਕਿਤੇ ਕਰ ਹੀ ਨਹੀਂ ਸਕਦੇ; ਇਸ ਹਾਲਤ ਵਿਚ ਲੋੜ ਪੈਣ 'ਤੇ ਆਮ ਲੋਕ ਉਨ੍ਹਾਂ ਨੂੰ ਕਿਵੇਂ ਮਿਲ ਸਕਦੇ ਹਨ?

***ਕੈਪਟਨ ਅਮਰਿੰਦਰ ਸਿੰਘ ਦਾ ਕਾਂਗਰਸ ਵਿਚ ਹੋ ਰਿਹਾ ਵਿਰੋਧ ਕੇਵਲ ਸਿੱਧੂ ਵਿਰੋਧ ਨਹੀਂ, ਪੰਜਾਬ ਲਈ ਕੁਝ ਵੀ ਨਾ ਕਰਨ ਦਾ ਵਿਰੋਧ ਹੈ। ਚੋਣ ਵਾਅਦੇ ਕਰ ਕੇ ਕੁਝ ਵੀ ਨਾ ਕਰਨਾ ਨਾ ਮੁਆਫੀਯੋਗ ਗੁਨਾਹ ਹੈ। ਬੀਤੇ ਸਮੇਂ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਵਤੀਰਾ ਹਮੇਸ਼ਾ ਇਹ ਰਿਹਾ ਹੈ ਕਿ ਜਾਂ ਮੈਂ ਹਾਂ, ਜਾਂ ਮੈਂ ਕਿਸੇ ਨੂੰ ਚੱਲਣ ਨਹੀਂ ਦੇਣਾ। ਪਾਰਟੀ ਦੇ ਅੰਦਰੂਨੀ ਯੁੱਧ ਵਿਚ ਨਵਜੋਤ ਸਿੱਧੂ ਨੇ ਵਧੀਆ ਟੱਕਰ ਦਿੱਤੀ ਹੈ ਅਤੇ ਇੱਕ ਵਾਰ ਕੈਪਟਨ ਦੇ ਪੈਰ ਹਿਲਾ ਦਿੱਤੇ ਹਨ। ਅਗਾਂਹ ਕੀ ਹੋਵੇਗਾ, ਅਜੇ ਕੁਝ ਕਹਿਣਾ ਮੁਸ਼ਕਿਲ ਹੈ। ਸਿੱਧੂ ਲਈ ਆਉਣ ਵਾਲਾ ਸਮਾਂ ਪ੍ਰੀਖਿਆ ਵਾਲਾ ਹੈ।***



ਮੁੱਖ ਮੰਤਰੀ ਜੇਕਰ ਸਰਕਾਰ ਚਲਾਉਣ ਦਾ ਕੰਮ ਅਫਸਰਸ਼ਾਹੀ 'ਤੇ ਛੱਡ ਦੇਣਗੇ ਤਾਂ ਅਫਸਰਸ਼ਾਹੀ ਫਿਰ ਮਨ-ਮਾਨੀਆਂ ਕਰੇਗੀ ਹੀ। ਇਸੇ ਕਰਕੇ ਵਿਰੋਧੀ ਪਾਰਟੀਆਂ ਹੀ ਨਹੀਂ, ਕਾਂਗਰਸੀ ਵਿਧਾਇਕ ਅਤੇ ਕਈ ਵਾਰ ਮੰਤਰੀ ਵੀ ਇਹ ਦੋਸ਼ ਲਾਉਂਦੇ ਹਨ ਕਿ ਅਫਸਰ ਉਨ੍ਹਾਂ ਦੀ ਸੁਣਦੇ ਨਹੀਂ, ਅਕਾਲੀਆਂ ਦੀ ਵੱਧ ਸੁਣਦੇ ਹਨ ਜਿਸ ਤੋਂ ਇਹ ਪ੍ਰਭਾਵ ਜਾਂਦਾ ਸੀ ਕਿ ਇਹ ਸਭ ਕੁਝ ਮੁੱਖ ਮੰਤਰੀ ਦੇ ਅਕਾਲੀਆਂ ਨਾਲ ਰਲੇ ਹੋਣ ਕਰਕੇ ਹੈ। ਇਸ ਹਾਲਤ ਵਿਚ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਦੇ ਮੁੱਦੇ ਹੱਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਹੈ।

ਸਰਕਾਰ ਦੇ ਸਾਢੇ ਚਾਰ ਸਾਲ ਬੀਤ ਜਾਣ ਤੋਂ ਬਾਅਦ ਹੀ ਕਾਂਗਰਸ ਪਾਰਟੀ ਵਿਚ ਲਾਵਾ ਫੁੱਟਿਆ ਹੈ ਕਿ ਜੇਕਰ ਪੰਜਾਬ ਦੇ ਮੁੱਦੇ ਅਤੇ 2017 ਵਿਚ ਕੀਤੇ ਚੋਣ ਵਾਅਦਿਆਂ ਨੂੰ ਹੱਲ ਨਾ ਕੀਤਾ ਗਿਆ ਤਾਂ ਕਾਂਗਰਸ ਪਾਰਟੀ ਦੇ ਲੀਡਰ ਅਤੇ ਵਰਕਰ ਕਿਹੜਾ ਮੂੰਹ ਲੈ ਕੇ ਅਗਲੀ ਚੋਣ ਲਈ ਲੋਕਾਂ ਵਿਚ ਜਾਣਗੇ।

ਪਟਿਆਲਾ ਅਤੇ ਚੰਡੀਗੜ੍ਹ ਵਿਚ ਬੇਰੁਜ਼ਗਾਰ, ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮ, ਡਾਕਟਰ, ਪੈਨਸ਼ਨਰ, ਕਿਸਾਨ, ਮਜ਼ਦੂਰ, ਆਂਗਨਵਾੜੀ ਵਰਕਰ ਆਦਿ ਹਰ ਰੋਜ਼ ਰੋਸ ਮੁਜ਼ਾਹਰੇ ਕਰਦੇ ਪਾਣੀ ਦੀਆਂ ਬੁਛਾੜਾਂ ਅਤੇ ਲਾਠੀਆਂ ਦੀ ਮਾਰ ਖਾਂਦੇ ਹਨ ਪਰ ਮੁੱਖ ਮੰਤਰੀ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਜ਼ਰੂਰਤ ਨਹੀਂ ਸਮਝਦੇ। ਜਦ ਤੋਂ ਕਰੋਨਾ ਮਹਾਮਾਰੀ ਦਾ ਦੌਰ ਸ਼ੁਰੂ ਹੋਇਆ ਹੈ, ਮੁੱਖ ਮੰਤਰੀ ਸਿਸਵਾਂ ਫਾਰਮ ਤੋਂ ਪੰਜਾਬ ਵਿਚ ਸ਼ਾਇਦ ਇਹ ਇਕ-ਦੋ ਦਿਨ ਹੀ ਬਾਹਰ ਨਿਕਲੇ ਹੋਣ। ਆਪਣੇ ਆਪ ਨੂੰ ਫੌਜੀ ਹੋਣ ਦੀ ਬੜ੍ਹਕ ਮਾਰਨ ਵਾਲੇ ਕੈਪਟਨ ਸਾਹਿਬ ਕਰੋਨਾ ਤੋਂ ਇੰਨਾ ਡਰ ਗਏ ਕਿ ਲੋਕਾਂ ਦੀ ਖਬਰਸਾਰ ਲੈਣ ਦੀ ਉਨ੍ਹਾਂ 'ਚ ਕੋਈ ਹਿੰਮਤ ਨਹੀਂ।

ਮੁੱਖ ਮੰਤਰੀ ਵਿਰੁੱਧ ਕਈ ਸਾਲਾਂ ਤੋਂ ਇਕ ਪਾਕਿਸਤਾਨੀ ਔਰਤ ਨੂੰ ਆਪਣੇ ਕੋਲ ਰੱਖਣ ਦੀ ਚਰਚਾ ਮੀਡੀਆ ਵਿਚ ਹੁੰਦੀ ਰਹੀ ਹੈ। ਮੁੱਖ ਮੰਤਰੀ ਵਰਗੇ ਸੰਵਿਧਾਨਕ ਅਹੁਦੇ 'ਤੇ ਬੈਠੇ ਵਿਅਕਤੀ ਨੂੰ ਇਹੋ ਜਿਹੇ ਵਿਵਾਦ ਦਾ ਮੌਕਾ ਹੀ ਨਹੀਂ ਦੇਣਾ ਚਾਹੀਦਾ ਪਰ ਉਨ੍ਹਾਂ ਨੇ ਇਸ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ। ਐਸੇ ਅਹੁਦੇ 'ਤੇ ਬੈਠੀ ਕਿਸੇ ਵੀ ਸ਼ਖਸੀਅਤ ਦੀਆਂ ਗਲਾਸੀ ਸਮੇਤ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦੀਆਂ ਹੋਣ ਤਾਂ ਇਹ ਸੋਭਾ ਨਹੀਂ ਦਿੰਦਾ। ਇਹੋ ਜਿਹੇ ਵਿਵਾਦ ਨੂੰ ਨਿੱਜੀ ਮਸਲਾ ਕਹਿ ਕੇ ਟਾਲਿਆ ਨਹੀਂ ਜਾ ਸਕਦਾ, ਕਿਉਂਕਿ ਐਸੇ ਅਹੁਦੇ 'ਤੇ ਬੈਠੇ ਵਿਅਕਤੀ ਦੀ ਸ਼ਖਸੀਅਤ 'ਤੇ ਲੋਕਾਂ ਦਾ ਵੀ ਅਧਿਕਾਰ ਹੁੰਦਾ ਹੈ। ਇਹੋ ਜਿਹੇ ਵਿਵਾਦ ਲੋਕਾਂ ਵਿਚ ਗਲਤ ਸੁਨੇਹਾ ਦਿੰਦੇ ਹਨ ਅਤੇ ਉਸ ਵਿਅਕਤੀ ਦੀ ਸ਼ਖਸੀਅਤ ਨੂੰ ਦਾਗੀ ਕਰਦੇ ਹਨ।

ਕਾਂਗਰਸ ਪਾਰਟੀ ਦੀ ਅੰਦਰੂਨੀ ਜੰਗ ਕੈਪਟਨ-ਸਿੱਧੂ ਜੰਗ ਨਹੀਂ ਹੈ, ਇਹ ਅਮਰਿੰਦਰ ਸਿੰਘ ਵੱਲੋਂ ਪੰਜਾਬ ਮੁੱਦੇ ਅਤੇ ਚੋਣ ਵਾਅਦੇ ਨਜ਼ਰਅੰਦਾਜ਼ ਕਰਨ ਦਾ ਵਿਰੋਧ ਹੈ। ਨਵਜੋਤ ਸਿੰਘ ਸਿੱਧੂ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੇ ਮੁੱਦੇ ਉਠਾਉਣ ਦਾ 'ਦੋਸ਼ੀ' ਹੈ; ਇਹੀ 'ਦੋਸ਼' ਵਿਧਾਇਕ ਪਰਗਟ ਸਿੰਘ ਦਾ ਹੈ ਜਿਸ ਨੇ ਦੋ ਕੁ ਸਾਲ ਪਹਿਲਾਂ ਇਨ੍ਹਾਂ ਮੁੱਦਿਆਂ ਵੱਲ ਧਿਆਨ ਦੇਣ ਲਈ ਮੁੱਖ ਮੰਤਰੀ ਨੂੰ ਚਿੱਠੀ ਲਿਖੀ ਸੀ ਅਤੇ ਮੁੱਖ ਮੰਤਰੀ ਵੱਲੋਂ ਸੱਦਣ 'ਤੇ ਸਾਰੀ ਸਥਿਤੀ ਵੀ ਸਪੱਸ਼ਟ ਕੀਤੀ ਸੀ। 'ਅਸੰਤੁਸ਼ਟ' ਮੰਤਰੀਆਂ ਅਤੇ ਨੇਤਾਵਾਂ ਦਾ ਵੀ ਇਹੋ ਕਸੂਰ ਹੈ ਕਿ ਉਨ੍ਹਾਂ ਨੇ ਇਨ੍ਹਾਂ ਮੁੱਦਿਆਂ ਵੱਲ ਧਿਆਨ ਦੇਣ ਦੀ ਮੰਗ ਕੀਤੀ ਸੀ ਪਰ ਇਨ੍ਹਾਂ ਦੀ ਜ਼ਬਾਨਬੰਦੀ ਲਈ ਵਿਜੀਲੈਂਸ ਦੇ ਛਾਪੇ ਅਤੇ ਨਤੀਜੇ ਭੁਗਤਣ ਲਈ ਤਿਆਰ ਰਹਿਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਲੇਕਿਨ ਇਹ ਦਾਅ-ਪੇਚ ਵੀ ਮੁੱਖ ਮੰਤਰੀ ਨੂੰ ਉਲਟਾ ਪਿਆ ਅਤੇ ਵਿਰੋਧ ਹੋਰ ਤਿੱਖਾ ਹੋ ਗਿਆ।

ਜਦ ਪਾਰਟੀ ਵਿਚ ਅੰਦਰੂਨੀ ਵਿਵਾਦ ਹੋਵੇ ਤਾਂ ਪਾਰਟੀ ਪ੍ਰਧਾਨ ਨੂੰ ਉਸ ਵਿਚ ਦਖਲਅੰਦਾਜ਼ੀ ਕਰਕੇ ਵਿਵਾਦ ਹੱਲ ਕਰਨਾ ਚਾਹੀਦਾ ਹੈ। ਪੰਜਾਬ ਕਾਂਗਰਸ ਦਾ ਪ੍ਰਧਾਨ ਸੁਨੀਲ ਜਾਖੜ ਭਾਵੇਂ ਚੰਗੇ ਇਨਸਾਨ ਦੀ ਦਿੱਖ ਰੱਖਦਾ ਹੈ ਲੇਕਿਨ ਅਮਰਿੰਦਰ ਸਿੰਘ ਸਾਹਮਣੇ ਉਹ ਆਪਣੀ ਸਿਆਸੀ ਅਧਿਕਾਰਤ ਸ਼ਕਤੀ ਦਿਖਾਉਣ ਦੀ ਹਿੰਮਤ ਨਹੀਂ ਰੱਖਦਾ ਬਲਕਿ ਉਹ ਕੈਪਟਨ ਦੇ ਪਿਛਲੱਗ ਦੇ ਰੂਪ ਵਿਚ ਵਿਚਰਦਾ ਹੈ। ਪਾਰਟੀ ਲੀਡਰ ਕਮਜ਼ੋਰ ਹੋਣ ਕਰਕੇ ਵੀ ਕਈ ਛੋਟੀਆਂ ਸਮੱਸਿਆਵਾਂ ਸਮੇਂ ਸਿਰ ਹੱਲ ਨਾ ਹੋਣ ਕਰਕੇ ਵੱਡੀਆਂ ਹੋ ਜਾਂਦੀਆਂ ਹਨ। ਹੁਣ ਇਹ ਪਾਰਟੀ ਦਾ ਅੰਦਰੂਨੀ ਰੇੜਕਾ ਸੋਨੀਆ ਗਾਂਧੀ ਦੀ ਅਗਵਾਈ ਹੇਠ ਕੇਂਦਰੀ ਲੀਡਰਸ਼ਿਪ ਨੇ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ ਜਿਸ ਅਨੁਸਾਰ ਪਹਿਲਾਂ ਮੁੱਖ ਮੰਤਰੀ ਨੂੰ ਪੰਜਾਬ ਸਮੱਸਿਆਵਾਂ ਬਾਰੇ ਅਠਾਰਾਂ ਨੁਕਾਤੀ ਏਜੰਡੇ 'ਤੇ ਅਮਲ ਕਰਨ ਲਈ ਕਿਹਾ ਗਿਆ ਹੈ। ਪਾਰਟੀ ਦੇ ਜਥੇਬੰਦਕ ਸੰਕਟ ਨੂੰ ਹੱਲ ਕਰਨ ਲਈ ਆਲ ਇੰਡੀਆ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਅਮਰਿੰਦਰ ਸਿੰਘ ਦੇ ਸਿੱਧੂ ਵਿਰੋਧ, ਡਾਹੇ ਜਾਂਦੇ ਅੜਿੱਕਿਆਂ ਅਤੇ ਬਹਾਨੇ ਬਾਜ਼ੀਆਂ ਨੂੰ ਦਰ-ਕਿਨਾਰ ਕਰ ਦਿੱਤਾ, ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਐਲਾਨ ਦਿੱਤਾ ਅਤੇ ਉਸ ਨਾਲ ਚਾਰ ਕਾਰਜਕਾਰੀ ਪ੍ਰਧਾਨ ਲਾ ਦਿੱਤੇ ਹਨ।

ਇੰਜ ਜਾਪਦਾ ਹੈ ਕਿ ਕੇਂਦਰੀ ਲੀਡਰਸ਼ਿਪ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਤਾਂ ਨਹੀਂ ਹਿਲਾਇਆ ਲੇਕਿਨ ਕੁਝ ਨਾ ਕੁਝ ਝਟਕਾ ਦੇ ਕੇ ਹੇਠਾਂ ਜ਼ਰੂਰ ਲਿਆਂਦਾ ਹੈ। ਉਂਜ ਵੀ ਕੈਪਟਨ ਦੀ ਪਾਰਟੀ ਵਿਚ ਹੁਣ ਉਹ ਦਿੱਖ ਨਹੀਂ ਰਹੀ ਜੋ ਪਹਿਲਾਂ ਹੁੰਦੀ ਸੀ। ਕੈਪਟਨ ਅਮਰਿੰਦਰ ਸਿੰਘ ਬਹੁਤੀ ਸਰਗਰਮੀ ਨਹੀਂ ਕਰ ਸਕਦੇ, ਗੱਲਾਂ ਕਰਦਿਆਂ ਵੀ ਉਨ੍ਹਾਂ ਨੂੰ ਸਾਹ ਚੜ੍ਹਦਾ ਹੈ। ਇਸ ਕਰਕੇ ਸਿਹਤ ਦੇ ਪੱਖ ਤੋਂ ਵੀ ਉਨ੍ਹਾਂ ਨੂੰ ਆਪਣੇ ਆਪ ਹੀ ਵੱਡੀ ਜ਼ਿੰਮੇਵਾਰੀ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ ਅਤੇ ਨਵੀਂ ਟੀਮ ਨੂੰ ਸਹਿਯੋਗ ਦੇਣਾ ਚਾਹੀਦਾ ਹੈ।

ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ ਵਿਚ ਕਈ ਨੇਤਾ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾ ਕੇ ਇਸ ਨੂੰ ਅਹੁਦਿਆਂ ਅਤੇ ਵਜ਼ੀਰੀਆਂ ਦੀ ਵੰਡ ਨਾਲ ਜੋੜ ਰਹੇ ਹਨ। ਇਕ ਪ੍ਰੈੱਸ ਕਾਨਫਰੰਸ ਵਿਚ ਵਿਧਾਇਕ ਪਰਗਟ ਸਿੰਘ ਨੇ ਠੀਕ ਹੀ ਕਿਹਾ ਸੀ ਕਿ ਝਗੜਾ ਅਹੁਦਿਆਂ ਦਾ ਨਹੀਂ, ਮੁੱਦੇ ਹੱਲ ਕਰਨ ਦਾ ਹੈ। ਜੇਕਰ ਅਹੁਦੇ ਵੰਡ ਦਿੱਤੇ ਜਾਣ ਤਾਂ ਕੀ ਮੁੱਦੇ ਹੱਲ ਹੋ ਜਾਣਗੇ? ਉਸ ਨੇ ਕਿਹਾ ਕਿ ਪੰਜਾਬੀਆਂ ਨਾਲ ਕੀਤੇ ਚੋਣ ਵਾਅਦਿਆਂ ਵਾਲੇ ਮੁੱਦੇ ਹੱਲ ਕਰਨੇ ਚਾਹੀਦੇ ਹਨ ਤਾਂ ਕਿ ਉਹ 2022 ਦੀਆਂ ਚੋਣਾਂ ਲਈ ਸਿਰ ਉੱਚਾ ਕਰਕੇ ਲੋਕਾਂ ਵਿਚ ਜਾ ਸਕਣ। ਪੰਜਾਬ ਦੀ ਡਿੱਗ ਰਹੀ ਅਰਥ ਵਿਵਸਥਾ ਅਤੇ ਨਿੱਤ ਦਿਨ ਵਧ ਰਹੀਆਂ ਸਮੱਸਿਆਵਾਂ ਕਾਰਨ ਲੋਕ ਡਾਢੀ ਚਿੰਤਾ ਵਿਚ ਹਨ। ਲੋਕ ਸਮਝਦੇ ਹਨ ਕਿ ਸਿਆਸੀ ਲੀਡਰਾਂ ਕੋਲ ਤਾਂ ਧਨ ਦੌਲਤ ਬਹੁਤ ਜਮ੍ਹਾਂ ਹੋਵੇਗੀ। ਪੰਜਾਬ ਨੂੰ ਬਰਬਾਦ ਕਰਨ ਅਤੇ ਲੁੱਟਣ ਦਾ ਦੋਸ਼ ਅਕਾਲੀ, ਭਾਜਪਾ ਅਤੇ ਕਾਂਗਰਸੀ ਲੀਡਰਾਂ ਉੱਤੇ ਲੱਗਦਾ ਹੈ। ਇਹ ਵੀ ਚਰਚਾ ਹੈ ਕਿ ਹੁਣ ਵੀ ਕਈ ਕਾਂਗਰਸੀ ਲੀਡਰ ਅਕਾਲੀ ਲੀਡਰਾਂ ਵਾਂਗ ਦੌਲਤ ਇਕੱਠੀ ਕਰਨ ਦੇ ਆਹਰ ਵਿਚ ਹਨ। ਕੁਝ ਨੇਤਾ ਤਾਂ 'ਲੁੱਟ ਲਓ, ਲੁੱਟ ਲਓ' ਵਿਚ ਰੁੱਝੇ ਹੋਏ ਜਾਪਦੇ ਹਨ। ਇਨ੍ਹਾਂ ਲੀਡਰਾਂ ਨੇ ਰਾਜਨੀਤੀ ਨੂੰ ਵਪਾਰ ਹੀ ਬਣਾ ਲਿਆ ਹੈ। ਜੇਕਰ ਰਾਜ ਦੀ ਅਰਥ ਵਿਵਸਥਾ ਅਤੇ ਸਮੱਸਿਆਵਾਂ ਦਾ ਹੱਲ ਨਹੀਂ ਕੀਤਾ ਜਾਂਦਾ ਤਾਂ ਡੁੱਬਦੇ ਪੰਜਾਬ ਵਿਚ ਆਮ ਜਨਤਾ ਦਾ ਕੀ ਬਣੇਗਾ? ਪੰਜਾਬ ਨੂੰ ਡੋਬਣ ਵਿਚ ਇਨ੍ਹਾਂ ਪਾਰਟੀਆਂ ਦਾ ਮੁੱਖ ਰੋਲ ਸਮਝਿਆ ਜਾਂਦਾ ਹੈ। ਹੁਣ ਵੱਖ-ਵੱਖ ਸਿਆਸੀ ਪਾਰਟੀਆਂ ਆ ਰਹੀਆਂ ਚੋਣਾਂ ਲਈ ਮੁਫਤ ਸਹੂਲਤਾਂ ਦਾ ਐਲਾਨ ਕਰ ਰਹੀਆਂ ਹਨ ਪਰ ਇਨ੍ਹਾਂ ਸਹੂਲਤਾਂ ਲਈ ਪੈਸਾ ਕਿੱਥੋਂ ਆਵੇਗਾ ਅਤੇ ਪੰਜਾਬ ਸਿਰ ਚੜ੍ਹਿਆ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਕਿਵੇਂ ਲੱਥੇਗਾ, ਇਸ ਦਾ ਜੁਆਬ ਕਿਸੇ ਪਾਰਟੀ ਕੋਲ ਨਹੀਂ ਹੈ।

ਪੰਜਾਬ ਦੀ ਕਾਂਗਰਸ ਸਰਕਾਰ ਦੇ ਪਿਛਲੇ ਸਾਢੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਪੰਜਾਬ ਸਿਰ ਕਰਜ਼ਾ ਘਟਿਆ ਨਹੀਂ, ਵਧਿਆ ਹੀ ਹੈ। ਸਰਕਾਰ ਨੇ ਆਮਦਨ ਦੇ ਵਸੀਲੇ ਪੈਦਾ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ, ਜਾਂ ਇੰਜ ਕਹਿ ਲਓ ਕਿ ਸਰਕਾਰ ਨੇ ਸਰਮਾਏਦਾਰ ਪੱਖੀ ਨੀਤੀਆਂ ਹੀ ਜਾਰੀ ਰੱਖੀਆਂ ਜਿਸ ਕਰ ਕੇ ਸਰਕਾਰੀ ਖਜ਼ਾਨੇ ਦੇ ਵਿਚ ਪੈਸਾ ਨਹੀਂ ਆਇਆ ਪਰ ਸਰਮਾਏਦਾਰ ਮਾਲਾ-ਮਾਲ ਹੋ ਗਏ। ਮਿਸਾਲ ਦੇ ਤੌਰ 'ਤੇ ਐਕਸਾਈਜ਼ ਪਾਲਿਸੀ ਨੁਕਸਦਾਰ ਬਣਾਈ ਗਈ ਜਿਸ ਤੋਂ ਵੱਡੀ ਪੱਧਰ 'ਤੇ ਆਮਦਨ ਸ਼ਰਾਬ ਫੈਕਟਰੀਆਂ ਦੇ ਮਾਲਕਾਂ ਨੂੰ ਤਾਂ ਹੋ ਗਈ ਹੋਵੇਗੀ ਪਰ ਸਰਕਾਰੀ ਖਜ਼ਾਨੇ ਵਿਚ ਪੈਸਾ ਨਹੀਂ ਆਇਆ। ਐਕਸਾਈਜ਼ ਪਾਲਿਸੀ ਸਹੀ ਬਣਾਉਣ ਨਾਲ ਸਰਕਾਰ ਨੂੰ ਵੱਡੀ ਪੱਧਰ 'ਤੇ ਆਮਦਨ ਹੋ ਸਕਦੀ ਸੀ। ਪੰਜਾਬ ਵਿਚ ਫੜੀਆਂ ਗਈਆਂ ਨਕਲੀ ਸ਼ਰਾਬ ਦੀਆਂ ਫੈਕਟਰੀਆਂ ਦੀਆਂ ਤਾਰਾਂ ਵੱਡੇ ਨੇਤਾਵਾਂ ਨਾਲ ਜੁੜਨ ਦੇ ਚਰਚੇ ਰਹੇ ਹਨ। ਇਨ੍ਹਾਂ ਫੈਕਟਰੀਆਂ ਦੇ ਮਾਲਕਾਂ ਵਿਰੁੱਧ ਪੁਖਤਾ ਕਾਨੂੰਨੀ ਕਾਰਵਾਈ ਸਾਹਮਣੇ ਨਹੀਂ ਆਈ। ਇਹ ਵਿਭਾਗ ਮੁੱਖ ਮੰਤਰੀ ਕੋਲ ਹੈ।

ਨਵਜੋਤ ਸਿੰਘ ਸਿੱਧੂ ਨੇ ਸਰਕਾਰੀ ਫੈਸਲੇ ਮੁਤਾਬਕ, ਤਾਮਿਲਨਾਡੂ ਸਮੇਤ ਦੱਖਣੀ ਰਾਜਾਂ ਦਾ ਦੌਰਾ ਕਰ ਕੇ ਮਾਈਨਿੰਗ ਪਾਲਿਸੀ ਸੁਝਾਈ ਸੀ ਜਿਸ ਅਨੁਸਾਰ ਹਜ਼ਾਰਾਂ ਕਰੋੜ ਰੁਪਏ ਸਰਕਾਰੀ ਖਜ਼ਾਨੇ ਵਿਚ ਆ ਸਕਦੇ ਸਨ ਪਰ ਉਸ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ। ਕੇਬਲ ਮਾਫੀਆ 'ਤੇ ਨਕੇਲ ਕੱਸ ਕੇ ਕਰੋੜਾਂ ਰੁਪਏ ਸਰਕਾਰੀ ਆਮਦਨ ਹੋ ਸਕਦੀ ਸੀ। ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਬੱਸਾਂ ਨਾਲ ਟਾਈਮ ਟੇਬਲ ਵਿਚ ਵਿਤਕਰਾ ਕਰਕੇ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਮਾਲਾ-ਮਾਲ ਕੀਤਾ ਜਾ ਰਿਹਾ ਹੈ। ਇਹ ਵੀ ਚਰਚਾ ਹੈ ਕਿ ਇਕ-ਇਕ ਪਰਮਿਟ 'ਤੇ ਪ੍ਰਾਈਵੇਟ ਟਰਾਂਸਪੋਰਟਰ ਕਈ-ਕਈ ਬੱਸਾਂ ਚਲਾ ਰਹੇ ਹਨ। ਇਹ ਮੰਤਰੀ ਜਾਂ ਟਰਾਂਸਪੋਰਟ ਅਧਿਕਾਰੀਆਂ ਦੀ ਮਿਲੀਭੁਗਤ ਤੋਂ ਬਿਨਾ ਸੰਭਵ ਨਹੀਂ ਹੈ। ਇਸ ਤਰ੍ਹਾਂ ਸਰਕਾਰੀ ਖਜ਼ਾਨੇ ਨੂੰ ਲੁੱਟਿਆ ਜਾ ਰਿਹਾ ਹੈ।

ਫਿਰ ਮੁੱਖ ਮੰਤਰੀ ਨੇ ਤੁਗਲਕੀ ਐਲਾਨ ਕਰਦਿਆਂ ਔਰਤਾਂ ਲਈ ਮੁਫਤ ਬੱਸ ਸਫਰ ਦਾ ਐਲਾਨ ਕਰਕੇ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦਾ ਹੋਰ ਭੱਠਾ ਬਿਠਾਉਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਮੁੱਖ ਮੰਤਰੀ ਤੋਂ ਪੁੱਛਿਆ ਜਾ ਸਕਦਾ ਹੈ ਕਿ ਕੀ ਇਨ੍ਹਾਂ ਬੱਸਾਂ ਵਿਚ ਡੀਜ਼ਲ ਮੁਫਤ ਪੈਂਦਾ ਹੈ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਹੋਰ ਖਰਚੇ ਕੀ ਮੁਫਤ ਵਿਚ ਹਨ? ਹੋਰ ਵੀ ਬਹੁਤ ਸਾਰੇ ਢੰਗਾਂ ਨਾਲ ਆਮਦਨ ਵਿਚ ਵਾਧਾ ਕੀਤਾ ਜਾ ਸਕਦਾ ਹੈ ਪਰ ਗੱਲ ਸਰਕਾਰ ਦੀ ਨੀਤ ਅਤੇ ਨੀਤੀ 'ਤੇ ਨਿਰਭਰ ਕਰਦੀ ਹੈ।

ਚੋਣ ਵਾਅਦੇ ਪੂਰੇ ਕਰਨ ਦਾ ਝੂਠ ਵੀ ਦਿਨੋ-ਦਿਨ ਸਾਹਮਣੇ ਆ ਰਿਹਾ ਹੈ। ਕਿਸਾਨਾਂ ਦਾ ਸਰਕਾਰੀ, ਪ੍ਰਾਈਵੇਟ ਅਤੇ ਸਹਿਕਾਰੀ ਬੈਂਕਾਂ ਦਾ ਕਰਜ਼ਾ ਮੁਆਫ ਕਰਨ ਦਾ ਦਾਅਵਾ ਖੋਖਲਾ ਸਾਬਤ ਹੋਇਆ ਹੈ। ਮੀਡੀਆ ਮੁਤਾਬਕ ਜੋ 4624 ਕਰੋੜ ਰੁਪਏ ਮੁਆਫ ਕੀਤੇ ਹਨ, ਉਹ ਪੰਜਾਬ ਮੰਡੀਕਰਨ ਬੋਰਡ ਤੋਂ ਕਰਜ਼ਾ ਲੈ ਕੇ ਮੁਆਫ ਕੀਤੇ ਹਨ। ਹੁਣ ਪੰਜਾਬ ਸਰਕਾਰ ਨੇ ਖੇਤ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬ ਅਤੇ ਪੰਜਾਬ ਕਾਂਗਰਸ ਪਾਰਟੀ ਦਾ ਵਿਵਾਦ

(ਪਿਛਲੇ ਸਫੇ ਦੀ ਬਾਕੀ)

ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦਾ 590 ਕਰੋੜ ਰੁਪਏ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਹੈ ਜਿਸ ਲਈ ਚੈੱਕ ਜਾਰੀ ਕਰਨ ਦਾ ਸਮਾਗਮ 20 ਅਗਸਤ 2021 ਨੂੰ ਰੱਖਿਆ ਹੈ। ਇਹ ਕਰਜ਼ਾ ਮੁਆਫੀ ਸਰਕਾਰ ਆਪਣੇ ਖਜ਼ਾਨੇ ਵਿਚੋਂ ਨਹੀਂ ਬਲਕਿ ਪੰਜਾਬ ਮੰਡੀ ਬੋਰਡ ਅਤੇ ਦਿਹਾਤੀ ਵਿਕਾਸ ਬੋਰਡ ਕੋਲੋਂ ਕਰਜ਼ਾ ਲੈ ਕੇ ਕਰ ਰਹੀ ਹੈ। ਇਨ੍ਹਾਂ ਦੋਹਾਂ ਬੋਰਡਾਂ ਨੇ ਅੱਗੋਂ ਹੋਰ ਸੰਸਥਾਵਾਂ ਕੋਲੋਂ ਕਰਜ਼ਾ ਲਿਆ ਹੈ। ਇਸ ਤਰ੍ਹਾਂ ਇਸ ਕਰਜ਼ਾ ਮੁਆਫੀ ਨਾਲ ਪੰਜਾਬ ਹੋਰ ਕਰਜ਼ਾਈ ਹੋ ਰਿਹਾ ਹੈ।

ਮੁਫਤ ਬਿਜਲੀ ਦਾ ਮੁੱਦਾ ਹਮੇਸ਼ਾ ਚਰਚਾ ਵਿਚ ਰਹਿੰਦਾ ਹੈ। ਟਿਊਬਵੈਲਾਂ ਲਈ ਮੁਫਤ ਬਿਜਲੀ ਲਈ ਕੋਈ ਪੈਮਾਨਾ ਤੈਅ ਨਹੀਂ ਕੀਤਾ ਗਿਆ। ਚਾਹੀਦਾ ਤਾਂ ਇਹ ਸੀ ਕਿ ਪੰਜ ਏਕੜ ਜਾਂ ਘੱਟ ਜ਼ਮੀਨ ਮਾਲਕਾਂ ਨੂੰ ਇਹ ਸਹੂਲਤ ਦਿੱਤੀ ਜਾਂਦੀ। ਉਂਜ ਫਾਰਮਰ ਕਮਿਸ਼ਨ ਨੇ ਦਸ ਏਕੜ ਤੱਕ ਲਈ ਇਹ ਸਹੂਲਤ ਦੀ ਸਿਫਾਰਸ਼ ਕੀਤੀ ਸੀ ਜੋ ਲਾਗੂ ਨਹੀਂ ਕੀਤੀ ਗਈ। ਇਸ ਦਾ ਸਭ ਤੋਂ ਵੱਧ ਲਾਭ ਧਨਾਢ ਕਿਸਾਨਾਂ ਨੂੰ ਹੋਇਆ ਹੈ। ਖੇਤੀਬਾੜੀ 'ਤੇ ਬਿਜਲੀ ਮੁਫਤ ਕਰਕੇ ਅਕਾਲੀ ਦਲ ਨੇ ਆਪਣੀਆਂ ਵੋਟਾਂ ਤਾਂ ਪੱਕੀਆਂ ਕਰ ਲਈਆਂ ਸਨ ਲੇਕਿਨ ਪੰਜਾਬ ਰਾਜ ਬਿਜਲੀ ਬੋਰਡ ਦਾ ਭੱਠਾ ਬਹਿ ਗਿਆ। ਹੁਣ ਸਰਕਾਰ ਲਗਭਗ ਦਸ ਹਜ਼ਾਰ ਕਰੋੜ ਰੁਪਏ ਸਾਲਾਨਾ ਜੋ ਸਬਸਿਡੀ ਪਾਵਰਕੌਮ ਨੂੰ ਦਿੰਦੀ ਹੈ, ਉਹ ਬਚ ਸਕਦੇ ਸਨ ਅਤੇ ਵਿਕਾਸ ਕਾਰਜਾਂ 'ਤੇ ਲਾਏ ਜਾ ਸਕਦੇ ਸਨ। ਅਕਾਲੀ-ਭਾਜਪਾ ਸਰਕਾਰ ਨੇ ਬਿਜਲੀ ਕੰਪਨੀਆਂ ਨਾਲ ਜੋ ਸਮਝੌਤੇ ਕੀਤੇ ਸਨ, ਉਨ੍ਹਾਂ ਨੂੰ ਖਤਮ ਕਰਨ ਦਾ ਵਾਅਦਾ ਅਤੇ ਬਿਜਲੀ ਸਸਤੀ ਦੇਣ ਦਾ ਵਾਅਦਾ ਵੀ ਦਮ ਤੋੜ ਗਿਆ ਹੈ। ਘਰੇਲੂ ਬਿਜਲੀ ਪੰਜਾਬ ਵਿਚ ਸਭ ਰਾਜਾਂ ਤੋਂ ਮਹਿੰਗੀ ਹੋਣ ਕਰਕੇ ਸਰਕਾਰੀ ਨੀਤੀਆਂ ਦੀ ਪੋਲ ਖੁੱਲ੍ਹ ਗਈ ਹੈ। ਅਮਰਿੰਦਰ ਸਿੰਘ ਦਾ ਘਰ-ਘਰ ਨੌਕਰੀ ਦੇਣ ਦੇ ਵਾਅਦੇ ਦਾ ਵੀ ਜਲੂਸ ਨਿਕਲ ਗਿਆ ਹੈ। ਸਕੂਲ, ਹਸਪਤਾਲ, ਕਾਲਜ, ਦਫਤਰ, ਪੁਲਿਸ ਸਟੇਸ਼ਨ ਅਤੇ ਹੋਰ ਸਿੱਖਿਆ ਅਤੇ ਟ੍ਰੇਨਿੰਗ ਅਦਾਰਿਆਂ ਵਿਚ ਵੱਡੀ ਗਿਣਤੀ ਵਿਚ ਅਸਾਮੀਆਂ ਖਾਲੀ ਹਨ। ਪੜ੍ਹੇ ਲਿਖੇ ਟਰੇਂਡ ਨੌਜਵਾਨ ਰੁਜ਼ਗਾਰ ਮੰਗਦਿਆਂ ਸੜਕਾਂ ਅਤੇ ਪਾਣੀ ਦੀਆਂ ਟੈਂਕੀਆਂ 'ਤੇ ਰੁਲ ਰਹੇ ਹਨ, ਸੜਕਾਂ 'ਤੇ ਰੁਜ਼ਗਾਰ ਮੰਗਦਿਆਂ ਪੁਲਿਸ ਦੀਆਂ ਲਾਠੀਆਂ ਖਾ ਰਹੇ ਹਨ, ਤੇ ਜਾਂ ਫਿਰ ਵਿਦੇਸ਼ ਜਾ ਰਹੇ ਹਨ ਲੇਕਿਨ ਸਰਕਾਰ ਨਵੀਂਆਂ ਨਿਯੁਕਤੀਆਂ ਨਹੀਂ ਕਰ ਰਹੀ।

ਅਸਲ ਵਿਚ ਇਹ ਸਰਕਾਰ ਸਰਕਾਰੀ ਅਦਾਰੇ ਹੀ ਖਤਮ ਕਰਨ ਦੀ ਨੀਤੀ 'ਤੇ ਚੱਲ ਰਹੀ ਹੈ। ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਬਜਾਇ ਸਰਕਾਰ ਲੋਕਾਂ ਨੂੰ ਮੁਫਤ ਚਾਹ-ਪੱਤੀ, ਖੰਡ, ਆਟਾ-ਦਾਲ, ਸਮਾਰਟ ਫੋਨ ਆਦਿ ਵਿਚ ਉਲਝਾ ਕੇ ਵੋਟਾਂ ਬਟੋਰਨ ਦੀ ਨੀਤੀ ਤੱਕ ਸੀਮਤ ਹੈ। ਬਾਬਾ ਨਾਨਕ ਦੇ ਕਿਰਤ ਦੇ ਸੰਦੇਸ਼ ਵਿਰੁੱਧ ਸਰਕਾਰ ਲੋਕਾਂ ਨੂੰ ਕਿਰਤ ਤੋਂ ਦੂਰ ਕਰਕੇ ਵਿਹਲੜ, ਮੁਫਤਖੋਰੇ ਅਤੇ ਮੰਗਤੇ ਬਣਾ ਰਹੀ ਹੈ। ਸਰਕਾਰ ਦੀਆਂ ਇਨ੍ਹਾਂ ਨੀਤੀਆਂ ਕਰ ਕੇ ਮਾਰਕਫੈੱਡ, ਪਨਸਪ ਅਤੇ ਪੰਜਾਬ ਐਗਰੋ ਇੰਡਸਟਰੀਜ਼ ਲਈ ਸੰਕਟ ਖੜ੍ਹਾ ਕਰ ਦਿੱਤਾ ਗਿਆ ਹੈ। ਸਰਕਾਰ ਲੋਕਾਂ ਨੂੰ ਰੁਜ਼ਗਾਰ ਦੇ ਕੇ ਉਨ੍ਹਾਂ ਦੀ ਆਮਦਨ 'ਚ ਵਾਧਾ ਕਰੇ, ਬੇਸ਼ਕ ਕੁਝ ਵੀ ਮੁਫਤ ਨਾ ਦੇਵੇ। ਅਜੇ ਤਕ ਲੋਕਾਂ ਮੁਫਤ ਦੀ ਮੰਗ ਵੀ ਕਦੇ ਨਹੀਂ ਕੀਤੀ। ਲੋਕ ਰੁਜ਼ਗਾਰ ਦੀ ਮੰਗ ਕਰਦੇ ਹਨ ਜੋ ਸਰਕਾਰ ਦੇ ਨਹੀਂ ਰਹੀ। ਲੋਕ ਚਾਹ-ਪੱਤੀ ਤੋਂ ਲੈ ਕੇ ਰੋਡ ਟੈਕਸ ਤਕ ਹਰ ਟੈਕਸ ਦਿੰਦੇ ਹਨ, ਫਿਰ ਵੀ ਪੰਜਾਬ ਜੇ ਕਰਜ਼ਾਈ ਹੈ ਤਾਂ ਸਰਕਾਰੀ ਨੀਤੀਆਂ, ਵੱਡੇ-ਵੱਡੇ ਲੀਡਰਾਂ ਤੇ ਅਫਸਰਸ਼ਾਹੀ ਦੀ ਮਚਾਈ ਲੁੱਟ ਕਰਕੇ ਹੀ ਹੈ, ਆਮ ਲੋਕਾਂ ਦਾ ਇਸ ਵਿਚ ਕੋਈ ਕਸੂਰ ਨਹੀਂ ਹੈ।

ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਨੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਵਾਅਦਾ ਕੀਤਾ ਸੀ ਜੋ ਸਾਢੇ ਚਾਰ ਸਾਲਾਂ ਬਾਅਦ ਵੀ ਅਜੇ ਜਾਂਚ ਅਧੀਨ ਹੈ। ਨਸ਼ਾ ਤਸਕਰੀ ਚਾਰ ਹਫਤੇ ਵਿਚ ਖਤਮ ਕਰਨ ਦਾ ਵਾਅਦਾ ਕੀਤਾ ਸੀ ਜੋ ਅਜੇ ਤਕ ਖਤਮ ਨਹੀਂ ਹੋਈ। ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਨਹੀਂ ਮਿਲਿਆ, ਮੁਲਾਜ਼ਮ ਤੇ ਪੈਨਸ਼ਨਰ ਮਹਿੰਗਾਈ ਭੱਤੇ ਦੀਆਂ ਰੋਕੀਆਂ ਹੋਈਆਂ ਕਿਸ਼ਤਾਂ ਅਤੇ ਗਰੇਡ ਦੁਹਰਾਈ ਲਈ ਸਰਕਾਰ ਦੀ ਵਾਅਦਾ ਪੂਰਤੀ ਲਈ ਉਡੀਕ ਰਹੇ ਹਨ, ਦਲਿਤ ਐਸ.ਸੀ., ਓ.ਬੀ.ਸੀ. ਬੇਘਰਿਆਂ ਲਈ ਮੁਫਤ ਘਰ, 90ਦਿਨਾਂ ਦੇ ਅੰਦਰ-ਅੰਦਰ ਸਨਅਤੀ ਨੀਤੀ ਅਤੇ ਸਰਕਾਰੀ ਕੰਮਕਾਜ ਵਿਚ ਮੁਕੰਮਲ ਪਾਰਦਰਸ਼ਤਾ ਸਮੇਤ ਸਾਰੇ ਵਾਅਦੇ ਆਪਣਾ ਦਮ ਤੋੜ ਚੁੱਕੇ ਹਨ।

2017 ਵਿਚ ਚੋਣ ਮੈਨੀਫੈਸਟੋ ਰਿਲੀਜ਼ ਕਰਨ ਮੌਕੇ ਜਦ ਇਕ ਪੱਤਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਤੋਂ ਪੁੱਛਿਆ ਸੀ ਕਿ ਹਰ ਘਰ ਨੌਕਰੀ ਦਾ ਵਾਅਦਾ ਨਰਿੰਦਰ ਮੋਦੀ ਵੱਲੋਂ ਹਰ ਅਕਾਊਂਟ ਵਿਚ ਪੰਦਰਾਂ ਲੱਖ ਰੁਪਏ ਜਮ੍ਹਾ ਕਰਵਾਉਣ ਵਰਗਾ ਤਾਂ ਨਹੀਂ, ਤਾਂ ਕੈਪਟਨ ਅਮਰਿੰਦਰ ਸਿੰਘ ਦਾ ਉੱਤਰ ਸੀ ਕਿ "ਮੈਂ ਜੋ ਕਹਿੰਦਾ ਹਾਂ, ਪੂਰਾ ਕਰ ਦਿੰਦਾ ਹਾਂ।" ਇਹ ਵੀ ਕਿਹਾ ਗਿਆ ਕਿ ਉਹ ਸੰਤਾਲੀ ਸਾਲ ਤੋਂ ਰਾਜਨੀਤੀ ਵਿਚ ਹਨ, 'ਇਹ ਮੇਰੀ ਆਖਰੀ ਚੋਣ ਹੈ' ਪਰ ਅਮਰਿੰਦਰ ਸਿੰਘ ਨੇ ਸਭ ਵਾਅਦੇ ਭੁਲਾ ਦਿੱਤੇ, ਹੁਣ ਫਿਰ ਚੋਣ ਲੜਨ ਲਈ ਤਿਆਰ ਹਨ।

ਪੰਜਾਬ ਦਾ ਖੇਤੀਬਾੜੀ ਵਿਭਾਗ ਕੈਪਟਨ ਅਮਰਿੰਦਰ ਸਿੰਘ ਕੋਲ ਹੈ। ਅੱਜ ਤਕ ਕੋਈ ਖੇਤੀਬਾੜੀ ਪਾਲਿਸੀ ਨਹੀਂ ਬਣਾਈ ਜਾ ਸਕੀ। ਪੰਜਾਬ ਖੇਤੀ ਆਧਾਰਤ ਸੂਬਾ ਹੈ। ਜੇ ਖੇਤੀਬਾੜੀ ਬਾਰੇ ਨੀਤੀ ਹੀ ਕੋਈ ਨਹੀਂ ਤਾਂ ਰਾਜ ਖੇਤੀਬਾੜੀ ਵਿਚ ਅਤੇ ਆਰਥਕ ਤੌਰ 'ਤੇ ਅੱਗੇ ਕਿਵੇਂ ਵਧੇਗਾ? ਬਤੌਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਿਸਾਨ ਸੰਘਰਸ਼ ਦੀ ਜਿੰਨੀ ਮਦਦ ਕਰ ਸਕਦੇ ਸਨ, ਉਹ ਨਹੀਂ ਕੀਤੀ ਗਈ। ਮੋਰਚੇ 'ਤੇ ਸ਼ਹੀਦ ਹੋਣ ਵਾਲੇ ਕਿਸਾਨਾਂ ਦੀ ਖਬਰਸਾਰ ਲੈਣੀ ਅਤੇ ਕੁਝ ਨਾ ਕੁਝ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਸੀ। ਕੇਂਦਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਤਾਲਮੇਲ ਕਰਕੇ ਤਿੰਨੇ ਕਾਨੂੰਨ ਵਾਪਸ ਕਰਵਾਉਣ ਦਾ ਯਤਨ ਕਰਨਾ ਚਾਹੀਦਾ ਸੀ। ਇਸ ਮੰਤਵ ਲਈ ਭਾਜਪਾ ਸਮੇਤ ਦੂਜੀਆਂ ਸਿਆਸੀ ਪਾਰਟੀਆਂ ਨੂੰ ਵੀ ਨਾਲ ਲਿਆ ਜਾ ਸਕਦਾ ਸੀ ਪਰ ਚਰਚਾ ਇਸ ਦੇ ਉਲਟ ਇਹ ਹੋ ਰਹੀ ਹੈ ਕਿ ਆਪਣੇ ਪਰਿਵਾਰ 'ਤੇ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਬਣੇ ਕੇਸ ਕਰਕੇ ਮੁੱਖ ਮੰਤਰੀ ਕੇਂਦਰ ਨਾਲ ਮਿਲ ਕੇ ਚੱਲ ਰਹੇ ਹਨ।

2022 ਵਿਚ ਆ ਰਹੀਆਂ ਚੋਣਾਂ ਲਈ ਅੱਜ ਦੇ ਦਿਨ ਤਕ ਕਾਂਗਰਸ, ਅਕਾਲੀ ਦਲ, ਭਾਜਪਾ, ਆਮ ਆਦਮੀ ਪਾਰਟੀ ਆਦਿ ਕਿਸੇ ਕੋਲ ਵੀ ਕੁਝ ਕਹਿਣ ਨੂੰ ਨਹੀਂ। ਸਿਆਸੀ ਪਾਰਟੀਆਂ ਅੰਦਰ ਰਾਜਨੀਤਕ ਨੈਤਿਕਤਾ ਖਤਮ ਹੋ ਚੁੱਕੀ ਹੈ। ਬਸ ਚੋਣ ਜਿੱਤਣ ਲਈ ਦਾਅ-ਪੇਚ ਹੀ ਰਹਿ ਗਏ ਹਨ ਜਿਸ ਵਿਚ ਮੁੱਦੇ ਨਹੀਂ, ਧਰਮ ਅਤੇ ਜਾਤਾਂ ਦੀ ਚਰਚਾ ਭਾਰੂ ਹੈ। ਇਸ ਵਿਚ ਪਰਿਵਾਰਵਾਦ ਅਤੇ ਪੈਸੇ ਦੀ ਕਮਾਈ ਘਰ ਕਰ ਚੁੱਕੇ ਹਨ ਅਤੇ ਲੋਕ ਸੇਵਾ ਮਨਫੀ ਹੋ ਚੁੱਕੀ ਹੈ। ਕੇਂਦਰ ਅਤੇ ਰਾਜਾਂ ਵਿਚ ਵੱਡੀ ਗਿਣਤੀ ਵਿਚ ਅਪਰਾਧੀ ਲੋਕ ਪੈਸੇ ਅਤੇ ਬਾਹੂਬਲ ਦੇ ਜ਼ੋਰ ਨਾਲ ਚੋਣਾਂ ਜਿੱਤ ਕੇ ਪਹੁੰਚ ਚੁੱਕੇ ਹਨ। ਪੰਜਾਬ ਵਿਚ ਕਾਂਗਰਸ ਨੇ ਕੀਤਾ ਕੁਝ ਨਹੀਂ, ਅਕਾਲੀ ਅਜੇ ਪਹਿਲੀ ਬਦਨਾਮੀ ਸਾਫ ਨਹੀਂ ਕਰ ਸਕੇ, ਆਮ ਆਦਮੀ ਪਾਰਟੀ ਅਤੇ ਭਾਜਪਾ ਦੂਜੀਆਂ ਪਾਰਟੀਆਂ ਵਿਚੋਂ ਨੇਤਾ ਖਿੱਚਣ ਦੇ ਆਹਰ ਵਿਚ ਹਨ। ਖੱਬੀਆਂ ਪਾਰਟੀਆਂ ਉਂਜ ਹੀ ਹਾਸ਼ੀਏ 'ਤੇ ਹਨ। ਪੰਜਾਬ ਅਤੇ ਕੇਂਦਰ ਵਿਚ ਵਿਰੋਧੀ ਧਿਰ ਦੀ ਭੂਮਿਕਾ ਨਾ-ਮਾਤਰ ਹੀ ਹੈ। ਇਸ ਤਰ੍ਹਾਂ ਪੰਜਾਬ ਅਤੇ ਕੇਂਦਰ ਦੀ ਸਿਆਸੀ ਤਸਵੀਰ ਬਹੁਤੀ ਚੰਗੀ ਨਹੀਂ। ਕਿਸਾਨ ਮੋਰਚੇ ਕਾਰਨ ਭਾਵੇਂ ਲੋਕਾਂ ਵਿਚ ਕੁਝ ਤਾਂ ਚੇਤਨਾ ਆਈ ਹੈ ਲੇਕਿਨ ਲੋਕ ਗੁੱਟਬੰਦੀ ਵਿਚੋਂ ਅਜੇ ਬਾਹਰ ਨਹੀਂ ਆ ਰਹੇ।

ਪੰਜਾਬ ਨੂੰ ਇਸ ਸਮੇਂ ਮੁੱਦਾ ਆਧਾਰਤ ਏਜੰਡੇ ਅਤੇ ਉਸ ਦੀ ਪ੍ਰਾਪਤੀ ਲਈ ਸਿਆਣੀ ਲੀਡਰਸ਼ਿਪ ਦੀ ਲੋੜ ਹੈ। ਕੈਪਟਨ ਅਮਰਿੰਦਰ ਸਿੰਘ ਦਾ ਕਾਂਗਰਸ ਵਿਚ ਹੋ ਰਿਹਾ ਵਿਰੋਧ ਕੇਵਲ ਸਿੱਧੂ ਵਿਰੋਧ ਨਹੀਂ, ਪੰਜਾਬ ਲਈ ਕੁਝ ਵੀ ਨਾ ਕਰਨ ਦਾ ਵਿਰੋਧ ਹੈ। ਚੋਣ ਵਾਅਦੇ ਕਰ ਕੇ ਕੁਝ ਵੀ ਨਾ ਕਰਨਾ ਨਾ ਮੁਆਫੀਯੋਗ ਗੁਨਾਹ ਹੈ। ਬੀਤੇ ਸਮੇਂ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਵਤੀਰਾ ਹਮੇਸ਼ਾ ਇਹ ਰਿਹਾ ਹੈ ਕਿ ਜਾਂ ਮੈਂ ਹਾਂ, ਜਾਂ ਮੈਂ ਕਿਸੇ ਨੂੰ ਚੱਲਣ ਨਹੀਂ ਦੇਣਾ। ਇਨ੍ਹਾਂ ਨੇ ਹਰ ਕਾਂਗਰਸ ਪ੍ਰਧਾਨ ਦੇ ਰਾਹ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਇਸ ਪਾਰਟੀ ਅੰਦਰੂਨੀ ਯੁੱਧ ਵਿਚ ਨਵਜੋਤ ਸਿੰਘ ਸਿੱਧੂ ਨੇ ਵਧੀਆ ਟੱਕਰ ਦਿੱਤੀ ਹੈ ਅਤੇ ਇੱਕ ਵਾਰ ਕੈਪਟਨ ਦੇ ਪੈਰ ਹਿਲਾ ਦਿੱਤੇ ਹਨ। ਅਗਾਂਹ ਕੀ ਹੋਵੇਗਾ, ਅਜੇ ਕੁਝ ਕਹਿਣਾ ਮੁਸ਼ਕਿਲ ਹੈ। ਸਿੱਧੂ ਲਈ ਆਉਣ ਵਾਲਾ ਸਮਾਂ ਪ੍ਰੀਖਿਆ ਵਾਲਾ ਹੈ। ਚੰਗਾ ਹੋਵੇ, ਜੇ ਉਹ ਇਸ ਪ੍ਰੀਖਿਆ ਵਿਚੋਂ ਪਾਸ ਹੋ ਕੇ ਆਪਣੀ ਟੀਮ ਨੂੰ ਇਕਜੁੱਟ ਕਰਕੇ ਪੰਜਾਬ ਦਾ ਕੁਝ ਸੰਵਾਰਨ ਵਿਚ ਹਿੱਸਾ ਪਾ ਸਕੇ। ਦੂਜੀਆਂ ਸਿਆਸੀ ਪਾਰਟੀਆਂ ਨੂੰ ਵੀ ਇਕ ਦੂਜੇ ਨਾਲ ਮਿਹਣੋ-ਮਿਹਣੀ ਹੋਣ ਦੀ ਥਾਂ ਪੰਜਾਬ ਨੂੰ ਦਰਪੇਸ਼ ਸੰਕਟ ਵਿਚੋਂ ਕੱਢਣ ਲਈ ਪ੍ਰੋਗਰਾਮ ਲੈ ਕੇ ਲੋਕਾਂ ਵਿਚ ਆਉਣਾ ਚਾਹੀਦਾ ਹੈ। ਇਸੇ ਵਿਚ ਸਭ ਦਾ ਭਲਾ ਹੈ।

# ਫਾਦਰ ਸਟੈਨ ਸਵਾਮੀ, ਅਸੀਂ ਤੇਰੇ ਦੋਸ਼ੀ ਹਾਂ!

ਮੈਂ ਅਕਸਰ ਮਹਿਸੂਸ ਕਰਦਾ ਹਾਂ ਕਿ ਮੋਹਨਦਾਸ ਕਰਮਚੰਦ ਗਾਂਧੀ ਦੀ ਹੱਤਿਆ ਹੋਣੀ ਲਾਜ਼ਮੀ ਸੀ, ਕਿਉਂਕਿ ਫਿਰਕੂ ਅਤੇ ਹਿੰਸਕ ਬਣ ਚੁੱਕਿਆ ਭਾਰਤੀ ਸਮਾਜ ਮਹਾਤਮਾ ਦੀ ਜ਼ਮੀਰ, ਉਨ੍ਹਾਂ ਦੀ ਆਤਮਿਕ ਰਾਜਨੀਤੀ ਲਈ ਤਾ-ਜ਼ਿੰਦਗੀ ਖੋਜ ਅਤੇ ਤਾਕਤਾਂ ਦੇ ਵਿਕੇਂਦਰੀਕਰਨ ਲਈ ਸਵਰਾਜ ਜਾਂ ਫਿਰ ਸਾਦਗੀ ਭਰਪੂਰ ਤੇ ਵਾਤਾਵਰਨ ਜ਼ਾਵੀਏ ਤੋਂ ਹੰਢਣਸਾਰ ਤੌਰ ਤਰੀਕੇ ਮੁਤਾਬਕ ਜ਼ਿੰਦਗੀ ਜਿਊਣ ਲਈ ਤਿਆਰ ਨਹੀਂ ਸੀ। ਇਸ ਲਿਹਾਜ਼ ਤੋਂ ਨਾਥੂਰਾਮ ਗੋਡਸੇ ਉਸ ਵਹਿਸ਼ੀ ਤਾਕਤ,

**ਅਵਿਜੀਤ ਪਾਠਕ**

ਆਧੁਨਿਕ ਰਾਸ਼ਟਰਵਾਦ ਦੇ ਧੱਕੜ ਸੁਪਨੇ ਅਤੇ ਵਿਕਾਸ ਦੇ ਧਾਵੇ ਦਾ ਪ੍ਰਤੀਕ ਬਣ ਗਿਆ ਸੀ। ਇਸ ਲਿਹਾਜ਼ ਤੋਂ ਗਾਂਧੀ ਦੇ ਸੁਪਨਿਆਂ ਨੂੰ ਮਲੀਆਮੇਟ ਕਰਨਾ ਜ਼ਰੂਰੀ ਸੀ। ਸੱਤਾ ਦੀ ਭੁੱਖੀ ਸਿਆਸੀ ਜਮਾਤ, ਠੇਕੇਦਾਰਾਂ, ਵਪਾਰੀਆਂ ਦੇ ਗਰੋਹਾਂ ਅਤੇ ਉਭਰਦੇ ਕੁਲੀਨ ਵਰਗ ਲਈ ਗਾਂਧੀ ਸ਼ਰਮਿੰਦਗੀ ਦਾ ਵਾਇਸ ਬਣ ਗਏ ਸਨ।

ਇਸੇ ਤਰ੍ਹਾਂ ਅੱਜ ਕੱਲ੍ਹ ਇਕ ਹੋਰ ਸਵਾਲ ਮੈਨੂੰ ਪ੍ਰੇਸ਼ਾਨ ਕਰ ਰਿਹਾ ਹੈ: ਕੀ ਸਮਾਜ ਦੇ ਤੌਰ 'ਤੇ ਅਸੀਂ ਇਸ ਗੱਲ ਦੇ ਲਾਇਕ ਹਾਂ ਕਿ ਫਾਦਰ ਸਟੈਨ ਸਵਾਮੀ ਵਰਗਾ ਕੋਈ ਸ਼ਖਸ ਸਾਡੇ ਦਰਮਿਆਨ ਰਹੇ? ਉਸ ਦੀ ਮੌਤ ਜਾਂ ਫਿਰ ਉਸ ਦੀ ਅਥਾਹ ਨਿਰਸਵਾਰਥ ਅਤੇ ਸਮਾਜਿਕ ਤੌਰ 'ਤੇ ਪ੍ਰਤੀਬੱਧ ਜ਼ਿੰਦਗੀ ਦੀ ਪਰਵਾਜ਼ - ਇਕੋ ਸਮੇਂ ਬਹੁਤ ਸਾਰੀਆਂ ਸ਼ੈਆਂ ਦਾ ਖੁਲਾਸਾ ਕਰਦੀ ਹੈ; ਮਸਲਨ, ਰਹੱਸਮਈ ਤੇ ਗੁੰਝਲਦਾਰ ਕਾਨੂੰਨੀ ਪ੍ਰਣਾਲੀ ਦੀ ਬੇਹੂਦਗੀ (ਸੋਚੋ ਕਿਵੇਂ ਹਿੰਦ ਸਵਰਾਜ ਨੇ ਇਸ ਵੱਲ ਧਿਆਨ ਖਿੱਚਿਆ ਸੀ ਤੇ ਗਾਂਧੀ ਨੇ ਇਸ ਨੂੰ ਕਿੰਨਾ ਖੂਬਸੂਰਤ ਚਿਤਰਿਆ ਸੀ) ਜਾਂ ਉਹ ਮਨਹੂਸ ਤੇ ਦਮਨਕਾਰੀ ਨੌਕਰਸ਼ਾਹੀ ਦਾ ਕਹਿਰ (ਕੀ ਸਟੈਨ ਸਵਾਮੀ ਫਰਾਂਜ਼ ਕਾਫਕਾ ਦੀ ਰਚਨਾ 'ਦਿ ਟ੍ਰਾਇਲ' ਦੇ ਪਾਤਰ ਜੋਸਫ ਕੇ ਵਾਂਗ ਸੀ?), ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਦੇ ਰੂਪ ਵਿਚ ਸਾਕਾਰ ਹੋ ਰਹੀ ਸੱਤਾ ਦੀ ਤਾਨਾਸ਼ਾਹੀ, ਸੰਵੇਦਨਹੀਣਤਾ ਜਾਂ ਅਮਾਨਵੀਕਰਨ ਦੀ ਪ੍ਰਕਿਰਿਆ ਜਿਸ ਨੇ ਛੋਟੇ ਮੋਟੇ ਅਫਸਰਾਂ ਨੂੰ ਭ੍ਰਿਸ਼ਟ ਕਰ ਕੇ ਰੱਖ ਦਿੱਤਾ ਅਤੇ ਸਭ ਤੋਂ ਵਧ ਕੇ ਲੋਕਰਾਜ ਦੀਆਂ ਸਾਰੀਆਂ ਰਹੁ-ਰੀਤਾਂ ਦੇ ਹੁੰਦੇ-ਸੁੰਦੇ ਨਿਰੰਕੁਸ਼ਵਾਦ ਦਾ ਪਸਾਰ। ਜੀ ਹਾਂ, ਯਕੀਨ ਕਰੋ ਕਿ ਸਵਾਮੀ ਨੇ ਮਰਨਾ ਹੀ ਸੀ। ਗਾਂਧੀ ਵਾਂਗ ਉਹ ਵੀ ਸਾਡੇ ਲਈ ਨਮੋਸ਼ੀ ਦਾ ਸਬਬ ਸੀ।

ਮੈਂ ਪੂਰੀ ਤਰ੍ਹਾਂ ਨਹੀਂ ਜਾਣਦਾ ਕਿ ਸਿਆਸੀ ਸਮੀਖਿਅਕ ਉਸ ਨੂੰ ਗਾਂਧੀਵਾਦੀ ਜਾਂ ਅੰਬੇਡਕਰਵਾਦੀ ਆਖਣਗੇ ਜਾਂ ਨਹੀਂ; ਉਂਜ, ਸਟੇਟ ਦੀਆਂ ਨਜ਼ਰਾਂ ਵਿਚ ਉਹ ਕਿਸੇ 'ਦਹਿਸ਼ਤਗਰਦ' ਵਾਂਗ ਹੀ ਸੀ ਜਿਸ ਦੇ ਪਾਬੰਦੀਸ਼ੁਦਾ ਭਾਰਤੀ

***ਫਾਦਰ ਸਟੈਨ ਸਵਾਮੀ ਨੇ ਪਾਣੀ ਪੀਣ ਲਈ ਸਿਰਫ ਨਲੀ (ਸਟ੍ਰਾਅ) ਮੰਗੀ ਸੀ ਅਤੇ ਐਨ.ਆਈ.ਏ. ਨੇ ਇਸ ਦਾ ਜਵਾਬ ਦੇਣ ਲਈ ਵੀਹ ਦਿਨ ਲਾ ਦਿੱਤੇ ਸਨ। ਫਾਦਰ ਸਵਾਮੀ ਨੇ ਜ਼ਮਾਨਤ ਲਈ ਅਰਜ਼ੀ ਦਾਖਲ ਕੀਤੀ ਤਾਂ ਕੇਸ ਦੀ ਸੁਣਵਾਈ ਕਰਨ ਵਾਲੀ ਅਦਾਲਤ ਨੇ ਦਲੀਲਾਂ ਸੁਣਨ ਲਈ ਚਾਰ ਮਹੀਨੇ ਲਾ ਦਿੱਤੇ ਤੇ ਅੰਤ ਨੂੰ ਅਰਜ਼ੀ ਰੱਦ ਕਰ ਦਿੱਤੀ। ਇਹੀ ਨਹੀਂ, ਐਨ.ਆਈ.ਏ. ਨੇ ਤਾਂ ਇਹ ਗੱਲ ਮੰਨਣ ਤੋਂ ਵੀ ਨਾਂਹ ਕਰ ਦਿੱਤੀ ਕਿ ਪਾਰਕਿਨਸਨ ਜਿਹੀ ਨਾਮੁਰਾਦ ਬਿਮਾਰੀ ਦਾ ਉਨ੍ਹਾਂ ਦੇ ਕਮਜ਼ੋਰ ਸਰੀਰ 'ਤੇ ਕਿੰਨਾ ਘਾਤਕ ਅਸਰ ਪੈ ਰਿਹਾ ਸੀ।***



ਕਮਿਊਨਿਸਟ ਪਾਰਟੀ (ਮਾਓਵਾਦੀ) ਨਾਲ ਸਬੰਧ ਸਨ। ਖੈਰ, ਮੇਰੇ ਲਈ ਇਹ ਗੱਲ ਲੇਬਲਾਂ ਤੇ ਵੰਨਗੀਆਂ ਤੋਂ ਕਿਤੇ ਪਰ੍ਹੇ ਹੈ। ਗਾਂਧੀ ਵਾਂਗ ਉਹ ਵੀ ਨੇਕ ਰੂਹ ਸੀ। ਆਦਿਵਾਸੀਆਂ ਅਤੇ ਹੋਰਨਾਂ ਮਹਿਰੂਮ ਤਬਕਿਆਂ ਦੇ ਹੱਕਾਂ ਲਈ ਲੜਨ ਦਾ ਉਸ ਦਾ ਸਿਰੜ, ਜ਼ਮੀਨ, ਜੰਗਲਾਂ ਅਤੇ ਕਿਰਤੀਆਂ ਦੇ ਹੱਕਾਂ ਦੇ ਮੁਤੱਲਕ ਉਸ ਵਲੋਂ ਬੁਲੰਦ ਕੀਤੀ ਜਾਣ ਵਾਲੀ ਗਰਜਵੀਂ ਆਵਾਜ਼, ਨਜ਼ਰਬੰਦਾਂ (ਜਿਨ੍ਹਾਂ ਨਾਲ ਸਾਡੀਆਂ ਪਹਿਲਾਂ ਤੋਂ ਹੀ ਤੂੜੀਆਂ ਪਈਆਂ ਜੇਲ੍ਹਾਂ ਭਰੀਆਂ ਪਈਆਂ ਹਨ) ਦੀ ਰਿਹਾਈ ਲਈ ਉਸ ਦੀ ਗਹਿਰੀ ਮਾਨਵਵਾਦੀ/ਰੂਹਾਨੀ ਧੂਹ ਜਾਂ ਉਸ ਦੀ ਸਾਦਗੀ ਅਤੇ ਇਮਾਨਦਾਰੀ ਦੀ ਰੂਹਾਨੀ ਤਾਕਤ ਨੂੰ ਵਿਹੰਦਿਆਂ ਆਪਣੇ ਵਿਕਾਸ ਦੇ ਡਾਢੇ ਏਜੰਡੇ ਦੀ ਹੋੜ ਵਿਚ ਜੁਟਿਆ ਸਾਡਾ ਬਾਹੂਬਲੀ ਰਾਸ਼ਟਰ, ਫਾਦਰ ਸਟੈਨ ਸਵਾਮੀ ਦੇ ਇਸ ਰਾਜਸੀ-ਰੂਹਾਨੀ ਖਜ਼ਾਨੇ ਦੀ ਕਦਰ ਜਾਣਨ ਦੇ ਸਮੱਰਥ ਨਹੀਂ ਹੈ। ਇਸ ਕਰ ਕੇ 84 ਸਾਲਾਂ ਦੇ ਪਾਰਕਿਨਸਨ ਦੀ ਬਿਮਾਰੀ ਤੋਂ ਪੀੜਤ ਇਸ ਜੀਸਸਵਾਦੀ ਪਾਦਰੀ ਨੂੰ ਸਾਜ਼ਿਸ਼ਕਾਰ, ਤਾਕਤਵਰ ਭਾਰਤੀ ਸਟੇਟ ਲਈ ਖਤਰੇ ਵਜੋਂ ਦੇਖਿਆ ਜਾ ਰਿਹਾ ਸੀ। ਉਸ ਨੂੰ ਤਾਂ ਮਰਨਾ ਹੀ ਪੈਣਾ ਸੀ। ਫਿਰ ਭਾਵੇਂ ਇਹ ਕੋਵਿਡ ਕਰ ਕੇ ਆਮ ਮੌਤ ਹੁੰਦੀ ਜਾਂ ਫਿਰ ਮੁੰਬਈ ਦੇ ਹੋਲੀ ਫੈਮਿਲੀ ਹਸਪਤਾਲ ਦੇ ਬਿਸਤਰ 'ਤੇ ਫੌਤ ਹੋ ਜਾਣਾ - ਇਹ ਤਾਂ ਸਰਕਾਰੀ ਅੰਕੜਿਆਂ ਵਿਚ ਮਹਿਜ਼ ਇਕ ਵਾਧਾ ਹੈ; ਜਾਂ ਫਿਰ ਐਨ.ਆਈ.ਏ. ਅਫਸਰਾਂ, ਜੇਲ੍ਹ ਜਾਂ ਅਦਾਲਤਾਂ ਦੇ ਅਹਿਲਕਾਰਾਂ ਨੇ ਮਿਲ-ਜੁਲ ਕੇ ਉਸ ਦਾ ਮਰਨਾ ਸੌਖਾ ਬਣਾ ਦਿੱਤਾ ਸੀ? ਇਸ ਸਵਾਲ ਤੋਂ ਅੱਖਾਂ ਚੁਰਾਉਣੀਆਂ ਸੰਭਵ ਨਹੀਂ। ਇਸ ਬਾਰੇ ਸੋਚੋ। ਸਵਾਮੀ ਨੇ ਪਾਣੀ ਪੀਣ ਲਈ ਸਿਰਫ ਇਕ ਨਲੀ (ਸਟ੍ਰਾਅ) ਮੰਗੀ ਸੀ ਅਤੇ ਐਨ.ਆਈ.ਏ. ਨੇ ਇਸ ਦਾ ਜਵਾਬ ਦੇਣ ਲਈ ਵੀਹ ਦਿਨ ਲਾ ਦਿੱਤੇ ਸਨ। ਫਾਦਰ ਸਵਾਮੀ ਨੇ ਜ਼ਮਾਨਤ ਲਈ ਅਰਜ਼ੀ ਦਾਖਲ ਕੀਤੀ ਤਾਂ ਕੇਸ ਦੀ ਸੁਣਵਾਈ ਕਰਨ ਵਾਲੀ ਅਦਾਲਤ ਨੇ ਦਲੀਲਾਂ ਸੁਣਨ ਲਈ ਚਾਰ ਮਹੀਨੇ ਲਾ ਦਿੱਤੇ ਤੇ ਅੰਤ ਨੂੰ ਅਰਜ਼ੀ ਰੱਦ ਕਰ ਦਿੱਤੀ। ਇਹੀ ਨਹੀਂ, ਐਨ.ਆਈ.ਏ. ਨੇ ਤਾਂ ਇਹ ਗੱਲ ਮੰਨਣ ਤੋਂ ਵੀ ਨਾਂਹ ਕਰ ਦਿੱਤੀ ਕਿ ਪਾਰਕਿਨਸਨ ਜਿਹੀ ਨਾਮੁਰਾਦ ਬਿਮਾਰੀ ਦਾ ਉਨ੍ਹਾਂ ਦੇ ਕਮਜ਼ੋਰ ਸਰੀਰ 'ਤੇ ਕਿੰਨਾ ਘਾਤਕ ਅਸਰ ਪੈ ਰਿਹਾ ਸੀ।

ਬਹਰਹਾਲ, ਇਕ ਹੋਰ ਸਵਾਲ ਹੈ ਜੋ ਸਾਨੂੰ ਪੁੱਛਣ ਦੀ ਲੋੜ ਹੈ। ਕੀ ਸਮਾਜ ਦੇ ਨਾਤੇ ਸਾਡਾ ਨਿਘਾਰ ਮੁਕੰਮਲ ਹੋ ਚੁੱਕਿਆ ਹੈ, ਜਾਂ ਸਾਡੀਆਂ ਕਦਰਾਂ ਕੀਮਤਾਂ, ਖਾਹਸ਼ਾਂ ਹੀ ਬਿਲਕੁੱਲ ਬਦਲ ਗਈਆਂ ਹਨ ਅਤੇ ਸਾਡਾ ਨੈਤਿਕ ਅੰਬਰ ਪੂਰੀ ਤਰ੍ਹਾਂ ਬਿਖਰ ਚੁੱਕਿਆ ਹੈ? ਦੇਖੋ ਧੜਵੈਲ ਰਾਸ਼ਟਰਵਾਦ ਦੇ ਪ੍ਰਵਚਨ ਨੇ ਸਭ ਕੁਝ ਉਲਟਾ ਕਰ ਕੇ ਰੱਖ ਦਿੱਤਾ ਹੈ: ਖਰ੍ਹਵੀ/ਹਿੰਸਕ ਮਰਦ ਜੈ ਸ੍ਰੀਰਾਮ ਦੇ ਨਾਅਰਿਆਂ ਨਾਲ ਮਦਹੋਸ਼ ਹੋਈ ਭੀੜ ਵਿਚ ਪੱਥਰ ਦਿਲ ਬਣਿਆ ਆਦਮੀ ਸੱਚਾ ਦੇਸ਼ਭਗਤ ਗਿਣਿਆ ਜਾਂਦਾ ਹੈ ਜਦਕਿ ਫਾਦਰ ਸਵਾਮੀ ਵਰਗਿਆਂ ਨੂੰ ਦੇਸ਼-ਧ੍ਰੋਹੀ ਤੇ ਸਾਜ਼ਿਸ਼ਘਾੜਿਆਂ ਦਾ ਲਕਬ ਦਿੱਤਾ ਜਾਂਦਾ ਹੈ। ਦੇਖੋ ਅਸੀਂ ਕਿਵੇਂ ਹਰ ਬੜਬੋਲੀ, ਸ਼ੋਰੀਲੀ ਅਤੇ ਬੱਜਰ ਚੀਜ਼ ਜਿਵੇਂ ਸ਼ੋਰੀਲੇ ਧਰਮ, ਸ਼ੋਰੀਲੇ ਰਾਸ਼ਟਰਵਾਦ, ਸ਼ੋਰੀਲੀ ਭਾਸ਼ਣਬਾਜ਼ੀ, ਬੜਬੋਲੇ ਸਿਆਸਤਦਾਨ ਅਤੇ ਬੜਬੋਲੇ ਟੈਲੀਵਿਜ਼ਨ ਐਂਕਰਾਂ ਦੀ ਬੇਹੱਦ ਕਦਰ ਕਰਨ ਲੱਗ ਪਏ ਹਾਂ। ਇਸ ਸ਼ੋਰ ਸ਼ਰਾਬੇ ਵਿਚ ਅਸੀਂ ਸਵਾਮੀ ਨੂੰ ਕਿਵੇਂ ਸੁਣ ਸਕਦੇ ਸਾਂ, ਜਾਂ ਸੁਧਾ ਭਾਰਦਵਾਜ ਤੇ ਪ੍ਰੋਫੈਸਰ ਹਨੀ ਬਾਬੂ ਦਾ ਗੁੱਸਾ ਕਿਵੇਂ ਸਮਝ ਸਕਦੇ ਹਾਂ? ਤੇ ਦੇਖੋ ਕਿਵੇਂ ਅਸੀਂ ਅਡਾਨੀਆਂ ਅਤੇ ਅੰਬਾਨੀਆਂ ਨੂੰ ਸਾਡੇ ਵਿਕਾਸ ਦੇ ਪ੍ਰਵਚਨ ਨੂੰ ਵਿਉਂਤਣ ਦਾ ਜ਼ਿੰਮਾ ਸੌਂਪ ਦਿੱਤਾ ਹੈ। ਫਿਰ ਸਟੈਨ ਸਵਾਮੀ ਨਾਲ ਸੰਵਾਦ ਅਤੇ ਉਸ ਦੀ ਸਬਾਲਟਰਨ ਦੀ ਦਲੀਲ ਲਈ ਗੁੰਜਾਇਸ਼ ਕਿੱਥੇ ਬਚੀ ਹੈ?

ਤੇ ਦੇਖੋ ਅਸੀਂ, ਭਾਵ ਮੱਧ ਵਰਗ ਕਿਵੇਂ ਬਦਲ ਗਿਆ ਹੈ: ਕਿਵੇਂ ਅਸੀਂ ਆਪਣੇ ਆਪ ਨੂੰ ਮਾਨਸਿਕ ਜ਼ਹਿਰ ਨਾਲ ਭ੍ਰਿਸ਼ਟ ਕਰ ਲਿਆ ਹੈ, ਉਸ ਵਾਇਰਸ ਨਾਲ ਜੋ ਸੱਤਾਧਾਰੀ ਨਿਜ਼ਾਮ ਦੀ ਪ੍ਰਾਪੇਗੰਡਾ ਮਸ਼ੀਨਰੀ ਫੈਲਾਉਂਦੀ ਹੈ, ਜਾਂ ਕਿਵੇਂ ਅਸੀਂ ਖ਼ੁਦਪ੍ਰਸਤੀ ਦੇ ਬਿੰਬ ਨੂੰ ਸਾਡੀ ਮੌਲਿਕ ਤੇ ਆਲੋਚਨਾਤਮਿਕ ਸੋਚ ਨੂੰ ਖੁੰਢਾ ਕਰਨ ਦੀ ਆਗਿਆ ਦੇ ਦਿੱਤੀ। ਦੇਖੋ ਕਿਵੇਂ ਅਸੀਂ ਇਮਾਨਦਾਰੀ 'ਤੇ ਪੈਸੇ ਨੂੰ, ਲਾਹੇਵੰਦੀ ਨੂੰ ਨੈਤਿਕਤਾ 'ਤੇ, ਫੋਕੀ ਦਲੀਲਬਾਜ਼ੀ ਨੂੰ ਕਿਸੇ ਨੇਕ ਕਾਜ ਪ੍ਰਤੀ ਜ਼ਿੰਦਗੀ ਭਰ ਦੀ ਪ੍ਰਤੀਬੱਧਤਾ 'ਤੇ ਪਹਿਲ ਦੇਣੀ ਸ਼ੁਰੂ ਕਰ ਦਿੱਤੀ ਹੈ। ਮੰਨ ਲਵੋ ਕਿ ਅਸੀਂ ਨਹੀਂ ਚਾਹੁੰਦੇ ਕਿ ਸਾਡੇ ਬੱਚੇ ਸਟੈਨ ਸਵਾਮੀ ਜਾਂ ਮੇਧਾ ਪਟਕਰ ਵਰਗੇ ਬਣਨ; ਨਾ ਹੀ ਅਸੀਂ ਇਹ ਚਾਹੁੰਦੇ ਹਾਂ ਕਿ ਉਹ ਗਾਂਧੀ ਵਾਂਗ ਸੱਚ ਨਾਲ ਅੱਖਾਂ ਮਿਲਾਉਣ ਜਾਂ ਭਗਤ ਸਿੰਘ ਦੀ ਜੇਲ੍ਹ ਡਾਇਰੀ ਦੇ ਪੰਨੇ ਪਲਟ ਕੇ ਦੇਖਣ। ਇਸ ਦੀ ਬਜਾਇ ਅਸੀਂ ਚਾਹੁੰਦੇ ਹਾਂ ਕਿ ਉਹ ਬਹੁਤ ਹੀ ਚਤਰ ਚਲਾਕ ਅਤੇ ਸਫਲ ਬਣਨ - ਜੀ ਹਾਂ, ਚੰਗਾ ਖਾ, ਪੀ ਤੇ ਪਹਿਨ ਕੇ ਦਿਓਕੱਦ ਕਾਰਪੋਰੇਟ ਕੰਪਨੀਆਂ ਦੇ ਗੁਲਾਮ ਬਣਨ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਅਸੀਂ ਉਹੀ ਕੁਝ ਪਾਇਆ ਹੈ ਜਿਸ ਦੇ ਅਸੀਂ ਹੱਕਦਾਰ ਹਾਂ: ਸੰਤਾਂ ਦੇ ਭੇਸ ਵਿਚ ਗੁੰਡੇ ਬਦਮਾਸ਼, ਦਾਨਵੀਰ ਦਾ ਸਵਾਂਗ ਰਚਦੇ ਲਾਲਚ ਵਿਚ ਅੰਨ੍ਹੇ ਪੂੰਜੀਪਤੀ ਅਤੇ ਟੈਕਨੋ-ਕਾਰਪੋਰੇਟ ਸਾਮਰਾਜ ਦੇ ਲਫਟੈਣ ਬਣੇ ਫਿਰਦੇ ਮੁੱਖਧਾਰਾ ਦੇ ਸਿਆਸਤਦਾਨ।


ਸੰਭਵ ਹੈ ਕਿ ਅਸੀਂ ਆਉਣ ਵਾਲੇ ਸਾਲਾਂ ਵਿਚ ਵੀ ਆਪਣੇ ਆਕਾਵਾਂ ਨੂੰ ਚੁਣਦੇ ਰਹਾਂਗੇ; ਅਸੀਂ ਅਰਬਾਂਪਤੀਆਂ, ਫਿਲਮੀ ਸਿਤਾਰਿਆਂ, ਕ੍ਰਿਕਟਰਾਂ, ਖੁਦਪ੍ਰਸਤ ਸਿਆਸਤਦਾਨਾਂ ਅਤੇ ਇਹੋ ਜਿਹੇ ਹਰ ਕਿਸਮ ਦੇ 'ਦੇਸ਼ਭਗਤਾਂ ਦੀਆਂ ਸਫਲਤਾਵਾਂ' ਦੀਆਂ ਕਹਾਣੀਆਂ ਤੋਂ ਪ੍ਰੇਰਿਤ ਹੁੰਦੇ ਰਹਾਂਗੇ। ਤੇ ਕੁਝ 'ਨਾਸਮਝ ਆਦਰਸ਼ਵਾਦੀ' ਉਨ੍ਹਾਂ ਰਾਹਾਂ 'ਤੇ ਤੁਰਦੇ ਰਹਿਣਗੇ ਜਿਨ੍ਹਾਂ 'ਤੇ ਸਟੈਨ ਸਵਾਮੀ ਨੇ ਚੱਲ ਕੇ ਦਿਖਾਇਆ ਸੀ; ਅਸੀਂ ਸਿਆਸੀ ਜੁਅਰਤਮੰਦੀ ਅਤੇ ਦਹਿਸ਼ਤਵਾਦ ਵਿਚਾਲੇ ਫਰਕ ਕਰਨ ਦੀ ਕੁੱਵਤ ਖੋਂਦੇ ਜਾਵਾਂਗੇ। ਫਿਰ ਵੀ ਸਾਡੇ ਬੱਚਿਆਂ ਨੂੰ ਸਰਕਾਰੀ ਵਿਦਿਆਦਾਨੀ, ਸੈਲੇਬ੍ਰਿਟੀ ਬਾਬੇ ਅਤੇ ਸਟਾਰ ਟੈਲੀਵਿਜ਼ਨ ਐਂਕਰ ਪਾਠ ਪੜ੍ਹਾਉਂਦੇ ਰਹਿਣਗੇ ਕਿ ਭਾਰਤ ਦਾ ਲੋਕਤੰਤਰ - ਇਸ ਦੀ ਨੌਕਰਸ਼ਾਹੀ, ਇਸ ਦੀ ਪੁਲੀਸ, ਕਾਨੂੰਨੀ ਪ੍ਰਬੰਧ ਸਭ ਕੁਝ ਬਾਕਮਾਲ ਹੈ। ਰਾਸ਼ਟਰਵਾਦ ਅਮਰ ਰਹੇ!

ਮੁਆਫ ਕਰਨਾ, ਫਾਦਰ ਸਟੈਨ ਸਵਾਮੀ! ਅਸੀਂ ਤੁਹਾਡੇ ਲਾਇਕ ਨਹੀਂ ਹਾਂ। ਤੁਸੀਂ ਸਾਡੇ ਲਈ ਸ਼ਰਮਿੰਦਗੀ ਦਾ ਸਬਬ ਬਣ ਗਏ ਸਓ।

## ਮੇਰੀ ਪਾਕਿਸਤਾਨ ਫੇਰੀ-3

# ਚਿਰਾਂ ਦੀ ਰੀਝ ਪੂਰੀ ਹੋ ਗਈ...

***ਸੰਨ ਸੰਤਾਲੀ ਵਿਚ ਭਾਰਤ ਵੰਡਿਆ ਗਿਆ ਪਰ ਅਸਲ ਵੰਡ ਤਾਂ ਪੰਜਾਬ ਅਤੇ ਬੰਗਾਲ ਦੀ ਹੋਈ ਜਿਥੇ ਦੋ ਕੌਮਾਂ ਟੋਟੇ-ਟੋਟੇ ਹੋ ਗਈਆਂ। ਇਸ ਵੰਡ ਵੇਲੇ ਵਸੋਂ ਦੀ ਅਦਲਾ-ਬਦਲੀ ਦੌਰਾਨ ਪੰਜਾਬ ਲਹੂ-ਲੁਹਾਣ ਹੋ ਗਿਆ। ਬਾਅਦ ਵਿਚ ਦੋਹਾਂ ਮੁਲਕਾਂ ਦੇ ਸਿਆਸਤਦਾਨ ਭਾਵੇਂ ਇਕ-ਦੂਜੇ ਖਿਲਾਫ ਨਫਰਤ ਵਾਲੀ ਸਿਆਸਤ ਕਰਦੇ ਰਹੇ ਪਰ ਦੋਹਾਂ ਪਾਸਿਆਂ ਦੇ ਲੋਕ ਇਕ-ਦੂਜੇ ਨੂੰ ਧਾਹ ਗਲਵੱਕੜੀ ਪਾਉਂਦੇ ਹਨ। 'ਪੰਜਾਬ ਟਾਈਮਜ਼' ਨਾਲ ਚਿਰਾਂ ਤੋਂ ਜੁੜੇ ਰਹੇ ਅਤੇ ਅੱਜਕੱਲ੍ਹ ਅਮਰੀਕਾ ਵੱਸਦੇ ਜਸਵੰਤ ਸਿੰਘ ਸੰਧੂ ਨੇ ਪਾਕਿਸਤਾਨ ਫੇਰੀ ਬਾਰੇ ਲੰਮਾ ਲੇਖ ਸਾਨੂੰ ਲਿਖ ਭੇਜਿਆ ਹੈ। ਇਸ ਦੀ ਤੀਜੀ ਕਿਸ਼ਤ ਹਾਜ਼ਰ ਹੈ।***



**ਜਸਵੰਤ ਸਿੰਘ ਸੰਧੂ (ਘਰਿੰਡਾ)**
**ਯੂਨੀਅਨ ਸਿਟੀ, ਕੈਲੀਫੋਰਨੀਆ**
**ਫੋਨ: 510-909-8204**

ਸਾਡਾ ਅਗਲਾ ਪ੍ਰੋਗਰਾਮ ਸ. ਮਨਮੋਹਨ ਸਿੰਘ ਭੁੱਲਰ ਦੇ ਜੱਦੀ ਪਿੰਡ ਸਰਹਾਲੀ ਕਲਾਂ (ਜ਼ਿਲ੍ਹਾ ਕਸੂਰ), ਬਾਬੇ ਬੁਲ੍ਹੇ ਸ਼ਾਹ ਦੇ ਮਜ਼ਾਰ ਅਤੇ ਪ੍ਰਸਿੱਧ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਦੇ ਪਿੰਡ ਕਾਦੀਵਿੰਡ ਦਾ ਬਣਿਆ। ਇਕ ਸਰਹਾਲੀ ਕਲਾਂ ਚੜ੍ਹਦੇ ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਵੀ ਹੈ ਜਿਥੋਂ ਮੈਂ ਅਤੇ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ 1962-64 ਵਿਚ ਜੇ.ਬੀ.ਟੀ ਕੀਤੀ ਸੀ।

ਦੋ ਘੰਟਿਆਂ ਦੇ ਸਫਰ ਤੋਂ ਬਾਅਦ ਜਦ ਅਸੀਂ ਸਰਹਾਲੀ ਕਲਾਂ ਕੋਲੋਂ ਲੰਘਦੀ ਨਹਿਰ ਦੇ ਪੁਲ 'ਤੇ ਪੰਹੁਚੇ ਤਾਂ ਭੁੱਲਰ ਨੇ ਕਾਰ ਰੋਕਣ ਵਾਸਤੇ ਕਿਹਾ। ਕਾਰ ਵਿਚੋਂ ਉਤਰ ਕੇ ਉਨ੍ਹਾਂ ਪੁਰਾਣੀਆਂ ਯਾਦਾਂ ਸਾਂਝੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਇਸ ਪੁਲ ਤੋਂ ਲੰਘ ਕੇ ਉਹਦੇ ਮਾਤਾ ਜੀ ਹਾਲੀਆਂ ਦੀ ਰੋਟੀਆਂ ਲੈ ਕੇ ਜਾਂਦੇ ਹੁੰਦੇ ਸਨ। ਪੈਲੀ ਨਹਿਰ ਦੇ ਲਾਗੇ ਸੀ ਜਿਸ ਵਿਚ ਅੰਬਾਂ ਦੇ ਦਰਖਤ ਸਨ। ਮਨਦੀਪ ਭੁੱਲਰ ਨੇ ਨਹਿਰ 'ਤੇ ਖਲੋਤਿਆਂ ਦੀ ਵੀਡੀਓ ਬਣਾ ਲਈ।

ਆਪਣਾ ਜੱਦੀ ਘਰ ਦੇਖਣ ਤੋਂ ਪਹਿਲਾਂ ਉਹ ਆਪਣਾ ਸਕੂਲ ਦੇਖਣਾ ਚਾਹੁੰਦੇ ਸਨ ਜਿਸ ਵਿਚ ਉਹ 1947 ਵਿਚ ਦੂਜੀ ਜਮਾਤ ਵਿਚ ਪੜ੍ਹਦੇ ਸਨ। ਇਹ ਸਕੂਲ ਹੁਣ ਹਾਈ ਬਣ ਚੁੱਕਾ ਹੈ। ਸਕੂਲ ਦੇ ਸਟਾਫ ਨੇ ਸਾਡਾ ਬੜੀ ਗਰਮਜੋਸ਼ੀ ਨਾਲ ਇਸਤਕਬਾਲ (ਸਵਾਗਤ) ਕੀਤਾ। ਦਫਤਰ ਵਿਚ ਬਿਠਾ ਕੇ ਚਾਹ-ਪਾਣੀ ਪਿਆਇਆ। ਮਨਮੋਹਨ ਸਿੰਘ ਭੁੱਲਰ ਆਪਣੇ ਦੂਜੀ ਮਜਾਤ ਦੇ ਜਮਾਤੀਆਂ ਅਤੇ ਸਕੂਲ ਦੇ ਅਧਿਆਪਕਾਂ ਦੇ ਨਾਂ ਬੜੇ ਉਤਸ਼ਾਹ ਨਾਲ ਦੱਸ ਰਹੇ ਸਨ। ਜਿਸ ਕਮਰੇ ਵਿਚ ਉਹ ਪੜ੍ਹਦੇ ਰਹੇ ਸਨ, ਉਸ ਵਿਚ ਜਾ ਕੇ ਉਹ ਭਾਵਕ ਹੋ ਗਏ। ਕਿੰਨਾ ਚਿਰ ਕਮਰੇ ਦੀਆਂ ਕੰਧਾਂ ਨੂੰ ਨਿਹਾਰਦੇ ਰਹੇ। ਉਨ੍ਹਾਂ ਆਪਣੇ ਪੁਰਾਣੇ ਸਕੂਲ ਨੂੰ ਪੰਜਾਹ ਹਜ਼ਾਰ ਰੁਪਏ ਦਾਨ ਕੀਤੇ ਅਤੇ ਸਕੂਲ ਦੀ ਵਿਜ਼ਟਰ ਬੁੱਕ ਵਿਚ ਆਪਣੇ ਮਨ ਦੇ ਵਲਵਲੇ ਦਰਜ ਕੀਤੇ।

ਸਕੂਲ ਦੇਖਣ ਬਾਅਦ ਉਨ੍ਹਾਂ ਆਪਣੇ ਬਜ਼ੁਰਗਾਂ ਦਾ ਘਰ ਦੇਖਿਆ ਜੋ ਕਈ ਹਿੱਸਿਆਂ ਵਿਚ ਵੰਡਿਆ ਜਾ ਚੁੱਕਾ ਸੀ। ਬਾਹਰਲੇ ਡਾਟਾਂ ਵਾਲੇ ਗੇਟ ਦੇ ਅੱਧ ਵਿਚਕਾਰ ਕੰਧ ਕੱਢ ਕੇ ਗੇਟ ਵੀ ਵੰਡਿਆ ਗਿਆ ਸੀ। ਸਿਰਫ ਡਾਟਾਂ ਤੋਂ ਹੀ ਉਹ ਆਪਣਾ ਘਰ ਪਛਾਣ ਸਕੇ। ਵਾਪਸੀ 'ਤੇ ਉਨ੍ਹਾਂ ਗਲੀ ਦੇ ਮੋੜ 'ਤੇ ਉਹ ਹੱਟੀ ਵੀ ਦਿਖਾਈ ਜਿਸ ਤੋਂ ਉਹ ਗਾਚਣੀ, ਸਲੇਟੀ, ਮਿੱਟੀ ਦੀਆਂ ਦਵਾਤਾਂ ਤੇ ਸਿਆਹੀ ਖਰੀਦਦੇ ਹੁੰਦੇ ਸਨ। ਸਕੂਲ ਅਤੇ ਘਰ ਦੇਖਣ ਤੋਂ ਬਾਅਦ ਅਸੀਂ ਬਾਬਾ ਬੁਲ੍ਹੇ ਸ਼ਾਹ ਦੇ ਮਜ਼ਾਰ ਦੇ ਦਰਸ਼ਨਾਂ ਲਈ ਕਸੂਰ ਵੱਲ ਚੱਲ ਪਏ।

ਕਾਰ ਵਿਚੋਂ ਉਤਰ ਕੇ ਅਸੀਂ ਬਾਬਾ ਬੁਲ੍ਹੇ ਸ਼ਾਹ ਦੇ ਮਜ਼ਾਰ ਦੇ ਵਿਹੜੇ ਵਿਚ ਦਾਖਲ ਹੋਏ। ਗੁਰੂਆਂ ਵਾਂਗ ਬੁੱਲ੍ਹੇ ਸ਼ਾਹ ਦੀ ਸੋਚ ਮਜ਼੍ਹਬੀ ਸੰਕੀਰਨਤਾ ਤੋਂ ਉਪਰ ਸੀ। ਜੇ ਗੁਰੂਆਂ ਨੇ ਮਾਨਸ ਦੇ ਏਕੇ ਦਾ ਸੰਦੇਸ਼ ਦਿੱਤਾ ਤਾਂ ਬੁੱਲ੍ਹੇ ਸ਼ਾਹ ਨੇ ਵੀ ਵਾਹਦਤ (ਏਕਤਾ, ਇਕਮੁੱਠਤਾ) ਦਾ ਪੈਗਾਮ ਦਿੱਤਾ। ਅੰਮ੍ਰਿਤਸਰ ਦੀਵਾਲੀ ਮੌਕੇ ਮੈਂ ਸੀਤਲ ਜੀ ਦੇ ਮੂੰਹੋਂ ਬੁੱਲ੍ਹੇ ਸ਼ਾਹ ਦਾ ਕਲਾਮ ਸੁਣਿਆ ਸੀ:

ਰਾਤੀ ਜਾਗੇਂ ਕਰੇ ਇਬਾਦਤ,
ਰਾਤੀਂ ਜਾਗਣ ਕੁੱਤੇ,
ਭੌਂਕਣੋਂ ਬੰਦ ਮੂਲ ਨਾ ਹੁੰਦੇ,
ਜਾ ਰੂੜੀ ਤੇ ਸੁੱਤੇ।
ਖਸਮ ਆਪਣੇ ਦਾ ਦਰ ਨਾ ਛੱਡਦੇ,
ਭਾਵੇਂ ਵੱਜਣ ਜੁੱਤੇ,
ਬੁੱਲ੍ਹੇ ਸ਼ਾਹ ਉਠ ਰੱਬ ਮਨਾ ਲੈ,
ਨਹੀਂ ਤਾਂ ਬਾਜ਼ੀ ਲੈ ਗਏ ਕੁੱਤੇ।

ਇਕ ਆਦਮੀ ਢੋਲਕੀ ਦੀ ਥਾਪ ਨਾਲ ਬੁੱਲ੍ਹੇ ਸ਼ਾਹ ਦਾ ਕਲਾਮ ਗਾ ਰਿਹਾ ਸੀ:

ਬੁੱਲ੍ਹਾ ਕੀ ਜਾਣੇ ਮੈਂ ਕੌਣ...

ਅਸੀਂ ਉਸ ਨੂੰ ਕੁਝ ਮਾਇਆ ਭੇਟ ਕੀਤੀ। ਬਾਬੇ ਨੇ ਤਾਂ ਕਿਹਾ ਸੀ, ਮੈਨੂੰ ਪਤਾ ਨਹੀਂ ਮੈਂ ਕੌਣ ਹਾਂ ਪਰ ਦੂਜੇ ਪਾਸੇ ਅਸੀਂ ਹਾਂ ਜਿਨ੍ਹਾਂ ਨੇ ਹਿੰਦੂ, ਮੁਸਲਮਾਨ ਤੇ ਸਿੱਖ ਦੀ ਪਛਾਣ ਬਣਾ ਲਈ ਹੈ! ਇਸੇ ਪਛਾਣ ਲਈ ਅਸੀਂ ਇਕ ਦੂਜੇ ਨਾਲ ਲੜਦੇ ਮਰਦੇ ਹਾਂ!!

ਰਮਜ਼ਾਨ ਦੇ ਮਹੀਨੇ ਮੁਸਲਮਾਨ ਰੋਜ਼ੇ ਰੱਖਦੇ ਨੇ। ਬੁੱਲ੍ਹੇ ਸ਼ਾਹ ਆਪਣੇ ਹੁਜਰੇ ਵਿਚ ਬੈਠੇ ਸਨ। ਉਨ੍ਹਾਂ ਕੁਝ ਗਾਜਰਾਂ ਆਪ ਖਾਧੀਆਂ ਤੇ ਕੁਝ ਮੁਰੀਦਾਂ ਨੂੰ ਖਾਣ ਲਈ ਦਿੱਤੀਆਂ। ਜਦੋਂ ਮੁਰੀਦ ਹੁਜਰੇ 'ਚੋਂ ਬਾਹਰ ਬੈਠੇ ਗਾਜਰਾਂ ਖਾ ਰਹੇ ਸਨ ਤਾਂ ਰੋਜ਼ਿਆਂ ਵਿਚ ਖਾਣ-ਪੀਣ ਵਾਲਿਆਂ 'ਤੇ ਨਿਗ੍ਹਾ ਰੱਖਣ ਲਈ ਕੁਝ ਮਜ਼ਹਬੀ ਰਹਿਨੁਮਾਵਾਂ ਨੇ ਉਨ੍ਹਾਂ ਨੂੰ ਗਾਜਰਾਂ ਖਾਂਦਿਆਂ ਦੇਖ ਕੇ ਪੁੱਛਿਆ- "ਬੇਸ਼ਰਮੋ! ਰਮਜ਼ਾਨ ਦੇ ਦਿਨਾਂ ਵਿਚ ਗਾਜਰਾਂ ਖਾ ਰਹੇ ਓ?"

"ਭੁੱਖ ਲੱਗੀ ਸੀ, ਤਾਂ ਖਾਂਦੇ ਹਾਂ।"

"ਪਰ ਤੁਸੀਂ ਹੁੰਦੇ ਕੌਣ ਹੋ?"

"ਮੁਸਲਮਾਨ""

ਗੁੱਸੇ ਵਿਚ ਆਏ ਮਜ਼੍ਹਬੀ ਰਹਿਨੁਮਾਵਾਂ ਨੇ ਉਨ੍ਹਾਂ ਨੂੰ ਚੰਗਾ ਕੁਟਾਪਾ ਚਾੜ੍ਹਿਆ; ਅਖੇ, ਮੁਸਲਮਾਨ ਹੋ ਕੇ ਸ਼ਰੇਆਮ ਇਸਲਾਮੀ ਨੇਮਾਂ ਦੀ ਉਲੰਘਣਾ ਕਰ ਰਹੇ ਓ!

ਜਾਣ ਲੱਗਿਆਂ ਉਨ੍ਹਾਂ ਬਾਬੇ ਨੂੰ ਪੁੱਛਿਆ, "ਉਇ ਤੂੰ ਕੌਣ ਏ?"

ਬਾਬੇ ਨੇ ਬਾਹਾਂ ਅਕਾਸ਼ ਵੱਲ ਉਠਾ ਕੇ ਹੱਥ ਹਿਲਾ ਦਿੱਤੇ, ਬੋਲਿਆ ਕੁਝ ਨਾ।

"ਦੱਸਦਾ ਨਹੀਂ, ਤੂੰ ਹੁੰਦਾ ਕੌਣ ਏ?"

ਬੁੱਲ੍ਹੇ ਸ਼ਾਹ ਨੇ 'ਬੁੱਲ੍ਹਾ ਕੀ ਜਾਣੇ ਮੈਂ ਕੌਣ' ਦੇ ਅੰਦਾਜ਼ ਵਿਚ ਬਾਹਵਾਂ ਆਕਾਸ਼ ਵੱਲ ਕਰਕੇ ਹੱਥ ਹਿਲਾ ਦਿੱਤੇ। ਉਹ ਬੁੱਲ੍ਹੇ ਸ਼ਾਹ ਨੂੰ ਦੀਵਾਨਾ ਸਮਝ ਕੇ ਅੱਗੇ ਨਿਕਲ ਗਏ। ਹੈਰਾਨ ਹੋਏ ਮੁਰੀਦਾਂ ਨੇ ਹੁਜਰੇ ਵਿਚ ਆ ਕੇ ਪੁੱਛਿਆ, "ਸਾਨੂੰ ਉਨ੍ਹਾਂ ਕੁਟਾਪਾ ਚਾੜ੍ਹਿਆ ਪਰ ਤੁਹਾਨੂੰ ਉਨ੍ਹਾਂ ਕੁਝ ਨਹੀਂ ਕਿਹਾ ਤਾਂ ਸਾਈਂ ਨੇ ਸਵਾਲ ਕੀਤਾ, "ਉਨ੍ਹਾਂ ਤੁਹਾਨੂੰ ਕੀ ਪੁੱਛਿਆ ਸੀ?"

ਪੁੱਛਦੇ ਸਨ, "ਤੁਸੀਂ ਕੌਣ ਹੋ? ਅਸੀਂ ਕਿਹਾ ਕਿ ਮੁਸਲਮਾਨ ਹਾਂ।"

ਬੁੱਲ੍ਹੇ ਸ਼ਾਹ ਨੇ ਹੱਸ ਕੇ ਕਿਹਾ, "ਕੁਝ ਬਣੇ ਜੇ ਤਾਂ ਮਾਰ ਖਾਧੀ। ਅਸੀਂ ਕੁਝ ਨਹੀਂ ਬਣੇ, ਸਾਨੂੰ ਕਿਸੇ ਕੁਝ ਨਹੀਂ ਕਿਹਾ।"

ਅਸਲ ਵਿਚ, ਜਦ ਅਸੀਂ ਕੁਝ ਬਣਦੇ ਹਾਂ ਤਾਂ ਸਾਨੂੰ ਉਸ ਦੇ ਨਿਯਮਾਂ ਦੀ ਪਾਲਣਾ ਵੀ ਕਰਨੀ ਜ਼ਰੂਰੀ ਬਣ ਜਾਂਦੀ ਹੈ!


ਮਜ਼ਾਰ ਦੇ ਅੰਦਰ ਦਾਖਲ ਹੋਣ ਵਾਲੇ ਦਰਵਾਜ਼ੇ 'ਤੇ ਸ਼ਾਹਮੁਖੀ ਅੱਖਰਾਂ ਵਿਚ ਲਿਖਿਆ ਸੀ- 'ਸਜਦਾ ਸਿਰਫ ਅਲ੍ਹਾ ਕੇ ਲੀਏ', 'ਦਰਗਾਹ ਸ਼ਰੀਫ ਮੇਂ ਔਰਤ ਕਾ ਦਾਖਲਾ ਮਮਨੂਹ ਹੈ'। ਦੀਵਾਰਾਂ ਉਤੇ ਢੋਲਾ ਆਦਮੀ ਬਣ ਆਇਆ, ਅਬੀਲ ਕਬੀਲ ਆਦਮ ਦੇ ਜਾਏ, ਆਦਮ ਕਿਸ ਦਾ ਜਾਇਆ, ਬੁੱਲ੍ਹਾ ਉਨ੍ਹਾਂ ਤੋਂ ਵੀ ਅੱਗੇ, ਦਾਦਾ ਗੋਦ ਖਿਡਾਇਆ, ਤੁਸੀਂ ਹਰ ਰੰਗ ਦੇ ਵਿਚ ਵਸਦੇ ਹੋ, ਇਸ਼ਕ ਦੀ ਨਵੀਓਂ ਨਵੀਂ ਬਹਾਰ ਆਦਿ ਕਲਾਮ ਦੀਵਾਰਾਂ ਉਤੇ ਸ਼ਾਹਮੁਖੀ ਲਿੱਪੀ ਵਿਚ ਲਿਖੇ ਹੋਏ ਸਨ।

ਕਸੂਰ ਦੀ ਮਹਿੰਦੀ, ਮੇਥੀ, ਤਲੀ ਹੋਈ ਮੱਛੀ ਅਤੇ ਜੁੱਤੀ ਬਹੁਤ ਮਸ਼ਹੂਰ ਹੈ। ਅਸੀਂ ਸਾਰੇ ਸੁਰਿੰਦਰ ਕੌਰ ਨੂੰ ਗਾਉਂਦਿਆਂ ਸੁਣਿਆ ਹੈ: ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ।

000

ਗੁਰਦੁਆਰਿਆਂ ਦੀ ਯਾਤਰਾ ਦੇ ਨਾਲ ਨਾਲ ਮੇਰੀ ਰੀਝ ਸੀ ਕਿ ਢਾਡੀ ਕਲਾ ਦੇ ਪਿਤਾਮਾ, ਨਾਵਲਕਾਰ, ਇਤਿਹਾਸਕਾਰ ਅਤੇ ਵਾਰਕਾਰ ਗਿਆਨੀ ਸੋਹਣ ਸਿੰਘ ਸੀਤਲ ਦਾ ਜੱਦੀ ਪਿੰਡ ਕਾਦੀਵਿੰਡ (ਨੇੜੇ ਕਸੂਰ) ਦੀ ਸਰਜ਼ਮੀਂ ਨੂੰ ਸਜਦਾ ਕਰਾਂ ਜਿਸ ਨੇ ਇਸ ਮਹਾਨ ਸ਼ਖਸੀਅਤ ਨੂੰ ਪੈਦਾ ਕੀਤਾ, ਜਿਸ ਨੇ ਸਿੱਖ ਇਤਿਹਾਸ ਨੂੰ ਵਿਗਿਆਨਿਕ ਸੋਚ ਦੇ ਆਧਾਰ 'ਤੇ ਲੋਕਾਂ ਸਾਹਮਣੇ ਪੇਸ਼ ਕੀਤਾ।

ਵੰਡ ਤੋਂ ਪਹਿਲਾਂ ਉਨ੍ਹਾਂ ਸੌ ਕਿੱਲਾ ਜ਼ਮੀਨ ਪੱਧਰੀ ਕੀਤੀ। ਵਿਚ ਦੋਹਾਟਾ ਖੂਹ ਲਵਾਇਆ। ਪੁਰਾਣਾ ਕੱਚਾ ਘਰ ਢਾਹ ਕੇ ਸੱਤ ਕਮਰਿਆਂ ਦਾ ਪੱਕਾ ਘਰ ਬਣਾਇਆ। ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਸ਼ਰੀਕੇ ਵਿਚੋਂ ਬਿਸ਼ਨ ਸਿੰਘ ਨਾਮੀ ਬਦਮਾਸ਼ ਉਨ੍ਹਾਂ ਦੇ ਚਾਚੇ ਦੀ ਸ਼ਹਿ 'ਤੇ ਖੜ੍ਹੀ ਫਸਲ ਵਿਚ ਡੰਗਰ ਛੱਡ ਕੇ, ਖਲਵਾੜੇ ਲੂਹ ਕੇ, ਨਹਿਰੀ ਪਾਣੀ ਵੱਢ ਕੇ ਅਤੇ ਝੂਠੇ ਮੁਕੱਦਮਿਆਂ ਵਿਚ ਫਸਾ ਕੇ ਬੜਾ ਤੰਗ ਕਰਦਾ ਹੁੰਦਾ ਸੀ। ਸੀਤਲ ਜੀ ਇਨ੍ਹਾਂ ਵਧੀਕੀਆਂ ਦਾ ਬੜੀ ਹਿੰਮਤ ਨਾਲ ਟਾਕਰਾ ਕਰਦੇ ਰਹੇ। 1943 ਵਿਚ 18 ਕਿੱਲੇ ਅੱਡ-ਅੱਡ ਫਲਦਾਰ ਪੌਦਿਆਂ ਦਾ ਬਾਗ ਲਗਾਇਆ।



*ਜਸਵੰਤ ਸਿੰਘ ਸੰਧੂ ਢਾਡੀ ਸੋਹਣ ਸਿੰਘ ਸੀਤਲ ਦੇ ਘਰ ਅੱਗੇ।*

1934 ਵਿਚ ਉਨ੍ਹਾਂ ਢਾਡੀ ਜਥਾ ਬਣਾ ਲਿਆ ਸੀ। 27 ਵਿਸਾਖ, 1936 ਨੂੰ ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਰਤੋਂ ਕੇ ਗੁਰਦੁਆਰੇ ਵਿਚ ਪਹਿਲੀ ਵਾਰ ਸਾਢੇ ਤਿੰਨ ਘੰਟੇ 'ਸਿੱਖ ਰਾਜ ਕਿਵੇਂ ਗਿਆ' ਸੁਣਾ ਕੇ ਲੋਕਾਂ ਦੇ ਮਨ ਮੋਹ ਲਏ। ਉਸ ਦਿਨ ਤੋਂ ਉਨ੍ਹਾਂ ਦੀ ਚੜ੍ਹਦੀ ਕਲਾ ਹੋ ਗਈ ਅਤੇ ਬਦਮਾਸ਼ ਬਿਸ਼ਨ ਸਿੰਘ ਨੇ ਵੀ ਉਨ੍ਹਾਂ ਨਾਲ ਨੇੜ ਕਰ ਲਿਆ। ਵੈਰੀ ਮਿੱਤਰ ਬਣ ਗਏ।

000

ਪਹਿਲਾਂ ਅਫਵਾਹ ਸੀ ਕਿ ਕਾਦੀਵਿੰਡ ਹਿੰਦੋਸਤਾਨ ਵਿਚ ਰਹੇਗਾ ਪਰ 17 ਅਗਸਤ 1947 ਨੂੰ ਆਲ ਇੰਡੀਆ ਰੇਡੀਓ ਲਾਹੌਰ ਤੋਂ ਖਬਰ ਆਈ ਕਿ ਕਾਦੀਵਿੰਡ ਪਾਕਿਸਤਾਨ ਵਿਚ ਆ ਗਿਆ ਹੈ। 21 ਅਗਸਤ ਨੂੰ ਸੀਤਲ ਜੀ ਨੂੰ ਪਿੰਡ ਛੱਡਣਾ ਪਿਆ। ਮਿਹਨਤ ਨਾਲ ਬਣਾਈ ਸੌ ਕਿੱਲਾ ਜ਼ਮੀਨ ਅਤੇ ਰੀਝਾਂ ਨਾਲ ਬਣਾਇਆ ਪੱਕਾ ਮਕਾਨ ਬੜਾ ਔਖਾ ਹੁੰਦਾ ਹੈ। ਉਹ ਲਿਖਦੇ ਹਨ: "ਕਿਸੇ ਚੀਜ਼ ਅਤੇ ਥਾਂ ਨੂੰ ਅਸੀਂ ਕਿੰਨਾ ਕੁ ਕੁ ਪਿਆਰ ਕਰਦੇ ਹਾਂ? ਇਸ ਗੱਲ ਦਾ ਅੰਦਾਜ਼ਾ ਉਦੋਂ ਹੀ ਲਗਦਾ ਹੈ, ਜਦੋਂ ਅਮਿਣਵੀਆਂ ਵਿਥਾਂ ਪੈ ਜਾਂਦੀਆਂ ਨੇ।

ਅੱਜ ਉਹ ਧਰਤੀ ਸਾਹ-ਸਾਹ ਨਾਲ ਯਾਦ ਆਉਂਦੀ ਹੈ ਜਿਸ ਦੇ ਜ਼ੱਰਿਆਂ ਦੀ ਇਕੱਤਰਤਾ ਤੋਂ ਇਹ ਸਰੀਰ ਵਜੂਦ ਵਿਚ ਆਇਆ ਸੀ। ਉਹ ਘਰ ਯਾਦ ਆਉਂਦਾ ਹੈ ਜਿਸ ਦੇ ਵਿਹੜੇ ਵਿਚ ਬਚਪਨ ਨੇ ਰਿੜ੍ਹਨਾ ਸਿੱਖਿਆ ਸੀ। ਉਹ ਕੰਧਾਂ ਅੱਖਾਂ ਅੱਗੇ ਫਿਰਦੀਆਂ ਨੇ ਜਿਨ੍ਹਾਂ ਨੇ ਜੀਵਨ ਨੂੰ ਪਹਿਲੇ ਕਦਮ ਤੁਰਨ ਵਾਸਤੇ ਸਹਾਰਾ ਦਿੱਤਾ ਸੀ। ਪਿੰਡ ਦੀਆਂ ਉਹ ਗਲੀਆਂ ਭੁੱਲਦੀਆਂ ਨਹੀਂ ਜਿਨ੍ਹਾਂ ਵਿਚ ਹਾਣੀਆਂ ਨਾਲ ਕਦੇ ਲੁਕਣ-ਮੀਟੀਆਂ ਖੇਡੀਆਂ ਸਨ। ਉਸ ਥਾਂ ਦੀ ਯਾਦ ਅੱਜ ਕਿਉਂ ਤਿੱਖੀਆਂ ਤਰਾਟਾਂ ਬਣ ਰਹੀ ਹੈ? ਕਿਉਂਕਿ ਦੇਸ਼ ਦੀ ਵੰਡ ਨੇ ਸਾਨੂੰ ਉਸ ਥਾਂ ਤੋਂ ਕੋਹਾਂ ਦੂਰ ਲਿਆ ਸੁੱਟਿਆ ਹੈ।

ਜਿਨ੍ਹਾਂ ਨਾਲੋਂ ਅਸੀਂ ਵਿਛੜ ਜਾਂਦੇ ਹਾਂ, ਸਾਡੇ ਯਾਦ ਭੰਡਾਰ ਵਿਚ ਉਨ੍ਹਾਂ ਦੀਆਂ ਕਹਾਣੀਆਂ ਬਾਕੀ ਰਹਿ ਜਾਂਦੀਆਂ ਨੇ। ਉਨ੍ਹਾਂ ਦੀਆਂ ਬਾਤਾਂ ਪਾ-ਪਾ ਕੇ ਅਸੀਂ ਬੀਤੇ ਸੁਪਨੇ ਵੇਖਣ ਦਾ ਯਤਨ ਕਰਦੇ ਹਾਂ। ਇਹ ਹਨ ਮੇਰੀਆਂ ਕਦੇ ਨਾ ਭੁੱਲਣ ਵਾਲੀਆਂ ਯਾਦਾਂ ਜਿਨ੍ਹਾਂ ਦੇ ਪਰਛਾਵੇਂ ਸਦਾ ਮੇਰੀਆਂ ਅੱਖਾਂ ਦੇ ਝਉਲੇ ਬਣੇ ਰਹਿੰਦੇ ਨੇ।"

ਕਾਦੀਵਿੰਡ ਕਸੂਰ ਤੋਂ ਚਾਰ ਮੀਲ ਉਤਰ ਦੀ ਬਾਹੀ 'ਤੇ ਸਥਿਤ ਹੈ। ਸੀਤਲ ਜੀ ਆਪਣੀ ਜੀਵਨ ਕਹਾਣੀ 'ਵੇਖੀ ਮਾਣੀ ਦੁਨੀਆ' ਵਿਚ ਲਿਖਦੇ ਹਨ, "ਇਹ ਨਵਾਂ ਪਿੰਡ 1906 ਵਿਚ ਵੱਸਿਆ। ਮਕਾਨ ਖੁੱਲ੍ਹੇ ਸਨ ਪਰ ਸਨ ਸਾਰੇ ਕੱਚੇ ਹੀ। ਪਿਛੋਂ ਜਿਹੇ ਦੋ ਤਿੰਨ ਘਰ ਪੱਕੇ ਬਣੇ ਪਰ ਹੁਣ ਤਾਂ ਪਿੰਡ ਪੱਕੇ ਮਕਾਨਾਂ ਵਾਲਾ ਕਸਬਾ ਬਣ ਚੁੱਕਾ ਹੈ।"

ਕਾਦੀਵਿੰਡ ਦਾ ਗਰੈਜੂਏਟ ਨਵੀਦ ਖੁਸ਼ੀ ਮੇਰਾ ਫੇਸਬੁੱਕ ਦੋਸਤ ਹੈ। ਮੈਂ ਉਸ ਨੂੰ ਕਾਦੀਵਿੰਡ ਆਉਣ ਦੀ ਸੂਚਨਾ ਦੇ ਦਿੱਤੀ ਸੀ। ਪਿੰਡ ਵਾਲਿਆਂ ਨੂੰ ਉਹਨੇ ਆਪ ਹੀ ਦੱਸ ਛੱਡਿਆ ਕਿ ਸੀਤਲ ਜੀ ਦਾ ਲੜਕਾ ਆਪਣਾ ਘਰ ਦੇਖਣ ਆ ਰਿਹਾ ਹੈ। ਉਸ ਨੇ ਸੀਤਲ ਜੀ ਦੇ ਘਰ ਵਾਲੀ ਗਲੀ ਦੀ ਸਫਾਈ ਕਰਕੇ ਦੋਹੀਂ ਪਾਸੀਂ ਕਲੀ ਨਾਲ ਲਕੀਰਾਂ ਵਿਧਾ ਕੇ 'ਵੈਲਕਮ' ਲਿਖਿਆ ਹੋਇਆ ਸੀ। ਜਦ ਅਸੀਂ ਉਥੇ ਪਹੁੰਚੇ ਤਾਂ ਨਵੀਦ ਸਮੇਤ ਪਿੰਡ ਦੇ ਲੋਕਾਂ ਨੇ ਗੁਲਾਬ ਦੇ ਫੁੱਲਾਂ ਦੇ ਹਾਰ ਪਾ ਕੇ ਮੇਰਾ ਅਤੇ ਸ. ਮਨਮੋਹਨ ਸਿੰਘ ਭੁੱਲਰ ਦਾ ਸਵਾਗਤ ਕੀਤਾ। 47 ਤੋਂ ਪਹਿਲਾਂ ਮਨਮੋਹਨ ਸਿੰਘ ਭੁੱਲਰ ਦਾ ਸਹੁਰਾ ਪਿੰਡ ਸੀ। ਨਵੀਦ ਦੇ ਘਰ ਚਾਹ-ਪਾਣੀ ਪੀਂਦਿਆਂ ਅਸੀਂ ਨਵੀਦ ਦੀ ਦਾਦੀ ਅਤੇ ਸੀਤਲ ਜੀ ਦੇ ਵੱਡੇ ਲੜਕੇ ਰਵਿੰਦਰ ਦੇ ਜਮਾਤੀ ਹਾਜੀ ਮੁਹੰਮਦ ਸ਼ਰੀਫ ਤੋਂ ਵੰਡ ਤੋਂ ਪਹਿਲਾਂ ਦੀਆਂ ਯਾਦਗਾਰੀ ਗੱਲਾਂ ਸੁਣੀਆਂ। ਕਿਵੇਂ ਬਦਮਾਸ਼ ਬਿਸ਼ਨ ਸਿੰਘ ਦੀ ਇਸ ਇਲਾਕੇ ਵਿਚ ਧੁੰਮ ਸੀ। ਉਹ ਪੁਲਿਸ ਤੋਂ ਆਕੀ ਸੀ। ਸਾਰੇ ਭਾਈਚਾਰੇ ਬੜੇ ਪਿਆਰ ਨਾਲ ਵੱਸਦੇ ਸੀ। ਫਿਰ ਸੀਤਲ ਜੀ ਦਾ ਘਰ ਦੇਖਣ ਦੀ ਇੱਛਾ ਦੱਸੀ।



*ਜਸਵੰਤ ਸਿੰਘ ਸੰਧੂ ਢਾਡੀ ਸੋਹਣ ਸਿੰਘ ਸੀਤਲ ਦੇ ਪੁੱਤਰ ਦੇ ਜਮਾਤੀ ਮੁਹੰਮਦ ਸ਼ਰੀਫ ਨਾਲ।*

ਸੀਤਲ ਜੀ ਦਾ ਘਰ ਚਾਰ ਕਨਾਲ ਵਿਚ ਪੱਕਾ ਬਣਿਆ ਸੀ, 1947 ਤੋਂ ਪਹਿਲਾਂ। ਹੁਣ ਇਸ ਵਿਚ ਮੇਵਾਤ ਦੇ ਮੇਊਆ ਨੇ ਇਸ ਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਕੋਠੀਆਂ ਪਾ ਲਈਆਂ ਨੇ। ਪੁਰਾਣਾ ਡਾਟਾਂ ਸ਼ਤੀਰੀਆਂ ਅਤੇ ਬਾਲਿਆਂ ਵਾਲਾ ਘਰ ਗਲੀ ਤੋਂ ਕਾਫੀ ਨੀਵਾਂ ਹੋਣ ਕਰਕੇ ਉਸ ਵਿਚ ਹੁਣ ਡੰਗਰ ਬੰਨ੍ਹਦੇ ਨੇ। ਉਸ ਵੇਲੇ ਦੀਆਂ ਕੱਪੜੇ ਟੰਗਣ ਵਾਲੀਆਂ ਕਿੱਲੀਆਂ ਅਜੇ ਉਸੇ ਤਰ੍ਹਾਂ ਨੇ। ਮਾਲਕ ਮੇਊ ਨੇ ਮੈਨੂੰ ਪਾਸੇ ਕਰਕੇ ਕਿਹਾ, "ਸਰਦਾਰ ਜੀ! ਜੇ ਕੋਈ ਸੋਨਾ ਜਾਂ ਪੈਸਾ ਦੱਬਿਆ ਹੈ ਤਾਂ ਸਾਨੂੰ ਦੱਸ ਦਿਓ। ਅਸੀਂ ਤੁਹਾਨੂੰ ਪੁੱਟ ਕੇ ਦੇ ਦਿੰਦੇ ਹਾਂ।" ਉਸ ਨੇ ਸਮਝਿਆ ਹੋਵੇਗਾ ਕਿ

*(ਬਾਕੀ ਅਗਲੇ ਸਫੇ 'ਤੇ)*



*ਜਸਵੰਤ ਸਿੰਘ ਸੰਧੂ, ਮਨਮੋਹਨ ਸਿੰਘ ਭੁੱਲਰ ਨਵੀਦ ਅਤੇ ਹੋਰਾਂ ਨਾਲ।*

ਯਾਦ ਝਰੋਖਾ

# 'ਅਮਰ' ਅਮੋਲਕ ਸਿੰਘ ਜੰਮੂ ਨੂੰ ਯਾਦ ਕਰਦਿਆਂ...!

ਸਾਲ 2013 ਦੀ ਗੱਲ ਹੈ, ਜਦੋਂ ਮੈਂ ਨਿਯਤੀ ਦੇ ਹੁਲਾਰੇ ਨਾਲ ਅਮਰੀਕਾ ਪੁੱਜਿਆ। ਅਮਰੀਕਾ ਪਹੁੰਚਣ ਤੋਂ ਪਹਿਲਾਂ ਇੰਨੀ ਕੁ ਧਰਵਾਸ ਦਿਲ ਵਿਚ ਹੈ ਸੀ ਕਿ ਪਰਦੇਸ ਵਿਚ ਇਸ ਉਮਰ ਵਿਚ ਘੱਟੋ-ਘੱਟ ਭੁੱਖੇ ਮਰਨ ਦੀ ਨੌਬਤ ਨਹੀਂ ਆਉਣ ਲੱਗੀ। ਨਿਊ ਯਾਰਕ ਦੀਆਂ

ਅਮਰਜੀਤ ਸਿੰਘ ਮੁਲਤਾਨੀ

ਕਾਫੀ ਅਖਬਾਰਾਂ ਅਤੇ ਕੁਝ ਟੈਲੀਵਿਜ਼ਨ ਚੈਨਲਾਂ ਦਾ ਨਾਮ ਸੁਣਿਆ ਹੋਇਆ ਸੀ ਅਤੇ ਆਸ ਸੀ ਕਿ ਕਿਤੇ ਨਾ ਕਿਤੇ ਮੀਡੀਆ ਵਿਚ ਮੇਰੇ ਚਾਰ ਦਹਾਕਿਆਂ ਤੋਂ ਵੱਧ ਦੇ ਤਜਰਬੇ ਦਾ ਕੋਈ ਨਾ ਕੋਈ ਕਦਰਦਾਨ ਤਾਂ ਮਿਲ ਹੀ ਜਾਵੇਗਾ; ਪਰ ਮੇਰੇ ਸਾਰੇ ਕਿਆਫੇ ਗਲਤ ਸਾਬਤ ਹੋਏ। ਜਦੋਂ ਮੈਂ ਇੱਥੋਂ ਦੇ ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਆ ਦੀ ਹਕੀਕਤ ਨਾਲ ਰੂਬਰੂ ਹੋਇਆ ਤੇ ਗਿਆਨ ਹੋਇਆ ਕਿ ਇਹ ਸਾਰੇ ਮੀਡੀਆ ਵਾਲੇ ਤਾਂ ਅਨੁਭਵ, ਮੀਡੀਆ ਦੇ ਸਿਧਾਂਤਾਂ ਅਤੇ ਕਾਰਜ ਪ੍ਰਣਾਲੀ ਤੋਂ ਕੋਹਾਂ ਦੂਰ ਹਨ; ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਫਿਰ ਵੀ ਉਹ ਸਾਰੇ ਖੁਦ ਨੂੰ ਪਰਵਾਸੀ ਮੀਡੀਆ ਦੀਆਂ ਬਾਬਾ ਬੋਹੜ ਜਿਹੀਆਂ ਹਸਤੀਆਂ ਕਹਾਉਂਦੇ ਸਨ। ਮੇਰੇ ਨਿੱਜੀ ਵਿਚਾਰ ਅਨੁਸਾਰ ਇਨ੍ਹਾਂ ਲਈ ਤਾਂ ਪੰਜਾਬੀ ਦੀ ਇਹ ਕਹਾਵਤ ਸਟੀਕ ਬੈਠਦੀ ਹੈ, "ਉੱਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ।"

ਇਸੇ ਕਸ਼ਮਕਸ ਵਿਚ ਮੈਨੂੰ 'ਪੰਜਾਬ ਟਾਈਮਜ਼' ਦੇ ਮਿਆਰੀ ਸੰਸਕਰਨ ਤੋਂ ਆਸ ਦੀ ਕਿਰਨ ਨਜ਼ਰ ਆਉਂਦੀ ਹੈ। ਮੈਂ ਅਮੋਲਕ ਜੀ ਨਾਲ ਟੈਲੀਫੋਨ 'ਤੇ ਗੱਲ ਕਰਦਾ ਹਾਂ ਅਤੇ ਆਪਣੇ ਬਾਰੇ ਸਾਰੀ ਗੱਲ ਦੱਸਦਾ ਹਾਂ। ਉਹ ਮੇਰੀ ਸਾਰੀ ਗੱਲਬਾਤ ਅਪਣੱਤ ਨਾਲ ਸੁਣਦੇ ਹਨ ਅਤੇ ਮੈਨੂੰ ਆਪਣੀ ਦੇਹ ਨਾਲ ਘੁਣ ਵਾਂਗ ਹੰਢਾ ਰਹੇ 'ਮਾਸਕੂਲਰ ਡਿਸਟਰੌਫੀ' ਬਾਰੇ ਅਤੇ ਆਪਣੀਆਂ ਵਿੱਤੀ ਹੱਦਾਂ ਬਾਰੇ ਵੀ ਦੱਸਦੇ ਹਨ; ਪਰ ਸਦਕੇ ਗੁਰੂ ਨਾਨਕ ਦੇ ਅਜੀਮ ਅਦੀਬ ਅਮੋਲਕ ਸਿੰਘ ਜੰਮੂ



ਦੇ ਕਿ ਉਹ ਇਸ ਔਖੀ ਸਥਿਤੀ ਵਿਚ ਵੀ ਮੇਰੀ ਮਾਇਕ ਸਹਾਇਤਾ ਕਰਨ ਲਈ ਇਕ ਵਿਕਲਪ ਦਿੰਦੇ ਹਨ ਕਿ "ਮੁਲਤਾਨੀ ਜੀ, ਤੁਸੀਂ ਪੰਜਾਬ ਟਾਈਮਜ਼ ਦੇ ਪ੍ਰਤੀਨਿਧ ਵਜੋਂ ਨਿਊ ਯਾਰਕ ਤੋਂ ਇਸ਼ਤਿਹਾਰ ਲੈ ਕੇ ਭੇਜੋ, ਮੈਂ ਸਾਰੇ ਐਡ ਛਾਪ ਦਿਆਂ ਕਰਾਂਗਾ ਅਤੇ ਪੇਮੈਂਟ ਜੋ ਵੀ ਹੋਵੇ, ਤੁਸੀਂ ਰੱਖ ਲੈਣੀ।"

ਮੇਰੇ ਲਈ ਇਹ ਪੇਸ਼ਕਸ਼ ਮੰਨਣੀ ਔਖੀ ਸੀ ਕਿ ਮੈਂ ਅਮੋਲਕ ਜੀ ਬਾਰੇ ਇੰਨਾ ਕੁਝ ਜਾਣ ਕੇ ਵੀ ਕਿਵੇਂ ਇਹ ਪੇਸ਼ਕਸ਼ ਕਬੂਲਦਾ! ਮੇਰਾ ਇਹ ਸਭ ਕੁਝ ਦੱਸਣ ਦਾ ਅਰਥ ਇਹੋ ਹੈ ਕਿ ਬੁਲੰਦ ਕਿਰਦਾਰ ਵਾਲਾ ਮਨੁੱਖ ਹੀ ਇੰਨੇ ਵੱਡੇ ਜਿਗਰੇ ਦਾ ਮਾਲਕ ਹੋ ਸਕਦਾ ਹੈ। ਫਿਰ ਉਦੋਂ ਦੀ ਅਮੋਲਕ ਜੀ ਨਾਲ ਅਜਿਹੀ ਤੰਦ ਜੁੜੀ, ਜੋ ਅੱਜ ਵੀ ਉਵੇਂ ਦੀ ਉਵੇਂ ਨਰੋਈ ਹੈ, ਬੇਸ਼ਕ ਉਹ ਸਰੀਰਕ ਤੌਰ 'ਤੇ ਸਾਡੇ ਵਿਚ ਨਹੀਂ ਰਹੇ।

ਮੇਰਾ ਲੀਕ ਤੋਂ ਹਟ ਕੇ ਸਿੱਖ ਧਰਮ ਅਤੇ ਸਿੱਖ ਕੌਮ ਦੇ ਮਸਲਿਆਂ 'ਤੇ ਬੇਦਰੇਗ ਹੋ ਕੇ ਲਿਖਣ ਦੇ ਪਿੱਛੇ ਵੀ ਅਮੋਲਕ ਸਿੰਘ ਜੰਮੂ ਦਾ ਹੀ ਹੱਥ ਹੈ। ਮੈਨੂੰ ਮਾਣ ਹੈ ਕਿ ਮੇਰੀਆਂ ਲਿਖਤਾਂ ਅਜਿਹੀ ਸੰਪਾਦਕੀ ਨਜ਼ਰ ਵਿਚੋਂ ਸਾਬਤ ਸੂਰਤ ਗੁਜ਼ਰ ਕੇ ਸਾਬਤ ਛਾਪਦੀਆਂ ਰਹੀਆਂ ਹਨ। ਮੇਰੀ ਨਜ਼ਰ ਵਿਚ ਤਾਂ ਅਮੋਲਕ ਸਿੰਘ ਜੰਮੂ ਆਪਣੇ ਪਿੱਛੇ ਲੋਕਾਂ ਲਈ ਇੱਕ ਪੈੜ ਛੱਡ ਗਿਆ ਹੈ ਕਿ 'ਬੰਦਾ ਆਪਣੇ ਕਾਰਜਾਂ ਨਾਲ ਹੀ ਕਿਵੇਂ ਅਮਰ ਹੋ ਸਕਦਾ ਹੈ।' ਕਿਉਂਕਿ ਅਮੋਲਕ ਸਿੰਘ ਜੰਮੂ ਆਪਣੀ ਹਯਾਤੀ ਵਿਚ ਪੰਜਾਬੀ ਪੱਤਰਕਾਰੀ ਵਿਚ ਸੰਪਾਦਕ ਵਜੋਂ ਅਜਿਹੇ ਮਾਅਰਕੇ ਮਾਰ ਗਿਆ ਹੈ, ਜੋ ਵਰਤਮਾਨ ਵਿਚ ਕਿਸੇ ਵੀ ਪੰਜਾਬੀ ਅਖਬਾਰ ਦੇ ਸੰਪਾਦਕ ਤੋਂ ਤਾਂ ਆਸ ਨਹੀਂ, ਕਿਉਂਕਿ ਉਨ੍ਹਾਂ ਵਿਚ ਅਮੋਲਕ ਸਿੰਘ ਜੰਮੂ ਜਿਹਾ ਜਨੂਨ ਨਹੀਂ, ਅਗਨ ਨਹੀਂ ਅਤੇ ਲਗਨ ਤਾਂ ਬਿਲਕੂਲ ਹੀ ਨਹੀਂ। ਪਰ ਅਮੋਲਕ ਸਿੰਘ ਜੰਮੂ ਪਰਵਾਸੀ ਪੰਜਾਬੀ ਪੱਤਰਕਾਰੀ ਦੇ ਅਕਾਸ਼ ਵਿਚ ਧਰੂ ਤਾਰੇ ਵਾਂਗ ਸਥਾਪਤ ਹੋ ਗਿਆ ਹੈ।

# ਚਿਰਾਂ ਦੀ ਰੀਝ ਪੂਰੀ ਹੋ ਗਈ...

*(ਪਿਛਲੇ ਸਫੇ ਦੀ ਬਾਕੀ)*

ਸੌ ਕਿੱਲੇ ਦੇ ਮਾਲਕ ਨੇ ਦੁਬਾਰਾ ਆ ਜਾਣ ਦੀ ਆਸ ਵਿਚ ਜ਼ਰੂਰ 'ਮਾਲ' ਦੱਬਿਆ ਹੋਵੇਗਾ।

ਨਵੀਦ ਨੂੰ ਨਾਲ ਲੈ ਕੇ ਮੈਂ ਸੀਤਲ ਜੀ ਦੀ ਜ਼ਮੀਨ ਦੇਖੀ ਜਿਥੇ ਉਨ੍ਹਾਂ 1943 ਵਿਚ 18 ਕਿੱਲੇ ਬਾਗ ਲਾਇਆ ਸੀ। ਉਸ ਵਿਚੋਂ ਜਾਮਨੂੰ ਦੇ ਸਿਰਫ ਦੋ ਦਰਖਤ ਹੀ ਬੱਚੇ ਨੇ। ਅੱਜ ਵੀ ਪੁਰਾਣੇ ਲੋਕ ਇਨ੍ਹਾਂ ਨੂੰ ਸੀਤਲ ਦੇ ਜਾਮਨੂੰ ਕਹਿੰਦੇ ਨੇ।

ਬਰਕਤ ਸੀਤਲ ਜੀ ਦੇ ਡੰਗਰਾਂ ਦਾ ਵਾਗੀ ਸੀ। ਜਦ ਸੀਤਲ ਜੀ ਪਿੰਡ ਛੱਡ ਕੇ ਤੁਰੇ ਤਾਂ ਉਸ ਦੇ ਮਾਪਿਆਂ ਨੇ ਬਰਕਤ ਦੀ ਬਾਂਹ ਸੀਤਲ ਜੀ ਨੂੰ ਫੜਾ ਦਿੱਤੀ ਕਿ "ਸਰਦਾਰਾ, ਇਹ ਤੇਰੇ ਘਰ ਵਿਚ ਪਲਿਆ ਹੈ, ਜਾਹ ਇਸ ਨੂੰ ਸਿੱਖ ਬਣਾ ਲਈਂ"



ਜਸਵੰਤ ਸਿੰਘ ਸੰਧੂ ਨਾਸਰ ਢਿੱਲੋਂ, ਅੰਜੁਮ ਗਿੱਲ, ਵਕਾਸ ਹੈਦਰ ਅਤੇ ਹੋਰਾਂ ਨਾਲ।

ਪਰ ਇਕ ਮੁਸਲਮਾਨ ਫਕੀਰ ਨੂੰ ਮਾਰਨ ਦੀ ਘਟਨਾ ਤੋਂ ਡਰ ਕੇ ਸੀਤਲ ਜੀ ਨੇ ਉਸ ਨੂੰ ਵਾਪਸ ਕਾਦੀਵਿੰਡ ਭੇਜ ਦਿੱਤਾ। ਇਸ ਬਾਰੇ ਮੈਂ ਲੇਖ ਵੀ ਲਿਖਿਆ ਸੀ- 'ਬਰਕਤ, ਬਰਕਤ ਸਿੰਘ ਤੇ ਬਾਬਾ ਬਰਕਤ' ਜੋ 'ਪੰਜਾਬ ਟਾਈਮਜ਼' ਵਿਚ ਛਪਿਆ ਸੀ। ਬਾਬਾ ਬਰਕਤ ਫੌਤ ਹੋ ਗਿਆ ਹੈ। ਮੈਂ ਉਸ ਦੀਆਂ ਨੌਹਾਂ ਨੂੰ ਮਿਲਿਆ ਤੇ ਯਥਾਸ਼ਕਤੀ ਉਨ੍ਹਾਂ ਦੀ ਮਾਇਕ ਸਹਾਇਤਾ ਵੀ ਕੀਤੀ।

ਫਿਰ ਮਨਮੋਹਨ ਸਿੰਘ ਭੁੱਲਰ ਦਾ ਸਹੁਰਾ ਘਰ ਦੇਖਿਆ ਜੋ ਚੰਗੀ ਹਾਲਤ ਵਿਚ ਸੀ। ਜਦੋਂ ਉਥੇ ਗਏ ਤਾਂ ਨਾਲ ਗਏ ਸਈਅਦ ਇਕਬਾਲ ਮੇਊ ਨੇ ਮਕਾਨ ਵਿਚ ਰਹਿੰਦੇ ਸ਼ਰਨਰਥੀ ਮਾਲਕ ਨੂੰ ਇਹ ਕਹਿ ਕੇ ਹਾਸਾ ਪਾ ਦਿੱਤਾ, "ਸਰਦਾਰ ਹੁਰੀਂ ਮਕਾਨ ਦਾ ਕੇਸ ਜਿੱਤ ਗਏ ਨੇ ਤੇ ਕਬਜ਼ਾ ਲੈਣ ਆਏ ਨੇ।

ਮੈਂ ਸੋਹਣ ਸਿੰਘ ਸੀਤਲ ਦਾ ਪਿੰਡ, ਘਰ ਅਤੇ ਖੇਤ ਦੇਖ ਕੇ ਮਾਨਸਿਕ ਤੌਰ 'ਤੇ ਸੰਤੁਸ਼ਟ ਸਾਂ ਕਿ ਮੇਰੀ ਚਿਰਾਂ ਦੀ ਰੀਝ ਪੂਰੀ ਹੋ ਗਈ ਸੀ।

000

7 ਨਵੰਬਰ ਨੂੰ ਸ. ਮਨਮੋਹਨ ਸਿੰਘ ਭੁੱਲਰ ਅਤੇ ਉਨ੍ਹਾਂ ਦਾ ਲੜਕਾ ਮਨਦੀਪ ਭੁੱਲਰ ਵਾਘਾ ਬਾਰਡਰ ਰਾਹੀਂ ਇੰਡੀਆ ਚਲੇ ਗਏ। ਰਾਤ ਦਾ ਖਾਣਾ ਖਾ ਕੇ ਮੈਂ ਆਪਣੇ ਕਮਰੇ ਵਿਚ ਬੈਠਾ ਸਾਂ। ਮੇਰੇ ਫੇਸਬੁੱਕ ਮਿੱਤਰ ਨਾਸਰ ਢਿਲੋਂ ਦਾ ਫੋਨ ਆਇਆ ਕਿ ਉਹ, ਬਾਬਰ ਜਲੰਧਰੀ ਅਤੇ ਅੰਜਮ ਗਿੱਲ ਮੈਨੂੰ ਮਿਲਣ ਆ ਰਹੇ ਹਨ।

ਨਾਸਰ ਢਿੱਲੋਂ ਦੇ ਵਡੇਰੇ ਜ਼ਿਲ੍ਹਾ ਅੰਮ੍ਰਿਤਸਰ ਦੇ ਮਸ਼ਹੂਰ ਪਿੰਡ ਪੰਜਵੜ ਤੋਂ 1890 ਦੇ ਕਰੀਬ ਇਸ ਬਾਰ ਦੇ ਪਿੰਡ ਚੱਕ ਨੰਬਰ 6 ਪੰਜਵੜ ਜ਼ਿਲ੍ਹਾ ਲਾਇਲਪੁਰ ਵਿਚ ਹੋਰ ਪੰਜਾਬੀ ਜ਼ਿਮੀਦਾਰਾਂ ਨਾਲ ਆਏ ਸਨ। ਚੰਗੀ ਮਿਹਨਤ ਕਰਕੇ ਕਈ ਮੁਰੱਬੇ ਜ਼ਮੀਨ ਬਣਾ ਲਈ। 1947 ਵਿਚ ਉਨ੍ਹਾਂ ਦੇ ਬਜ਼ੁਰਗਾਂ ਨੇ ਪਿੰਡ ਛੱਡਣ ਤੋਂ ਇਨਕਾਰ ਕਰ ਦਿੱਤਾ ਤੇ ਇਸਲਾਮ ਧਰਮ ਕਬੂਲ ਕਰ ਲਿਆ। ਛੇ ਫੁਟ ਉੱਚਾ ਨਾਸਰ ਢਿਲੋਂ ਪੁਲਿਸ ਵਿਚ ਸਬ-ਇੰਸਪੈਕਟਰ ਹੁੰਦੇ ਹੋਏ ਵੀ 'ਹੈਵਨ ਪ੍ਰਾਪਰਟੀ ਡੀਲਰ' ਫਰਮ ਦਾ ਮੈਨੇਜਰ ਹੈ ਤੇ ਯੂ-ਟਿਊਬ 'ਤੇ 'ਪੰਜਾਬੀ ਲਹਿਰ' ਨਾਮਕ ਪ੍ਰੋਗਰਾਮ ਵਿਚ 1947 ਤੋਂ ਪਹਿਲਾਂ ਦੇ ਬਜ਼ੁਰਗਾਂ ਦੀਆਂ ਇੰਟਰਵਿਊਆਂ ਲੈ ਕੇ ਦੋਹਾਂ ਪੰਜਾਬਾਂ ਦੇ ਲੋਕਾਂ ਨੂੰ ਨੇੜੇ ਲਿਆਉਣ ਲਈ ਵਧੀਆ ਕੰਮ ਕਰ ਰਿਹਾ ਹੈ।

ਉਹ ਦਸ ਕੁ ਵਜੇ ਆ ਗਏ। ਮਿਲ ਕੇ ਬੜੇ ਖੁਸ਼ ਹੋਏ। ਗੱਲਾਂ-ਬਾਤਾਂ ਕਰਦਿਆਂ ਮੈਂ ਲਾਇਲਪੁਰ ਖਾਲਸਾ ਕਾਲਜ ਦੇਖਣ ਦੀ ਇੱਛਾ ਜ਼ਾਹਿਰ ਕੀਤੀ। ਉਸ ਨੇ ਕਿਹਾ, "ਅੱਜ ਹੀ ਲੈ ਚੱਲਦੇ ਹਾਂ। ਮੇਰਾ ਪਿੰਡ ਚੱਕ 6 ਪੰਜਵੜ, ਲਾਇਲਪੁਰ ਸ਼ਹਿਰ ਤੋਂ 6 ਕਿਲੋਮੀਟਰ ਹੈ।"

ਮੈਂ ਨਾਸਰ ਢਿਲੋਂ ਤੇ ਉਸ ਦਾ ਸਾਥੀ ਵਕਾਸ ਹੈਦਰ ਢਾਈ ਘੰਟੇ ਵਿਚ ਉਨ੍ਹਾਂ ਦੇ ਪਿੰਡ ਪਹੁੰਚ ਗਏ।

ਸਵੇਰੇ ਉਠ ਕੇ ਨਾਸ਼ਤਾ ਕੀਤਾ। ਖਾਲਸਾ ਕਾਲਜ ਦੇਖਣ ਲਈ ਮੈਂ, ਨਾਸਰ ਢਿਲੋਂ ਤੇ ਵਕਾਸ ਹੈਦਰ ਲਾਇਲਪੁਰ ਸ਼ਹਿਰ ਪਹੁੰਚ ਗਏ। ਉਥੇ ਉਨ੍ਹਾਂ ਮੇਰੀ ਇੰਟਰਵਿਊ ਲਈ ਜੋ 'ਸਰਦਾਰ ਜੀ ਮਿਲੇ ਆਪਣੇ ਬਚਪਨ ਦੇ ਸੱਜਣ ਮੁਹੰਮਦ ਇਸਹਾਕ ਨੂੰ' ਨਾਂ ਤੇ ਯੂ-ਟਿਊਬ 'ਤੇ ਪਾ ਦਿੱਤੀ।

ਨਾਸਰ ਢਿਲੋਂ ਨੇ ਲਾਇਲਪੁਰ ਸ਼ਹਿਰ ਦੇ ਘੰਟਾ ਘਰ ਦੇ ਲਾਗੇ ਉਤਾਰ ਕੇ ਮੇਰੀ ਵੀਡੀਓ ਬਣਾਈ। ਇਸ ਘੰਟਾ ਘਰ ਦੇ ਮੁੱਖ ਦਵਾਰ 'ਤੇ ਲੱਗੀ ਸਿੱਲ 'ਤੇ ਇਸ ਦੀ ਤਾਮੀਰ 1930-32 ਬਿਕਰਮੀ ਸੰਮਤ ਗੁਰਮੁਖੀ, ਸ਼ਾਹਮੁਖੀ ਤੇ ਅੰਗਰੇਜ਼ੀ ਵਿਚ ਲਿਖੀ ਹੋਈ ਹੈ। ਇਸ ਗੋਲ ਚੱਕਰ 'ਤੇ ਬਰਤਾਨੀਆ ਸਾਮਰਾਜ ਦੇ ਝੰਡੇ ਯੂਨੀਅਨ ਜੈਕ ਦੇ ਨਮੂਨੇ 'ਤੇ ਬਣਾਈਆਂ ਅੱਠ ਸੜਕਾਂ ਮਿਲਦੀਆਂ ਨੇ।

ਲਾਇਲਪੁਰ ਦਾ ਨਾਂ ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮੇਜਰ ਬਰਾਡਵੁੱਡ ਲਾਇਲ ਦੇ ਨਾਂ 'ਤੇ ਰੱਖਿਆ ਗਿਆ ਸੀ। ਇਸ ਦੀ ਤਾਮੀਰ 1892 ਵਿਚ ਮੁਕੰਮਲ ਹੋਈ। ਇਹ ਨਵੀਂ ਕਿਸਮ ਦਾ ਮਾਡਲ ਗਰਾਮ ਸੀ।

ਇਸ ਤੋਂ ਬਾਅਦ ਨਾਸਰ ਢਿਲੋਂ ਨੇ ਮੈਨੂੰ ਅਤੇ ਵਕਾਸ ਹੈਦਰ ਨੂੰ ਕਾਲਜ ਦੇ ਮੁੱਖ ਗੇਟ 'ਤੇ ਉਤਾਰ ਦਿੱਤਾ। ਆਪ ਇਸ ਲਈ ਕਾਲਜ ਨਾ ਗਏ ਕਿਉਂਕਿ ਸੈਲੀਬ੍ਰਿਟੀ ਹੋਣ ਕਰਕੇ ਉਹਨੂੰ ਚਾਹ-ਪਾਣੀ ਲਈ ਮਜਬੂਰ ਕਰਨਗੇ ਕਿਉਂਕਿ ਉਹਨੇ ਗੁਰੂ ਨਾਨਕ ਦੇਵ ਜੀ 550ਵੇਂ ਪ੍ਰਕਾਸ਼ ਪੁਰਬ ਦੀ ਕਵਰੇਜ ਲਈ ਨਨਕਾਣਾ ਸਾਹਿਬ ਪੁੱਜਣਾ ਸੀ।

ਕਾਲਜ ਦੀ ਬਿਲਡਿੰਗ 110 ਸਾਲ ਪੁਰਾਣੀ ਹੋਣ ਦੇ ਬਾਵਜੂਦ ਬੜੀ ਮਜ਼ਬੂਤ ਹੈ। ਬਰਾਂਡੇ ਵਿਚ ਲੱਗੀ ਸਿੱਲ ਦੱਸ ਰਹੀ ਸੀ ਕਿ ਇਹ ਕਾਲਜ ਪਹਿਲਾਂ ਹਾਈ ਸਕੂਲ ਵਜੋਂ ਸ਼ੁਰੂ ਹੋਇਆ ਸੀ। ਅਸਲ ਇਬਾਰਤ ਇੰਜ ਸੀ:

ੴ<br>
ਸ੍ਰੀ ਵਾਹਿਗੁਰੂ ਜੀ ਕੀ ਫਤਿਹ<br>
ਧਰਤ ਸੁਹਾਵੜੀ ਮੰਸ ਸੁਵੰਨੜੀ ਦੇਹ।<br>
ਵਿਰਲੇ ਕੋਈ ਪਾਈਐ ਨਾਲ ਪਿਆਰੇ ਨੇਹ।<br>
ਖਾਲਸਾ ਹਾਈ ਸਕੂਲ ਲਾਇਲਪੁਰ ਦੀ<br>
ਇਹ ਭੂਮ ਰੰਗਾਵਲੀ<br>
ਸਰਕਾਰ ਜਵੰਦ ਸਿੰਘ ਜੀ ਵਾਸੀ<br>
ਚੱਕ ਨੰ: 213 ਨੇ ਆਪਣੇ ਧੰਨ ਭਾਗ ਜਾਣ ਕੇ ਖੇਤ ਪਛਾਣਹਿ ਬੀਜਹਿ ਦਾਨ<br>
ਗੁਰ-ਵਾਕ ਅਨੁਸਾਰ<br>
ਪੰਥ ਗੁਰੂ ਦੀ ਸੇਵਾ ਵਿਚ ਸਮਰਪਣ ਕੀਤੀ

ਸਿਲ ਦੇ ਉਪਰ ਦੋਹੀਂ ਪਾਸੀਂ ਗੋਲਾਈ ਵਿਚ ਪਈਆਂ ਦੋ ਕਿਰਪਾਨਾਂ ਵਿਚ ਸਿੱਧੇ ਖੜੋਤੇ ਖੰਡੇ ਦੇ



ਜਸਵੰਤ ਸਿੰਘ ਸੰਧੂ ਲਾਇਲਪੁਰ ਖਾਲਸਾ ਕਾਲਜ ਦੇ ਸਟਾਫ ਨਾਲ।

ਆਕਾਰ ਉਕਰੇ ਹੋਏ ਸਨ। ਹੇਠਾਂ ਅੰਗਰੇਜ਼ੀ ਵਿਚ ਇਹ ਇਬਾਰਤ ਸੀ:

This piece of land for The Khalsa High School Lyallpur is the gift of S. Jawand Singh of Chack No. 213.

ਇਹ ਸਕੂਲ 1908 ਵਿਚ ਬਣਿਆ ਸੀ। ਬਾਅਦ ਵਿਚ ਇਹ ਖਾਲਸਾ ਕਾਲਜ ਵਿਚ ਤਬਦੀਲ ਹੋ ਗਿਆ। ਇਥੇ ਹੀ ਪ੍ਰਿਥਵੀ ਰਾਜ ਵਰਗੇ ਹੋਰ ਪ੍ਰਸਿੱਧ ਲੋਕਾਂ ਨੇ ਵਿਦਿਆ ਹਾਸਲ ਕੀਤੀ। ਪੰਜਾਬ ਵੰਡ ਤੋਂ ਪਹਿਲਾਂ ਇਸ ਕਾਲਜ ਵਿਚ ਬਿਨਾ ਕਿਸੇ ਭੇਦਭਾਵ ਦੇ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੇ




ਲਾਇਲਪੁਰ ਖਾਲਸਾ ਕਾਲਜ ਦਾ ਨੀਂਹ ਪੱਥਰ।

ਬੱਚੇ ਪੜ੍ਹਦੇ ਸਨ। ਅੱਜ ਕੱਲ੍ਹ ਇਸ ਦਾ ਨਾਂ ਗੌਰਮਿੰਟ ਮਿਉਂਸਪਲ ਡਿਗਰੀ ਕਾਲਜ, ਫੈਸਲਾਬਾਦ ਹੈ। 1977 ਵਿਚ ਲਾਇਲਪੁਰ ਦਾ ਨਾਂ ਸਾਊਦੀ ਅਰਬ ਦੇ ਬਾਦਸ਼ਾਹ ਸ਼ਾਹ ਫੈਸਲ ਦੇ ਨਾਂ 'ਤੇ ਫੈਸਲਾਬਾਦ ਕਰ ਦਿੱਤਾ ਗਿਆ ਸੀ। 1947 ਤੋਂ ਪਹਿਲਾਂ ਇਥੇ ਐਗਰੀਕਲਚਰ ਕਾਲਜ ਹੁੰਦਾ ਸੀ ਜੋ ਹੁਣ ਬਹੁਤ ਵੱਡੀ ਐਗਰੀਕਲਚਰ ਯੂਨੀਵਰਸੀਟੀ ਵਿਚ ਤਬਦੀਲ ਹੋ ਚੁੱਕਾ ਹੈ।

ਬਰਾਂਡਾ ਲੰਘ ਕੇ ਜਦ ਮੈਂ ਕਾਲਜ ਦੇ ਦਫਤਰ ਪਹੁੰਚਿਆ ਤਾਂ ਸਾਰੇ ਸਟਾਫ ਨੇ ਬੜੀ ਗਰਮਜੋਸ਼ੀ ਨਾਲ ਸਵਾਗਤ ਕੀਤਾ। ਮੇਰੇ ਨਾਲ ਵੀਡੀਓ ਬਣਾਵਾਈਆਂ ਅਤੇ ਫੋਟੋਆਂ ਖਿਚਵਾਈਆਂ। ਦਫਤਰ ਵਿਚ ਪ੍ਰਿੰਸੀਪਲ ਦੀ ਕੁਰਸੀ ਪਿੱਛੇ ਕੰਧ 'ਤੇ ਲਗੀ ਛੋਟੀ ਜਿਹੀ ਤਖਤੀ 'ਤੇ ਮੇਰੀ ਨਜ਼ਰ ਪਈ, ਲਿਖਿਆ ਸੀ:

GREAT PEOPLE TALk<br>
ABOUT IDEAS<br>
EVERAGE PEOPLE TALK<br>
ABOUT THINGS<br>
SMALL PEOPLE TALK<br>
ABOUT OTHERS

ਭਾਵ, ਮਹਾਨ ਲੋਕ ਵਿਚਾਰਾਂ ਬਾਰੇ ਗੱਲਾਂ ਕਰਦੇ ਨੇ। ਔਸਤ ਦਰਜੇ ਦੇ ਲੋਕ ਚੀਜ਼ਾਂ ਵਸਤਾਂ ਬਾਰੇ ਗੱਲਾਂ ਕਰਦੇ ਨੇ। ਛੋਟੇ ਲੋਕ ਦੂਜਿਆਂ ਬਾਰੇ ਲੱਗਾਂ ਕਰਦੇ ਨੇ।

ਸੱਜੇ ਪਾਸੇ ਵਾਲੀ ਕੰਧ 'ਤੇ ਸਭ ਤੋਂ ਉਪਰ ਜ਼ਮੀਨ ਦਾਨ ਕਰਨ ਵਾਲੇ ਸ. ਜਵੰਦ ਸਿੰਘ ਜੀ ਦੀ ਫੋਟੋ ਅਤੇ ਹੇਠਾਂ ਸ. ਬਲਵੰਤ ਸਿੰਘ ਅਨੰਦ ਤੇ ਐਸ.ਬੀ. ਸੇਨ ਗੁਪਤਾ ਦੀਆਂ ਫੋਟੋਆਂ ਲੱਗੀਆਂ ਹੋਈਆਂ ਸਨ। ਮੇਰਾ ਮਨ ਬੜਾ ਖੁਸ਼ ਹੋਇਆ ਕਿ ਲੋਕ ਭਲਾਈ ਦਾ ਕੰਮ ਕਰਨ ਵਾਲੇ ਇਨ੍ਹਾਂ ਲੋਕਾਂ ਨੂੰ ਅੱਜ ਵੀ ਮਾਣ-ਸਤਿਕਾਰ ਦਿੱਤਾ ਹੋਇਆ ਹੈ। ਟੋਬਾ ਟੇਕ ਸਿੰਘ ਦਾ ਨਾਂ ਵੀ ਜਨੂਨੀ ਲੋਕ ਬਦਲਣਾ ਚਾਹੁੰਦੇ ਸਨ ਪਰ ਉਸ ਸਮੇਂ ਦੇ ਗਵਰਨਰ ਨੇ ਜਦੋਂ ਲੋਕਾਂ ਤੋਂ ਸ. ਟੇਕ ਸਿੰਘ ਬਾਰੇ ਪਿਆਸੇ ਲੋਕਾਂ ਨੂੰ ਪਾਣੀ ਪਿਆਉਣ ਦੀ ਗੱਲ ਸੁਣੀ ਤਾਂ ਉਨ੍ਹਾਂ ਗੈਰ ਸਿੱਖ ਹੁੰਦਿਆਂ ਵੀ ਟੋਭਾ ਟੇਕ ਸਿੰਘ ਦਾ ਨਾਂ ਬਦਲਣ ਤੋਂ ਇਨਕਾਰ ਕਰ ਦਿੱਤਾ। ਟੋਭਾ ਟੇਕ ਸਿੰਘ ਪਹਿਲਾਂ ਲਾਇਪੁਰ ਜ਼ਿਲ੍ਹੇ ਦੀ ਤਹਿਸੀਲ ਹੁੰਦੀ ਸੀ ਅਤੇ ਹੁਣ ਇਹ ਜ਼ਿਲ੍ਹਾ ਹੈ। ਸੈਕੂਲਰ ਭਾਰਤ ਵਿਚ ਸੱਤਾਧਾਰੀ ਅੱਜ ਦਿਆਲ ਸਿੰਘ ਕਾਲਜ, ਦਿੱਲੀ ਦਾ ਨਾਂ ਬਦਲਣਾ ਚਾਹੁੰਦੇ ਨੇ ਪਰ ਲਾਹੌਰ ਵਿਚ ਅੱਜ ਵੀ ਦਿਆਲ ਸਿੰਘ ਕਾਲਜ ਅਤੇ ਦਿਆਲ ਸਿੰਘ ਲਾਇਬਰੇਰੀ ਦੇ ਨਾਂ ਪਹਿਲਾਂ ਵਾਂਗ ਕਾਇਮ ਨੇ। ਅਸਲ ਵਿਚ, ਸਿਆਸਤਦਾਨਾਂ ਨੇ ਆਪਣੇ ਸਿਆਸੀ ਮੁਫਾਦਾਂ ਖਾਤਰ ਲੋਕਾਂ ਅੰਦਰ ਧਰਮ ਦਾ ਜਨੂਨ ਭਰ ਕੇ ਪਾੜਾ ਵਧਾ ਦਿੱਤਾ ਹੈ।

ਅੰਗਰੇਜ਼ੀ ਦੇ ਪ੍ਰੋਫੈਸਰ ਸਾਹਿਬ ਬੜੇ ਚੰਗੇ ਸੁਭਾਅ ਦੇ ਮਾਲਕ ਤੇ ਸੋਸ਼ਲ ਬੰਦੇ ਸਨ। ਉਨ੍ਹਾਂ ਮੈਨੂੰ ਮੁੰਡਿਆਂ, ਕੁੜੀਆਂ ਦੇ ਕਲਾਸਰੂਮਾਂ ਵਿਚ ਵਿਦਿਆਰਥੀਆਂ ਨਾਲ ਵੀ ਮਿਲਾਇਆ। ਜਦ ਅਸੀਂ ਲੜਕੀਆਂ ਦੀ ਐਮ.ਏ. ਸਾਈਕਲੋਜੀ ਦੀ ਕਲਾਸ ਵਿਚ ਗਏ ਤਾਂ ਔਰਤ ਪ੍ਰੋਫੈਸਰ ਨੇ ਲੜਕੀਆਂ ਤੋਂ ਤਾੜੀਆਂ ਮਰਵਾ ਕੇ ਮੇਰਾ ਸਵਾਗਤ ਕੀਤਾ। ਔਰਤ ਪ੍ਰੋਫੈਸਰ ਅਤੇ ਲੜਕੀਆਂ ਸਮੇਤ ਸਾਰੀਆਂ ਫੁੱਲ ਡਰੈਸ ਵਿਚ ਸਨ। ਅੰਗਰੇਜ਼ੀ ਦੇ ਪ੍ਰੋਫੈਸਰ ਨੇ ਮੇਰੀ ਵਾਕਫੀਅਤ ਕਰਾਉਂਦਿਆਂ ਕਿਹਾ ਕਿ "ਸਰਦਾਰ ਹੁਰੀਂ ਰਿਟਾਇਰਡ ਟੀਚਰ ਨੇ ਤੇ ਅੱਜ ਕੱਲ੍ਹ ਅਮਰੀਕਾ ਵਿਚ ਰਹਿ ਰਹੇ ਨੇ। ਇਹ ਪਾਕਿਸਤਾਨ ਦੇ ਬਣਨ ਦੀ ਹਿਸਟਰੀ ਅਤੇ ਇਸਲਾਮ ਬਾਰੇ ਖਾਸੀ ਜਾਣਕਾਰੀ ਰੱਖਦੇ ਨੇ ਜਿਵੇਂ ਸਿੱਖ ਧਰਮ ਤੇ ਇਸਲਾਮ ਧਰਮ ਵਿਚ ਇਕ ਰੱਬ ਨੂੰ ਮੰਨਣਾ ਤੇ ਮੂਰਤੀ ਪੂਜਾ ਨਾ ਕਰਨਾ। ਇਨ੍ਹਾਂ ਦੇ ਮੁਕੱਦਸ (ਪਵਿੱਤਰ) ਅਸਥਾਨ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਈ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ।

ਕਾਲਜ ਦੀ ਮਜ਼ਬੂਤ ਇਮਾਰਤ 110 ਸਾਲ ਪਹਿਲਾਂ ਬਣੀ ਸੀ ਜੋ ਇੰਨੇ ਹੀ ਹੋਰ ਸਾਲ ਮਜ਼ਬੂਤ ਰਹੇਗੀ। ਉਹੋ ਬਾਲੇ ਰੰਗ-ਰੋਗਨ ਕਰਕੇ ਵਧੀਆ ਤਰੀਕੇ ਨਾਲ ਸੰਭਾਲੇ ਹੋਏ ਨੇ। ਸ. ਜਵੰਦ ਸਿੰਘ ਜੀ ਭਲਾਈ ਦੇ ਇਸ ਕੰਮ ਲਈ ਅੱਜ ਵੀ ਪਾਕਿਸਤਾਨ ਵਿਚ ਸਤਕਾਰੇ ਜਾ ਰਹੇ ਨੇ।

ਕਾਲਜ ਦੇਖਣ ਤੋਂ ਬਾਅਦ ਸਾਰਾ ਕਾਲਜ ਸਟਾਫ ਸਾਨੂੰ ਬਾਹਰਲੀ ਸੜਕ 'ਤੇ ਅਲਵਿਦਾ ਕਰਕੇ ਗਿਆ।

*(ਚੱਲਦਾ)*

# ਜਦੋਂ ਕਿਤਾਬਾਂ ਰਾਹੀਂ ਰੂਸ ਪੰਜਾਬੇ ਆਇਆ

**ਕੋਈ ਜ਼ਮਾਨਾ ਸੀ ਜਦੋਂ ਸੰਸਾਰ ਦੇ ਵੱਖ-ਵੱਖ ਮੁਲਕਾਂ ਵਿਚ ਰੂਸ ਦੀਆਂ ਅਨੁਵਾਦ ਕੀਤੀ ਕਿਤਾਬਾਂ ਧੜਾ-ਧੜ ਪੁੱਜ ਰਹੀਆਂ ਸਨ। ਇਨ੍ਹਾਂ ਮੁਲਕਾਂ ਵਿਚ ਭਾਰਤ ਅਤੇ ਅਗਾਂਹ ਭਾਰਤ ਦਾ ਸੂਬਾ ਪੰਜਾਬ ਵੀ ਸ਼ਾਮਿਲ ਸੀ। ਉਸ ਦੌਰ ਵਿਚ ਰੂਸੀਆਂ ਨੇ ਬਹੁਤ ਸਾਰੀਆਂ ਕਿਤਾਬਾਂ ਦਾ ਮਿਆਰੀ ਅਨੁਵਾਦ ਕਰਵਾਇਆ। ਇਸ ਨਾਲ ਵੱਖ-ਵੱਖ ਖਿੱਤਿਆਂ ਨਾਲ ਸਾਂਝ ਪਈ। ਅਜਿਹੇ ਉਮਦਾ ਅਨੁਵਾਦਕਾਂ ਵਿਚ ਇਕ ਨਾਂ ਡਾ. ਗੁਰਬਖਸ਼ ਸਿੰਘ ਫਰੈਂਕ ਦਾ ਹੈ। ਉਨ੍ਹਾਂ ਦੀ ਅਨੁਵਾਦ ਕੀਤੀ ਕਿਤਾਬ 'ਮੇਰਾ ਦਾਗਿਸਤਾਨ' ਲੱਗਦਾ ਹੀ ਨਹੀਂ ਕਿ ਅਨੁਵਾਦ ਕੀਤੀ ਹੋਈ ਹੈ। ਡਾ ਫਰੈਂਕ ਬਾਰੇ ਚਰਚਾ ਡਾ. ਲਾਭ ਸਿੰਘ ਖੀਵਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

ਕਲਾ ਪਰਿਕਰਮਾ

ਡਾ. ਗੁਰਬਖਸ਼ ਸਿੰਘ ਫਰੈਂਕ ਨੂੰ ਪਹਿਲੀ ਵਾਰ ਪਾਰਟੀ ਲੇਖਕਾਂ ਦੀ ਇੱਕ ਮੀਟਿੰਗ ਵਿਚ ਮੈਂ ਵੇਖਿਆ ਸੀ ਜਿਹੜੀ ਸੀ.ਪੀ.ਆਈ. ਦੇ ਸੂਬਾ ਦਫਤਰ ਚੰਡੀਗੜ੍ਹ ਵਿਖੇ ਪਾਰਟੀ ਸਕੱਤਰ ਮਰਹੂਮ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਨੇ ਸ਼ਾਇਦ 1978 ਵਿਚ ਬੁਲਾਈ ਸੀ। ਉਸ ਮੀਟਿੰਗ ਵਿਚ ਮੇਰੇ ਅਧਿਆਪਕ ਡਾ. ਰਵਿੰਦਰ ਸਿੰਘ ਰਵੀ ਵੀ ਹਾਜ਼ਰ ਸਨ। ਫਿਰ ਮੈਂ 1983-84 ਵਿਚ ਗੁਰੂ ਨਾਨਕ ਦੇਵ




**ਡਾ. ਲਾਭ ਸਿੰਘ ਖੀਵਾ**
**ਫੋਨ: +91-94171-78487**

ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਐਮ.ਫਿਲ. ਦਾ ਵਿਦਿਆਰਥੀ ਬਣਿਆ ਤਾਂ ਉਥੇ ਮੇਰੇ ਅਧਿਆਪਕ ਡਾ. ਗੁਰਬਖਸ਼ ਸਿੰਘ ਫਰੈਂਕ ਵੀ ਸਨ। ਅੱਠ ਦਸੰਬਰ 1975 ਨੂੰ ਖਰੀਦੀ ਕਿਤਾਬ 'ਮੇਰਾ ਦਾਗਿਸਤਾਨ' ਦਾ ਅਨੁਵਾਦਕ ਗੁਰੂਬਖਸ਼ ਕਲਾਸ ਰੂਮ ਵਿਚ ਮੈਨੂੰ ਡਾ. ਗੁਰਬਖਸ਼ ਸਿੰਘ ਫਰੈਂਕ ਦੇ ਰੂਪ ਵਿਚ ਪੜ੍ਹਾ ਰਿਹਾ ਸੀ। ਦਾਖਲਾ ਕਮੇਟੀ ਵਿਚ ਜੇਕਰ ਉਹ ਨਾ ਹੁੰਦੇ, ਸ਼ਾਇਦ ਦਾਖਲਾ ਕ੍ਰਿਕਟ ਦੀ ਮੇਰੀ ਵਿਕਟ ਹਿੱਲ ਜਾਂਦੀ। ਬੱਸ ਫਿਰ ਦੋ ਸਾਲ ਉਨ੍ਹਾਂ ਦੀ ਸੰਗਤ ਖੂਬ ਮਾਣੀ, ਉਨ੍ਹਾਂ ਦੇ ਵਿਭਾਗੀ ਕਮਰੇ ਵਿਚ ਵੀ ਤੇ ਘਰ ਵੀ। ਉਹ ਹੌਲੀ-ਹੌਲੀ ਬੋਲਦੇ, ਬੋਲਣ ਵਿਚ ਵੀ ਸੰਜਮ, ਤੁਰਨ-ਫਿਰਨ 'ਚ ਵੀ ਕੰਜੂਸੀ। ਸੰਕੋਚੀ ਟਿੱਪਣੀ ਕਰਦੇ ਪਰ ਵਿਅੰਗ ਨਾਲ ਲਬਰੇਜ਼।

ਡਾ. ਫਰੈਂਕ ਦਰਅਸਲ, ਆਪਣੀ ਮੁਢਲੀ ਉਮਰੇ ਰੂਸੀ ਸਫਾਰਤਖਾਨਾ ਦਿੱਲੀ ਵਿਚ ਪ੍ਰੈੱਸ ਅਤੇ ਪਬਲੀਕੇਸ਼ਨ ਡਿਵੀਜ਼ਨ ਵਿਚ ਮੁਲਾਜ਼ਮ ਸਨ। ਮਾਸਕੋ ਪ੍ਰਗਤੀ ਪ੍ਰਕਾਸ਼ਨ ਸਥਾਪਿਤ ਹੋਇਆ ਤਾਂ ਉਹ ਉੱਥੇ ਚਲੇ ਗਏ। ਇੰਸਟੀਚਿਊਟ ਆਫ ਓਰੀਐਂਟਲ ਸਟੱਡੀਜ਼ ਵਿਚੋਂ ਪੀ.ਐਚ.ਡੀ. ਕਰਨ ਲਈ ਉਨ੍ਹਾਂ ਪਹਿਲਾਂ ਰੂਸੀ ਭਾਸ਼ਾ ਵਿਚ ਐਮ.ਏ. ਕੀਤੀ ਅਤੇ ਫਿਰ ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਉਤੇ ਖੋਜ ਕਰਕੇ ਅਕਾਦਮਿਕ ਡਾਕਟਰ ਬਣੇ। 1975 ਵਿਚ ਆਪਣਾ ਖੋਜ ਕਾਰਜ ਖਤਮ ਕਰਨ ਤੋਂ ਬਾਅਦ ਉਹ ਪਹਿਲੇ ਪੰਜਾਬੀ ਲੇਖਕ ਹਨ ਜਿਨ੍ਹਾਂ 'ਰੂਸੀ-ਪੰਜਾਬੀ ਸ਼ਬਦਕੋਸ਼' ਤਿਆਰ ਕੀਤਾ। ਉਹ 1969 ਤੋਂ 1976 ਤੱਕ ਸੋਵੀਅਤ ਯੂਨੀਅਨ ਵਿਖੇ ਅਨੁਵਾਦ ਦਾ ਕਾਰਜ ਕਰਦੇ ਰਹੇ ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪ੍ਰੋਫੈਸਰ ਬਣਨ ਤੋਂ ਬਾਅਦ ਇੱਕ ਵਾਰ ਫਿਰ ਉਨ੍ਹਾਂ ਮਾਸਕੋ ਜਾ ਕੇ ਇਕ ਪ੍ਰੋਜੈਕਟ ਉਤੇ ਕੰਮ ਕੀਤਾ। 1995 ਤੱਕ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਚੇਅਰਮੈਨਸ਼ਿਪ ਕਰਦਿਆਂ ਸੇਵਾਮੁਕਤ ਹੋਏ। ਸਭਿਆਚਾਰ ਅਤੇ ਨਿੱਕੀ ਕਹਾਣੀ ਉਨ੍ਹਾਂ ਦੇ ਅਧਿਆਪਨ ਤੇ ਖੋਜ ਦੇ ਖੇਤਰ ਰਹੇ। 'ਸਭਿਆਚਾਰ ਤੇ ਪੰਜਾਬੀ ਸਭਿਆਚਾਰ', 'ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ', 'ਸਾਹਿਤ ਦੀ ਸੰਬਾਦਕਤਾ ਅਤੇ ਹੋਰ ਲੇਖ' ਅਤੇ 'ਸੰਬਾਦ-1 1984' ਸਿਰਲੇਖ ਦੀਆਂ ਪੁਸਤਕਾਂ ਉਨ੍ਹਾਂ ਦੇ ਅਧਿਆਪਨ ਜੀਵਨ ਦੀ ਦੇਣ ਹਨ।



**ਡਾ. ਗੁਰਬਖਸ਼ ਸਿੰਘ ਫਰੈਂਕ**




**ਰਸੂਲ ਹਮਜ਼ਾਤੋਵ ਦੀ ਰਚਨਾ 'ਮੇਰਾ ਦਾਗਿਸਤਾਨ' ਜੋ ਡਾ. ਗੁਰਬਖਸ਼ ਸਿੰਘ ਫਰੈਂਕ ਨੇ ਅਨੁਵਾਦ ਕੀਤੀ।**



**ਰਸੂਲ ਹਮਜ਼ਾਤੋਵ**

ਅਸਲ ਵਿਚ, ਡਾ. ਫਰੈਂਕ ਦੀ ਦਿਲਚਸਪੀ ਅਤੇ ਪੇਸ਼ਾਵਾਰ ਸ਼ੌਕ ਅਨੁਵਾਦ ਦਾ ਰਿਹਾ। ਉਨ੍ਹਾਂ ਰੂਸੀ ਲੇਖਕ ਪੰਜਾਬੀ ਵਿਚ ਅਨੁਵਾਦ ਕਰਕੇ ਪੰਜਾਬੀ ਪਾਠਕਾਂ ਦੀ ਸਾਂਝ ਰੂਸੀ ਸਾਹਿਤ ਨਾਲ ਪੁਆਈ। ਤਾਲਸਟਾਏ, ਗੋਰਕੀ, ਚੈਖਵ, ਰਸੂਲ ਹਮਜ਼ਾਤੋਵ, ਪੁਸ਼ਕਿਨ ਆਦਿ ਲੇਖਕਾਂ ਦੇ ਸਾਹਿਤ ਤੱਕ ਡਾ. ਫਰੈਂਕ ਦੇ ਸਰਲ ਅਤੇ ਮਿਆਰੀ ਅਨੁਵਾਦ ਸਦਕਾ ਹੀ ਪੰਜਾਬੀ ਪਾਠਕ ਦੀ ਰਸਾਈ ਹੋ ਸਕੀ। ਕਮਿਊਨਿਸਟ ਸਾਹਿਤ ਅਤੇ ਮਾਰਕਸਵਾਦੀ ਫਲਸਫੇ ਦੀਆਂ ਵੀ ਚੋਖੀਆਂ ਕਿਤਾਬਾਂ ਪੰਜਾਬੀ ਵਿਚ ਉਲਥਾਈਆਂ। ਰੂਸੀ ਸਾਹਿਤ ਦੇ ਸਿਰਜਣਾਤਮਕ ਪਰਿਵੇਸ਼ ਦੀ ਮੌਲਿਕ ਸੂਝ ਨੇ ਡਾ. ਫਰੈਂਕ ਦੀ ਅਨੁਵਾਦਕ ਮੁਹਾਰਤ ਨੂੰ ਬਲ ਬਖਸ਼ਿਆ। ਇਸ ਕਰਕੇ ਉਨ੍ਹਾਂ ਦੀਆਂ ਅਨੁਵਾਦਿਤ ਪੁਸਤਕਾਂ ਵਿਚ ਪਾਠਕਾਂ ਨੂੰ ਓਪਰਾਪਣ ਮਹਿਸੂਸ ਨਹੀਂ ਹੁੰਦਾ ਅਤੇ ਭਾਸ਼ਾਈ ਮੌਲਿਕਤਾ ਦੇ ਅਹਿਸਾਸ ਕਰਕੇ ਪਾਠਕ ਨੂੰ ਪੁਸਤਕ ਪੜ੍ਹਨਯੋਗ ਤੇ ਮਾਣਨਯੋਗ ਲੱਗਦੀ ਹੈ। ਉਹ ਰੂਸੀ ਗਲਪ ਦੇ ਬਿਰਤਾਂਤਕ ਵਾਤਾਵਰਨ ਨੂੰ ਹੂ-ਬ-ਹੂ ਉਲਥਾਉਣ ਦੀ ਕਲਾਕਾਰੀ ਵਿਚ ਕਾਮਿਲ ਕਲਮਕਾਰ ਹਨ। ਤਾਲਸਟਾਏ ਦੀ 'ਪਾਦਰੀ ਸੇਰਗਈ' ਅਤੇ ਲੇਰਮੇਨਤੋਵ ਦੀ 'ਸਾਡੇ ਸਮੇਂ ਦਾ ਇਕ ਨਾਇਕ' ਉਨ੍ਹਾਂ ਦੀਆਂ ਅਨੁਵਾਦਿਤ ਦੋ ਹੋਰ ਕਿਤਾਬਾਂ ਵੀ ਜ਼ਿਕਰਯੋਗ ਹਨ। 'ਫਿਲਾਸਫੀ ਕੀ ਹੈ?' ਸਮੇਤ ਉਨ੍ਹਾਂ ਰੂਸੀ ਭਾਸ਼ਾ ਤੋਂ ਪੰਜਾਬੀ ਜ਼ੁਬਾਨ ਵਿਚ ਲਗਭਗ ਤਿੰਨ ਦਰਜਨ ਪੁਸਤਕਾਂ ਦਾ ਤਰਜਮਾ ਕੀਤਾ ਹੈ। ਰੂਸੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਤੱਕ ਪਰਪੱਕ ਪਹੁੰਚ ਸਦਕਾ ਡਾ. ਫਰੈਂਕ ਨੇ ਸਿਰਫ ਰੂਸੀ ਸਾਹਿਤ ਤੇ ਦਰਸ਼ਨ ਦੀਆਂ ਸ਼ਾਹਕਾਰ ਪੁਸਤਕਾਂ ਦਾ ਹੀ ਅਨੁਵਾਦ ਨਹੀਂ ਕੀਤਾ ਸਗੋਂ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਆਬਿਦ ਹੁਸੈਨ ਆਦਿ ਦੀਆਂ ਲਿਖਤਾਂ ਨੂੰ ਵੀ ਪੰਜਾਬੀ ਪਾਠਕਾਂ ਤੱਕ ਪਹੁੰਚਾਇਆ ਹੈ। ਉਨ੍ਹਾਂ ਦੀ ਅਨੁਵਾਦ ਕਲਾ ਨੂੰ ਮਾਨਤਾ ਦਿੰਦਿਆਂ ਭਾਰਤੀ ਸਾਹਿਤ ਅਕਾਦਮੀ, ਦਿੱਲੀ ਨੇ 2012 ਵਿਚ ਕੌਮੀ ਪੁਰਸਕਾਰ ਦੇ ਕੇ ਉਨ੍ਹਾਂ ਨੂੰ ਸਨਮਾਨਿਆ। ਉਨ੍ਹਾਂ ਦੀ ਉਲਥਾਈ ਪੁਸਤਕ 'ਭਾਰਤੀ ਨਿੱਕੀ ਕਹਾਣੀ' ਨੂੰ ਇਸ ਪੁਰਸਕਾਰ ਲਈ ਚੁਣਿਆ ਗਿਆ ਸੀ। ਇਹ ਪੁਸਤਕ ਵਿਭਿੰਨ ਭਾਰਤੀ ਨਿੱਕੀ ਕਹਾਣੀਆਂ ਦਾ ਸੰਗ੍ਰਹਿ ਹੈ ਜਿਹੜਾ ਵਿਭਿੰਨ ਭਾਰਤੀ ਭਾਸ਼ਾਵਾਂ ਦੀਆਂ ਕਥਾਵਾਂ ਦੀ ਪ੍ਰਤੀਨਿਧਤਾ ਕਰਦਾ ਹੈ।

ਸਾਡਾ ਇਹ ਸਿਰਮੌਰ ਪੰਜਾਬੀ ਉਲੱਥਾਕਾਰ 85 ਸਾਲ ਦੀ ਉਮਰ ਵਿਚ ਆ ਕੇ ਆਪਣੇ ਕਮਰੇ ਤੱਕ ਸੀਮਤ ਹੋ ਗਿਆ ਹੈ। ਉਨ੍ਹਾਂ ਦੀ ਜੀਵਨ ਸਾਥਣ, ਧੀ ਅਤੇ ਜਵਾਈ ਉਨ੍ਹਾਂ ਦੀ ਸੇਵਾ-ਸੰਭਾਲ ਕਰ ਰਹੇ ਹਨ। ਮੇਰੇ ਵਰਗੇ ਦੂਰ ਬੈਠੇ ਵਿਦਿਆਰਥੀ ਉਨ੍ਹਾਂ ਨੂੰ ਮਿਲਣ ਜਾਂਦੇ ਹਨ ਤਾਂ ਚਿਹਰੇ 'ਤੇ ਨੂਰ ਆ ਜਾਂਦਾ ਹੈ। ਆਓ, ਅਜਿਹੇ ਸਿਰੜੀ ਅਤੇ ਸਿਦਕੀ ਵਿਦਵਾਨ ਦੀ ਚੰਗੀ ਸਿਹਤ ਲਈ ਦੁਆਵਾਂ ਕਰੀਏ ਤੇ ਉਨ੍ਹਾਂ ਨੂੰ ਮਿਲਦੇ-ਗਿਲਦੇ ਰਹੀਏ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ ਪਹਿਲੀ ਅਗਸਤ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-492



**ਜ਼ਿੰਦਗੀ ਹੈ ਬੜੀ ਰਹੱਸਾਂ ਭਰੀ, ਤਾਉਮਰ ਰਹੱਸ ਨਾ ਜਾਂਦੇ ਬੁੱਝੇ।**
**ਪਰ ਦਿਲੋਂ ਜਦੋਂ ਉਠ ਪੈਣ ਫੁਹਾਰਾਂ, ਫਿਰ ਹਾਸੇ ਰਹਿਣ ਨਾ ਗੁੱਝੇ।**

### ਕੈਪਸ਼ਨ ਮੁਕਾਬਲਾ-490



ਸਾਝਾਂ ਨਾਲ ਕੰਮ ਉਦੋਂ ਕਰਦੇ,
ਤਾਂ ਮੇਲਿਆਂ 'ਤੇ ਜਾਣ ਦਿੰਦੇ ਘਰ ਦੇ।
ਅੰਬਰਸਰ ਤੇ ਨਨਕਾਣੇ ਮੱਥਾ ਟੇਕਦੇ
ਘੋੜੇ ਵਾਲੇ ਤਾਂਗੇ ਤੇ ਲਾਹੌਰ ਵੇਖਦੇ।
ਉਹ ਜ਼ਮਾਨੇ ਆਉਣ, ਹੱਥ ਅਸੀਂ ਜੋੜਦੇ
ਧੇਲੇ-ਟਕੇ ਵਾਲੇ ਰੱਬਾ ਜ਼ਮਾਨੇ ਮੋੜ ਦੇ।
**-ਮਾਸਟਰ ਪ੍ਰੀਤਮ ਸਿੰਘ ਲੰਮੇ**

---

ਕੋਈ ਗੇੜੇ ਕੋਈ ਰੁੱਗ ਲਾਵੇ
ਕੋਈ ਗਾਈ ਜਾਵੇ ਹੀਰ।
ਤਨ ਵੀ ਖੁੱਲ੍ਹੇ ਮਨ ਵੀ ਖੁੱਲ੍ਹੇ
ਪੰਜਾਬੀ ਵਿਰਸਾ ਬੜਾ ਅਮੀਰ।
**-ਜਗਮੀਤ ਸਿੰਘ ਪੰਧੇਰ**

---

ਚਰੀ ਦੀ ਭਰੀ ਵੱਢ ਲਿਆਉਣੀ
ਹੱਥੀਂ ਕੁਤਰ ਪਸ਼ੂਆਂ ਨੂੰ ਪਾਉਣੀ।
ਦੁੱਧ ਮੱਖਣਾਂ ਦੀ ਥੋੜ੍ਹ ਨਹੀਂ ਸੀ
ਜੁਆਨੀ ਦਾ ਕੋਈ ਜੋੜ ਨਹੀਂ ਸੀ।
ਮੋੜ ਲਿਆਈਏ ਲਹਿਰਾਂ ਬਹਿਰਾਂ
ਛੱਡ ਦੇਈਏ ਹੁਣ ਖਾਣੀਆਂ ਜਹਿਰਾਂ।
**-ਗੁਰਦੇਵ ਸਿੰਘ ਢਪਾਲੀ**

---

ਬੀਤ ਚੁਕੇ ਦਾ ਕਾਹਦਾ ਝੋਰਾ,
ਵਾਹਿਗੁਰੂ ਆਪੇ ਤੋਰੂਗਾ ਤੋਰਾ।
ਕਿਰਤ ਕਮਾਈ ਕਰੀ ਚੱਲ
ਨਾਲੇ ਪੁੰਨ ਤੇ ਨਾਲੇ ਫਲੀਆਂ,
ਸੋਚ ਸੋਚ ਕੇ ਕੁਝ ਨਹੀਂ ਬਣਨਾ
ਜਗਤ ਸਾਰਾ ਹੈ ਛਲੀਆ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਹੱਥੀਂ ਕਿਰਤ ਨਾਲ ਜੁੜੇ ਰਹਿਣਾ
ਨਾਨਕ ਦਾ ਉਪਦੇਸ਼ ਹੈ ਪੰਜਾਬੀਓ,
ਦਸਵੰਧ ਕੱਢ ਕੇ ਨੇਕ ਕਮਾਈ 'ਚੋਂ
ਗਲਤ ਰਾਹਾਂ ਤੋਂ ਬਚੋਗੇ ਸਾਥੀਓ।
**-ਅਮਰਜੀਤ ਸਿੰਘ ਤੂਰ**

---

ਮੁੜਦਾ ਨਹੀਂ ਜ਼ਮਾਨਾ ਕਦੇ
ਵਲਵਲੇ ਭਾਵੁਕ ਹੁੰਦੇ ਰਹਿੰਦੇ
ਟਕਿਆਂ, ਧੇਲਿਆਂ ਦੀ ਗੱਲ ਨਾ ਰਹੀ
ਗੱਭਰੂ ਦੇਸ਼ ਪੰਜਾਬ ਦਾ ਮਾਣ ਸੀ।
ਸਭ ਕੰਮ-ਧੰਦੇ ਨਿਪਟਾ ਕੇ
ਸਜ ਧਜ ਮੇਲੇ ਨੂੰ ਤੁਰ ਪੈਂਦੇ ਸੀ।
**-ਦਰਸ਼ਨਪਾਲ ਦੋਸਾਂਝ**

---

ਟੋਕਾ ਕਰ ਪਸ਼ੂਆਂ ਨੂੰ ਪਾਈਦਾ ਸੀ,
ਮੁਸ਼ੱਕਤ ਨਾਲ ਸਿਰੜ ਨਿਭਾਈਦਾ ਸੀ।
ਗੇੜ ਗੋਲ ਚੱਕਰ ਮਸ਼ੀਨ ਹੱਥੀਂ
ਕੁਤਰ ਕੁਤਰ ਢੇਰ ਲਾਈਦਾ ਸੀ।
**-ਕਲਵੰਤ ਸਿੰਘ ਸਹੋਤਾ**

---

ਤਿੱਲੇ ਵਾਲੀ ਜੁੱਤੀ, ਬੰਨ੍ਹੇ ਚਾਦਰੇ
ਮੇਲਿਆਂ ਦੇ ਪੂਰੇ ਗੱਭਰੂ ਸ਼ੌਕੀਨ।
ਵੇਲੇ ਸਿਰ ਪਸ਼ੂਆਂ ਨੂੰ ਪੱਠੇ ਪਾਉਣ ਨੂੰ
ਕਰੀ ਜਾਣ ਗੱਲਾਂ ਨਾਲ ਗੇੜਦੇ ਮਸ਼ੀਨ।
**-ਦਵਿੰਦਰ ਕੌਰ**

---

ਭਲਾ ਉਹ ਜ਼ਮਾਨਾ ਸੀ
ਹੱਥੀਂ ਪੱਠੇ ਸਾਂ ਟੁੱਕਦੇ,
ਚੁੰਘ ਚੁੰਘ ਕੇ ਬੂਰੀਆਂ
ਸ਼ੇਰ ਵਾਂਗੂੰ ਸੀ ਬੁੱਕਦੇ।
**-ਸੇਵਾ ਸਿੰਘ ਨੂਰਪੁਰੀ**

---

ਭੈਣਾਂ-ਭਾਈਆਂ ਵਿਚ ਸੀ
ਪਹਿਲਾਂ ਅੰਤ ਦਾ ਪਿਆਰ
ਕੈਸੀ ਪੈ ਗਈ ਸਮੇਂ ਦੀ ਮਾਰ।
ਕਿਸ ਪਾਸੇ ਤੁਰ ਪਿਆ ਸਭਿਆਚਾਰ।
ਮੋੜ ਲਿਆ ਦੇ ਰੱਬਾ ਦਿਨ ਪੁਰਾਣੇ
ਕੋਈ ਨਾ ਹੋਵੇ ਮਾਨਸਿਕ ਬਿਮਾਰ।
**-ਗੋਰਾ ਪ੍ਰਜਾਪਤ, ਨਿਊ ਯਾਰਕ**

# ਅਸੀਂ ਕਾਲੇ ਲੋਕ ਸਦੀਂਦੇ!

ਰੰਗ ਵੀ ਕਿਹੋ ਜਿਹੀ ਚੀਜ਼ ਹੁੰਦੇ ਹਨ। ਰੰਗਾਂ ਤੋਂ ਬਿਨ ਜ਼ਿੰਦਗੀ ਕਿੰਨੀ ਨੀਰਸ ਹੋ ਸਕਦੀ ਹੈ, ਇਹ ਸੋਚ ਕੇ ਹੀ ਪ੍ਰੇਸ਼ਾਨੀ ਜਿਹੀ ਪੈਦਾ ਹੋ ਜਾਂਦੀ ਹੈ। ਵੱਖੋ-ਵੱਖ ਰੰਗ, ਹਰ ਬੰਦੇ ਦੀ ਆਪੋ-ਆਪਣੀ ਪਸੰਦ। ਕਾਸ਼ਨੀ ਰੰਗ ਮੇਰਾ ਮਨ-ਭਾਉਂਦਾ ਰੰਗ ਹੈ, ਪਰ ਮੈਂ ਦੂਸਰੇ ਰੰਗਾਂ ਨੂੰ ਵੀ ਪਿਆਰਦਾ ਹਾਂ, ਕਿਉਂਕਿ ਉਨ੍ਹਾਂ ਰੰਗਾਂ ਦੀ ਬਦੌਲਤ ਹੀ ਕਾਸ਼ਨੀ ਰੰਗ ਦੀ ਸ਼ਾਨ ਹੈ।

ਰੰਗਾਂ ਬਾਰੇ ਸਾਡੇ ਜ਼ਿਹਨ 'ਚ ਕੁਝ ਧਾਰਨਾਵਾਂ ਸਹਿਜ-ਸੁਭਾਅ ਪੈਦਾ ਹੋ ਜਾਂਦੀਆਂ ਹਨ। ਸ਼ਗਨਾਂ ਦੇ ਮੌਕੇ ਲਾਲ ਰੰਗ ਹੀ ਚੰਗਾ ਹੁੰਦਾ ਹੈ, ਇਹ ਗੱਲ ਸਾਡੇ ਖ਼ੂਨ 'ਚ ਰਚੀ ਹੋਈ ਹੈ। ਸਿੱਖਾਂ-ਹਿੰਦੂਆਂ 'ਚ ਸੋਗ ਮੌਕੇ ਚਿੱਟਾ ਰੰਗ ਆਪਣੇ ਆਪ ਹੀ ਪ੍ਰਗਟ ਹੋ ਜਾਂਦਾ ਹੈ। ਮੁਸਲਿਮ ਭਾਈਚਾਰਾ ਸੋਗ ਮੌਕੇ ਕਾਲੇ ਰੰਗ ਨੂੰ ਤਰਜੀਹ ਦਿੰਦਾ ਹੈ। ਇਨ੍ਹਾਂ ਮੌਕਿਆਂ 'ਤੇ ਹੋਰ ਰੰਗ ਬਾਰੇ ਕੋਈ ਸੋਚ ਹੀ ਨਹੀਂ ਸਕਦਾ। ਜੇ ਕੋਈ ਹਿੰਮਤ ਕਰਦਾ ਵੀ ਹੈ ਤਾਂ ਪਰਿਵਾਰ 'ਚੋਂ ਹੀ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਰੰਗ ਤਾਂ ਰੰਗ ਹੀ ਐ, ਬਦਰੰਗ ਤਾਂ ਮਨੁੱਖ ਦੀ ਮਨੋ-ਅਵਸਥਾ ਹੈ। ਚਿੱਟਾ ਰੰਗ ਅਮਨ-ਸ਼ਾਂਤੀ ਦਾ ਪ੍ਰਤੀਕ ਕਿਸ ਨੇ ਬਣਾਇਆ, ਕਾਲੇ

**ਇੰਦਰਜੀਤ ਚੁਗਾਵਾਂ**

ਰੰਗ ਨੂੰ ਮਨਹੂਸ ਕਿਉਂ ਕਿਹਾ ਜਾਂਦੈ? ਇਹ ਸੁਆਲ ਅਕਸਰ ਮਨ 'ਚ ਉੱਠਦੇ ਰਹਿੰਦੇ ਹਨ। ਨਾਜਾਇਜ਼ ਢੰਗ ਨਾਲ ਕਮਾਇਆ ਧਨ, ਕਾਲਾ ਕਿਉਂ ਹੈ, ਉਸ ਨੂੰ ਨਾਜਾਇਜ਼ ਧਨ ਜਾਂ ਹਰਾਮੀ ਧਨ ਕਿਉਂ ਨਹੀਂ ਕਿਹਾ ਜਾ ਸਕਦਾ?

ਸਾਡੇ ਜ਼ਿਹਨ 'ਚ, ਸਾਡੇ ਪੋਤੜਿਆਂ 'ਚ ਇਹ ਗੱਲ ਘਰ ਕਰ ਗਈ ਹੈ ਕਿ ਕਾਲਾ ਰੰਗ ਚੰਗਾ ਹੋ ਹੀ ਨਹੀਂ ਸਕਦਾ। ਫਿਲਮਾਂ 'ਚ ਨਕਾਰਾਤਮਕ ਰੋਲ ਕਰਨ ਵਾਲੇ ਅਦਾਕਾਰ ਦਾ ਰੰਗ ਕਾਲਾ ਹੀ ਦੇਖਦੇ ਆਏ ਹਾਂ। ਪਤਾ ਨਹੀਂ ਕਾਲੇ ਰੰਗ ਨੇ ਕੀ ਗੁਨਾਹ ਕੀਤੈ? ਅਚਾਨਕ ਕਾਲੇ ਰੰਗ ਦਾ ਬੰਦਾ ਦੇਖ ਕੇ ਡਰ ਜਾਣਾ ਸਾਡੀ ਇੱਕ ਸਹਿਵਨ ਪ੍ਰਤੀਕਿਰਿਆ ਹੈ। ਇਸ ਮਾਨਸਿਕਤਾ ਨੂੰ ਬਦਲਣਦਾ ਖਿਆਲ ਮਨ 'ਚ ਸ਼ਾਇਦ ਹੀ ਕਦੇ ਆਇਆ ਹੋਵੇ।

ਇਸੇ ਮਾਨਸਿਕਤਾ ਕਾਰਨ ਹੀ ਸਿਆਹਫਾਮ ਲੋਕ ਦੁਨੀਆਂ ਭਰ 'ਚ ਵਿਤਕਰੇ ਦਾ ਸ਼ਿਕਾਰ ਹੁੰਦੇ ਆ ਰਹੇ ਹਨ। ਸਮੇਂ ਸਮੇਂ ਇਸ ਵਿਤਕਰੇ ਵਿਰੁੱਧ ਲਹਿਰਾਂ ਉੱਠਦੀਆਂ ਰਹਿੰਦੀਆਂ ਹਨ, ਪਰ ਹਾਲਾਤ ਅਜਿਹੇ ਹਨ ਕਿ ਚਿੱਟੇ-ਕਾਲੇ-ਰੰਗਦਾਰ ਦੀਆਂ ਲਕੀਰਾਂ ਮਿਟਣ ਦਾ ਨਾਂ ਹੀ ਨਹੀਂ ਲੈ ਰਹੀਆਂ।

ਅਮਰੀਕਾ 'ਚ ਜਾਰਜ ਫਰਾਇਡ ਦੀ ਮੌਤ ਤੋਂ ਬਾਅਦ ਪੈਦਾ ਹੋਈ 'ਬਲੈਕ ਲਾਈਵਜ਼ ਮੈਟਰ' ਨਾਂ ਦੀ ਲਹਿਰ ਨੇ ਦੁਨੀਆਂ ਭਰ ਦਾ ਧਿਆਨ ਇੱਕ ਵਾਰ ਫੇਰ ਇਸ ਬਿਮਾਰੀ ਵੱਲ ਖਿੱਚਿਆ।

ਸਿਆਹਫਾਮ ਲੋਕਾਂ ਨਾਲ ਮਿਲਣ-ਵਰਤਣ ਦਾ ਮੈਨੂੰ ਕਈ ਵਾਰ ਮੌਕਾ ਮਿਲਦਾ ਰਿਹਾ ਹੈ ਤੇ ਉਨ੍ਹਾਂ ਬਾਰੇ ਮੇਰੇ ਮਨ 'ਚ ਕਦੇ ਵੀ ਕੋਈ ਮੰਦ-ਭਾਵਨਾ ਪੈਦਾ ਨਹੀਂ ਹੋਈ। ਹਾਲ ਹੀ 'ਚ ਹੋਏ ਇੱਕ ਹੋਰ ਤਜਰਬੇ ਨੂੰ ਤੁਹਾਡੇ ਨਾਲ ਸਾਂਝਾ ਕਰਨਾ ਚਾਹਾਂਗਾ।

ਮੈਂ ਜਿਸ ਟਰੱਕਿੰਗ ਕੰਪਨੀ '5ਆਬੀ' ਨਾਲ ਪਹਿਲਾਂ ਕੰਮ ਕਰਦਾ ਸੀ, ਉਸ ਦਾ ਐਮਾਜ਼ੌਨ ਨਾਲ ਕੰਟਰੈਕਟ ਹੈ। ਅਸੀਂ ਇੱਕ ਵਾਰ ਟੈਕਸਸ ਦੇ ਡੈਲਸ ਸ਼ਹਿਰ ਅੰਦਰ ਦੋ ਥਾਂਵਾਂ 'ਤੇ ਹੁੱਕ-ਡਰਾਪ ਕਰਨਾ ਸੀ। ਪਹਿਲਾਂ ਵਿਲਮਰ, ਜੋ ਡੈਲਸ ਦਾ ਹੀ ਹਿੱਸਾ ਹੈ ਤੇ ਬਾਅਦ 'ਚ ਡੈਲਸ ਦੇ ਹੀ ਲਿੰਡਨ ਬੀ ਜਾਨਸਨ ਫ੍ਰੀ ਵੇਅ ਵਾਲੀ ਥਾਂ। ਦੂਸਰੀ ਥਾਂ ਅਸੀਂ ਸਵੇਰੇ 7:39 ਵਜੇ ਚੈੱਕ ਇਨ ਕਰਨਾ ਸੀ, ਪਰ ਅਸੀਂ ਚਾਰ ਘੰਟੇ ਪਹਿਲਾਂ ਪਹੁੰਚ ਗਏ। ਸੋਚਿਆ ਕਿ ਜੇ ਲੋਡ ਜਾਂਦਿਆਂ ਨੂੰ ਮਿਲ ਜਾਵੇ ਤਾਂ ਸਮਾਂ ਬਚ ਜਾਵੇਗਾ ਤੇ ਅਗਲਾ ਸਫਰ ਆਰਾਮ ਨਾਲ ਚੱਲ ਸਕਾਂਗੇ।

ਪਹਿਲੀ ਵਾਰ ਐਮਾਜ਼ੌਨ ਦੀ ਇਸ ਲੋਕੇਸ਼ਨ 'ਤੇ ਆਏ ਸੀ, ਇਸ ਲਈ ਪੂਰੀ ਜਾਣਕਾਰੀ ਨਹੀਂ ਸੀ। ਟਰੱਕਾਂ ਦੀ ਮੀਲ ਤੋਂ ਵੀ ਵੱਧ ਲੰਮੀ ਕਤਾਰ ਲੱਗੀ ਹੋਈ ਸੀ। ਅਸੀਂ ਸੋਚਿਆ ਕਿ ਨਾਲ ਲੱਗਦੀ ਇੱਕ ਹੋਰ ਕੰਪਨੀ ਵਾਸਤੇ ਇਹ ਲਾਈਨ ਹੋਵੇਗੀ, ਐਮਾਜ਼ੌਨ ਦੀ ਲਾਈਨ ਤਾਂ ਏਨੀ ਲੰਮੀ ਹੋ ਨਹੀਂ ਸਕਦੀ। ਸਾਡਾ ਤਜਰਬਾ ਤਾਂ ਇਹੋ ਕਹਿ ਰਿਹਾ ਸੀ। ਇਸ ਲਈ ਆਪਣਾ ਟਰੱਕ ਬਿਨਾ ਕਿਸੇ ਫਿਕਰਮੰਦੀ ਦੇ ਅੱਗੇ ਲੈ ਗਏ। ਜਦ ਪਤਾ ਲੱਗਾ ਕਿ ਕਤਾਰ ਤਾਂ ਐਮਾਜ਼ੌਨ ਵਾਲੀ ਹੀ ਹੈ, ਗਲਤੀ ਦਾ ਅਹਿਸਾਸ ਹੋ ਗਿਆ, ਪਰ ਦਰੁਸਤੀ ਦੀ ਸੰਭਾਵਨਾ ਹੁਣ ਨਹੀਂ ਸੀ, ਕਿਉਂਕਿ ਪਿੱਛੇ ਮੁੜਨਾ ਕਿਸੇ ਵੀ ਸੂਰਤ 'ਚ ਸੰਭਵ ਨਹੀਂ ਸੀ! ਮੋੜ 'ਤੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਇੱਕ ਡਰਾਈਵਰ ਕੋਲ ਜਾ ਕੇ ਪਹਿਲਾਂ ਉਸ ਕੋਲੋਂ ਮੁਆਫੀ ਮੰਗੀ ਤੇ ਉਸ ਨੂੰ ਦੱਸਿਆ ਕਿ ਅਸੀਂ ਪਹਿਲੀ ਵਾਰ ਇਸ ਥਾਂ ਆਏ ਹਾਂ ਤੇ ਗਲਤੀ ਕਰ ਬੈਠੇ ਹਾਂ, ਹੁਣ ਅਸੀਂ ਕੀ ਕਰੀਏ? ਸਿਆਹਫਾਮ ਡਰਾਈਵਰ ਹੱਸ ਕੇ ਬੋਲਿਆ, "ਕੋਈ ਗੱਲ ਨਹੀਂ, ਚਾਰ ਘੰਟੇ ਹੋ ਗਏ ਹਨ ਉਡੀਕਦਿਆਂ, ਤੁਸੀਂ ਆਪਣਾ ਟਰੱਕ ਮੇਰੇ ਅੱਗੇ ਕਰ ਲਿਓ। ਥੋੜ੍ਹਾ ਹੋਰ ਲੇਟ ਹੋ ਜਾਵਾਂਗੇ, ਕੋਈ ਫਰਕ ਨਹੀਂ ਪੈਣ ਲੱਗਾ।" ਇਹ ਸੁਣ ਥੋੜ੍ਹਾ ਤਣਾਅ ਮੁਕਤ ਹੋ ਗਏ, ਪਰ ਟਰੱਕਾਂ ਦੀ ਕਤਾਰ ਹਿੱਲੇ ਹੀ ਨਾ। ਬੜੀ ਮੁਸ਼ਕਿਲ ਨਾਲ ਆਪਣਾ ਟਰੱਕ ਕਤਾਰ 'ਚ ਲਿਆਂਦਾ।

ਸੋਚਿਆ ਕਿ ਗੇਟ 'ਤੇ ਜਾ ਕੇ ਪਤਾ ਕਰਦੇ ਹਾਂ ਕਿ ਮਸਲਾ ਕੀ ਹੈ! ਮੈਂ ਅਜੇ ਸੋਚ ਹੀ ਰਿਹਾ ਸਾਂ ਕਿ ਮੇਰੇ ਨਾਲੋਂ ਹੱਥ ਭਰ ਉੱਚਾ ਇੱਕ ਹੋਰ ਸਿਆਹਫਾਮ ਡਰਾਈਵਰ ਆ ਕੇ ਮੇਰੇ ਗਲ ਪੈ ਗਿਆ, "ਵ੍ਹੱਟ 'ਦ ਹੈੱਲ ਯੂ ਆਰ ਡੂਇੰਗ!" ਮੈਂ ਸੋਚਿਆ ਕਿ ਉਹ ਸਾਡੀ ਗਲਤੀ ਪੱਖੋਂ ਗੁੱਸੇ 'ਚ ਹੈ। ਇਸ ਲਈ ਮੈਂ ਆਖਿਆ, "ਸੌਰੀ ਬਰੋ, ਅਸੀਂ ਪਹਿਲੀ ਵਾਰ ਆਏ ਹਾਂ ਤੇ ਸਾਨੂੰ ਪਤਾ ਨਹੀਂ ਸੀ।" ਉਹ ਹੈਰਾਨ ਹੋ ਕਿ ਪੁੱਛਣ ਲੱਗਾ, "ਤੁਸੀਂ ਐਮਾਜ਼ੌਨ ਦੇ ਮੁਲਾਜ਼ਮ ਨਹੀਂ ਹੋ?" ਦਰਅਸਲ ਉਹ ਮੇਰੀ ਸੇਫਟੀ ਵੈਸਟ ਤੋਂ ਭੁਲੇਖਾ ਖਾ ਗਿਆ ਸੀ। ਉਸ ਨੇ ਬੜੇ ਸਲੀਕੇ ਨਾਲ ਇੱਕ ਹੱਥ ਛਾਤੀ 'ਤੇ ਰੱਖ ਮੈਥੋਂ ਮੁਆਫੀ ਮੰਗੀ। ਉਸ ਦੇ ਵਿਹਾਰ ਨੂੰ ਦੇਖ ਕੇ ਮੈਂ ਆਪਣੇ ਆਪ ਨੂੰ ਪੁੱਛ ਰਿਹਾ ਸੀ, "ਸੱਚ ਦੱਸੀਂ, ਤੂੰ ਉਸ ਦੇ ਕੱਦ ਤੋਂ ਡਰਿਆ ਸੀ ਜਾਂ ਉਸ ਦੇ ਗੂੜ੍ਹੇ ਕਾਲੇ ਰੰਗ ਤੋਂ?" ਮੈਂ ਆਪਣੇ ਸਾਹਵੇਂ ਛੋਟਾ ਪੈ ਗਿਆ ਸੀ ਉਸ ਵੇਲੇ।




ਮੈਂ ਇਹ ਵੀ ਸੋਚ ਰਿਹਾ ਸੀ ਕਿ ਜੇ ਅਸੀਂ ਪੰਜਾਬ 'ਚ ਟਰੱਕ ਚਲਾ ਰਹੇ ਹੁੰਦੇ ਤੇ ਉਥੇ ਅਜਿਹੇ ਹਾਲਾਤ ਪੈਦਾ ਹੋ ਜਾਂਦੇ ਤਾਂ ਸਾਡਾ ਤਾਂ ਹੁਣ ਤੱਕ ਹੁਲੀਆ ਵਿਗੜਿਆ ਹੋਣਾ ਸੀ। ਆਪਣੀ ਗਲਤੀ ਲਈ ਉਸ ਨੇ ਮੈਥੋਂ ਇੱਕ ਵਾਰ ਨਹੀਂ, ਵਾਰ ਵਾਰ ਮੁਆਫੀ ਮੰਗੀ ਤੇ ਪਿੱਛੇ ਵੱਲ ਮੁੜ ਪਿਆ। ਉਹ ਦੱਸ ਰਿਹਾ ਸੀ ਕਿ ਰਾਤ ਇੱਕ ਵਜੇ ਦਾ ਕਤਾਰ 'ਚ ਲੱਗਾ ਉਹ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਸੀ। ਮੈਨੂੰ ਜਾਪਿਆ ਕਿ ਉਹ ਵੀ ਪਹਿਲੀ ਵਾਰ ਆਇਆ ਹੋਵੇਗਾ, ਨਹੀਂ ਤਾਂ ਉਸ ਨੇ ਭੜਕਾਹਟ 'ਚ ਨਹੀਂ ਸੀ ਆਉਣਾ। ਮੈਂ ਉਸ ਨੂੰ ਆਵਾਜ਼ ਮਾਰੀ ਤੇ ਕਿਹਾ ਕਿ ਮੇਰੇ ਨਾਲ ਚੱਲੋ ਤੇ ਪਤਾ ਕਰਦੇ ਹਾਂ ਕਿ ਮਸਲਾ ਕੀ ਹੈ! ਗੇਟ 'ਤੇ ਡਿਊਟੀ ਦੇ ਰਹੀ ਬੀਬੀ ਦਾ ਜੁਆਬ ਸੀ ਕਿ ਉਸ ਦੀ ਸ਼ਿਫਟ ਖਤਮ ਹੋ ਚੁਕੀ ਹੈ, ਅਗਲੀ ਸ਼ਿਫਟ ਦੀ ਉਡੀਕ ਕਰੋ। ਮੱਥੇ 'ਤੇ ਹੱਥ ਈ ਮਾਰ ਸਕਦੇ ਸੀ। ਆਪੋ-ਆਪਣੇ ਟਰੱਕ 'ਚ ਪਰਤਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਆਪਣੇ ਟਰੱਕ ਵੱਲ ਜਾਣ ਤੋਂ ਪਹਿਲਾਂ ਉਸ ਨੇ ਇੱਕ ਵਾਰ ਫੇਰ ਮੁਆਫੀ ਮੰਗੀ ਤਾਂ ਮੈਂ ਉਸ ਨੂੰ ਕਲਾਵੇ 'ਚ ਲੈ ਕੇ ਕਿਹਾ, "ਟੇਕ ਇਟ ਈਜ਼ੀ ਬਰੋ!"

ਘੰਟਾ ਕੁ ਆਪਣੇ ਟਰੱਕ 'ਚ ਬੈਠ ਕੇ ਮੈਂ ਫਿਰ ਥੱਲੇ ਉਤਰ ਆਇਆ ਤਾਂ ਇੱਕ ਹੋਰ ਸਿਆਹਫਾਮ ਡਰਾਈਵਰ ਮੇਰੇ ਕੋਲ ਆ ਗਿਆ। ਬੜਾ ਹੱਸਮੁੱਖ, ਨਾਂ ਸੀ ਬੌਬੀ ਗਰੀਨ। ਮੈਨੂੰ ਕਹਿਣ ਲੱਗਾ, "ਫਿਕਰ ਨਾ ਕਰੋ, ਇਸ ਥਾਂ ਮੈਂ ਚੌਵੀ-ਚੌਵੀ ਘੰਟੇ ਦੀ ਉਡੀਕ ਵੀ ਕੀਤੀ ਹੋਈ ਹੈ!"

ਉਸ ਜਗ੍ਹਾ ਐਮਾਜ਼ੌਨ ਦਾ ਕੰਮ ਚੌਵੀ ਘੰਟੇ ਨਹੀਂ ਚੱਲਦਾ, ਪਤਾ ਨਹੀਂ ਮੁਲਾਜ਼ਮਾਂ ਦੀ ਕਿੱਲਤ ਹੈ ਜਾਂ ਕੁਝ ਹੋਰ, ਪਰ ਟਰੱਕ ਡਰਾਈਵਰਾਂ ਨੂੰ ਲੰਮੀਆਂ ਕਤਾਰਾਂ 'ਚ ਲੱਗ ਘੰਟਿਆਂ-ਬੱਧੀ ਉਡੀਕ ਕਰਨੀ ਪੈਂਦੀ ਹੈ। ਮੈਂ ਤੇ ਬੌਬੀ ਅੰਦਰ ਦੂਰ ਤੱਕ ਗਏ, ਪਰ ਕੋਈ ਵੀ ਚਿੜੀ-ਪਰਿੰਦਾ ਨਜ਼ਰ ਨਹੀਂ ਆਇਆ।

ਬੌਬੀ ਹੱਸਦਾ ਹੋਇਆ ਕਹਿਣ ਲੱਗਾ, "ਆਹ ਜਿਹੜੇ ਲਾਈਨ 'ਚ ਲੱਗੇ ਹੋਏ ਆ ਨਾ, ਇਨ੍ਹਾਂ 'ਚੋਂ ਕਈਆਂ ਨੂੰ ਇਹ ਕਹਿ ਕੇ ਵਾਪਸ ਵੀ ਭੇਜ ਸਕਦੇ ਹਨ ਕਿ ਤੁਸੀਂ ਸਹੀ ਲਾਈਨ 'ਚ ਨਹੀਂ ਹੋ।" ਬੌਬੀ ਦੀ ਗੱਲ ਸੁਣ ਕੇ ਮੈਨੂੰ ਆਪਣਾ ਡਰ ਕਿ ਕਿਤੇ ਸਾਡੇ ਨਾਲ ਵੀ ਅਜਿਹਾ ਨਾ ਵਾਪਰੇ ਤੇ ਅੱਧੇ ਘੰਟੇ ਬਾਅਦ ਗੱਲ ਵੀ ਉਹੀ ਹੋਈ।


ਐਮਾਜ਼ੌਨ ਦਾ ਟ੍ਰੈਫਿਕ-ਹੈੱਡ ਆ ਗਿਆ ਤੇ ਉਸ ਨੇ ਸਾਨੂੰ ਦੱਸਿਆ ਕਿ ਤੁਹਾਡੀ ਕਤਾਰ ਸੱਜੀ ਹੈ, ਤੁਹਾਨੂੰ ਚੱਕਰ ਕੱਢ ਕੇ ਉਸ ਕਤਾਰ 'ਚ ਆਉਣਾ ਪਵੇਗਾ। ਅਸੀਂ ਦਲੀਲ ਦਿੱਤੀ ਕਿ ਤਿੰਨ ਘੰਟੇ ਤੋਂ ਵੱਧ ਦੀ ਉਡੀਕ ਪਹਿਲਾਂ ਹੀ ਕਰ ਚੁਕੇ ਹਾਂ, ਅਸੀਂ ਤਾਂ ਬਹੁਤ ਲੇਟ ਹੋ ਜਾਵਾਂਗੇ, ਪਰ ਉਹ ਟੱਸ ਤੋਂ ਮੱਸ ਨਾ ਹੋਇਆ। ਮੈਂ ਤੇ ਮੇਰਾ ਕੋ-ਡਰਾਈਵਰ ਦਵਿੰਦਰ ਸਹਿਜ ਭਾਅ ਨਾਲ ਗੱਲ ਕਰ ਰਹੇ ਸੀ, ਪਰ ਇਸ ਦੇ ਬਾਵਜੂਦ ਉਹ ਸਾਨੂੰ ਪੁਲਿਸ ਦੀ ਧਮਕੀ ਦੇਣ ਲੱਗ ਪਿਆ। ਮੈਂ ਉਸ ਨੂੰ ਠੰਡਾ ਕਰਦਿਆਂ ਕਿਹਾ, "ਅਸੀ ਜਦ ਆਪਣੀ ਕਤਾਰ 'ਚ ਜਾਣ ਲਈ ਤਿਆਰ ਹਾਂ ਤਾਂ ਪੁਲਿਸ ਦੀਆਂ ਧਮਕੀਆਂ ਦੇਣ ਦਾ ਕੀ ਕੰਮ! ਪੁਲਿਸ ਦੀ ਲੋੜ ਉਦੋਂ ਹੁੰਦੀ ਹੈ, ਜਦ ਸਾਹਮਣੇ ਵਾਲੀ ਧਿਰ ਆਪਣੀ ਜ਼ਿਦ ਕਾਰਨ ਦੂਸਰਿਆਂ ਲਈ ਪ੍ਰੇਸ਼ਾਨੀ ਜਾਂ ਅਸੁਰੱਖਿਆ ਪੈਦਾ ਕਰੇ, ਅਸੀਂ ਤਾਂ ਆਪਣੀ ਪ੍ਰੇਸ਼ਾਨੀ ਦੱਸ ਰਹੇ ਹਾਂ ਤੁਹਾਨੂੰ! ਤੁਸੀਂ ਦੱਸੋ ਕਿ ਹੋਰ ਕਿਸ ਨੂੰ ਦੱਸੀਏ?" ਇਹ ਸੁਣ ਉਹ ਠੰਡਾ ਹੋ ਕੇ ਚਲਾ ਗਿਆ। ਇਹ ਬੰਦਾ ਵੀ ਸਿਆਹਫਾਮ ਹੀ ਸੀ।

ਸੱਤ ਵਜੇ ਦੇ ਕਰੀਬ ਕੰਮ ਸ਼ੁਰੂ ਹੋਇਆ, ਪਰ ਸਾਡੇ ਅੱਗੇ ਵਾਲੇ ਟਰੱਕ ਤੁਰਨ ਹੀ ਨਾ। ਜਦ ਜਾ ਕੇ ਦੇਖਿਆ ਤਾਂ ਡਰਾਈਵਰ ਲੰਮੀ ਉਡੀਕ ਤੋਂ ਥੱਕ ਹਾਰ ਕੇ ਸੌਂ ਗਏ ਸਨ। ਉਨ੍ਹਾਂ ਨੂੰ ਜਗਾਇਆ ਕਿ ਭਾਈ ਅਸੀ ਤਾਂ ਚੱਕਰ ਕੱਢ ਕੇ ਮੁੜ ਆਪਣੀ ਕਤਾਰ 'ਚ ਆਉਣਾ ਹੈ, ਤੁਸੀ ਰਾਹ ਵਿਹਲਾ ਕਰੋ।

ਜਦ ਗੇਟ 'ਤੇ ਗਏ ਤਾਂ ਜਪਾਨੀ ਮੂਲ ਦਾ ਜਾਪ ਰਿਹਾ ਇੱਕ ਡਰਾਈਵਰ ਗੇਟ 'ਤੇ ਡਿਊਟੀ 'ਤੇ ਆਏ ਕਲਰਕ ਨਾਲ ਉਲਝ ਰਿਹਾ ਸੀ। ਮਾਮਲਾ ਸਾਡੇ ਵਾਲਾ ਹੀ ਸੀ, ਟਰੈਫਿਕ ਹੈੱਡ ਨੇ ਉਸ ਨੂੰ ਵੀ ਕਤਾਰ ਬਦਲਣ ਲਈ ਆਖ ਦਿੱਤਾ ਹੋਇਆ ਸੀ ਤੇ ਉਹ ਪੰਜ ਘੰਟੇ ਤੋਂ ਵੀ ਵੱਧ ਸਮੇਂ ਤੋਂ ਕਤਾਰ 'ਚ ਲੱਗਾ ਹੋਇਆ ਸੀ। ਉਹ ਤਪਿਆ ਹੋਇਆ ਉੱਚੀ ਸੁਰ 'ਚ ਗੱਲ ਕਰ ਰਿਹਾ ਸੀ। ਕਲਰਕ ਨੇ ਉਸ ਨੂੰ ਸਖਤੀ ਨਾਲ ਆਪਣੇ ਟਰੱਕ 'ਚ ਜਾਣ ਲਈ ਆਖ ਦਿੱਤਾ। ਆਪਣੀ ਵਾਰੀ ਆਉਣ 'ਤੇ ਮਾਹੌਲ ਨੂੰ ਦੇਖਦਿਆਂ, ਦੁਆ-ਸਲਾਮ ਕਰਕੇ ਮੈਂ ਕਿਹਾ, "ਸਵੇਰੇ ਸਵੇਰੇ ਏਨਾ ਖਫਾ ਕਿਉਂ ਹੋ ਗਏ ਓ ਜਨਾਬ?" ਉਸ ਦਾ ਜੁਆਬ ਸੀ, "ਉਹ ਉੱਚੀ ਆਵਾਜ਼ 'ਚ ਗੱਲ ਕਰ ਰਿਹਾ ਸੀ, ਏਸ ਲਈ ਮੈਨੂੰ ਵੀ ਗੁੱਸਾ ਆ ਗਿਆ।" ਮੈਂ ਉਸ ਨੂੰ ਕਿਹਾ, "ਕਸੂਰ ਨਾ ਤੁਹਾਡਾ ਹੈ ਤੇ ਨਾ ਈ ਡਰਾਈਵਰ ਦਾ। ਦਰਅਸਲ ਕੰਪਨੀ ਨੂੰ ਮੋੜ ਉੱਤੇ ਅਜਿਹੇ ਢੰਗ ਨਾਲ ਕਤਾਰਾਂ ਦੀ ਨਿਸ਼ਾਨਦੇਹੀ ਦੇ ਸਾਈਨ-ਬੋਰਡ ਲਾਉਣੇ ਚਾਹੀਦੇ ਹਨ ਕਿ ਹਰ ਡਰਾਈਵਰ ਦੇ ਨਜ਼ਰੀਂ ਚੜ੍ਹ ਜਾਣ। ਫੇਰ ਤੁਹਾਡਾ ਕੰਮ ਵੀ ਆਸਾਨ ਹੋ ਜਾਵੇਗਾ, ਕੋਈ ਵੀ ਤੁਹਾਡਾ ਮੂਡ ਖਰਾਬ ਨਹੀਂ ਕਰੇਗਾ!" ਸਬੰਧਤ ਕਲਰਕ ਵੀ ਸਿਆਹਫਾਮ ਸੀ।

ਮੇਰੀ ਗੱਲ ਉਸ ਦੇ ਮਨ ਨੂੰ ਲੱਗ ਗਈ ਸੀ। ਮੈਨੂੰ ਪੁੱਛਣ ਲੱਗਾ ਕਿ ਤੁਹਾਡਾ ਟਰੱਕ ਕਿੱਥੇ ਐ? ਮੈਂ ਦੱਸਿਆ ਕਿ ਸਾਹਮਣੇ ਵਾਲਾ ਮੇਰਾ ਈ ਐ। ਮੇਰੇ ਵੱਲ ਦੇਖ ਕੇ ਉਹ ਮੁਸਕਰਾਉਣ ਲੱਗ ਪਿਆ, "ਮਾਮਲਾ ਤਾਂ ਤੁਹਾਡਾ ਵੀ ਉਹੀ ਐ... ਚਲੋ, ਕਰਦਾਂ ਮੈਂ ਕੋਈ ਚਾਰਾ! ਤੁਹਾਡੇ ਵਾਸਤੇ ਤਾਂ ਜ਼ਰੂਰ ਕਰੂੰਗਾ।" ਇਸ ਤੋਂ ਪਹਿਲਾਂ ਕਿ ਟ੍ਰੈਫਿਕ-ਹੈੱਡ ਆਵੇ, ਉਸ ਨੇ ਸਾਨੂੰ ਇੱਕ ਦੂਸਰੀ ਥਾਂ ਤੋਂ ਲੋਡ ਅਲਾਟ ਕਰ ਦਿੱਤਾ ਤੇ ਖਾਲੀ ਟ੍ਰੇਲਰ ਵੀ ਉਥੇ ਈ ਲੈ ਜਾਣ ਲਈ ਆਖ ਦਿੱਤਾ। ਇਸ ਤਰ੍ਹਾਂ ਮਾਹੌਲ ਨੂੰ ਭਾਂਪ ਕੇ ਹਲੀਮੀ ਨਾਲ ਕੀਤੀ ਗਈ ਗੱਲਬਾਤ ਨੇ ਸਾਨੂੰ ਵੱਡੀ ਪ੍ਰੇਸ਼ਾਨੀ ਤੋਂ ਬਚਾ ਲਿਆ। ਉਸ ਦੇ ਮੂਡ ਤੋਂ ਜਾਪ ਰਿਹਾ ਸੀ ਕਿ ਉਹ ਜਪਾਨੀ ਡਰਾਈਵਰ ਦੀ ਮੁਸ਼ਕਿਲ ਵੀ ਹੱਲ ਕਰ ਦੇਵੇਗਾ।

ਇਹ ਇਲਾਕਾ ਮੈਨੂੰ ਸਿਆਹਫਾਮ ਲੋਕਾਂ ਦੀ ਬਹੁਤਾਤ ਵਾਲਾ ਜਾਪਿਆ। ਇਸ ਜਗ੍ਹਾ ਐਮਾਜ਼ੌਨ ਦੇ ਮੁਲਾਜ਼ਮਾਂ 'ਚ ਸਿਆਹਫਾਮ ਲੋਕ ਵੱਡੀ ਗਿਣਤੀ 'ਚ ਦੇਖਣ ਨੂੰ ਮਿਲੇ ਤੇ ਸਿਰਫ ਇੱਕ, ਟ੍ਰੈਫਿਕ ਹੈੱਡ ਨੂੰ ਛੱਡ ਕੇ, ਬਾਕੀ ਸਾਰੇ ਬੜੇ ਮਿਲਾਪੜੇ ਨਜ਼ਰ ਆਏ।



ਜਾਰਜ ਸਟਿਨੀ ਜੂਨੀਅਰ

ਸਾਡੀ ਮਾਨਸਿਕਤਾ 'ਚ ਇਹ ਗੱਲ ਘਰ ਕਰ ਗਈ ਹੈ ਕਿ ਜੇ ਕਾਲਾ ਰੰਗ ਮਾੜਾ ਹੁੰਦਾ ਹੈ ਤਾਂ ਕਾਲੇ ਲੋਕ ਕਿਵੇਂ ਚੰਗੇ ਹੋ ਸਕਦੇ ਹਨ!

ਯਾਦ ਆ ਰਿਹੈ ਜਾਰਜ ਸਟਿਨੀ ਜੂਨੀਅਰ, ਜਿਸ ਨੂੰ ਉਸ ਦੀ ਮੌਤ ਦੇ 70 ਸਾਲ ਬਾਅਦ ਨਿਰਦੋਸ਼ ਕਰਾਰ ਦਿੱਤਾ ਗਿਆ। ਇਹ ਹਿਲਾ ਕੇ ਰੱਖ ਦੇਣ ਵਾਲੀ ਘਟਨਾ 1944 'ਚ ਅਮਰੀਕਾ ਦੇ ਸਾਊਥ ਕੈਰੋਲਾਇਨਾ ਸੂਬੇ 'ਚ ਵਾਪਰੀ ਸੀ। 14 ਸਾਲ ਦੇ ਸਟਿਨੀ ਨੂੰ ਦੋ ਗੋਰੀਆਂ ਬਾਲੜੀਆਂ ਦੇ ਕਤਲ ਦੇ ਮਾਮਲੇ 'ਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਸਜ਼ਾ ਸੁਣਾਉਣ ਲਈ ਨਾ ਕੋਈ ਸਬੂਤ ਸੀ, ਨਾ ਕੋਈ ਗਵਾਹ। ਉਸ ਦਾ ਰੰਗ ਕਾਲਾ ਸੀ ਤੇ ਇਹ ਮੰਨ ਲਿਆ ਗਿਆ ਸੀ ਕਿ ਕਤਲ ਉਸ ਨੇ ਹੀ ਕੀਤਾ ਹੋਵੇਗਾ। ਸਟਿਨੀ ਵੀਹਵੀਂ ਸਦੀ 'ਚ ਮੌਤ ਦੀ ਸਜ਼ਾ ਪਾਉਣ ਵਾਲਾ ਸਭ ਤੋਂ ਘੱਟ ਉਮਰ ਦਾ ਵਿਅਕਤੀ ਸੀ। ਉਸ ਦਾ ਮੁਕੱਦਮਾ ਪਤੈ ਕਿੰਨੀ ਦੇਰ ਚੱਲਿਆ, ਸਿਰਫ ਦੋ ਘੰਟੇ! ...ਤੇ ਜਿਊਰੀ ਨੇ ਉਸ ਦੀ ਸਜ਼ਾ 'ਤੇ ਸਹੀ ਪਾਉਣ ਲਈ ਕਿੰਨਾ ਸਮਾਂ ਲਿਆ, ਸਿਰਫ 10 ਮਿੰਟ! ਜੱਜ ਤੇ ਜਿਊਰੀ ਸਭ ਗੋਰੇ! ਸਟਿਨੀ ਦਾ ਸਰੀਰ ਏਨਾ ਮਾੜਕੂ ਜਿਹਾ ਸੀ ਕਿ ਉਹ ਬਿਜਲੀ ਵਾਲੀ ਕੁਰਸੀ 'ਤੇ ਝਟਕੇ ਵਾਸਤੇ ਫਿੱਟ ਨਹੀਂ ਸੀ ਬੈਠ ਰਿਹਾ। ਇਸ ਕੰਮ ਲਈ ਉਸ ਹੇਠਾਂ ਕਿਤਾਬਾਂ ਰੱਖੀਆਂ ਗਈਆਂ ਸਨ, ਜਿਨ੍ਹਾਂ 'ਚ ਇੱਕ ਬਾਈਬਲ ਵੀ ਸੀ। ਸਟਿਨੀ ਨੂੰ ਮਿਲੀ ਸਜ਼ਾ ਤੇ ਮੁਕੱਦਮੇ 'ਚ ਦਿਖਾਈ ਗਈ ਲੋਹੜੇ ਦੀ ਕਾਹਲ ਦਾ ਮਾਮਲਾ ਦਹਾਕਿਆਂ ਬੱਧੀ ਰਿੜਕ ਹੁੰਦਾ ਰਿਹਾ ਤੇ ਆਖਰਕਾਰ 2014 'ਚ ਉਸ ਨੂੰ ਨਿਰਦੋਸ਼ ਕਰਾਰ ਦਿੱਤਾ ਗਿਆ! ਅਜਿਹੀਆਂ ਘਟਨਾਵਾਂ ਸਿਰਫ ਅਮਰੀਕਾ 'ਚ ਹੀ ਨਹੀਂ, ਦੁਨੀਆਂ ਦੇ ਹਰ ਹਿੱਸੇ 'ਚ ਵਾਪਰ ਰਹੀਆਂ ਹਨ। ਰੰਗ ਕਾਲਾ ਹੈ ਤਾਂ ਇਹ ਮੰਨ ਕੇ ਚੱਲਿਆ ਜਾਂਦੈ ਕਿ ਉਹ ਲਾਜ਼ਮੀ ਤੌਰ 'ਤੇ ਅਪਰਾਧੀ ਹੋਵੇਗਾ।

ਇੱਕ ਖ਼ੂਬਸੂਰਤ ਵਾਕਿਆ ਯਾਦ ਆ ਰਿਹੈ, ਜੋ ਰਾਜਿੰਦਰ ਬਿਮਲ (ਕਿਤਾਬਾਂ ਵਾਲੇ ਬਾਬਾ ਜੀ) ਨੇ ਸੁਣਾਇਆ ਸੀ। ਇੱਕ ਵਾਰ ਦੂਰ-ਦਰਸ਼ਨ ਲਈ ਲਖਵਿੰਦਰ ਜੌਹਲ ਨੇ ਉੱਘੇ ਚਿੱਤਰਕਾਰ ਸੋਹਣ ਕਾਦਰੀ ਨਾਲ ਮੁਲਾਕਾਤ ਵਾਸਤੇ ਬਖਸ਼ਿੰਦਰ ਦੀ ਡਿਊਟੀ ਲਾ ਦਿੱਤੀ। ਕਾਦਰੀ ਜਦੋਂ ਜਲੰਧਰ ਆਪਣੀ ਭੈਣ ਦੇ ਘਰ ਆਉਂਦੇ ਸਨ ਤਾਂ ਬਿਮਲ ਉਨ੍ਹਾਂ ਨੂੰ ਅਕਸਰ ਮਿਲਣ ਚਲੇ ਜਾਂਦੇ ਸਨ। ਬਖਸ਼ਿੰਦਰ ਨੇ ਬਿਮਲ ਨੂੰ ਨਾਲ ਚੱਲਣ ਲਈ ਕਿਹਾ। ਕਾਦਰੀ ਨਾਲ ਗੱਲਬਾਤ ਦਾ ਸਿਲਸਿਲਾ ਰਿਕਾਰਡ ਕਰਨ ਲਈ ਕੈਮਰਾ ਚਾਲੂ ਕਰਨ ਤੋਂ ਪਹਿਲਾਂ ਬਖਸ਼ਿੰਦਰ ਨੇ ਨੋਟ ਕੀਤਾ ਕਿ ਕਾਦਰੀ ਆਪਣੇ ਚਿੱਤਰਾਂ 'ਚ ਕਾਲੇ ਰੰਗ ਦੀ ਵਰਤੋਂ ਜ਼ਿਆਦਾ ਕਰਦੇ ਹਨ। ਉਨ੍ਹਾਂ ਕਾਦਰੀ ਨੂੰ ਸੁਆਲ ਕੀਤਾ, "ਤੁਸੀਂ ਕਾਲੇ ਰੰਗ ਦੀ ਵਰਤੋਂ ਜ਼ਿਆਦਾ ਕਰਦੇ ਓ, ਇਹ ਤੁਹਾਡੀ ਜ਼ਿੰਦਗੀ ਦਾ ਪਹਿਲੂ ਤਾਂ ਨਹੀਂ, ਮਤਲਬ ਹਨੇਰਾ ਪੱਖ?" ਕਾਦਰੀ ਨੇ ਮੁਸਕਰਾ ਕੇ ਕਿਹਾ, "ਤੁਹਾਨੂੰ ਕੌਣ ਕਹਿੰਦੈ ਕਿ ਕਾਲੇ ਰੰਗ ਦਾ ਮਤਲਬ ਹਨੇਰਾ ਹੁੰਦੈ? ਤੁਹਾਨੂੰ ਪਤੈ ਕਿ ਕਾਲੇ ਰੰਗ ਦੀ ਸਿਆਹੀ ਨੂੰ ਰੁਸ਼ਨਾਈ ਵੀ ਕਹਿੰਦੇ ਹਨ!" ਕਾਦਰੀ ਦੇ ਜੁਆਬ ਨੇ ਦੋਹਾਂ ਅਦੀਬਾਂ ਨੂੰ ਬਹੁਤ ਪ੍ਰਭਾਵਿਤ ਕੀਤਾ।

ਇਥੇ ਨਵੀਂ ਪੀੜ੍ਹੀ ਦੇ ਪਾਠਕਾਂ ਨੂੰ ਇਹ ਦੱਸਣਾ ਚੰਗਾ ਰਹੇਗਾ ਕਿ ਸਾਡੇ ਪ੍ਰਾਇਮਰੀ ਸਕੂਲ ਦੇ ਦਿਨਾਂ 'ਚ ਲਿਖਾਈ ਸੁੰਦਰ ਬਣਾਉਣ ਲਈ ਮਾਸਟਰ ਫੱਟੀ ਲਿਖਾਇਆ ਕਰਦੇ ਸਨ। ਇਸ ਕੰਮ ਵਾਸਤੇ ਵਰਤੀ ਜਾਂਦੀ ਕਾਲੀ ਸਿਆਹੀ ਪੁੜੀਆਂ 'ਚ ਵਿਕਦੀ ਸੀ ਤੇ ਪੁੜੀ ਉੱਪਰ ਰੌਸ਼ਨੀ ਜਾਂ ਰੁਸ਼ਨਾਈ ਲਿਖਿਆ ਹੋਇਆ ਹੁੰਦਾ ਸੀ। ਹੱਟੀ 'ਤੇ ਜਾ ਕੇ ਕਾਲੀ ਸਿਆਹੀ ਦੀ ਮੰਗ ਨਹੀਂ ਸੀ ਕਰਦੇ ਅਸੀਂ। ਕਿਹਾ ਕਰਦੇ ਸੀ, "ਬਾਬਾ ਜੀ, ਰੌਸ਼ਨੀ ਦੀ ਇੱਕ ਪੁੜੀ ਦੇ ਦਿਓ!"

ਸਮੇਂ ਦੇ ਨਾਲ ਨਾਲ ਬਹੁਤ ਕੁਝ ਬਦਲਿਆ ਹੈ ਤੇ ਬਦਲਣਾ ਵੀ ਚਾਹੀਦੈ। ਫੱਟੀ ਹੁਣ ਇੱਕ ਇਤਿਹਾਸ ਬਣ ਗਈ ਹੈ। ਕੰਪਿਊਟਰ ਆ ਗਿਆ ਹੈ। ਪੜ੍ਹਨ-ਲਿਖਣ ਦੇ ਢੰਗ ਬਦਲ ਗਏ ਹਨ। ਸਾਡੀ ਪੀੜ੍ਹੀ ਤਕਨਾਲੋਜੀ 'ਚ ਹੋਈਆਂ ਵੱਡੀਆਂ ਤਬਦੀਲੀਆਂ ਦੀ ਗਵਾਹ ਹੈ। ਇਸ ਗੱਲ 'ਤੇ ਮਾਣ ਵੀ ਹੁੰਦੈ ਕਿ ਅਸੀਂ ਇਹ ਕ੍ਰਾਂਤੀ ਆਪਣੀਆਂ ਅੱਖਾਂ ਨਾਲ ਵੇਖ ਸਕੇ ਹਾਂ। ਐਪਰ, ਇਸ ਗੱਲ ਦਾ ਦੁੱਖ ਉਸ ਮਾਣ ਨਾਲੋਂ ਵੀ ਵੱਡਾ ਹੈ ਕਿ ਇਸ ਕ੍ਰਾਂਤੀ ਨੇ ਸਿਰਫ ਤਕਨਾਲੋਜੀ 'ਚ ਹੀ ਤਬਦੀਲੀ ਲਿਆਂਦੀ ਹੈ, ਜ਼ਹਿਨੀਅਤ 'ਚ ਨਹੀਂ! ਕਾਲਾ ਰੰਗ ਅਜੇ ਵੀ ਸਾਡੇ ਲਈ ਮਨਹੂਸ ਹੀ ਹੈ।

ਕੁਦਰਤ ਨੇ ਧਰਤੀ ਦੇ ਹਰ ਹਿੱਸੇ ਨੂੰ ਵੱਖੋ-ਵੱਖਰਾ ਰੰਗ ਰੂਪ ਦਿੱਤਾ ਹੈ। ਹਰ ਹਿੱਸੇ ਦਾ ਜਲ-ਵਾਯੂ ਵੱਖਰਾ ਹੈ, ਹਰ ਹਿੱਸੇ 'ਚ ਰਹਿਣ ਵਾਲੇ ਮਨੁੱਖਾਂ ਦਾ ਰੰਗ-ਰੂਪ ਦੂਸਰੇ ਹਿੱਸੇ ਦੇ ਮਨੁੱਖਾਂ ਨਾਲੋਂ ਵੱਖਰਾ ਹੈ ਤੇ ਰਹਿਣ ਸਹਿਣ, ਖਾਣ-ਪੀਣ ਵੀ ਵੱਖਰਾ। ਅਸੀਂ ਉਸ ਦੌਰ ਵਿਚ ਪਹੁੰਚ ਗਏ ਹਾਂ, ਜਿਥੇ ਦੂਸਰੇ ਲੋਕਾਂ ਦੇ ਰਹਿਣ-ਸਹਿਣ, ਖਾਣ-ਪਹਿਨਣ, ਉਨ੍ਹਾਂ ਦੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਪ੍ਰਤੀ ਸੰਵੇਦਨਸ਼ੀਲਤਾ, ਸਤਿਕਾਰ ਬਹੁਤ ਜ਼ਰੂਰੀ ਹੋ ਜਾਂਦਾ ਹੈ ਤੇ ਅਸੀਂ ਚਾਹੁੰਦੇ ਪਤਾ ਕੀ ਹਾਂ? ਦੂਜਾ ਸਾਡੀਆਂ ਕਦਰਾਂ-ਕੀਮਤਾਂ ਦਾ ਸਤਿਕਾਰ ਕਰੇ, ਪਰ ਸਾਡੇ ਤੋਂ ਅਜਿਹੀ ਆਸ ਨਾ ਰੱਖੇ।

ਕਿਸੇ ਵਿਅਕਤੀ ਦੇ ਰੰਗ-ਰੂਪ, ਨਸਲ, ਜਾਤ ਨੂੰ ਦੇਖ ਕੇ ਉਸ ਬਾਰੇ ਬਣਾਈ ਗਈ ਪੂਰਵ-ਧਾਰਨਾ ਅਕਸਰ ਵੱਡੇ ਬਖੇੜੇ ਖੜ੍ਹੇ ਕਰਦੀ ਹੈ। ਕਿਸੇ ਵੀ ਰੰਗ, ਕਿਸੇ ਵੀ ਨਸਲ, ਕਿਸੇ ਵੀ ਧਰਮ-ਜਾਤ 'ਚ ਨਾ ਤਾਂ ਸਾਰੇ ਲੋਕ ਚੰਗੇ ਹੋ ਸਕਦੇ ਹਨ ਤੇ ਨਾ ਹੀ ਮਾੜੇ। ਸਿਆਹਫਾਮ ਲੋਕ ਸਾਰੇ ਮਾੜੇ ਨਹੀਂ ਹੋ ਸਕਦੇ, ਸਫੈਦ ਜਾਂ ਰੰਗਦਾਰ ਚਮੜੀ ਵਾਲੇ ਸਾਰੇ ਚੰਗੇ ਨਹੀਂ ਹੋ ਸਕਦੇ, ਬਿਲਕੁਲ ਉਸੇ ਤਰ੍ਹਾਂ, ਜਿਵੇਂ ਸਾਰੇ ਮੁਸਲਮਾਨ ਮਾੜੇ ਨਹੀਂ ਤੇ ਸਾਰੇ ਹਿੰਦੂ ਚੰਗੇ ਨਹੀਂ, ਸਾਰੇ ਸਿੱਖ ਵੱਖਵਾਦੀ-ਅਤਿਵਾਦੀ ਨਹੀਂ ਹੋ ਸਕਦੇ!

ਰੰਗਾਂ ਵਿਚਲੀ ਵੰਨ-ਸੁਵੰਨਤਾ ਆਲੇ-ਦੁਆਲੇ ਨੂੰ ਖ਼ੂਬਸੂਰਤੀ ਬਖਸ਼ਦੀ ਹੈ। ਇਹੀ ਕਾਰਨ ਹੈ ਕਿ ਤੁਸੀਂ ਆਪਣੇ ਬਗੀਚੇ 'ਚ ਇੱਕੋ ਰੰਗ ਦੇ ਫੁੱਲ ਨਹੀਂ ਲਾਉਂਦੇ।

ਇੱਕ ਗੱਲ ਜ਼ਰਾ ਠੰਡੇ ਦਿਮਾਗ ਨਾਲ ਜ਼ਰੂਰ ਸੋਚਿਓ ਕਿ ਦੁਨੀਆਂ ਦੇ ਸਾਰੇ ਧਾਰਮਿਕ ਗ੍ਰੰਥ; ਗੁਰੂ ਗ੍ਰੰਥ ਸਾਹਿਬ, ਕੁਰਾਨ, ਬਾਈਬਲ, ਗੀਤਾ, ਰਮਾਇਣ ਸਭ ਕਾਲੀ ਸਿਆਹੀ ਨਾਲ ਕਿਉਂ ਲਿਖੇ ਹੋਏ ਹਨ? ਕਾਲੀ ਸਿਆਹੀ ਨਾਲ ਉੱਕਰੇ ਲਫਜ਼ਾਂ ਦੀ ਪੂਜਾ ਤੇ ਕਾਲਾ ਰੰਗ ਫੇਰ ਵੀ ਮਾੜਾ ਕਿਓਂ!

ਰੰਗ ਕੋਈ ਵੀ ਬਦਰੰਗ ਨਹੀਂ ਹੋ ਸਕਦਾ, ਬਦਰੰਗ ਹੈ ਤਾਂ ਮਾਨਸਿਕਤਾ ਤੇ ਇਹ ਮਾਨਸਿਕਤਾ ਆਪਣੇ ਆਪ ਬਦਰੰਗ ਨਹੀਂ ਹੋ ਜਾਂਦੀ, ਸਗੋਂ ਕੀਤੀ ਜਾਂਦੀ ਹੈ। ਤੁਹਾਨੂੰ ਪਤਾ ਈ ਨਹੀਂ ਲਗਦਾ ਕਿ ਤੁਹਾਡੇ ਅੰਦਰਲੇ ਰੰਗਾਂ ਨੂੰ ਕੋਈ ਹੌਲੀ ਹੌਲੀ ਬਦਰੰਗ ਕਰੀ ਜਾ ਰਿਹੈ। ਤੁਹਾਡੇ ਅੰਦਰ ਹੌਲੀ ਹੌਲੀ ਇੱਕ ਵੱਡੀ ਗੁਣਾਤਮਕ ਤਬਦੀਲੀ ਆ ਜਾਂਦੀ ਹੈ, ਪਰ ਤੁਸੀਂ ਉਸ ਤੋਂ ਬੇਖਬਰ ਹੁੰਦੇ ਓ! ਤੁਹਾਨੂੰ ਉਹ ਦੂਸਰੇ ਦੀ ਰਸੋਈ ਦੀ ਤਲਾਸ਼ੀ ਲੈਣ ਲਈ ਮਜਬੂਰ ਕਰ ਦਿੰਦੇ ਹਨ! ਬੇਵਜ੍ਹਾ ਕਤਲ ਕਰਵਾ ਦਿੰਦੇ ਹਨ! ਤੁਸੀਂ ਜਦ ਕਤਲ ਦੇ ਇਲਜ਼ਾਮ 'ਚ ਘਿਰ ਜਾਂਦੇ ਓ, ਬਚ ਨਿਕਲਣ ਦਾ ਕੋਈ ਰਾਹ ਬਾਕੀ ਨਹੀਂ ਬਚਦਾ, ਫੇਰ ਤੁਹਾਡੀ ਅੱਖ ਖੁੱਲ੍ਹਦੀ ਹੈ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁਕੀ ਹੁੰਦੀ ਹੈ!

ਇਸ ਲਈ ਜ਼ਰਾ ਬਚ ਕੇ ਬਦਰੰਗੀ-ਕਾਰੋਬਾਰੀਆਂ ਤੋਂ, ਅੱਜ-ਕੱਲ੍ਹ ਇਨ੍ਹਾਂ ਦਾ ਬਹੁਤ ਬੋਲ-ਬਾਲਾ ਹੈ!

ਬਾਬਾ ਬੁੱਲੇ ਸ਼ਾਹ ਦੇ ਬੋਲਾਂ ਨਾਲ ਆਪਣੀ ਗੱਲ ਸਮੇਟਣ ਦੀ ਇਜਾਜ਼ਤ ਚਾਹਾਂਗਾ,

ਮੈਂ ਕਾਲੀ ਤੇ ਮੇਰਾ ਯਾਰ ਵੀ ਕਾਲਾ  
ਤੇ ਅਸੀਂ ਕਾਲੇ ਲੋਕ ਸਦੀਂਦੇ,  
ਨੀਮ ਪਹਾੜ ਦਾ ਸੁਰਮਾ ਵੀ ਕਾਲਾ  
ਲੋਕੀਂ ਅੱਖੀਆਂ ਵਿਚ ਪਵੀਂਦੇ।  
ਕੁਰਾਨ ਸ਼ਰੀਫ ਦੇ ਹਰਫ ਵੀ ਕਾਲੇ  
ਲੋਕੀਂ ਜਿਸ ਵੱਲ ਜਾਣ ਭਜੀਂਦੇ,  
ਬੁੱਲ੍ਹੇ ਸ਼ਾਹ ਗੋਰੇ ਰੰਗ ਕੀ ਕਰਨੇ  
ਜਿਹੜੇ ਗਲੀਓ ਗਲੀ ਵਕੀਂਦੇ!

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਬੀਚ ਦੇ ਬਚਨ-ਬਿਲਾਸ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਉਨ੍ਹਾਂ ਮਾਪਿਆਂ ਦਾ ਦਰਦ ਬਿਆਨ ਕੀਤਾ ਸੀ, ਜੋ ਆਪਣੀ ਔਲਾਦ ਦੇ ਬੇਗਾਨਗੀ ਭਰੇ ਰਵੱਈਏ ਕਾਰਨ ਇਕੱਲ ਹੰਢਾਉਣ ਤੇ ਦੁੱਖ ਭੋਗਣ ਲਈ ਮਜਬੂਰ ਹਨ।...ਅੱਜ ਕੱਲ੍ਹ ਮਾਪਿਆਂ ਤੇ ਬੱਚਿਆਂ ਦੇ ਘਰ ਦਾ ਪਤਾ ਤਾਂ ਭਾਵੇਂ ਇਕ ਹੋਵੇ, ਪਰ ਉਨ੍ਹਾਂ ਨੂੰ ਇਕ ਦੂਜੇ ਦਾ ਪਤਾ ਹੀ ਨਹੀਂ ਹੁੰਦਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਬੀਚ ਦੀਆਂ ਲਹਿਰਾਂ ਬਾਰੇ ਬਚਨ-ਬਿਲਾਸ ਕੀਤੇ ਹਨ। ਉਹ ਕਹਿੰਦੇ ਹਨ, "ਬੀਚ ਨੂੰ ਪਤਾ ਹੈ ਕਿ ਕੁਦਰਤ ਪ੍ਰੇਮੀ ਹੀ ਬੀਚ ਦੇ ਕੋਲ ਆਪਣਾ ਰੈਣ-ਬਸੇਰਾ ਬਣਾਉਂਦੇ ਜਾਂ ਕਦੇ ਕਦਾਈ ਬੀਚ ਦੇ ਦਰੀਂ ਫੇਰਾ ਪਾਉਂਦੇ ਤੇ ਜ਼ਿੰਦਗੀ ਦੀਆਂ ਲਹਿਰਾਂ-ਬਹਿਰਾਂ ਸਿਰਜਣ ਲਈ ਯਤਨਸ਼ੀਲ ਹੁੰਦੇ।...ਬੀਚ 'ਤੇ ਫਿਰਦਿਆਂ, ਸਮੁੰਦਰ ਵਿਚ ਉਠ ਰਹੀਆਂ ਲਹਿਰਾਂ ਦੀ ਤੁਲਨਾ, ਅੰਦਰ ਉਠ ਰਹੀਆਂ ਤਰੰਗਾਂ ਨਾਲ ਤੁਲਨਾ ਕਰਨਾ, ਤੁਹਾਨੂੰ ਪਤਾ ਲੱਗੇਗਾ ਕਿ ਇਨ੍ਹਾਂ ਲਹਿਰਾਂ ਦਾ ਤੁਹਾਡੇ ਨਾਲ ਕਿੰਨਾ ਗੂੜ੍ਹਾ ਰਿਸ਼ਤਾ ਹੈ।" ਡਾ. ਭੰਡਾਲ ਦਾ ਮੰਨਣਾ ਹੈ ਕਿ ਸਮੁੰਦਰੀ ਲਹਿਰਾਂ ਸੰਗ ਯਾਰੀਆਂ ਲਾਉਣ ਵਾਲੇ ਅਤੇ ਇਨ੍ਹਾਂ ਦੀ ਹਿੱਕ 'ਤੇ ਆਪਣੇ ਹਸਤਾਖਰ ਉਕਰਨ ਵਾਲੇ ਕਦੇ ਵੀ ਜੀਵਨ ਦੁਸ਼ਵਾਰੀਆਂ ਤੋਂ ਹਾਰ ਨਹੀਂ ਮੰਨਦੇ।***

ਸੁੰਦਰ ਬੀਚ। ਸਰਘੀ ਦਾ ਵੇਲਾ। ਸੂਰਜ, ਧਰਤੀ ਨੂੰ ਰੁਸ਼ਨਾਉਣ ਲਈ ਤਿਆਰ। ਸਮੁੰਦਰ ਵਿਚ ਝਾਤ ਪਾਉਣ ਲਈ ਕਾਹਲਾ। ਅੰਬਰ ਦੀ ਲਾਲੀ ਸਮੁੰਦਰ ਦੇ ਪਾਣੀਆਂ ਵਿਚ ਘੁੱਲ ਰਹੀ। ਬੀਚ ਦੀ ਠੰਢੀ ਠੰਢੀ ਰੇਤ ਤੇ ਨੰਗੇ ਪੈਰੀ ਤੁਰਨ ਦਾ ਅਨੂਠਾ ਵਿਸਮਾਦ। ਬਾਹਰਲੀ ਤਾਜਗੀ ਤੋਂ ਅੰਦਰ ਨੂੰ ਤੁਰ ਰਹੀ ਰੂਹ-ਰੇਜ਼ਤਾ ਵਿਚ ਰੰਗਿਆ ਹਰ ਸ਼ਖਸ। ਪ੍ਰਾਈਵੇਟ ਬੀਚ ਹੋਣ ਕਾਰਨ ਨੇੜੇ ਦੇ ਬਾਸ਼ਿੰਦੇ ਹੀ ਇਸ ਬੀਚ 'ਤੇ ਸਵੇਰ ਦੀ ਸੈਰ ਕਰ ਰਹੇ ਅਤੇ ਮਨ ਨੂੰ ਸਕੂਨ ਨਾਲ ਭਰ ਰਹੇ। ਕੋਈ ਨਹੀਂ ਹੱਲਾ-ਗੁੱਲਾ। ਸ਼ਾਂਤ ਚਿੱਤ ਲੋਕ ਆਪਣੇ ਆਪ ਨਾਲ ਇਕ ਸੁਰ ਹੋਏ, ਕੁਦਰਤ ਦੇ ਸੁਹੱਪਣ ਨੂੰ ਆਤਮਾ ਦੇ ਨਾਮ ਕਰ ਰਹੇ।

ਨਵੇਂ ਸਾਲ ਦੀ ਪ੍ਰਭਾਤ। ਨਵਾਂ ਦਿਨ ਤੇ ਨਵੇਂ ਸਾਲ ਦੇ ਨਵੇਂ ਵਕਤ ਦਾ ਆਗਾਜ਼। ਭਾਵੇਂ ਕਿ ਹਰ ਦਿਨ ਹੀ ਨਵਾਂ ਅਤੇ ਨਵੇਂ ਸਮਿਆਂ ਦਾ ਸੰਦੇਸ਼। ਛੁੱਟੀਆਂ ਦੌਰਾਨ ਬੱਚਿਆਂ ਨਾਲ ਇਸ ਵਿਕੋਲਿਤਰੀ ਤੇ ਨਿਵੇਕਲੀ ਬੀਚ ਦੇ ਕਿਨਾਰੇ ਕੁਝ ਦਿਨ, ਜ਼ਿੰਦਗੀ ਨੂੰ ਬੇਫਿਕਰੀ ਦੇ ਆਲਮ ਵਿਚ ਜਿਊਣ ਦਾ ਹੁਨਰ ਤੇ ਹਾਸਲ। ਨਿੱਤ ਦੇ ਰੁਝੇਵਿਆਂ ਤੋਂ ਮੁਕਤੀ। ਬੀਚ 'ਤੇ ਟਹਿਲਣਾ, ਇਕ ਨਵਾਂ ਤੇ ਅਲੋਕਾਰੀ ਅਨੁਭਵ।

ਹਰ ਕੋਈ ਆਪਣੇ ਰੰਗ ਵਿਚ ਮਸਤ। ਕੋਈ ਕੁੱਤੇ ਨਾਲ ਸੈਰ ਕਰ ਰਿਹਾ, ਕੋਈ ਸਾਈਕਲ ਚਲਾ ਰਿਹਾ ਤੇ ਕੋਈ ਜਾਗਿੰਗ। ਹਰ ਮਿਲਣ ਵਾਲਾ ਮੁਸਕਰਾਹਟਾਂ ਵੰਡਦਾ, ਜ਼ਿੰਦਗੀ ਦੀ ਤਰੋ-ਤਾਜ਼ਗੀ ਅਰਪਿਤ ਕਰਦਾ।

ਦੂਰ ਤੀਕ ਫੈਲੀ ਹੋਈ ਬੀਚ। ਇਕ ਪਾਸੇ ਉਚੀਆਂ ਉਚੀਆਂ ਬਿਲਡਿੰਗਾਂ ਤੇ ਘਰਾਂ ਦੀਆਂ ਲਾਈਨਾਂ ਅਤੇ ਦੂਸਰੇ ਪਾਸੇ ਅਸੀਮ ਫੈਲਿਆ ਹੋਇਆ ਐਟਲਾਂਟਿਕ ਸਾਗਰ। ਟਾਵਾਂ-ਟਾਵਾਂ ਨੌਜਵਾਨ ਕਿਸ਼ਤੀ ਲੈ ਕੇ ਸਾਗਰ ਦੀਆਂ ਲਹਿਰਾਂ ਨਾਲ ਹਠਖੇਲੀਆਂ ਕਰਦਾ। ਲਹਿਰਾਂ ਵਿਚ ਇਕਸੁਰ ਹੋਣ ਲਈ ਖੁਦ ਨੂੰ ਭਿਉਂਦਾ ਅਤੇ ਪਾਣੀ ਦੇ ਛਿੱਟਿਆਂ ਵਿਚੋਂ ਮੋਤੀਆਂ ਦੀ ਵਰਣਮਾਲਾ ਪਿੰਡੇ 'ਤੇ ਲਿਸ਼ਕਾਉਂਦਾ।

ਬੀਚ ਨੂੰ ਹੀ ਸਰਫ ਹੈ ਪੈਰਾਂ ਹੇਠ ਵਿਛਣ ਦਾ। ਨੰਗੇ ਪੈਰਾਂ ਨੂੰ ਸਹਿਲਾਉਣ ਦਾ। ਪੋਲੀ ਪੋਲੀ ਟਕੋਰ ਕਰਨ ਦਾ। ਮਾਲਸ਼ ਕਰਕੇ ਪੈਰਾਂ ਦੀਆਂ ਤਲੀਆਂ ਨੂੰ ਧਰਤੀ ਨਾਲ ਜੁੜੇ ਰਹਿਣ ਅਤੇ ਇਸ ਦੀਆਂ ਨਿਆਮਤਾਂ ਨੂੰ ਝੋਲੀ ਵਿਚ ਪਾਉਣ ਦਾ ਸੰਦੇਸ਼। ਬੀਚ ਤਾਂ ਚਾਹੁੰਦੀ ਹੈ ਕਿ ਮਨੁੱਖ ਉਸ ਨਾਲ ਜੀਵਨੀ ਸਾਂਝ ਪਾਵੇ। ਸਾਥ ਵਿਚੋਂ ਜੀਵਨ ਦੀਆਂ ਧੁਨੀਆਂ ਉਪਜਾਵੇ ਅਤੇ ਸਾਹਾਂ ਦੀ ਸਦੀਵਤਾ ਨੂੰ ਜਿੰਦ ਦੇ ਨਾਂਵੇਂ ਲਾਵੇ। ਬਹੁਤ ਹੀ ਪਿਆਰੇ ਨੇ ਬੀਚ ਦੇ ਬਚਨ-ਬਿਲਾਸ। ਇਨ੍ਹਾਂ ਨੂੰ ਸੁਣਨ ਤੇ ਅਮਲ ਕਰਨ ਅਤੇ ਇਸ ਵਿਚੋਂ ਆਪਣੀਆਂ ਤਰਜੀਹਾਂ ਤੇ ਤਸ਼ਬੀਹਾਂ ਸਿਰਜਣ ਵਾਲੇ ਹੀ ਖੁਦ ਨੂੰ ਬਰਕਤਾਂ ਨਾਲ ਨਿਵਾਜਦੇ।

ਬੀਚ ਨੂੰ ਪਤਾ ਹੈ ਕਿ ਕੁਦਰਤ ਪ੍ਰੇਮੀ ਹੀ ਬੀਚ ਦੇ ਕੋਲ ਆਪਣਾ ਰੈਣ-ਬਸੇਰਾ ਬਣਾਉਂਦੇ ਜਾਂ ਕਦੇ ਕਦਾਈ ਬੀਚ ਦੇ ਦਰੀਂ ਫੇਰਾ ਪਾਉਂਦੇ। ਬੀਚ ਦੀਆਂ ਬਰਕਤਾਂ ਨੂੰ ਖੁਦ ਦੇ ਨਾਮ ਕਰ, ਅਨੰਤ ਖੁਸ਼ੀਆਂ ਹਾਸਲ ਕਰ, ਜੀਵਨੀ ਭੱਜ-ਦੌੜ ਵਿਚੋਂ ਉਪਜੀ ਨਿਰਾਸ਼ਾ ਅਤੇ ਉਪਰਾਮਤਾ ਨੂੰ ਘਟਾਉਂਦੇ। ਬੀਚ ਵੀ ਸਿਰਫ ਉਨ੍ਹਾਂ ਨੂੰ ਹੀ ਦੁਲਾਰਦੀ, ਜੋ ਇਸ ਦੇ ਸਕੇ ਪੁੱਤਰ। ਜਿਨ੍ਹਾਂ ਨੂੰ ਇਸ ਦੇ ਸੰਗ-ਸਾਥ ਵਿਚੋਂ ਜੀਵਨ ਦਾ ਸੁਹੱਪਣ ਨਜ਼ਰ ਆਉਂਦਾ।

ਬੀਚ 'ਤੇ ਜਦ ਕੁਝ ਬੱਚੇ ਗਿੱਲੀ ਰੇਤ ਦੇ ਘਰ ਬਣਾਉਂਦੇ, ਖੁੱਤੀਆਂ ਕੱਢਦੇ, ਇਸ ਵਿਚ ਦੱਬੇ ਹੋਏ ਘੋਗੇ ਸਿੱਪੀਆਂ ਨੂੰ ਤਲਾਸ਼ਦੇ ਜਾਂ ਸਿੱਲੇ ਸਿੱਲੇ ਰੇਤ ਦੇ ਸਪੱਰਸ਼ ਵਿਚੋਂ ਕੋਮਲ ਸੁਪਨਿਆਂ ਨੂੰ ਚਿਤਵਦੇ ਤਾਂ ਬੀਚ ਬਹੁਤ ਖੁਸ਼ ਹੁੰਦੀ। ਬੱਚਿਆਂ ਦੇ ਮਾਸੂਮ ਸਾਥ ਵਿਚੋਂ ਤਾਂ ਬੀਚ ਨੂੰ ਕੋਮਲਤਾ ਅਤੇ ਮਾਸੂਮੀਅਤ ਦੀ ਗੁੜਤੀ ਮਿਲਦੀ। ਇਹ ਗੁੜਤੀ ਹਰੇਕ ਨੂੰ ਵਰਤਾਉਂਦੀ ਹੈ ਕਿ ਕਿਸੇ ਦੇ ਪੈਰਾਂ ਵਿਚ ਵਿੱਛ ਕੇ ਹੀ ਦੁਨੀਆਂ ਦੀਆਂ ਸਾਰੀਆਂ ਦਾਤਾਂ ਮਨੁੱਖ ਦੀਆਂ ਹੋ ਜਾਣਗੀਆਂ। ਇਹ ਨਿੱਕੇ-ਨਿੱਕੇ ਬੱਚੇ ਕਦੇ ਸਾਈਕਲ ਚਲਾਉਂਦੇ, ਕਦੇ ਮਾਪਿਆਂ ਦੀ ਕੰਨ੍ਹੇੜੀ ਚੜ੍ਹੇ, ਕਦੇ ਮੋਢਿਆਂ 'ਤੇ ਬੈਠੇ ਅਤੇ ਕਦੇ ਦੁੜੰਗੇ ਲਾਉਂਦੇ। ਰੇਤ ਨਾਲ ਖੁਦ ਨੂੰ ਲਿਬੇੜਦੇ, ਖਿੜ-ਖਿੜਾ ਕੇ ਹੱਸਦੇ ਅਤੇ ਮਾਪਿਆਂ ਨੂੰ ਆਪਣੀਆਂ ਸ਼ਰਾਰਤਾਂ ਤੇ ਲੱਭੀਆਂ ਕੁਦਰਤੀ ਵਸਤਾਂ ਬਾਰੇ ਦੱਸਦੇ।

ਵਿਰਲਾਂ ਟਾਵਾਂ ਚੁੰਬਕ ਲੈ ਕੇ ਕਿਸੇ ਦੀ ਗਵਾਚੀ ਹੋਈ ਕੀਮਤੀ ਚੀਜ਼ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਵੀ ਦਿੱਸ ਪਵੇਗਾ। ਉਸ ਨੂੰ ਆਸ ਹੈ ਕਿ ਕੀਮਤੀ ਸ਼ੈਅ ਨੂੰ ਇਸ ਦੇ ਅਸਲੀ ਵਾਰਸ ਨੂੰ ਵਾਪਸ ਕਰਕੇ ਸਿਰਫ ਮਾਇਕ ਲਾਭ ਹੀ ਨਹੀਂ ਹੋਵੇਗਾ, ਸਗੋਂ ਕਿਸੇ ਦੀ ਯਾਦਗਾਰੀ ਨਿਸ਼ਾਨੀ ਅਤੇ ਪਿਆਰੀਆਂ ਯਾਦਾਂ ਦਾ ਖਜਾਨਾ ਵਾਪਸ ਕਰਕੇ, ਕਿਸੇ ਦੀ ਖੁਸ਼ੀ ਵਿਚੋਂ ਖੁਦ ਵੀ ਖੁਸ਼ ਹੋਵੇਗਾ।

ਇਸ ਬੀਚ 'ਤੇ ਅਲਸਾਏ ਹੋਏ ਬਦਨ ਜਦ ਇਕ ਦੂਜੇ ਦਾ ਨਿੱਘ ਮਾਣਦੇ, ਰੇਤ ਦੀ ਸੇਜ ਨੂੰ ਭਾਗ ਲਾਉਂਦੇ ਜਾਂ ਬਾਹਾਂ ਵਿਚ ਬਾਹਾਂ ਪਾ ਕੇ ਅਲਬੇਲਤਾ ਤੇ ਫਕੀਰਾਨਾ ਆਵੇਸ਼ ਵਿਚ ਸੁਰਖ ਰੰਗਾਂ ਦਾ ਬਾਣਾ ਪਾਉਂਦੇ ਤਾਂ ਪਾਣੀਆਂ ਨੂੰ ਵੀ ਲਾਲੀ ਚੜ੍ਹਦੀ। ਬੀਚ ਦੇ ਪਿੰਡੇ ਨੂੰ ਸੂਖਮ ਅਹਿਸਾਸਾਂ ਦੀ ਛੂਹ ਪ੍ਰਾਪਤ ਹੁੰਦੀ। ਜੀਵਨ ਦੀ ਅਲਸਮਤਾ ਵਿਚ ਅੰਬਰ ਨੂੰ ਕਲਾਵੇ ਵਿਚ ਲੈਣਾ ਅਤੇ ਸਮੁੰਦਰ ਵਰਗੀ ਦਿਲਦਾਰੀ ਦਾ ਵਿਸਥਾਰ, ਜੀਵਨ ਸਾਥੀ ਦੇ ਨਾਮ ਕਰਨ ਦੇ ਅਹਿਦਨਾਮੇ ਦੀ ਗਵਾਹ ਵੀ ਬੀਚ ਹੀ ਹੁੰਦੀ।

ਅਕਸਰ ਹੀ ਅਜਿਹੀਆਂ ਬੀਚਾਂ 'ਤੇ ਰਿਟਾਇਰ ਹੋਏ ਜੋੜੇ ਜੀਵਨ ਦੇ ਆਖਰੀ ਪਹਿਰ ਨੂੰ ਨਿਹਾਰਦੇ। ਬੀਤੇ ਦੀਆਂ ਬਾਤਾਂ ਪਾਉਂਦੇ, ਬੀਚ 'ਤੇ ਜਦ ਨਿਸ਼ਾਨ ਖੁਣਦੇ ਤਾਂ ਬੀਚ ਨੂੰ ਵੀ ਇਨ੍ਹਾਂ ਨਾਲ ਮੋਹ ਹੋ ਜਾਂਦਾ। ਇਸ ਮੋਹ ਕਰਕੇ ਹੀ ਬੀਚ ਉਨ੍ਹਾਂ ਦੇ ਨਿੱਤਨੇਮ ਦਾ ਹਿੱਸਾ ਬਣੀ, ਉਨ੍ਹਾਂ ਨੂੰ ਸਾਝਰੇ ਹੀ ਉਡੀਕਦੀ ਅਤੇ ਸ਼ਾਮ ਨੂੰ ਵੀ ਸਾਥ ਮਾਣਨ ਲਈ ਉਤਾਵਲੀ ਹੁੰਦੀ। ਕਈ ਪੀਹੜੀਆਂ ਤੁਰ ਗਈਆਂ ਨੇ ਬੀਚ 'ਤੇ ਜੀਵਨ-ਤੋਰਾਂ ਦੀ ਪੈੜ ਉਕਰਦੀਆਂ, ਪਰ ਬੀਚ ਸਦਾ ਹੀ ਭਰ ਜਵਾਨ ਅਤੇ ਨਵੀਨ। ਦਰਅਸਲ ਬੀਚ ਨੂੰ ਪਿਆਰ ਕਰਨ ਵਾਲੇ ਇਸ ਦੀ ਸਫਾਈ ਅਤੇ ਰੂਹ ਨੂੰ ਅੰਦਰ ਵਸਾ ਕੇ ਇਸ ਦੀ ਪਰਿਕਰਮਾ ਕਰਦੇ ਨੇ।

ਬੀਚ 'ਤੇ ਫਿਰਦਿਆਂ, ਸਮੁੰਦਰ ਵਿਚ ਉਠ ਰਹੀਆਂ ਲਹਿਰਾਂ ਦੀ ਤੁਲਨਾ, ਅੰਦਰ ਉਠ ਰਹੀਆਂ ਤਰੰਗਾਂ ਨਾਲ ਤੁਲਨਾ ਕਰਨਾ, ਤੁਹਾਨੂੰ ਪਤਾ ਲੱਗੇਗਾ ਕਿ ਇਨ੍ਹਾਂ ਲਹਿਰਾਂ ਦਾ ਤੁਹਾਡੇ ਨਾਲ ਕਿੰਨਾ ਗੂੜ੍ਹਾ ਰਿਸ਼ਤਾ ਹੈ। ਸਮੁੰਦਰ ਸਵੇਰੇ ਫੈਲਦਾ। ਇਸ ਦੀਆਂ ਲਹਿਰਾਂ ਬਹੁਤ ਕੋਲ ਆ ਕੇ ਪੈਰਾਂ ਨੂੰ ਛੂਹੰਦੀਆਂ। ਲਹਿਰਾਂ ਦੀ ਸੰਗੀਤਕਤਾ ਵਿਚ ਸਾਹਾਂ ਨੂੰ ਸਕੂਨ, ਸੰਵੇਦਨਾ ਅਤੇ ਸੁਚੇਤਨਾ ਮਿਲਦੀ।

ਇਹ ਲਹਿਰਾਂ ਜਾਗਦੇ ਹੋਣ ਦਾ ਸਬੂਤ। ਇਨ੍ਹਾਂ ਵਿਚਲੀ ਊਰਜਾ, ਸਮੁੰਦਰ ਨੂੰ ਉਸ ਦੀ ਸਮਰੱਥਾ ਤੇ ਸ਼ਕਤੀ ਦਾ ਅਹਿਸਾਸ ਕਰਵਾਉਂਦੀ। ਲਹਿਰਾਂ, ਸੈਲਾਨੀਆਂ ਦੇ ਪੈਰਾਂ ਨੂੰ ਧੋਂਦੀਆਂ। ਖਾਰੇ ਪਾਣੀ ਦੀ ਟਕੋਰ ਕਰਦੀਆਂ ਅਤੇ ਪਿਛਾਂਹ ਨੂੰ ਪਰਤਦੀਆਂ। ਫਿਰ ਅਹੁਲਦੀਆਂ, ਬੀਚ 'ਤੇ ਤੁਰਦਿਆਂ ਨਾਲ ਨਾਲ ਗੱਲਾਂ ਕਰਦੀਆਂ ਅਤੇ ਹੁੰਗਾਰਾ ਸੁਣਨ ਲਈ ਵਾਰ ਵਾਰ ਪਰਤਦੀਆਂ। ਕੇਹਾ ਰਿਆਜ਼ ਤੇ ਰਿਦਮ ਹੈ ਇਨ੍ਹਾਂ ਲਹਿਰਾਂ ਵਿਚ ਕਿ ਇਹ ਕਦੇ ਨਹੀਂ ਥੱਕਦੀਆਂ ਤੇ ਅੱਕਦੀਆਂ, ਸਗੋਂ ਦਿਨ-ਰਾਤ ਹੀ ਮਸਤਾਉਂਦੀਆਂ ਤੇ ਪਾਣੀਆਂ ਦੇ ਗੀਤ ਗਾਉਂਦੀਆਂ।

ਇਹ ਲਹਿਰਾਂ ਹੀ ਹੁੰਦੀਆਂ, ਜੋ ਆਪਣੀ ਕੁੱਖ ਵਿਚ ਪਏ ਸਿੱਪੀਆਂ-ਘੋਗਿਆਂ ਨੂੰ ਸਮੁੰਦਰੀ ਤਲ 'ਤੇ ਲਿਆਉਂਦੀਆਂ, ਲੋਕ-ਮਨਾਂ ਨੂੰ ਲੁਭਾਉਂਦੀਆਂ ਅਤੇ ਇਨ੍ਹਾਂ ਨੂੰ ਚੁਗਣ ਲਈ ਉਕਸਾਉਂਦੀਆਂ।

ਯਾਦ ਰਹੇ ਕਿ ਸਮੁੰਦਰ ਕੁਝ ਵੀ ਲੁਕੋ ਕੇ ਨਹੀਂ ਰੱਖਦਾ, ਸਗੋਂ ਸਭ ਕੁਝ ਉਹ ਲੋਕਾਈ ਨੂੰ ਅਰਪਣ ਲਈ ਲਹਿਰਾਂ ਦੀ ਓਟ ਲੈਂਦਾ। ਮਨੁੱਖ ਰਾਹੀਂ ਫੈਲਾਏ ਜਾ ਰਹੇ ਕੂੜਾ-ਕਰਕਟ ਨੂੰ ਵੀ ਬਾਹਰ ਲਿਆਉਂਦਾ। ਸਮੁੰਦਰੀ ਜਹਾਜ਼ਾਂ, ਕਿਸ਼ਤੀਆਂ, ਬੇੜੀਆਂ ਨੂੰ ਪਿੰਡੇ ਦੀ ਅਸਵਾਰੀ ਰਾਹੀਂ ਮੰਜ਼ਿਲਾਂ 'ਤੇ ਪਹੁੰਚਾਉਂਦਾ। ਕਦੇ ਮੱਛੀਆਂ ਫੜਨ ਲਈ ਸ਼ੁਗਲ ਤੇ ਕਦੇ ਸਿਰਫ ਦਿਲਲਗੀ ਲਈ ਆਹਰ। ਇਨ੍ਹਾਂ ਲਹਿਰਾਂ 'ਤੇ ਤਰਦੀ ਹੈ ਰਵਾਨਗੀ, ਰੂਹ-ਰੇਜ਼ਤਾ ਅਤੇ ਰਸਭਾਵੀ ਬਿਰਤੀ; ਤਾਂ ਹੀ ਸੰਵੇਦਨਸ਼ੀਲ ਲੋਕ ਲਹਿਰਾਂ ਦੇ ਕੰਢੇ ਤੇ ਬਹਿ, ਲਹਿਰਾਂ ਨਾਲ ਸੰਵਾਦ ਰਚਾਉਂਦੇ, ਲਹਿਰਾਂ ਵਿਚੋਂ ਹੀ ਜ਼ਿੰਦਗੀ ਦੀਆਂ ਲਹਿਰਾਂ-ਬਹਿਰਾਂ ਸਿਰਜਣ ਲਈ ਯਤਨਸ਼ੀਲ ਹੁੰਦੇ। ਇਨ੍ਹਾਂ ਲਹਿਰਾਂ ਦੇ ਕੰਢਿਆਂ 'ਤੇ ਹੀ ਕਲਾ ਕਿਰਤਾਂ ਜਨਮਦੀਆਂ। ਵਿਚਾਰਾਂ ਨੂੰ ਪੁਖਤਗੀ ਤੇ ਅਖਰਕਾਰੀ ਨੂੰ ਭਾਗ ਲੱਗਦੇ। ਬੀਚ ਦੇ ਆਗੋਸ਼ ਵਿਚ ਗਿਆਨ ਗੋਸ਼ਟੀਆਂ ਜਨਮ ਲੈਂਦੀਆਂ। ਇਨ੍ਹਾਂ ਲਹਿਰਾਂ ਨੂੰ ਦੇਖ ਕੇ ਹੀ ਮਨ ਵਿਚ ਉਪਰ ਉਠਣ, ਨਿਰੰਤਰਤਾ ਅਤੇ ਲੈਆਤਮਿਕਤਾ ਨੂੰ ਜੀਵਨ ਦੇ ਨਾਮ ਕਰਨ ਦਾ ਖਿਆਲ ਪੈਦਾ ਹੁੰਦਾ।

ਲਹਿਰਾਂ ਨੂੰ ਦੇਖ ਕੇ ਹੀ ਸੁਪਨਸ਼ੀਲ ਲੋਕ ਸੁਪਨਗੋਈ ਕਰਦੇ। ਉਨ੍ਹਾਂ ਲਈ ਸੁਪਨ-ਸਿਰਜਣਾ ਤੋਂ ਸੁਪਨ-ਸੰਪੂਰਨਤਾ ਦਾ ਸਮੁੱਚਾ ਤਾਣਾ ਸਿਰਜਿਆ ਜਾਂਦਾ। ਫਿਰ ਉਹ ਨਵੇਂ ਨਰੋਏ ਹੋ ਕੇ ਨਵੇਂ ਸੁਪਨਿਆਂ ਦੀ ਪਛਾਣ ਬਣਦੇ। ਇਸ ਦੀ ਸੰਗਤਾ ਵਿਚੋਂ ਸੁਮੱਤ, ਸੁਲੱਗ ਅਤੇ ਸੁਹੱਪਣ ਨੂੰ ਸਮਰਪਿਤ ਹੋਣ ਵਾਲੇ ਹੀ ਜ਼ਿੰਦਗੀ ਦਾ ਸੁੱਚਮ ਤੇ ਉਚਮ ਹੁੰਦੇ।

ਕਦੇ ਚੰਨ ਚਾਨਣੀ ਵਿਚ ਸ਼ਾਂਤ ਸਮੁੰਦਰ ਨੂੰ ਨਿਹਾਰਨ ਲਈ ਬੀਚ 'ਤੇ ਨਿਕਲਣਾ। ਤੁਹਾਨੂੰ ਪਤਾ ਲੱਗੇਗਾ ਕਿ ਰਾਤ ਪੈਣ 'ਤੇ ਸਮੁੰਦਰ ਕੁਝ ਪਿਛਾਂਹ ਪਰਤਦਾ ਅਤੇ ਲਹਿਰਾਂ ਵੀ ਕੁਝ ਸ਼ਾਂਤ ਹੋ ਜਾਂਦੀਆਂ। ਇਨ੍ਹਾਂ ਪਾਣੀਆਂ ਵਿਚ ਟਹਿਲਦੇ ਹੋਏ ਚੰਦਰਮਾ ਨੂੰ ਤੱਕਣ ਲਈ ਚੰਨ ਵਰਗੇ ਲੋਕ ਬੀਚ 'ਤੇ ਨਿਕਲਦੇ। ਚੰਨ-ਚਿਹਰਿਆਂ ਨੂੰ ਤੱਕਦਿਆਂ ਹੀ, ਪਾਣੀ ਵਿਚ ਟਹਿਲਦਾ ਚੰਨ ਬਹੁਤ ਮਖਮੂਰ ਅਤੇ ਮਾਣਮੱਤਾ ਮਹਿਸੂਸਦਾ। ਉਸ ਨੂੰ ਚਾਅ ਚੜ੍ਹਦਾ ਅਤੇ ਇਸ ਚਾਅ ਵਿਚ ਸ਼ਾਮਲ ਹੁੰਦਾ ਸਮੁੰਦਰ, ਲਹਿਰਾਂ, ਬੀਚ, ਰਾਤ ਦੀ ਆਲਮੀ ਖਾਮੋਸ਼ੀ ਅਤੇ ਆਲੇ-ਦੁਆਲੇ ਦਾ ਸੁਖਨਮਈ ਤੇ ਸਹਿਜਮਈ ਵਰਤਾਰਾ। ਬਹੁਤ ਹੀ ਅਨੂਠਾ ਤੇ ਅਮੁੱਲਾ ਪਲ ਹੈ ਰਾਤ ਦੇ ਗਲਿਆਰੇ ਵਿਚ ਸਮੁੰਦਰ, ਬੀਚ, ਚੰਦਰਮਾ ਅਤੇ ਆਲੇ-ਦੁਆਲੇ ਦੀਆਂ ਰੌਸ਼ਨੀਆਂ ਦਾ ਪਾਣੀਆਂ ਵਿਚ ਝਿਲਮਿਲਾਉਣਾ। ਕੁਦਰਤੀ ਕਹਿਕਸ਼ਾਂ, ਅਮਿੱਟ ਯਾਦ ਬਣ ਕੇ ਮਨ ਦੇ ਚਿੱਤਰਪੱਟ 'ਤੇ ਉਕਰੀ ਜਾਂਦੀ।

ਸਮੁੰਦਰ ਤੇ ਚੰਨ ਦਾ ਵੈਸੇ ਵੀ ਗੂੜ੍ਹਾ ਰਿਸ਼ਤਾ। ਇਸ ਰਿਸ਼ਤਈ ਖਿੱਚ ਵਿਚੋਂ ਹੀ ਲਹਿਰਾਂ ਦਾ ਉਤਪੰਨ ਹੋਣਾ, ਰਾਗਤਾ ਨੂੰ ਅਰਥ ਦੇਣਾ ਵੀ ਸ਼ਾਮਲ। ਚਾਨਣੀ ਦੇ ਰਿਸ਼ਮਈ ਠੰਢਕ ਅਤੇ ਚਾਨਣ-ਰੰਗਤਾ ਨੂੰ ਮਾਣਨ ਦੀ ਬਿਰਤੀ ਜਦ ਮਨੁੱਖ ਵਿਚ ਪਨਪਦੀ ਤਾਂ ਪਾਕ ਮਨ ਵਿਚ ਗੂੰਜਦੀਆਂ ਨੇ ਸੰਦਲੀ ਸ਼ਹਿਨਾਈਆਂ। ਬਹਿਸ਼ਤੀ ਨਜ਼ਾਰਿਆਂ ਦੇ ਸਾਖਸ਼ਾਤ ਦਰਸ਼ਨ।

ਬੀਚ 'ਤੇ ਟਹਿਲਦਿਆਂ ਸਮੁੰਦਰ ਦੀਆਂ ਲਹਿਰਾਂ ਦੀ ਬੋਲਬਾਣੀ ਅਤੇ ਇਨ੍ਹਾਂ ਦੀ ਅਰਜੋਈ ਤੇ ਅਰਦਾਸ ਨੂੰ ਹੋਠਾਂ 'ਤੇ ਲਿਆ, ਸਮੁੱਚੀ ਫਿਜ਼ਾ ਵਿਚ ਪੈਦਾ ਕਰਨ ਲਈ ਉਚੇਚ ਜਰੂਰ ਕਰਨਾ, ਕਿਉਂਕਿ ਸਮੁੰਦਰ ਚਾਹੁੰਦਾ ਹੈ ਤੁਸੀਂ ਵੀ ਲਹਿਰਾਂ ਵਾਂਗ ਗੁਣਗੁਣਾਵੋ। ਇਸ ਵਾਂਗ ਹੀ ਬੇਸ਼ਕੀਮਤੀ ਖਜਾਨਿਆਂ ਦਾ ਭੰਡਾਰ ਬਣੋ ਅਤੇ ਮਨੁੱਖੀ ਸੋਚ ਨੂੰ ਦਿਓ ਡੂੰਘਾਈ ਤੇ ਵਿਸਥਾਰ।

ਸਮੁੰਦਰ ਦੀਆਂ ਲਹਿਰਾਂ ਕੋਲੋਂ ਸਿੱਖੋ ਕਿ ਕਿਵੇਂ ਦੂਸਰਿਆਂ ਨੂੰ ਖੁਸ਼ੀ ਵੰਡਣ ਲਈ ਖੁਦ ਨੂੰ ਪੈਰਾਂ ਵਿਚ ਘੁੰਗਰੂ ਪਾ ਕੇ ਨੱਚਣਾ ਪੈਂਦਾ। ਗਲੀਓ ਗਲੀ ਯਾਰ ਦੀ ਮੁਹੱਬਤ ਦਾ ਹੋਕਾ ਲਾਉਣਾ ਪੈਂਦਾ ਅਤੇ ਅਸੀਮਤ ਹੁੰਦਿਆਂ ਵੀ ਸੀਮਤ ਦਾਇਰਿਆਂ ਵਿਚ ਰਹਿਣ ਦਾ ਧਰਮ ਨਿਭਾਉਣਾ ਹੁੰਦਾ।

ਸਮੁੰਦਰ ਸ਼ਾਂਤ ਹੀ ਚੰਗੇ ਲੱਗਦੇ। ਜਦ ਖੌਰੂ ਪਾਉਂਦੇ ਤਾਂ ਇਹ ਤਬਾਹੀ ਦਾ ਸੂਚਕ। ਸਮੁੰਦਰ ਕਦੇ ਵੀ ਆਪਣੇ ਕਦਮ ਤਬਾਹੀ ਤੇ ਉਜਾੜੇ ਵੰਨੀਂ ਨਹੀਂ ਧਰਦਾ। ਇਹ ਤਾਂ ਮਨੁੱਖ ਦੀਆਂ ਕਮੀਨਗੀਆਂ, ਕੁਤਾਹੀਆਂ ਅਤੇ ਕੁਚਾਲਾਂ ਨੂੰ ਠੱਲ੍ਹ ਪਾਉਣ ਲਈ ਹੀ ਕਦੇ ਕਦਾਈ ਆਪੇ ਤੋਂ ਬਾਹਰ ਹੁੰਦਾ ਅਤੇ ਆਦਮ ਜਾਤ ਨੂੰ ਉਸ ਦੀ ਔਕਾਤ ਦਿਖਾਉਂਦਾ।




***ਬੀਚ ਨੂੰ ਹੀ ਸਰਫ ਹੈ ਪੈਰਾਂ ਹੇਠ ਵਿਛਣ ਦਾ। ਬੀਚ ਤਾਂ ਚਾਹੁੰਦੀ ਹੈ ਕਿ ਮਨੁੱਖ ਉਸ ਨਾਲ ਜੀਵਨੀ ਸਾਂਝ ਪਾਵੇ।...ਕੇਹਾ ਰਿਆਜ਼ ਤੇ ਰਿਦਮ ਹੈ ਇਨ੍ਹਾਂ ਲਹਿਰਾਂ ਵਿਚ ਕਿ ਇਹ ਕਦੇ ਨਹੀਂ ਥੱਕਦੀਆਂ ਤੇ ਅੱਕਦੀਆਂ, ਸਗੋਂ ਦਿਨ-ਰਾਤ ਹੀ ਮਸਤਾਉਂਦੀਆਂ ਅਤੇ ਪਾਣੀਆਂ ਦੇ ਗੀਤ ਗਾਉਂਦੀਆਂ। ਇਹ ਲਹਿਰਾਂ ਹੀ ਹੁੰਦੀਆਂ, ਜੋ ਆਪਣੀ ਕੁੱਖ ਵਿਚ ਪਏ ਸਿੱਪੀਆਂ-ਘੋਗਿਆਂ ਨੂੰ ਸਮੁੰਦਰੀ ਤਲ 'ਤੇ ਲਿਆਉਂਦੀਆਂ, ਲੋਕ-ਮਨਾਂ ਨੂੰ ਲੁਭਾਉਂਦੀਆਂ ਅਤੇ ਇਨ੍ਹਾਂ ਨੂੰ ਚੁਗਣ ਲਈ ਉਕਸਾਉਂਦੀਆਂ।***

ਇਨ੍ਹਾਂ ਬੀਚਾਂ ਅਤੇ ਪਾਣੀਆਂ ਦੀ ਸੁੱਚਮਤਾ ਅਤੇ ਪਾਕੀਜ਼ਗੀ ਨੂੰ ਗੰਧਲਾ ਕਰਨ ਤੇ ਕੁਦਰਤੀ ਕਿਰਿਆਵਾਂ ਵਿਚ ਖਲਲ ਪਾਉਣ ਵਾਲਾ ਮਨੁੱਖ ਹੀ ਸਮੁੰਦਰੀ ਕਹਿਰ ਲਈ ਜ਼ਿੰਮੇਵਾਰ; ਤਾਂ ਹੀ ਕਦੇ ਕਦਾਈਂ ਸਮੁੰਦਰੀ ਲਹਿਰਾਂ, ਇਸ ਦੀ ਸਰਜਮੀਂ 'ਤੇ ਉਸਰੇ ਪੱਥਰਾਂ ਦੇ ਜੰਗਲਾਂ ਨੂੰ ਤਹਿਸ਼-ਨਹਿਸ਼ ਕਰ, ਆਪਣੀ ਸਰਦਾਰੀ ਦੀ ਬਰਕਰਾਰੀ ਲਈ ਬਜ਼ਿਦ ਹੁੰਦਾ। ਇਸ ਨੂੰ ਬੇਆਰਾਮ ਨਾ ਕਰੋ। ਬੀਚਾਂ ਅਤੇ ਲਹਿਰਾਂ ਨਾਲ ਪਿਆਰ ਕਰੋ। ਇਹ ਤੁਹਾਡੀਆਂ ਬਲਾਵਾਂ ਆਪਣੇ ਸਿਰ ਲੈਂਦਾ, ਤੁਹਾਡੇ ਜੀਵਨ ਨੂੰ ਅਸੀਮ ਸੁਗਾਤਾਂ, ਸੁਹਜਾਂ ਅਤੇ ਸੁੰਦਰਤਾਵਾਂ ਨਾਲ ਜਰੂਰ ਭਰੇਗਾ।

ਸਮੁੰਦਰੀ ਲਹਿਰਾਂ ਸੰਗ ਯਾਰੀਆਂ ਲਾਉਣ ਵਾਲੇ ਅਤੇ ਇਨ੍ਹਾਂ ਦੀ ਹਿੱਕ 'ਤੇ ਆਪਣੇ ਹਸਤਾਖਰ ਉਕਰਨ ਵਾਲੇ ਕਦੇ ਵੀ ਜੀਵਨ ਦੁਸ਼ਵਾਰੀਆਂ ਤੋਂ ਹਾਰ ਨਹੀਂ ਮੰਨਦੇ।

ਸਮੁੰਦਰ ਦੇ ਰੰਗਾਂ ਵਿਚ ਘੁੱਲੇ ਹੋਏ ਬਹੁਤ ਸਾਰੇ ਸੁਪਨੇ ਮਸਤਕ 'ਤੇ ਦਸਤਕ ਦਿੰਦੇ, ਜੋ ਜਿਊਣਾ ਸਿਖਾਉਂਦੇ ਅਤੇ ਰੰਗਾਂ ਵਿਚ ਰੰਗੇ ਹੋਣ ਦਾ ਭੇਤ ਸਮਝਾਉਂਦੇ।

ਸਮੁੰਦਰੀ ਲਹਿਰਾਂ ਭੱਜੀਆਂ ਆਉਂਦੀਆਂ, ਗਲਵੱਕੜੀਆਂ ਪਾਉਂਦੀਆਂ। ਇਕ ਦੂਜੇ ਵਿਚ ਸਮਾਉਂਦੀਆਂ ਅਤੇ ਮਨੁੱਖੀ ਸੋਚ ਵਿਚ ਘੁਲ-ਮਿਲ ਕੇ ਇਕ ਦੂਜੇ ਵਿਚ ਜਜ਼ਬ ਹੋਣ ਦੀ ਗੁਰਦੱਖਣਾ ਦੇ ਜਾਂਦੀਆਂ।

ਉਠ ਸੱਜਣਾ! ਚੱਲ ਬੀਚ 'ਤੇ ਚੱਲੀਏ
ਤੇ ਰੇਤੇ ਨੂੰ ਸਹਿਲਾਈਏ,
ਲਹਿਰਾਂ ਦੇ ਸੰਗ ਲਹਿਰ ਬਣ ਕੇ
ਰੰਗ ਦਾ ਨਗਮਾ ਗਾਈਏ।
ਵੇ ਸੱਜਣਾ! ਇਨ੍ਹਾਂ ਛੱਲਾਂ ਵਿਚੋਂ
ਚੜ੍ਹਦਾ ਸੂਰਜ ਤੱਕੀਏ,
ਸੁੱਚੀ ਸਰਘੀ ਦਾ ਸੂਹਾ-ਕਸੋਰਾ
ਸੁੱਚੇ ਮੂੰਹੀਂ ਚੱਖੀਏ।
ਚੱਲ ਬੀਬਾ! ਤੈਨੂੰ ਸਮੁੰਦਰ ਪਿੰਡੇ
ਟਹਿਲਦਾ ਚੰਨ ਦਿਖਾਵਾਂ,
ਲੰਮੀ ਉਮਰ ਦੀਆਂ ਮੰਨਤਾਂ ਮੰਗ ਕੇ
ਚੰਨ ਨੂੰ ਅਰਘ ਚੜ੍ਹਾਵਾਂ।
ਨੈਣੀਂ ਛਲਕਦਾ ਸੋਗ ਸਮੁੰਦਰ
ਲਹਿਰਾਂ ਨਾਂਵੇਂ ਕਰੀਏ,
ਤੇ ਦੀਦਿਆਂ ਦੀ ਪਾਕ ਬਰੂਹੀਂ
ਸੂਹੇ ਸੁਪਨੇ ਧਰੀਏ।
ਕੰਢੇ 'ਤੇ ਨਾ ਬਹਿ ਵੇ ਅੜਿਆ
ਪਾਣੀ 'ਚ ਡੁੱਬਕੀ ਲਾਈਏ,
ਇਕ ਦੂਜੇ ਦੇ ਅੰਦਰ ਉਤਰ ਕੇ
ਦਰਸ਼ ਅਲਾਹੀ ਪਾਈਏ।

ਬੀਚ ਦੇ ਖੁਣੇ ਹੋਏ ਪੈਰਾਂ ਦੇ ਨਿਸ਼ਾਨ ਵਾਂਗਰਾਂ ਆਪਣੀ ਨੇਕ-ਨੀਅਤੀ, ਬੰਦਿਆਈ ਅਤੇ ਭਲਿਆਈ ਦੀਆਂ ਪੈੜਾਂ ਮਾਨਵਤਾ ਦੇ ਵਿਹੜੇ ਵਿਚ ਸਿਰਜਦੇ ਰਹੋਗੇ ਤਾਂ ਤੁਹਾਡੇ ਜਾਣ ਤੋਂ ਬਾਅਦ ਵੀ ਤੁਹਾਡੀਆਂ ਪੈੜਾਂ, ਲੋਕ-ਚੇਤਿਆਂ ਵਿਚ ਵੱਸੀਆਂ ਰਹਿਣਗੀਆਂ।

ਬੀਚ ਤੇ ਮਸਤੀ ਵਿਚ ਸ਼ਾਮਲ ਹੁੰਦੇ ਨੇ ਪਾਮ ਦੇ ਉਚੇ ਤੇ ਸੁੰਦਰ ਦਰੱਖਤ, ਰੇਤ ਦੀ ਸਰਸਰਾਹਟ, ਸਮੁੰਦਰੀ ਤਲ ਨੂੰ ਖਹਿ ਕੇ ਲੰਘਦੀ ਹਵਾ, ਫਿਜ਼ਾ ਦਾ ਲੂਣਾਪਣ, ਧੁੱਪ ਦਾ ਜਿਸਮ ਨੂੰ ਗਰਮਾਉਣਾ, ਚੌਗਿਰਦੇ ਦੀ ਅਲਹਾਮੀ ਖਾਮੋਸ਼ੀ ਅਤੇ ਸੱਜਣਾਂ ਦਾ ਨਿੱਘਾ ਸਾਥ।

ਬੀਚ 'ਤੇ ਪਾਣੀ 'ਚ ਤੁਰਦਿਆਂ ਮਨ 'ਚ ਸੋਚਦਾ ਰਿਹਾ ਕਿ ਕਿੰਨੀ ਨਜ਼ਾਕਤ ਨਾਲ ਸਮੁੰਦਰੀ ਲਹਿਰਾਂ ਪੈਰਾਂ ਨੂੰ ਚੁੰਮਦੀਆਂ ਨੇ। ਤੁਸੀਂ ਕਿਵੇ ਚਿਤਵ ਸਕਦੇ ਹੋ ਕਿ ਕਦੇ ਇਨ੍ਹਾਂ ਲਹਿਰਾਂ ਨੇ ਹੀ ਕਿਸ਼ਤੀਆਂ ਨੂੰ ਡੁਬੋਇਆ ਹੋਵੇਗਾ? ਸ਼ਾਇਦ ਕਿਸ਼ਤੀ ਦਾ ਕੋਈ ਕਸੂਰ ਹੋਵੇਗਾ?

ਜਵਾਨੀ ਵੇਲੇ ਸਮੁੰਦਰ ਦੇ ਤਨ 'ਤੇ ਲਿਖੇ ਹੋਏ ਅਫਸਾਨੇ ਨੂੰ ਦੁਬਾਰਾ ਪੜ੍ਹਨ ਲਈ ਹੀ ਅਸੀਂ ਉਮਰ ਦੀ ਹਰ ਰੁੱਤ ਵਿਚ ਸਮੁੰਦਰ ਵੰਨੀਂ ਪਰਤਦੇ

***(ਬਾਕੀ ਅਗਲੇ ਸਫੇ 'ਤੇ)***

## ਭਖਦੇ ਮਸਲੇ

# ਸਵਾਰਥੀ ਰਿਸ਼ਤੇ

ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਉਪਰ ਕੈਨੇਡਾ ਵਿਚ ਪੜ੍ਹਨ ਆਈਆਂ ਕੁੜੀਆਂ ਬਾਰੇ ਮਾਮਲਾ ਭਖਿਆ ਪਿਆ ਹੈ ਕਿ ਕੁੜੀਆਂ ਵਿਆਹ ਕਰਵਾ ਕੇ ਮੁੰਡੇ ਵਾਲਿਆਂ ਦੇ ਪੈਸੇ ਲਵਾ ਕੇ ਕੈਨੇਡਾ ਆ ਕੇ ਮੁੱਕਰ ਜਾਂਦੀਆਂ ਹਨ। ਇਹ ਮਾਮਲਾ ਉਦੋਂ ਜ਼ਿਆਦਾ ਗਰਮਾਇਆ, ਜਦੋਂ ਲਵਪ੍ਰੀਤ ਸਿੰਘ ਨਾਮ ਦੇ ਮੁੰਡੇ ਨੇ ਖੁਦਕਸ਼ੀ ਕਰ ਲਈ। ਜਦੋਂ ਦਾ ਲਵਪ੍ਰੀਤ ਵਾਲਾ ਮਾਮਲਾ ਸਾਹਮਣੇ ਆਇਆ, ਉਦੋਂ ਦੇ ਬਹੁਤ ਸਾਰੇ ਕੇਸ ਨਿਕਲ ਕੇ ਸਾਹਮਣੇ ਆ ਰਹੇ ਹਨ, ਪਰ ਸੋਸ਼ਲ ਮੀਡੀਆ ਅਤੇ ਵੈਬ ਚੈਨਲਾਂ ਵਾਲਿਆਂ ਨੇ ਵਿਦੇਸ਼ਾਂ ਵਿਚ ਪੜ੍ਹਨ ਆਈਆਂ ਸਾਰੀਆਂ ਕੁੜੀਆਂ ਨੂੰ ਹੀ ਖਲਨਾਇਕ ਬਣਾ ਦਿੱਤਾ ਹੈ। ਜ਼ਿਆਦਾਤਰ ਲੋਕ ਥਾਲੀ ਦੇ ਬੈਂਗਣ ਵਰਗੇ ਹਨ, ਜਿਧਰ ਨੂੰ ਜ਼ਿਆਦਾ ਲੋਕ ਹੋ ਜਾਣ, ਉਸ ਪਾਸੇ ਨੂੰ ਹੀ ਹੋ ਜਾਂਦੇ ਹਨ, ਉਨ੍ਹਾਂ ਦਾ ਆਪਣਾ ਕੋਈ ਵਿਚਾਰ ਨਹੀਂ ਹੁੰਦਾ। ਇਸ ਮਸਲੇ ਵਿਚ ਮੇਰਾ ਵਿਚਾਰ ਕੁਝ ਹੋਰ ਹੈ, ਹੋ ਸਕਦਾ ਬਹੁਤੇ ਲੋਕ ਇਸ ਨਾਲ ਸਹਿਮਤ ਨਾ ਵੀ ਹੋਣ।

ਅਜਿਹੇ ਕੇਸ ਅੱਜ ਹੀ ਸਾਹਮਣੇ ਕਿਉਂ ਆ ਰਹੇ ਹਨ? ਕਿਉਂਕਿ ਇਥੇ ਕਟਹਿਰੇ ਵਿਚ ਕੁੜੀਆਂ ਹਨ! ਸਾਰੀ ਜਨਤਾ ਇਨ੍ਹਾਂ ਮਗਰ ਹੱਥ ਧੋ ਕੇ ਪੈ

ਦਲਜੀਤ ਸਿੰਘ ਇੰਡੀਆਨਾ

ਗਈ, ਪਰ ਅੱਜ ਤਕ ਪੰਜਾਬ ਦੀਆਂ ਕੁੜੀਆਂ ਦਾ ਸ਼ੋਸ਼ਣ ਵਿਦੇਸ਼ੀ ਲਾੜਿਆਂ ਨੇ ਰੱਜ ਕੇ ਕੀਤਾ ਹੈ, ਕਿਉਂਕਿ ਅੱਜ ਤੋਂ ਦਸ ਕੁ ਸਾਲ ਪਹਿਲਾਂ ਸੋਸ਼ਲ ਮੀਡੀਆ ਬਹੁਤਾ ਸਰਗਰਮ ਨਹੀਂ ਸੀ ਤੇ ਇਨ੍ਹਾਂ ਕੁੜੀਆਂ ਦੀ ਕਿਤੇ ਸੁਣਵਾਈ ਨਹੀਂ ਹੋਈ। ਜੇ ਕਿਸੇ ਸੰਸਥਾ ਨੇ ਇਹ ਦਾਅਵਾ ਕੀਤਾ ਕਿ ਅਸੀਂ ਇਨ੍ਹਾਂ ਪੀੜਤ ਕੁੜੀਆਂ ਦੀ ਮਦਦ ਕਰਾਂਗੇ, ਉਥੇ ਵੀ ਇਨ੍ਹਾਂ ਕੁੜੀਆਂ ਦਾ ਰੱਜ ਕੇ ਸ਼ੋਸ਼ਣ ਕੀਤਾ ਗਿਆ। ਪੜ੍ਹਾਈ ਵਾਲੇ ਵੀਜ਼ਿਆਂ ਤੋਂ ਪਹਿਲਾਂ ਵਿਦੇਸ਼ਾਂ ਵਿਚ ਪੱਕੇ ਲੋਕ ਖਾਸ ਕਰਕੇ ਅਮਰੀਕਾ/ਕੈਨੇਡਾ ਦੇ ਪਰਿਵਾਰ ਆਪਣੇ ਮੁੰਡਿਆਂ ਨੂੰ ਵਿਆਹ ਵਾਸਤੇ ਪੰਜਾਬ ਲੈ ਕੇ ਜਾਂਦੇ ਸਨ ਅਤੇ ਉਥੇ ਕੁੜੀਆਂ ਦੀ ਮੰਡੀ ਵਾਂਗੂ ਲਾਈਨ ਲਵਾ ਲੈਂਦੇ ਸਨ। ਇਹ ਨਹੀਂ ਪਸੰਦ, ਉਹ ਨਹੀਂ ਪਸੰਦ; ਕੁੜੀ ਨਰਸ ਹੋਵੇ, ਫਿਰ ਵੀ ਅਸੀਂ ਇੰਨੇ ਲੱਖ ਲੈਣੇ ਨੇ। ਕੁੜੀ ਦੇ ਮਾਪਿਆਂ ਨੂੰ ਹੁੰਦਾ ਸੀ, ਚਲੋ ਸਾਡੀ ਕੁੜੀ ਦੀ ਜ਼ਿੰਦਗੀ ਬਣ ਜਾਊ ਤੇ ਪਰਿਵਾਰ ਦੀ ਵੀ। ਕੁੜੀ ਵਾਲਿਆਂ ਨੇ ਜ਼ਮੀਨ ਵੇਚ ਕੇ ਕਰਜਾ ਚੁੱਕ ਮੁੰਡੇ ਵਾਲਿਆਂ ਦਾ ਘਰ ਭਰ ਦੇਣਾ। ਇਥੇ ਵੀ ਸਵਾਰਥ ਸੀ ਤੇ ਉਹ ਰਿਸ਼ਤੇ ਵੀ ਜ਼ਿਆਦਾ ਕਾਮਯਾਬ ਨਹੀ ਹੋਏ।

ਅਮਰੀਕਾ ਵਿਚ ਬਹੁਤੇ ਲੋਕ ਕੱਚੇ ਹੀ ਨੇਪਾਲ ਰਾਹੀਂ ਪੰਜਾਬ ਜਾ ਕੇ ਇਹ ਆਖ ਕੇ ਵਿਆਹ ਕਰਵਾ ਲੈਂਦੇ ਸਨ ਕਿ ਮੁੰਡਾ ਬਾਹਰੋਂ ਆਇਆ। ਰੱਜ ਕੇ ਦਾਜ ਲੈਣਾ ਅਤੇ ਕੁੜੀ ਨਾਲ ਸੁਹਾਗ ਰਾਤ ਅਤੇ ਹਨੀਮੂਨ ਮਨਾ ਕੇ ਜਹਾਜ਼ ਚੜ੍ਹ ਆਉਣਾ। ਅਜਿਹੀਆਂ ਹਜਾਰਾਂ ਹੀ ਪੀੜਤ ਕੁੜੀਆਂ ਪੰਜਾਬ ਵਿਚ ਬੈਠੀਆਂ ਨੇ, ਜਿਹੜੀਆਂ ਅਜੇ ਵੀ ਆਪਣੇ ਘਰ ਵਾਲੇ ਦੀ ਉਡੀਕ ਵਿਚ ਹਨ। ਨਾ ਉਹ ਸਹੁਰਿਆਂ ਦੀਆਂ ਰਹੀਆਂ, ਨਾ ਉਹ ਪੇਕਿਆਂ ਦੀਆਂ।

ਕੈਨੇਡਾ ਦੇ ਪਰਿਵਾਰ ਇੰਡੀਆ ਜਾ ਕੇ ਆਪਣੇ ਬੱਚਿਆਂ ਦੀ ਬੋਲੀ ਜ਼ਿਆਦਾ ਲਾਉਂਦੇ ਸਨ, ਕਿਉਂਕਿ ਇੰਡੀਆ ਦੇ ਲੋਕ ਵੀ ਅਮਰੀਕਾ ਵਾਲੇ ਨੂੰ ਰਿਸ਼ਤਾ ਨਹੀਂ ਸਨ ਕਰਦੇ। ਕੈਨੇਡਾ ਵਾਲੇ ਨੂੰ ਹੀ ਕਰਦੇ ਸੀ, ਕਿਉਂਕਿ ਕੈਨੇਡਾ ਸਾਰਾ ਪਰਿਵਾਰ ਮਗਰ ਆਉਂਦਾ ਸੀ। ਜਦੋਂ ਕੁੜੀਆਂ ਜਾਂ ਮੁੰਡੇ ਏਅਰਪੋਰਟ ਤੋਂ ਹੀ ਭੱਜਣ ਲੱਗੇ ਤਾਂ ਫਿਰ ਵਿਦੇਸ਼ੀ ਬੱਚਿਆਂ ਨੇ ਤੋਬਾ ਕੀਤੀ, ਅਸੀਂ ਨਹੀਂ ਵਿਆਹ ਕਰਵਾਉਣਾ ਇੰਡੀਆ ਜਾ ਕੇ। ਜਿਥੇ ਕੁੜੀਆਂ ਭੱਜੀਆਂ, ਉਥੇ ਮੁੰਡੇ ਵੀ ਬਹੁਤ ਭੱਜੇ। ਮੇਰੇ ਕੋਲ ਅਜਿਹੇ ਕਈ ਕੇਸਾਂ ਦੀਆਂ ਮਿਸਾਲਾਂ ਹਨ, ਜੋ ਮੁੰਡੇ ਪੱਕੇ ਹੋਣ ਸਾਰ ਭੱਜ ਗਏ, ਮੁੜ ਕੇ ਲੱਭੇ ਨਹੀਂ।

ਫਿਰ ਇਹ ਸਟੂਡੈਂਟ ਵੀਜ਼ੇ ਵਾਲਾ ਕੰਮ ਚੱਲ ਪਿਆ, ਪਹਿਲਾਂ ਇਹ ਆਸਟਰੇਲੀਆ ਦਾ ਖੁੱਲ੍ਹਾ ਸੀ, ਉਥੇ ਬਹੁਤ ਘੱਟ ਅਜਿਹੇ ਕੇਸ ਸਾਹਮਣੇ ਆਏ, ਕਿਉਂਕਿ ਉਥੇ ਗ੍ਰੈਜੂਏਸ਼ਨ ਕਰਕੇ ਹੀ ਮੁੰਡੇ-ਕੁੜੀਆਂ ਜਾਂਦੇ ਸਨ, ਜੋ ਥੋੜ੍ਹੀ ਵੱਡੀ ਉਮਰ ਦੇ ਹੋਣ ਕਰਕੇ ਥੋੜ੍ਹੇ ਸੁਘੜ ਸਿਆਣੇ ਸਨ। ਇੱਕਾ-ਦੁੱਕਾ ਕੇਸਾਂ ਨੂੰ ਛੱਡ ਕੇ ਬਹੁਤ ਘੱਟ ਕੇਸ ਆਏ, ਜਿਥੇ ਕੋਈ ਸਮੱਸਿਆ ਹੋਵੇ।

ਫਿਰ ਇਹ ਕੈਨੇਡਾ ਨੇ ਸਟੂਡੈਂਟ ਵੀਜ਼ੇ ਖੋਲ੍ਹ ਦਿੱਤੇ। ਪਹਿਲਾਂ ਇਥੇ ਵੀ ਜ਼ਿਆਦਾ ਗ੍ਰੈਜੂਏਸ਼ਨ ਵਾਲੇ ਹੀ ਆਉਂਦੇ ਸਨ, ਜਿਹੜੇ ਥੋੜ੍ਹਾ ਜ਼ਿਆਦਾ ਪੜ੍ਹੇ-ਲਿਖੇ ਅਤੇ ਜ਼ਿਆਦਾ ਉਮਰ ਦੇ ਹੋਣ ਕਰਕੇ ਸਿਆਣੇ ਸਨ। ਜਦੋਂ ਦਾ ਇਹ ਪਲੱਸ ਟੂ ਕਰਕੇ ਕੈਨੇਡਾ ਆਉਣ ਦਾ ਹੜ੍ਹ ਹੀ ਆ ਗਿਆ, ਹਰ ਇਕ ਬੱਚੇ ਦੀ ਤਮੰਨਾ ਹੁੰਦੀ ਹੈ ਕਿ ਉਹ ਆਪਣਾ ਸੁਨਹਿਰੀ ਭਵਿੱਖ ਚੁਣੇ। ਅਜਿਹੇ ਵਿਚ ਬਹੁਤ ਸਾਰੇ ਮੁੰਡੇ-ਕੁੜੀਆਂ ਆਈਲੈਟਸ ਕਰਕੇ ਕੈਨੇਡਾ ਆਉਣ ਲੱਗੇ। ਮੁੰਡੇ ਵੀ ਆਉਂਦੇ ਹਨ, ਉਹ ਆਈਲੈਟਸ ਕਰਕੇ ਘਰ ਦਿਆਂ ਦੇ ਪੈਸੇ ਲਵਾ ਕੇ ਆਪਣੇ ਬਲਬੂਤੇ 'ਤੇ ਆ ਜਾਂਦੇ ਹਨ ਅਤੇ ਬਹੁਤੇ ਮੁੰਡੇ ਸਰਦੇ-ਪੁਜਦੇ ਘਰਾਂ ਦੇ ਹਨ।

ਜੇ ਮੁੰਡੇ ਕੈਨੇਡਾ ਆਉਣਾ ਚਾਹੁੰਦੇ ਹਨ ਤੇ ਕੁੜੀਆਂ ਦਾ ਵੀ ਦਿਲ ਕਰਦਾ! ਪਹਿਲੀ ਗੱਲ ਤਾਂ ਜ਼ਿਆਦਾਤਰ ਘਰ ਵਾਲੇ ਕੁੜੀਆਂ ਨੂੰ ਥੋੜ੍ਹਾ ਪੜ੍ਹਾ ਕੇ ਵਿਆਹ ਕੇ ਤੋਰਨ ਵਿਚ ਵਿਸ਼ਵਾਸ ਰੱਖਦੇ ਹਨ, ਕਿਉਂਕਿ ਬਹੁਤੇ ਮਾਪੇ ਕੁੜੀਆਂ ਨੂੰ ਆਪਣੇ 'ਤੇ ਬੋਝ ਸਮਝਦੇ ਹਨ। ਉਹ ਬੱਸ ਵਿਆਹ ਕੇ ਗਲੋਂ ਲਾਹੁਣ ਨੂੰ ਕਾਹਲੇ ਹੁੰਦੇ ਨੇ। ਖਾਸ ਕਰਕੇ ਮੱਧ ਵਰਗੀ ਅਤੇ ਗਰੀਬ ਪਰਿਵਾਰ ਇੰਨੇ ਜੋਗੇ ਨਹੀਂ ਹੁੰਦੇ ਕਿ ਉਹ ਆਪਣੀ ਕੁੜੀ ਨੂੰ ਆਈਲੈਟਸ ਕਰਵਾ ਕੇ ਵਿਦੇਸ਼ ਭੇਜ ਸਕਣ। ਇਸ ਦੌਰਾਨ ਕੁੜੀ ਜ਼ਿਦ ਕਰਦੀ ਹੈ ਕਿ ਮੈਂ ਪੜ੍ਹਨਾ ਹੈ ਤੇ ਵਿਦੇਸ਼ ਜਾਣਾ ਹੈ, ਕਿਉਂਕਿ ਕੁੜੀ ਨੂੰ ਪਤਾ ਹੁੰਦਾ ਹੈ, ਇੱਥੇ ਤਾਂ ਵਿਆਹ ਕਰਵਾ ਕੇ ਜ਼ਿੰਦਗੀ ਕਰੀਬ ਰੁਕ ਹੀ ਜਾਣੀ ਹੈ। ਇਸ ਕਰਕੇ ਹੁਸ਼ਿਆਰ ਕੁੜੀਆਂ ਔਖੀਆਂ ਸੌਖੀਆਂ ਆਈਲੈਟਸ ਕਰ ਲੈਂਦੀਆਂ ਹਨ। ਫਿਰ ਹੁੰਦਾ ਕਿ ਕੋਈ ਬਾਹਰ ਜਾਣ ਦਾ ਖਰਚਾ ਕਰਨ ਵਾਲਾ ਹੋਵੇ! ਫਿਰ ਅਜਿਹੇ ਮੁੰਡੇ ਮਿਲ ਜਾਂਦੇ ਹਨ, ਜੋ ਆਪ ਤਾਂ ਆਪਣੇ ਬਲਬੂਤੇ 'ਤੇ ਕੁਝ ਕਰਨ ਜੋਗੇ ਨਹੀਂ ਹੁੰਦੇ, ਪਰ ਪੈਸੇ ਦੇ ਜੋਰ 'ਤੇ ਕੁੜੀ ਨੂੰ ਖਰੀਦ ਕੇ ਉਸ ਜ਼ਰੀਏ ਕੈਨੇਡਾ ਜਾਣ ਦੇ ਸੁਪਨੇ ਦੇਖਦੇ ਹਨ। ਕੁੜੀ ਵੀ ਆਪਣੇ ਭਵਿੱਖ ਅੱਗੇ ਹਰ ਉਹ ਮੁੰਡਾ ਪ੍ਰਵਾਨ ਕਰ ਲੈਂਦੀ ਹੈ, ਜੋ ਦਿਲੋਂ ਭਾਵੇਂ ਉਸ ਨੂੰ ਪਸੰਦ ਹੀ ਹੀ ਨਾ ਹੋਵੇ। ਅਜਿਹੇ ਰਿਸ਼ਤਿਆਂ ਵਿਚ ਕੋਈ ਬਹੁਤੀ ਖਿਚ ਨਹੀਂ ਹੁੰਦੀ, ਕਿਉਂਕਿ ਇਸ ਪਿੱਛੇ ਦੋਹਾਂ ਧਿਰਾਂ ਦਾ ਸਵਾਰਥ ਹੁੰਦਾ ਹੈ। ਅਜਿਹੇ ਮੁੰਡੇ ਵੀ ਬਹੁਤ ਦੇਖੇ ਨੇ, ਜੋ ਕੈਨੇਡਾ ਪਹੁੰਚ ਕੇ ਜਿਹੜੀ ਉਹਨੂੰ ਇੰਡੀਆ ਤੋਂ ਲੈ ਕੇ ਆਈ ਹੈ, ਉਹਨੂੰ ਲੱਤ ਮਾਰ ਕੇ ਭੱਜ ਜਾਂਦੇ ਹਨ। ਉਨ੍ਹਾਂ ਦੀ ਗੱਲ ਕੋਈ ਨਹੀਂ ਕਰਦਾ।

ਹੁਣ ਰੌਲਾ ਪੈਂਦਾ ਕਿ ਫਲਾਣੀ ਕੁੜੀ ਠੱਗੀ ਮਾਰ ਗਈ, ਫਲਾਣੀ ਨੇ ਬੁਲਾਇਆ ਨਹੀਂ। ਇਸ ਦੇ ਵੀ ਕਈ ਕਾਰਨ ਹਨ। ਜਿਹੜਾ ਮੁੰਡਾ ਆਈਲੈਟਸ ਕਰਕੇ ਪਹੁੰਚਦਾ, ਉਹਨੂੰ ਘਰ ਦੇ ਕਹਿੰਦੇ ਨੇ, ਪੁੱਤ ਪੜ੍ਹਾਈ ਕਰ, ਹੋਰ ਪੈਸਿਆਂ ਦੀ ਲੋੜ ਹੋਈ ਤਾਂ ਦੱਸੀਂ; ਪਰ ਜੇ ਕੁੜੀ ਵਿਆਹ ਕਰਵਾ ਕੇ ਕੈਨੇਡਾ ਆ ਜਾਵੇ, ਉਸ ਵੱਲ ਦੋ ਘਰ ਦੇਖਦੇ ਨੇ-ਪੇਕੇ ਵੀ ਤੇ ਸਹੁਰੇ ਵੀ। ਇੰਡੀਆ ਬੈਠੇ ਉਨ੍ਹਾਂ ਨੂੰ ਇਹ ਲੱਗਦਾ ਹੁੰਦਾ ਕਿ ਕੈਨੇਡਾ ਜਾ ਕੇ ਦਰਖਤ ਲੱਗੇ ਨੇ ਡਾਲਰਾਂ ਦੇ, ਬੱਸ ਜਾਣ ਸਾਰ ਤੋੜਨ ਲੱਗ ਜਾਣੇ ਨੇ। ਪਹੁੰਚਣ ਸਾਰ ਘਰ ਵਾਲੇ ਦੀ ਪਹਿਲੀ ਮੰਗ ਹੁੰਦੀ ਹੈ, ਆਈ ਫੋਨ ਦੀ। ਉਹਨੂੰ ਇੰਡੀਆ ਬੈਠੇ ਨੂੰ ਇਹ ਨਹੀਂ ਪਤਾ ਕਿ ਇਥੇ ਫੋਨ ਕਿਸ਼ਤਾਂ 'ਤੇ ਮਿਲਦੇ ਨੇ, ਜਿਹਦਾ ਬਿਲ ਭਰਨਾ ਹੁੰਦਾ ਹੈ ਮਹੀਨੇ ਬਾਅਦ। ਕੁੜੀ ਜਦੋਂ ਕੈਨੇਡਾ ਆਉਂਦੀ ਹੈ ਤਾਂ ਉਸ ਮੂਹਰੇ ਅਨੇਕਾਂ ਸਮੱਸਿਆ ਹੁੰਦੀਆਂ ਨੇ, ਭਾਵੇਂ ਉਹਨੇ ਆਈਲੈਟਸ ਕੀਤੀ ਹੁੰਦੀ ਹੈ। ਸਭ ਤੋਂ ਪਹਿਲੀ ਸਮੱਸਿਆ ਬੋਲੀ ਦੀ, ਫਿਰ ਰਹਿਣ ਦੀ, ਖਾਣ-ਪੀਣ ਦੀ। ਕੈਨੇਡਾ ਵਿਚ ਰਹਿਣਾ ਅਤੇ ਖਾਣਾ ਸਭ ਤੋਂ ਮਹਿੰਗਾ। ਕੁੜੀਆਂ ਦਿਨ ਵੇਲੇ ਪੜ੍ਹਾਈ ਅਤੇ ਰਾਤ ਨੂੰ ਰੈਸਟੋਰੈਂਟਾਂ ਵਿਚ ਕੰਮ ਕਰਦੀਆਂ ਨੇ। ਥੱਕ-ਟੁੱਟ ਕੇ ਘਰ ਆਉਂਦੀਆਂ ਨੇ, ਉਦੋਂ ਨੂੰ ਇੰਡੀਆ ਰਹਿੰਦਾ ਉਹਦੇ ਘਰ ਵਾਲਾ, ਜੋ ਯਾਰਾਂ-ਦੋਸਤਾਂ ਵਿਚ ਬੈਠਾ ਫੜ੍ਹਾਂ ਮਾਰੀ ਜਾਂਦਾ ਹੁੰਦਾ ਕਿ ਲਓ ਹੁਣ ਤੁਹਾਡੀ ਭਰਜਾਈ ਨਾਲ ਗੱਲ ਕਰਵਾਉਂਦਾ ਹਾਂ...। ਉਹ ਅੱਗੋਂ ਵਿਚਾਰੀ ਥੱਕ-ਟੁੱਟ ਕੇ ਆਈ ਹੋਣ ਕਾਰਨ ਫੋਨ ਦੀ ਰਿੰਗ ਬੰਦ ਕਰਕੇ ਸੌਂ ਜਾਂਦੀ ਹੈ, ਕਿਉਂਕਿ ਵਿਦੇਸ਼ਾਂ ਵਿਚ ਜਿੰਨੀ ਦੇਰ ਫੋਨ ਚਾਲੂ ਰਹਿੰਦਾ, ਓਨੀ ਦੇਰ ਇੰਟਰਨੈਟ ਵੀ ਚਲਦਾ ਹੀ ਰਹਿੰਦਾ। ਇੰਡੀਆ ਵਾਲੇ ਦਾ ਜੇ ਫੋਨ ਨਾ ਚੁਕਿਆ ਕੁੜੀ ਨੇ, ਇੱਕ ਤਾਂ ਉਹਦੀ ਈਗੋ ਨੂੰ ਸੱਟ ਵੱਜਦੀ ਹੈ, ਦੂਜਾ ਉਹਨੂੰ ਵਹਿਮ ਹੋ ਜਾਂਦਾ ਹੈ ਕਿ ਵ੍ਹੱਟਸਐਪ 'ਤੇ ਓਨਲਾਈਨ ਬੈਠੀ ਸੀ, ਮੇਰੇ ਨਾਲ ਗੱਲ ਨਹੀਂ ਕੀਤੀ। ਹੋਰ ਪਤਾ ਨਹੀਂ ਕੀਹਦੇ ਨਾਲ ਲੱਗੀ ਸੀ? ਬੱਸ ਉਥੇ ਬੈਠੇ ਨੇ ਹੀ ਨਕਾਰਾਤਮਕ ਸੋਚਣਾ ਸ਼ੁਰੂ ਕਰ ਦੇਣਾ, ਬਹੁਤੇ ਰਿਸ਼ਤੇ ਇਸ ਵਹਿਮ ਅਤੇ ਸ਼ੱਕ ਨੇ ਖਰਾਬ ਕੀਤੇ ਹਨ। ਇੰਡੀਆ ਬੈਠੇ ਬਹੁਤੇ ਮੁੰਡਿਆਂ ਨੇ ਕੁੜੀਆਂ 'ਤੇ ਸ਼ੱਕ ਅਤੇ ਮਿਹਣਿਆਂ ਨੇ ਖਰਾਬ ਕੀਤੇ ਹਨ, ਕਿਉਂਕਿ ਉਥੇ ਜ਼ਿਆਦਾ ਲੋਕ ਵਿਹਲੇ, ਉਨ੍ਹਾਂ ਕੋਲ ਟਾਈਮ ਹੈ, ਉਹ ਸੋਚਦੇ ਨੇ ਕਿ ਸ਼ਾਇਦ ਉਥੇ ਵੀ ਲੋਕਾਂ ਕੋਲ ਇੰਨਾ ਹੀ ਟਾਈਮ ਹੁੰਦਾ। ਜਿੱਥੋਂ ਤੱਕ ਮੈਂ ਦੇਖਿਆ, ਇਸ ਤਰ੍ਹਾਂ ਜ਼ਿਆਦਾ ਰਿਸ਼ਤੇ ਖਰਾਬ ਹੋਏ ਹਨ। ਜਦੋਂ ਬਿਨਾ ਵਜਾਹ ਸ਼ੱਕ ਅਤੇ ਹਰ ਟਾਈਮ ਘਰ ਵਾਲੇ ਵਾਲਾ ਰੋਹਬ ਮਾਰੀ ਜਾਣਾ, ਫਿਰ ਕੁੜੀ ਵੀ ਸੋਚਦੀ ਹੈ ਕਿ ਇਹ ਤਾਂ ਉਥੇ ਹੀ ਮਾਣ ਨਹੀਂ, ਜੇ ਇਥੇ ਆ ਗਿਆ ਤਾਂ ਤੰਗ ਕਰੂ! ਉਹ ਫਿਰ ਗੱਲ ਕਰਨਾ ਘੱਟ ਕਰ ਦਿੰਦੀ ਹੈ ਅਤੇ ਫਿਰ ਬਿਲਕੁਲ ਬੰਦ। ਫਿਰ ਕੁੜੀ 'ਤੇ ਪਹਿਲਾ ਇਲਜ਼ਾਮ ਲੱਗਦਾ ਕਿ ਇਹ ਬਦਚਲਨ ਹੈ, ਇਹਦਾ ਕੋਈ ਯਾਰ ਹੋਣਾ ਰੱਖਿਆ।

ਜਿਥੇ ਇਹ ਕੁੜੀਆਂ ਸਹੁਰਿਆਂ ਅਤੇ ਪੇਕਿਆਂ ਵਿਚ ਪਿਸਦੀਆਂ ਹਨ, ਉਥੇ ਵਿਦੇਸ਼ਾਂ ਵਿਚ ਪਹਿਲਾਂ ਤੋਂ ਪੱਕੇ ਲੋਕ ਵੀ ਇਨ੍ਹਾਂ ਦਾ ਰੱਜ ਕੇ ਸ਼ੋਸ਼ਣ ਕਰਦੇ ਹਨ। ਜੇ ਕਿਸੇ ਵਿਦਿਆਰਥੀ ਕੁੜੀ ਨੂੰ ਜੌਬ ਦੇਣੀ ਹੁੰਦੀ ਹੈ ਜਾਂ ਕਿਰਾਏ 'ਤੇ ਮਕਾਨ ਤਾਂ ਮਾਲਕ ਦੀ ਪਹਿਲਾਂ ਅੱਖ ਕੁੜੀ 'ਤੇ ਹੁੰਦੀ ਹੈ ਕਿ ਉਹ ਟਾਈਮ ਕਦੋਂ ਆਊ, ਜਦੋਂ ਇਹ ਮੇਰੇ ਨਾਲ ਸੌਂਵੇ! ਕਿੰਨੀ ਮਾਨਸਿਕ ਪੀੜਾਂ ਵਿਚ ਦੀ ਇਹ ਕੁੜੀਆਂ ਲੰਘਦੀਆਂ, ਇਹ ਉਹੀ ਜਾਣਦੀਆਂ ਨੇ।

ਹੁਣ ਜਿਹੜੇ ਮੁੰਡੇ ਖੁਦਕਸ਼ੀਆਂ ਕਰ ਰਹੇ ਹਨ ਜਾਂ ਸੋਚ ਰਹੇ ਹਨ ਤਾਂ ਉਨ੍ਹਾਂ ਦੀ ਇਹ ਸੋਚ ਦੇਖ ਕੇ ਲਗਦਾ ਹੈ ਕਿ ਉਹ ਅਜਿਹੇ ਮੁਲਕਾਂ ਦੇ ਕਾਬਿਲ ਨਹੀਂ, ਜਿਨ੍ਹਾਂ ਕੋਲ ਇੰਨਾ ਵੀ ਸਹਿਜ ਨਹੀਂ ਕਿ ਜ਼ਿੰਦਗੀ ਨਾਲੋਂ ਪਿਆਰੀ ਕਿਹੜੀ ਚੀਜ਼ ਹੈ! ਜਿਹੜੇ ਕੈਨੇਡਾ ਗਏ ਨਹੀਂ ਜਾਂ ਉਹ ਜਾ ਨਹੀਂ ਸਕੇ, ਉਹ ਕਿਹੜਾ ਰੋਟੀ ਨਹੀਂ ਖਾਂਦੇ? ਵਿਦੇਸ਼ਾਂ ਵਿਚ ਤਾਂ ਇੰਨਾ ਸਬਰ ਤੇ ਸਹਿਜ ਰੱਖਣਾ ਪੈਂਦਾ। ਜਿਹੜੇ ਦੋ ਨੰਬਰ ਵਿਚ ਆਏ ਨੇ, ਕਈ ਵਾਰ ਦਹਾਕੇ ਲੰਘ ਜਾਂਦੇ ਨੇ ਉਨ੍ਹਾਂ ਨੂੰ ਪੱਕੇ ਹੁੰਦਿਆਂ ਨੂੰ।

ਹੁਣ ਗੱਲ ਚੱਲ ਰਹੀ ਹੈ ਕਿ ਇਹ ਕੁੜੀਆਂ ਡਿਪੋਰਟ ਹੋਣ ਦੀ। ਇਨ੍ਹਾਂ ਵਿਚੋਂ ਕੋਈ ਕੁੜੀ ਡਿਪੋਰਟ ਨਹੀਂ ਹੋਣੀ, ਇਹ ਸਭ ਝੂਠੀਆਂ ਅਫਵਾਹਾਂ ਹਨ। ਕੈਨੇਡਾ ਦਾ ਕੋਈ ਅਜਿਹਾ ਕਾਨੂੰਨ ਨਹੀਂ ਕਿ ਵਿਆਹ ਤੋਂ ਮਨ੍ਹਾਂ ਕਰਨ 'ਤੇ ਡਿਪੋਰਟ ਕਰ ਦੇਵੇ। ਕੈਨੇਡਾ ਸਰਕਾਰ ਵਿਦਿਆਰਥੀਆਂ ਨੂੰ ਬੁਲਾਉਂਦੀ ਹੈ, ਨਾ ਕਿ ਉਹਦੀ ਕੋਈ ਸ਼ਰਤ ਹੁੰਦੀ ਹੈ ਕਿ ਕੁੜੀਏ ਤੈਨੂੰ ਵੀਜ਼ਾ ਤਾਂ ਦਿੱਤਾ, ਬਈ ਤੂੰ ਆਪਣੇ ਘਰ ਵਾਲੇ ਨੂੰ ਕੈਨੇਡਾ ਬੁਲਾਵੇਂਗੀ। ਸੋ, ਕੈਨੇਡਾ ਨੂੰ ਕੋਈ ਫਰਕ ਨਹੀਂ ਪੈਂਦਾ। ਡਿਪੋਰਟ ਕੋਈ ਤਾਂ ਹੀ ਹੋਊ, ਜੇ ਉਹਨੇ ਕੋਈ ਜੁਰਮ ਕੀਤਾ ਜਾਂ ਭਾਰਤ ਸਰਕਾਰ ਖਿਲਾਫ ਕੋਈ ਜੁਰਮ ਕੀਤਾ, ਉਹ ਵੀ ਇੰਟਰਪੋਲ ਦੀ ਮਦਦ ਨਾਲ, ਪਰ ਪੰਜਾਬ ਸਰਕਾਰ ਦੀ ਕੋਈ ਪਾਵਰ ਨਹੀਂ ਕਿ ਉਹ ਕਿਸੇ ਨੂੰ ਡਿਪੋਰਟ ਕਰਵਾ ਲਵੇ। ਹਾਂ, ਉਹ ਗੱਲ ਵਖਰੀ ਹੈ ਕਿ ਕੁੜੀ ਦੇ ਘਰ ਦਿਆਂ 'ਤੇ ਪੁਲਿਸ ਦਾ ਦਬਾਅ ਬਣਾ ਕੇ ਕੁੜੀ ਆਪਣੇ ਆਪ ਆਉਣ ਵਾਸਤੇ ਮਜਬੂਰ ਹੋਵੇ, ਪਰ ਕਾਨੂੰਨ ਕੋਈ ਨਹੀਂ।

ਇਹ ਸਾਰੇ ਰਿਸ਼ਤੇ ਸਵਾਰਥਾਂ ਦੇ ਹਨ, ਪਿਆਰ ਦੇ ਨਹੀਂ। ਇਹ ਕਾਰੋਬਾਰ ਜਾਂ ਧੰਦਾ ਬਣ ਗਿਆ ਹੈ, ਤੇ ਜਰੂਰੀ ਨਹੀਂ ਹਰ ਧੰਦੇ ਵਿਚ ਫਾਇਦਾ ਹੀ ਹੋਵੇ!

ਕੁੜੀਆਂ ਨੂੰ ਵੀ ਚਾਹੀਦਾ ਕਿ ਜੇ ਕਿਸੇ ਨੇ ਤੁਹਾਡੀ ਮਦਦ ਕੀਤੀ ਹੈ ਤਾਂ ਔਖੀਆਂ ਸੌਖੀਆਂ ਉਹਨੂੰ ਸਿਰੇ ਚੜ੍ਹਾਓ; ਇਥੇ ਬੁਲਾ ਕੇ ਭਾਵੇਂ ਅਲੱਗ ਹੋ ਜਾਓ। ਮੁੰਡਿਆਂ ਨੂੰ ਵੀ ਚਾਹੀਦਾ ਕਿ ਉਹ ਹਰ ਗੱਲ ਨੂੰ ਈਗੋ ਨਾ ਬਣਾਉਣ, ਜੇ ਉਨ੍ਹਾਂ ਜੂਆ ਖੇਡਿਆ ਤਾਂ ਇਸ ਨੂੰ ਪਿਆਰ ਅਤੇ ਤਰੀਕੇ ਨਾਲ ਸਿਰੇ ਲਾਓ, ਬਾਕੀ ਆਪਣੇ ਆਪ ਨੂੰ ਇੰਨਾ ਮਜ਼ਬੂਤ ਕਰੋ ਕਿ ਆਪਣੇ ਦਮ 'ਤੇ ਕੁਝ ਕਰੋ।

# ਬੀਚ ਦੇ ਬਚਨ-ਬਿਲਾਸ

*(ਪਿਛਲੇ ਸਫੇ ਦੀ ਬਾਕੀ)*

ਹਾਂ। ਦਰਅਸਲ ਹੁਸੀਨ ਯਾਦਾਂ ਦਾ ਅਫਸਾਨਾ ਕਦੋਂ ਮਨ ਦੇ ਚਿੱਤਰਪਟ ਤੋਂ ਮਿਟਦਾ?

ਬੀਚ, ਕੋਮਲ-ਭਾਵੀ ਰੇਤ, ਸਹਿਲਾਉਂਦੀਆਂ ਲਹਿਰਾਂ ਅਤੇ ਗਿੱਟੇ ਗਿੱਟੇ ਪਾਣੀਆਂ ਨੂੰ ਜੀਵਨ-ਸ਼ੈਲੀ ਦਾ ਹਿੱਸਾ ਬਣਾਉਣਾ। ਪਤਾ ਲੱਗੇਗਾ ਕਿ ਬੀਚ ਦਾ ਸਾਥ ਕਿੰਨਾ ਸੁਖਦਾਈ, ਸਹਿਜਭਾਵੀ ਤੇ ਸੁਹਜਭਾਵੀ ਹੁੰਦਾ। ਦਰਅਸਲ ਕੁਦਰਤ ਨਾਲ ਜੁੜਨ ਲਈ ਮਨੁੱਖ ਨੂੰ ਕੁਦਰਤ ਨਾਲ ਇਕਸੁਰ ਹੋਣ ਦੀ ਜਾਚ ਹੋਣਾ ਜਰੂਰੀ। ਇਸ ਲਈ ਚੰਗਾ ਹੈ ਕਿ ਕਦੇ ਕਦਾਈ ਜੰਗਲਾਂ ਕੋਲੋਂ ਕੁਝ ਰਾਹਤ ਭਰੇ ਪਲ ਮੰਗਣਾ ਜਾਂ ਕਿਸੇ ਸਮੁੰਦਰੀ ਬੀਚ 'ਤੇ ਅਲੂਫ ਜਿਹੇ ਪਲ, ਆਪਣਿਆਂ ਦੀ ਸੰਗਤ ਵਿਚ ਮਾਣਨੇ। ਜ਼ਿੰਦਗੀ ਦਾ ਅਕਹਿ ਤੇ ਯਾਦਗਾਰੀ ਅਨੁਭਵ, ਜੀਵਨ ਭਰ ਸਾਥ ਨਿਭਾਵੇਗਾ।

ਇਕ ਬੀਚ ਤੁਹਾਡੇ ਅੰਦਰ ਵੀ ਫੈਲੀ ਹੋਈ ਹੈ। ਇਹ ਬੀਚ ਤੁਹਾਡੀਆਂ ਸੰਭਾਵਨਾਵਾਂ, ਸਾਧਨਾ, ਸੁਪਨਿਆਂ ਅਤੇ ਸਫਲਤਾਵਾਂ ਦੀ ਹੈ। ਜੋ ਤੁਹਾਡੇ ਅੰਦਰ ਤਾਂ ਹੈ, ਪਰ ਤੁਸੀਂ ਇਸ ਤੋਂ ਬੇਮੁੱਖ ਹੋ। ਉਸ 'ਤੇ ਪੋਲੇ ਪੋਲੇ ਕਦਮੀਂ ਤੁਰਨਾ। ਇਕ ਸਮੁੰਦਰ ਤੁਹਾਡੇ ਅੰਤਰੀਵ ਵਿਚ ਜੋ ਉਛਲਦਾ ਹੈ, ਦੂਰ ਤੀਕ ਨਜ਼ਰ ਆਉਂਦਾ ਹੈ। ਇਹ ਸਮੁੰਦਰ ਤੁਹਾਡੇ ਖਿਆਲਾਂ, ਵਿਚਾਰਾਂ, ਸਮਰੱਥਾ, ਸਬੰਧਾਂ ਅਤੇ ਸਿਰੜ ਦੀਆਂ ਤੰਦਾਂ ਦਾ ਹੈ, ਜੋ ਤੁਹਾਡੇ ਸਮੁੱਚੇ ਜੀਵਨ ਵਿਚ ਆਰ-ਪਾਰ ਫੈਲਿਆ ਹੋਇਆ ਹੈ। ਇਸ ਨਾਲ ਇਕਸੁਰ ਹੋਵੋ। ਇਸ ਵਿਚੋਂ ਹੀ ਤੁਸੀਂ ਖੁਦ ਦੇ ਵਿਅਕਤੀਤਵ ਵਿਕਾਸ ਅਤੇ ਵਿਸਥਾਰ ਦਾ ਸਰਫਨਾਮਾ ਬਣਨਾ ਹੈ। ਲਹਿਰਾਂ ਮੱਤਾ ਸੰਗੀਤ ਤੁਹਾਡੀ ਸਾਹ-ਸੰਵੇਦਨਾ ਵਿਚ ਹਰਦਮ ਪੈਦਾ ਹੁੰਦਾ ਹੈ, ਜੋ ਜੀਵਨ ਨੂੰ ਗਤੀ ਅਤੇ ਨਿਰੰਤਰਤਾ ਪ੍ਰਦਾਨ ਕਰਦਾ ਹੈ। ਇਸ ਦੀ ਬਰਕਰਾਰੀ ਲਈ ਜਰੂਰੀ ਹੈ ਕਿ ਸਦਾ ਸਾਹਾਂ ਵਿਚੋਂ ਸ਼ੁਕਰਗੁਜਾਰੀ ਅਤੇ ਸਾਰਥਿਕਤਾ ਨੂੰ ਕਿਆਸਣਾ, ਰਿਦਮ ਤੇ ਰਿਆਜ਼ ਜੀਵਨ ਦੇ ਰੰਗ ਹੋਣਗੇ।

ਬੀਚ, ਰੇਤ, ਸਮੁੰਦਰ ਅਤੇ ਲਹਿਰਾਂ ਵਿਚੋਂ ਤਰਲਤਾ, ਤਰੰਗਤਾ, ਤਾਜਗੀ ਅਤੇ ਤਤਪਰਤਾ ਵਿਚੋਂ ਜ਼ਿੰਦਗੀ ਦੇ ਨਕਸ਼ ਸਿਰਜੋਗੇ ਤਾਂ ਜ਼ਿਦਗੀ ਜਿਊਣ ਜੋਗੀ ਹੋ ਜਾਵੇਗੀ।

ਹੁਣ ਤਾਂ ਮੈਂ ਹਰ ਰੋਜ਼ ਸੁਪਨੇ ਵਿਚ ਸਮੁੰਦਰ ਨੂੰ ਮਿਲ ਕੇ ਉਸ ਨਾਲ ਖੁੱਲ੍ਹ ਮਾਣਨ ਦੀ ਆਦਤ ਪਾ ਲਈ ਹੈ, ਕਿਉਂਕਿ ਕਿਸੇ ਨੂੰ ਯਾਦ ਰੱਖ ਕੇ ਖੁਦ ਨੂੰ ਭੁੱਲਣਾ, ਮੈਨੂੰ ਚੰਗਾ ਲੱਗਦਾ ਹੈ।

# ਸਾਊਦੀ ਅਰਬ ਤੋਂ ਆਈ ਪ੍ਰਾਹੁਣੀ

ਮੇਰੀ ਉਮਰ 88 ਸਾਲ ਹੈ। ਮੈਂ 1953 ਤੋਂ ਦਿੱਲੀ ਅਤੇ ਚੰਡੀਗੜ੍ਹ ਰਹਿ ਰਿਹਾ ਹਾਂ। ਸ੍ਰੀ ਧਰਮ ਪਾਲ ਦੇ ਚੰਡੀਗੜ੍ਹ ਦਾ ਨਵਾਂ ਪ੍ਰਸ਼ਾਸਕ ਥਾਪੇ ਜਾਣ ਨੇ ਮੈਨੂੰ ਆਪਣੇ ਬਚਪਨ ਵਾਲਾ ਬੰਗਾ ਚੇਤੇ ਕਰਵਾ ਦਿੱਤਾ ਹੈ; ਖਾਸ ਕਰਕੇ ਉਥੋਂ ਦਾ ਰੇਲਵੇ ਸਟੇਸ਼ਨ। ਧਰਮ ਪਾਲ ਦਾ ਜੱਦੀ ਪਿੰਡ ਖਮਾਚੋਂ ਹੈ, ਸ਼ਹੀਦ ਭਗਤ ਸਿੰਘ ਦੇ ਜੱਦੀ ਪੁਸ਼ਤੀ ਪਿੰਡ ਖਟਕੜ

ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469

ਕਲਾਂ ਦੇ ਨੇੜੇ। ਖਮਾਚੋਂ ਬੰਗੇ ਤੋਂ ਗੜ੍ਹਸ਼ੰਕਰ ਜਾਣ ਵਾਲੀ ਸੜਕ ਉਤੇ ਓਨੀ ਹੀ ਦੂਰੀ ਉੱਤੇ ਹੈ, ਜਿੰਨਾ ਬੰਗਾ-ਨਵਾਂ ਸ਼ਹਿਰ ਸੜਕ ਉੱਤੇ ਖਟਕੜ ਕਲਾਂ; ਕੋਈ ਚਾਰ ਕਿਲੋਮੀਟਰ। ਧਰਮ ਪਾਲ ਦੀ ਪ੍ਰਾਇਮਰੀ ਵਿਦਿਆ ਖਮਾਚੋਂ ਦੀ ਹੈ, ਉਚੇਰੀ ਪੜ੍ਹਾਈ ਬੰਗਾ ਅਤੇ ਇੰਜੀਨੀਅਰਿੰਗ ਵਿਦਿਆ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ। ਮੇਰਾ ਜੱਦੀ ਪਿੰਡ ਸੂਨੀ ਜਿਲਾ ਹੁਸ਼ਿਆਰਪੁਰ ਦੇ ਮਾਹਿਲਪੁਰ ਥਾਣੇ ਵਿਚ ਪੈਂਦਾ ਹੈ, ਪਰ ਸਾਨੂੰ ਰੇਲਵੇ ਸਟੇਸ਼ਨ ਬੰਗਾ ਦਾ ਲਗਦਾ ਹੈ, ਜੋ ਜਿਲਾ ਜਲੰਧਰ (ਹੁਣ ਨਵਾਂ ਸ਼ਹਿਰ) ਦਾ ਪੁਲਿਸ ਸਟੇਸ਼ਨ ਹੈ। ਮੇਰਾ ਬੰਗਾ ਨਾਲੋਂ ਨਾਤਾ ਟੁੱਟਿਆਂ ਸੱਤ ਦਹਾਕੇ ਹੋਣ ਵਾਲੇ ਹਨ।

ਮੈਨੂੰ ਆਪਣੇ ਬਚਪਨ ਦੇ ਬੰਗਾ ਸਟੇਸ਼ਨ ਦੀਆਂ ਦੋ ਗੱਲਾਂ ਕੱਲ੍ਹ ਵਾਂਗ ਚੇਤੇ ਹਨ। ਪਹਿਲੀ ਕਿ ਪਲੈਟਫਾਰਮ ਉੱਤੇ ਰੱਖੇ ਪੀਣ ਵਾਲੇ ਪਾਣੀ ਦੇ ਘੜਿਆ ਉੱਤੇ ਮੋਟੇ ਅੱਖਰਾਂ ਵਿਚ 'ਹਿੰਦੂ ਪਾਣੀ' ਤੇ 'ਮੁਸਲਮਾਨ ਪਾਣੀ' ਲਿਖਿਆ ਹੁੰਦਾ ਸੀ। ਅਖਬਾਰਾਂ ਵੇਚਣ ਵਾਲੇ ਦਾ ਹੋਕਾ ਵੀ ਚੇਤੇ ਹੈ। 'ਮਿਲਾਪ, ਪ੍ਰਤਾਪ, ਪ੍ਰਭਾਤ, ਅਜੀਤ ਅਖਬਾਰ ਏ।' ਇਹ ਗੱਲ ਮੈਨੂੰ ਬਾਅਦ ਵਿਚ ਪਤਾ ਲੱਗੀ ਕਿ ਅਜੀਤ ਸਮਾਚਾਰ ਸਮੂਹ ਦੇ ਬਾਨੀ ਸਾਧੂ ਸਿੰਘ ਹਮਦਰਦ ਦਾ ਪਿੰਡ ਮੱਠਵਾਲੀ ਪੱਦੀ ਬੰਗਾ ਤੋਂ ਖਟਕੜ ਕਲਾਂ ਜਿੰਨੀ ਹੀ ਦੂਰੀ ਉੱਤੇ ਸੀ, ਮੇਰੇ ਪਿੰਡ ਸੂਨੀ ਦੇ ਰਾਹ ਵਿਚ ਕਜਲਾ ਤੇ ਪਠਲਾਵਾ ਨਾਂ ਦੇ ਪਿੰਡਾਂ ਵਿਚਕਾਰ, ਜਿਲਾ ਹੁਸ਼ਿਆਰਪੁਰ ਤੇ ਜਲੰਧਰ ਦੇ ਬਾਰਡਰ ਉੱਤੇ।

ਮੈਂ ਅੱਜ ਕੱਲ ਆਪਣੇ ਪਹਾੜੀ ਟਿਕਾਣੇ ਉੱਤੇ ਹਾਂ। ਕਸਬਾ ਧਰਮਪੁਰ ਦੀ ਬੁੱਕਲ ਤੇ ਕਸੌਲੀ ਦੇ ਪੈਰਾਂ ਵਿਚ। ਇਥੇ ਨਿੱਕੀਆਂ ਖਬਰਾਂ ਘੱਟ ਪਹੁੰਚਦੀਆਂ ਹਨ। ਉਹ ਵੀ ਸਮਾਂ ਪਾ ਕੇ। ਪਿਛਲੇ ਦਿਨਾਂ ਵਿਚ ਚੰਡੀਗੜ੍ਹ ਦੇ ਸੈਕਟਰ-36 ਦੇ ਐਸ. ਐਚ. ਓ. ਰਾਮ ਦਿਆਲ ਸਿੰਘ ਦੀ ਡਿਊਟੀ ਚੰਡੀਗੜ੍ਹ ਵਿਜੀਲੈਂਸ ਬਿਊਰੋ ਵਿਚ ਲੱਗਣ ਦੀ ਖਬਰ ਮਿਲੀ ਤਾਂ ਚੰਗਾ ਲੱਗਿਆ। ਰਾਮ ਦਿਆਲ ਜਰਮਨੀ ਦੇ ਫਰੈਂਕਫਰਟ ਸ਼ਹਿਰ ਵਿਚ ਯੂ. ਐਨ. ਓ. ਦੀ ਨੌਕਰੀ ਕਰ ਚੁਕਾ ਹੈ ਤੇ ਅੱਜ ਕੱਲ੍ਹ ਉਸ ਦੀ ਦੇਖ-ਰੇਖ ਹੇਠ ਅਵੇਅਰਨੈਸ ਮਿਸ਼ਨ ਨਾਂ ਦੀ ਇੱਕ ਗੈਰ-ਸਰਕਾਰੀ ਸੰਸਥਾ ਪੰਜਾਬ ਵਿਚ ਸਮਾਜਿਕ ਜਾਗ੍ਰਿਤੀ ਪੈਦਾ ਕਰਨ ਦਾ ਕੰਮ ਕਰ ਰਹੀ ਹੈ।

ਉਹ ਖੁਦ ਮੇਘੋਵਾਲ ਪਿੰਡ ਦਾ ਜਮਪਲ ਹੈ। ਮਾਹਿਲਪੁਰ ਨੇੜੇ ਦਾ। ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਦੇ ਦਿਨਾਂ ਵਿਚ ਖਟਕੜ ਕਲਾਂ ਵਿਚ ਜਾਗ੍ਰਿਤੀ ਸਮਾਗਮ ਰਚਾਉਣਾ ਉਸ ਦਾ ਨਿਯਮ ਹੈ। ਉਹਦੇ ਨਾਲ ਮੇਰੀ ਪਹਿਲੀ ਮੁਲਾਕਾਤ ਖਟਕੜ ਕਲਾਂ ਦੇ ਇਕ ਸਮਾਗਮ ਵਿਚ ਹੋਈ ਸੀ।

ਫਰੈਂਕਫਰਟ ਵਿਚ ਯੂ. ਐਨ. ਓ. ਦੀ ਨੌਕਰੀ ਕਰਦਿਆਂ ਉਸ ਦੀ ਆਪਣੀ ਅਣਗਹਿਲੀ ਕਾਰਨ ਇੱਕ ਦੁਰਘਟਨਾ ਵਿਚ ਉਸ ਦੀਆਂ ਦੋਵੇਂ ਲੱਤਾਂ ਕੱਟੀਆਂ ਗਈਆਂ ਸਨ, ਪਰ ਉਸ ਨੇ ਹੌਸਲਾ ਨਹੀਂ ਹਾਰਿਆ ਤੇ ਤੰਦਰੁਸਤ ਹੋਣ ਪਿੱਛੋਂ ਨੌਕਰੀ ਤੇ ਸਮਾਜ ਸੇਵਾ ਦਾ ਕੰਮ ਨਿਰੰਤਰ ਕਰ ਰਿਹਾ ਹੈ। ਆਪਣੇ ਅਜ਼ੀਜ਼ ਰਾਮ ਦਿਆਲ ਦੀ ਵਿਜੀਲੈਂਸ ਬਿਊਰੋ ਵਿਚ ਤਾਇਨਾਤੀ ਦਾ ਸਵਾਗਤ ਹੈ। ਇਹ ਫੈਸਲਾ ਲੈਣ ਵਿਚ ਚੰਡੀਗੜ੍ਹ ਪ੍ਰਸ਼ਾਸਨ ਦੇ ਨਵੇਂ ਨਵੇਂ ਸਲਾਹਕਾਰ ਧਰਮ ਪਾਲ ਦਾ ਹੱਥ ਹੈ, ਜਿਸ ਦਾ ਪਿਛੋਕੜ ਬੰਗਾ ਹੈ। ਕਸਬਾ ਬੰਗਾ ਬੱਲੇ ਬੱਲੇ!

**ਪੰਜਾਬ ਦੀ ਕਿਸਾਨੀ ਤੇ ਅਖਾਣ:** ਅਜੋਕੇ ਪ੍ਰਿੰਟ ਤੇ ਬਿਜਲਈ ਮੀਡੀਆ ਤੋਂ ਪਹਿਲਾਂ ਵੀ ਪੁਰਾਣੀ ਪੀੜ੍ਹੀ ਦੇ ਅਨੁਭਵ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚ ਕੇ ਆਏ ਹਨ। ਪੰਜਾਬੀ ਸਭਿਆਚਾਰ ਦੀਆਂ ਜੜ੍ਹਾਂ ਖੇਤੀ ਦੇ ਧੰਦੇ ਨਾਲ ਜੁੜੀਆਂ ਹੋਈਆਂ ਹਨ। ਜੱਟ ਦਾ ਪੁੱਤ ਮਿੱਟੀ ਨਾਲ ਮਿੱਟੀ ਹੁੰਦਾ ਤੇ ਫਸਲਾਂ ਬੀਜਦਾ ਵੱਢਦਾ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਵੀ ਹੁੰਦਾ ਆਇਆ ਹੈ ਅਤੇ ਸਰਕਾਰੀ ਫਰਮਾਨਾਂ ਦਾ ਵੀ। ਦਿੱਲੀ ਦੇ ਬਾਰਡਰ 'ਤੇ ਲੱਗੇ ਸੰਯੁਕਤ ਕਿਸਾਨ ਮੋਰਚੇ ਵਾਂਗ।

ਖੇਤੀ ਤੇ ਕਿਸਾਨੀ ਦੀ ਗਾਥਾ ਪੁਸ਼ਤ-ਦਰ-ਪੁਸ਼ਤ ਸੰਭਾਲਣ ਲਈ ਪੰਜਾਬ ਦੇ ਵਸਨੀਕਾਂ ਨੇ ਬੜੇ ਅਖਾਣ ਘੜੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਜਨ ਸੰਚਾਰ ਕੇਂਦਰ ਨੇ ਅਜਿਹੇ ਅਖਾਣਾ ਦਾ ਸੰਕਲਣ ਕਰਕੇ 'ਪੰਜਾਬ ਦੀ ਕਿਸਾਨੀ ਬਾਰੇ ਪੰਜਾਬੀ ਅਖਾਣ' ਨਾਂ ਦੀ ਪੁਸਤਕ ਪ੍ਰਕਾਸ਼ਿਤ ਕੀਤੀ ਹੈ, ਜਿਸ ਵਿਚ ਦਰਜ ਅਖਾਣ ਪੰਜਾਬ ਦੀ ਖੇਤੀ, ਪਸ਼ੂ ਪਾਲਣ ਤੇ ਕਿਸਾਨੀ ਦੇ ਜੀਵਨ ਦਾ ਅਸਲੀ ਦਰਪਨ ਹਨ। ਸੰਕਲਨ ਤੇ ਸੰਪਾਦਨ ਕਰਨ ਵਾਲੀ ਜਗਦੀਸ਼ ਕੌਰ ਨੇ ਇਨ੍ਹਾਂ ਅਖਾਣਾਂ ਨੂੰ ਗੁਰਮੁਖੀ ਲਿਪੀ ਦੇ ਪੈਂਤੀ ਅੱਖਰਾਂ ਅਨੁਸਾਰ ਵੰਡਿਆ ਹੈ। ਇੱਥੇ ਨਮੂਨੇ ਵਜੋਂ ਸਿਰਫ ਊੜਾ ਅੱਖਰ ਵਾਲੇ ਉਹ ਅਖਾਣ ਦਿੱਤੇ ਜਾ ਰਹੇ ਹਨ, ਜਿਨ੍ਹਾਂ ਦੇ ਅਰਥ ਏਨੇ ਸਰਲ ਤੇ ਸਪਸ਼ਟ ਹਨ ਕਿ ਵਿਆਖਿਆ ਨਹੀਂ ਮੰਗਦੇ।

1. ਉੱਤਮ ਖੇਤੀ, ਮੱਧ ਵਪਾਰ; ਨਖਿਧ ਚਾਕਰੀ, ਭੀਖਾ ਨਿਦਾਰ
2. ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ
3. ਊਠਾਂ ਵਾਲਿਆਂ ਨਾਲ ਦੋਸਤੀ ਤੇ ਦਰਵਾਜ਼ੇ ਨੀਵੇਂ
4. ਊਠਾਂ ਵਾਲੇ ਸਦਾ ਦੀਵਾਲੀਏ, ਮਹੀਆਂ ਵਾਲੇ ਅੱਧੇ

ਭੇਡਾਂ ਵਾਲੇ ਮੌਜ ਕਰਦੇ ਗਏ ਰੁਪਈਏ ਲੱਧੇ।

5. ਓਏ ਜੱਟ ਦੀ ਜੂਨ ਬੁਰੀ, ਹਲ ਛੱਡ ਕੇ ਚਰੀ ਨੂੰ ਜਾਵੇ

ਮਿੱਟੀ ਨਾਲ ਮਿੱਟੀ ਹੋਣ ਵਾਲੀ ਕਿਸਾਨੀ ਤੇ ਖੇਤੀ ਦੇ ਉੱਤਮ ਧੰਦੇ ਨੂੰ ਮਧੋਲਣ ਵਿਚ ਮਾੜੀਆਂ ਸਰਕਾਰਾਂ ਕੀ ਕੁਝ ਕਰਦੀਆਂ ਹਨ, ਪੁਸਤਕ ਵਿਚ ਦਰਜ ਅਖਾਣ ਇਸ ਰੁਚੀ ਉਤੋਂ ਵੀ ਪਰਦਾ ਚੁਕਦੇ ਹਨ। ਪੁਸਤਕ ਸਾਂਭ ਕੇ ਰੱਖਣ ਵਾਲੀ ਹੈ।

**ਅੰਤਿਕਾ: ਸਰ ਮੁਹੰਮਦ ਇਕਬਾਲ**

ਜਿਸ ਖੇਤ ਸੇ ਦਹਿਕਾਂ ਕੋ
ਮੁਈਅਸਰ ਨਹੀਂ ਰੋਜ਼ੀ,
ਉਸ ਖੇਤ ਕੇ ਹਰ
ਖੋਸ਼ਾ-ਏ-ਗੰਦਮ ਕੋ ਜਲਾ ਦੋ।

# ਮੈਰਾਥਨ ਦੌੜਾਕ ਤੇ ਲੇਖਕ ਇੰਜੀਨੀਅਰ ਈਸ਼ਰ ਸਿੰਘ

ਪੰਜਾਬੀ ਖੇਡ ਸਾਹਿਤ

51




ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਈਸ਼ਰ ਸਿੰਘ ਪੇਸ਼ੇ ਪੱਖੋਂ ਇੰਜੀਨੀਅਰ ਸੀ, ਪਰ ਸ਼ੌਂਕ ਵਜੋਂ ਮੈਰਾਥਨ ਦੌੜਾਕ ਤੇ ਲੇਖਕ ਹੈ। ਬਚਪਨ ਤੇ ਜੁਆਨੀ 'ਚ ਉਸ ਨੂੰ ਖੇਡਾਂ ਖੇਡਣ ਦੇ ਮੌਕੇ ਨਹੀਂ ਸੀ ਮਿਲੇ। ਚੀਫ ਇੰਜੀਨੀਅਰ ਵਜੋਂ ਰਿਟਾਇਰ ਹੋਣ ਪਿੱਛੋਂ 73 ਸਾਲ ਦੀ ਉਮਰ ਤੱਕ ਸੈਰ ਤੋਂ ਇਲਾਵਾ ਕੋਈ ਕਸਰਤ ਨਹੀਂ ਸੀ ਕੀਤੀ, ਪਰ ਇਕ ਵੀਡੀਓ ਵੇਖਣ ਤੋਂ ਬਾਅਦ ਉਹ ਕਸਰਤਾਂ ਵੀ ਕਰਨ ਲੱਗਾ ਤੇ ਲੰਮੀਆਂ ਸੈਰਾਂ ਵੀ। ਬਾਬਾ ਫੌਜਾ ਸਿੰਘ ਬਾਰੇ ਲਿਖਿਆ ਲੇਖ ਪੜ੍ਹ ਕੇ ਉਹ ਉਤਸ਼ਾਹਿਤ ਹੋ ਗਿਆ ਤੇ ਮੈਰਾਥਨ ਲਾਉਣ ਨਾਲ 2017 ਤੋਂ ਸੀ. ਐੱਨ. ਟਾਵਰ ਟੋਰਾਂਟੋ ਦੀਆਂ 1776 ਪੌੜੀਆਂ ਚੜ੍ਹਨ ਦੇ ਮੁਕਾਬਲਿਆਂ ਵਿਚ ਵੀ ਭਾਗ ਲੈ ਰਿਹੈ। ਕੌਣ ਕਹਿੰਦੈ ਅੱਸੀਆਂ ਨੂੰ ਢੁੱਕਿਆ ਬੰਦਾ ਇਕੋ ਸਾਹ ਪੌਣੇ ਦੋ ਹਜ਼ਾਰ ਪੌੜੀਆਂ ਨਹੀਂ ਚੜ੍ਹ ਸਕਦਾ? ਉਹ ਤਿੰਨ ਵਾਰ ਸਕੋਸ਼ੀਆ ਬੈਂਕ ਵੱਲੋਂ ਲਗਵਾਈ ਅੰਤਰਰਾਸ਼ਟਰੀ ਮੈਰਾਥਨ ਵਾਕ/ਦੌੜ ਤੇ 2020 ਵਿਚ ਵਰਚੂਅਲ ਮੈਰਾਥਨ ਦੌੜ ਵਿਚ ਵੀ ਭਾਗ ਲੈ ਚੁਕਾ ਹੈ। ਉਸ ਨੇ ਆਪਣੇ ਤਜਰਬੇ ਬਾਰੇ ਲਿਖਿਆ ਹੈ।

ਪੰਜਾਬੀ ਯੂਨੀਵਰਸਿਟੀ ਨੇ ਉਸ ਤੋਂ 'ਮੈਨੇਜਮੈਂਟ ਸੈਲਫ-ਡਿਵੈਲਪਮੈਂਟ' ਨਾਂ ਦੀ ਪੁਸਤਕ ਦਾ 'ਪ੍ਰਬੰਧ ਸਵੈ-ਵਿਕਾਸ' ਅਨੁਵਾਨ ਹੇਠ ਅਨੁਵਾਦ ਕਰਵਾਇਆ ਸੀ, ਜਿਸ ਦਾ ਮੁੱਖਬੰਦ ਤਤਕਾਲੀ ਵਾਈਸ ਚਾਂਸਲਰ ਡਾ. ਜੋਗਿੰਦਰ ਸਿੰਘ ਪੁਆਰ ਨੇ ਲਿਖਿਆ: 'ਪ੍ਰਬੰਧ ਸਵੈ-ਵਿਕਾਸ' ਪੁਸਤਕ 'ਮੈਨੇਜਮੈਂਟ ਸੈਲਫ-ਡਿਵੈਲਪਮੈਂਟ' ਨਾਂ ਦੀ ਪੁਸਤਕ ਦਾ ਅਨੁਵਾਦ ਹੈ, ਜੋ ਅੰਤਰ-ਰਾਸ਼ਟਰੀ ਕਿਰਤ ਦਫਤਰ, ਜੈਨੇਵਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਵਿਚ ਬਹੁਤ ਹੀ ਸਰਲ, ਅਮਲੀ ਅਤੇ ਪ੍ਰਭਾਵਕਾਰੀ 27 ਵਿਧੀਆਂ ਦਿੱਤੀਆਂ ਹਨ, ਜਿਨ੍ਹਾਂ ਨੂੰ ਹਰ ਖੇਤਰ ਅਤੇ ਹਰ ਪੱਧਰ ਦਾ ਪ੍ਰਬੰਧਕ ਆਪਣੇ-ਆਪ ਵਰਤੋਂ ਵਿਚ ਲਿਆ ਸਕਦਾ ਹੈ। ਸਵੈ-ਵਿਕਾਸ ਅਤੇ ਸੰਗਠਨਾਤਮਕ ਵਿਕਾਸ ਦੇ ਸੁਮੇਲ ਅਤੇ ਸਮੁੱਚੇ ਪ੍ਰਬੰਧ ਵਿਚ ਇਸ ਦੇ ਏਕੀਕਰਨ ਦੇ ਵਿਸ਼ੇ ਨੂੰ ਬੜੇ ਸੁਚੱਜੇ ਢੰਗ ਨਾਲ ਬਿਆਨ ਕੀਤਾ ਗਿਆ ਹੈ। ਸਰਕਾਰੀ, ਅਰਧ-ਸਰਕਾਰੀ ਜਾਂ ਗੈਰ-ਸਰਕਾਰੀ ਸੰਗਠਨਾਂ ਵਿਚ ਕੰਮ ਕਰ ਰਹੇ ਪ੍ਰਬੰਧਕਾਂ ਤੋਂ ਇਲਾਵਾ ਕਿਸੇ ਵੀ ਹੋਰ ਕਿੱਤੇ ਵਿਚ ਕੰਮ ਕਰਨ ਵਾਲਾ ਸਧਾਰਨ ਵਿਅਕਤੀ ਵੀ ਇਸ ਰਚਨਾ ਵਿਚ ਦਰਸਾਏ ਗੁਣਾਂ ਨੂੰ ਆਪਣੀ ਸ਼ਖਸੀਅਤ ਵਿਚ ਸਮੋ ਕੇ ਆਪਣੇ ਨਿੱਜ ਦਾ ਵਿਕਾਸ ਕਰ ਸਕਦਾ ਹੈ।







*ਇੰਜੀਨੀਅਰ ਈਸ਼ਰ ਸਿੰਘ ਅਤੇ (ਸੱਜੇ) ਉਨ੍ਹਾਂ ਵਲੋਂ ਅਨੁਵਾਦਿਤ ਕੀਤੀ ਗਈ ਪੁਸਤਕ*

**ਈਸ਼ਰ ਸਿੰਘ ਨੇ ਆਪਣੇ ਬਾਰੇ ਲਿਖਿਆ:** ਮੇਰਾ ਜਨਮ ਸੰਗਰੂਰ ਜਿਲੇ ਦੇ ਸਕੂਲੋਂ ਸੱਖਣੇ ਛੋਟੇ ਜਿਹੇ ਪਿੰਡ ਬਖੋਪੀਰ ਵਿਚ 1944 'ਚ ਹੋਇਆ। ਨੇੜਲੇ ਪਿੰਡ ਦੇ ਸਕੂਲ ਵਿਚ ਦਾਖਲਾ ਲੈਣ ਤੋਂ ਪਹਿਲਾਂ ਗੁਰਮੁਖੀ ਦੀ ਪੜ੍ਹਾਈ ਗੁਰਦੁਆਰੇ ਕੀਤੀ। ਵਿਦਿਆਰਥੀ ਜੀਵਨ ਵਿਚ ਕਾਫੀ ਦਿੱਕਤਾਂ ਆਈਆਂ, ਜੋ ਉਨ੍ਹਾਂ ਵਕਤਾਂ ਵਿਚ ਸਭ ਨੂੰ ਆਉਂਦੀਆਂ ਸਨ। ਪਹਿਲਾਂ ਮਹਿੰਦਰਾ ਕਾਲਜ ਤੇ ਪਿੱਛੋਂ ਥਾਪਰ ਇੰਜੀਨੀਅਰਿੰਗ ਕਾਲਜ ਪਟਿਆਲੇ ਵਿਚ ਪੜ੍ਹਿਆ, ਜਿੱਥੇ ਐੱਨ. ਸੀ. ਸੀ. ਦਾ ਅੰਡਰ-ਅਫਸਰ ਬਣਨ ਅਤੇ ਸਭਿਆਚਾਰਕ ਸਰਗਰਮੀਆਂ ਵਿਚ ਹਿੱਸਾ ਲੈਣ ਦੇ ਮੌਕੇ ਮਿਲੇ। 1966 ਵਿਚ ਇਲੈਕਟ੍ਰੀਕਲ ਇੰਜੀਨੀਅਰੀ ਕਰਨ ਪਿਛੋਂ ਪੰਜਾਬ ਰਾਜ ਬਿਜਲੀ ਬੋਰਡ ਵਿਚ ਐੱਸ. ਡੀ. ਓ. ਦੀ ਨੌਕਰੀ ਮਿਲੀ ਤੇ 2004 ਵਿਚ ਚੀਫ ਇੰਜੀਨੀਅਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ।

ਮੇਰੇ ਅਧਿਆਪਕ ਦਾ ਸਬਕ ਸੀ ਕਿ ਨੌਕਰੀ ਮਿਲਣ ਪਿੱਛੋਂ ਬਹੁਤੇ ਅਫਸਰ ਪੜ੍ਹਾਈ ਅਪਡੇਟ ਰੱਖਣ ਦੀ ਥਾਂ ਪਹਿਲਾਂ ਕੀਤੀ ਪੜ੍ਹਾਈ ਵੀ ਭੁੱਲ ਜਾਂਦੇ ਹਨ। ਇਸ ਤਰ੍ਹਾਂ ਦੇ ਅਫਸਰਾਂ ਦੀ ਫਿਰ ਹਿੰਮਤ ਨਹੀਂ ਪੈਂਦੀ ਕਿ ਉਹ ਆਪਣੇ ਕਿਸੇ ਮਾਤਹਿਤ ਦੀ ਗਲਤ ਕੱਢ ਸਕਣ। ਇਸੇ ਕਰਕੇ 'ਕਲੱਰਕਾਂ ਦਾ ਰਾਜ' ਇੱਕ ਜ਼ਮੀਨੀ ਹਕੀਕਤ ਹੈ। ਇਸ ਤਰ੍ਹਾਂ ਦੀ ਨਮੋਸ਼ੀ ਤੋਂ ਬਚਣ ਵਾਸਤੇ ਹਰ ਅਫਸਰ ਲਈ ਜ਼ਰੂਰੀ ਹੈ ਕਿ ਉਹ ਮਿਹਨਤ ਕਰਦਾ ਰਹੇ ਤੇ ਆਪਣੇ ਖੇਤਰ ਦਾ ਮਾਹਿਰ ਬਣੇ। ਮੁਹਾਰਤ ਆਪਣੀਆਂ ਦਫਤਰੀ ਡਿਊਟੀਆਂ ਤੋਂ ਵਾਫਰ ਗੁਣ ਹੈ, ਜਿਹੜਾ ਸ਼ੌਂਕ ਦੇ ਤੌਰ 'ਤੇ ਪਾਲੀਦੈ। ਇਹ ਕਿਸੇ ਖਾਸ ਅਹੁਦੇ ਨਾਲ ਸਬੰਧਿਤ ਨਹੀਂ, ਹਰ ਅਹੁਦੇ ਵਾਸਤੇ ਲੋੜੀਂਦੀ ਕਲਾ ਹੈ। ਇਸ ਨਾਲ ਭਾਵੇਂ ਤੁਹਾਡਾ ਅਹੁਦਾ ਤਾਂ ਨਹੀਂ ਵਧਦਾ, ਪਰ ਤੁਹਾਡੀ ਅਸਰਅੰਦਾਜ਼ੀ ਅਤੇ ਗੁਣਾਤਮਿਕਤਾ ਜ਼ਰੂਰ ਵਧਦੀ ਹੈ।

ਮੈਂ ਆਪਣੇ 'ਗੁਰੂ' ਦੀ ਸਿੱਖਿਆ 'ਤੇ ਅਮਲ ਕਰਨ ਦਾ ਫੈਸਲਾ ਕਰ ਲਿਆ। ਅਹੁਦੇ ਅਨੁਸਾਰ ਦਫਤਰੀ ਡਿਊਟੀਆਂ ਨਿਭਾਉਣ ਦੇ ਨਾਲ ਮਹਿਕਮੇ ਦੇ ਅਹਿਮ ਅੰਗਰੇਜ਼ੀ ਦਸਤਾਵੇਜ਼ ਪੰਜਾਬੀ ਅਤੇ ਪੰਜਾਬੀ ਦੇ ਅੰਗਰੇਜ਼ੀ ਵਿਚ ਅਨੁਵਾਦ ਕਰਨ ਦਾ ਮੈਨੂੰ ਮੌਕਾ ਮਿਲਦਾ ਰਿਹਾ। ਇੱਕ ਹੋਰ ਕੰਮ ਕਰਨ ਦਾ ਮੌਕਾ ਜੁੜਿਆ, ਜਿਸ ਨਾਲ ਸੇਵਾ-ਮੁਕਤੀ ਤੋਂ ਬਾਅਦ ਵੀ ਮਨ ਨੂੰ ਸੰਤੁਸ਼ਟੀ ਮਿਲੀ। ਮਹਿਕਮਾਨਾ ਕਾਇਦੇ-ਕਾਨੂੰਨ ਦੀ ਮੁਹਾਰਤ ਕਰਕੇ ਮੈਨੂੰ ਇੱਕ ਪ੍ਰਾਈਵੇਟ ਅਦਾਰੇ ਨਾਲ ਬਿਜਲੀ ਸਮਝੌਤੇ ਦਾ ਡਾਇਰੈਕਟਰ ਲਾਇਆ ਗਿਆ, ਜੋ ਬਹੁਤ ਹੀ ਟੈਕਨੋ-ਲੀਗਲ ਅਤੇ ਆਪਣੀ ਕਿਸਮ ਦਾ ਪਹਿਲਾ ਕੰਮ ਸੀ।

ਦੋਨੋਂ ਬੇਟੇ ਵਿਦੇਸ਼ ਸੈਟਲ ਹੋਣ ਕਰਕੇ ਮੈਨੂੰ ਵੀ ਕੈਨੇਡਾ ਆਉਣਾ ਪਿਆ, ਜਿਥੇ ਟਾਈਮ ਪਾਸ ਕਰਨ ਲਈ ਬਰੈਂਪਟਨ ਹਸਪਤਾਲ ਵਿਚ ਵਾਲੰਟੀਅਰ ਵਜੋਂ ਕੰਮ ਕਰਨ ਦਾ ਮੌਕਾ ਮਿਲਿਆ। ਇਸੇ ਦੌਰਾਨ ਇੱਕ ਰਨਰਜ਼ ਕਲੱਬ ਨਾਲ ਜੁੜਨ ਦਾ ਸਬੱਬ ਬਣ ਗਿਆ, ਜਿਸ ਨਾਲ ਮੈਰਾਥਨ ਵਾਕ/ਦੌੜ ਅਤੇ ਸੀ. ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਦੇ ਮੁਕਾਬਲਿਆਂ ਵਿਚ ਭਾਗ ਲੈਣ ਦੇ ਮੌਕੇ ਮਿਲਣ ਲੱਗੇ। ਹੁਣ ਤਾਂ ਸਿਹਤ ਸੰਭਾਲ ਦੀਆਂ ਹੋਰ ਸਰਗਰਮੀਆਂ ਵਿਚ ਵੀ ਮਸਰੂਫ ਹਾਂ...।

ਇੰਜੀਨੀਅਰ ਈਸ਼ਰ ਸਿੰਘ ਨੇ ਵਡੇਰੀ ਉਮਰੇ ਮੈਰਾਥਨ ਦੌੜ/ਵਾਕ ਦੀਆਂ ਸਰਗਰਮੀਆਂ ਵਿਚ ਭਾਗ ਲੈਣ ਤੇ ਉਨ੍ਹਾਂ ਬਾਰੇ ਲਿਖਣ 'ਚ ਬਾਬਾ ਫੌਜਾ ਸਿੰਘ ਨਾਲ ਮੇਰੀ ਵੀ ਪ੍ਰੇਰਨਾ ਮੰਨ ਲਈ। ਪੇਸ਼ ਹਨ ਉਹਦੀਆਂ ਲਿਖਤਾਂ:

## ਮੇਰੇ ਮੈਰਾਥਨ ਤੋਂ ਸਿੱਖੇ ਸਬਕ

ਸਕੋਸ਼ੀਆ ਬੈਂਕ ਮੈਰਾਥਨ ਵਾਸਤੇ ਮੈਂ ਹਫਤੇ ਵਿਚ ਪੰਜ ਦਿਨ ਘੱਟੋ-ਘੱਟ ਦਸ ਹਜ਼ਾਰ ਕਦਮ ਤੇਜ਼ ਤੁਰਨ/ਜੌਗਿੰਗ ਤੇ ਕੁਝ ਹੋਰ ਸਰੀਰਕ ਕਸਰਤਾਂ ਕਾਰਨ ਦਾ ਅਭਿਆਸ ਕਰਦਾ ਹਾਂ। ਮੇਰਾ ਭਾਵ ਆਪਣੀ ਕਿਸੇ ਪ੍ਰਾਪਤੀ ਬਾਰੇ ਦੱਸਣਾ ਨਹੀਂ, ਸਗੋਂ ਨਿਮਰਤਾ ਸਹਿਤ ਇਹ ਕਹਿਣਾ ਹੈ, ਜੋ ਮੈਂ 77 ਸਾਲ ਦੀ ਉਮਰ ਵਿਚ ਕਰ ਸਕਦਾ ਹਾਂ, ਉਹ ਹਰ ਕੋਈ ਕਰ ਸਕਦਾ ਹੈ। ਨਾਲ ਹੀ ਆਪਣੀ ਇਹ ਖੋਜ ਸਾਂਝੀ ਕਰਨਾ ਹੈ ਕਿ ਲੰਮੀਆਂ ਸੈਰਾਂ ਸਰੀਰ ਤੋਂ ਕਿਤੇ ਵੱਧ ਫਾਇਦਾ ਸਾਡੇ ਦਿਲ ਦਿਮਾਗ ਤੇ ਮਨ ਦਾ ਵੀ ਕਰਦੀਆਂ ਹਨ। ਵਡੇਰੀ ਉਮਰੇ ਵੈਸੇ ਤਾਂ ਸਭ ਨੂੰ ਸਿਹਤ ਦਾ ਫਿਕਰ ਹੁੰਦਾ ਹੈ, ਪਰ ਮੇਰੇ ਵਾਸਤੇ ਸਮੱਸਿਆ ਇਹ ਵੀ ਸੀ ਕਿ ਮੇਰੀ ਪਤਨੀ ਕੈਂਸਰ ਦੀ ਬੀਮਾਰੀ ਨਾਲ ਥੋੜ੍ਹਾ ਚਿਰ ਪਹਿਲਾਂ ਚੜ੍ਹਾਈ ਕਰ ਗਈ ਸੀ। ਗਮਗੀਨੀ ਵਿਚ ਮੈਂ ਆਪਣਾ ਵਕਤ ਕਿਤਾਬਾਂ ਪੜ੍ਹ ਕੇ, ਟੀ. ਵੀ. ਦੇਖ ਕੇ, ਸ਼ਬਦ-ਕੀਰਤਨ ਜਾਂ ਪੁਰਾਣੇ ਗਾਣੇ ਸੁਣ ਕੇ ਲੰਘਾਉਂਦਾ ਸਾਂ। ਸਿਹਤ ਅਤੇ ਸੁਭਾਅ ਦੋਵੇਂ ਵਿਗੜ ਰਹੇ ਸਨ, ਜਿਸ ਤੋਂ ਬੱਚੇ ਵੀ ਫਿਕਰਮੰਦ ਹੋ ਰਹੇ ਸਨ। ਜੀਵਨ ਵਿਚ ਹੋਈਆਂ ਭੁੱਲਾਂ ਤੇ ਖੁੰਝਾਏ ਚੰਗੇ ਮੌਕਿਆਂ ਨੂੰ ਯਾਦ ਕਰ-ਕਰ ਕੇ ਝੂਰਦਾ ਰਹਿੰਦਾ ਸਾਂ।

ਉਨ੍ਹੀਂ ਦਿਨੀਂ ਇੰਜੀਨੀਅਰ ਜਸਵੰਤ ਸਿੰਘ ਜ਼ਫਰ ਦੀ ਇੱਕ ਦਿਲ-ਟੁੰਬਵੀਂ ਵੀਡੀਓ ਵੇਖਣ ਨੂੰ ਮਿਲੀ। 2015 ਵਿਚ ਵੈਨਕੂਵਰ ਵਿਖੇ ਆਪਣੇ ਇਕਲੌਤੇ ਜੁਆਨ ਪੁੱਤਰ ਦੇ ਭੋਗ ਸਮੇਂ ਸ਼ਰਧਾਂਜਲੀ ਦਿੰਦਿਆਂ ਉਨ੍ਹਾਂ ਨੇ ਕਿਹਾ ਸੀ ਕਿ ਵੱਡੀ ਮੁਸੀਬਤ ਸਮੇਂ ਇਨਸਾਨ ਕੋਲ ਦੋ ਵਿਕਲਪ ਹੁੰਦੇ ਹਨ: ਜਾਂ ਉਹ ਆਦਰਸ਼ ਬਣੇ ਜਾਂ ਲੋਕਾਂ ਦੇ ਤਰਸ ਦਾ ਪਾਤਰ। ਆਦਰਸ਼ ਬਣਨ ਵਾਸਤੇ ਕੁਝ ਕਰਨ ਦੀ ਲੋੜ ਪੈਂਦੀ ਹੈ, ਪਰ ਤਰਸ ਦਾ ਪਾਤਰ ਬਣਨ ਵਾਸਤੇ ਕੁਝ ਵੀ ਕਰਨ ਦੀ ਲੋੜ ਨਹੀਂ। ਇੰਜੀਨੀਅਰ ਜ਼ਫਰ ਦੀ ਮੁਸੀਬਤ ਸਾਹਮਣੇ ਮੇਰੀ ਮੁਸੀਬਤ ਤਾਂ ਕਿਸੇ ਗਿਣਤੀ ਵਿਚ ਨਹੀਂ ਸੀ। ਆਦਰਸ਼ ਬਣਨ ਦੀ ਸਮਰੱਥਾ ਨਹੀਂ ਸੀ ਤੇ ਕਿਸੇ ਦੇ ਤਰਸ ਦੇ ਪਾਤਰ ਬਣਨਾ ਵੀ ਗਵਾਰਾ ਨਹੀਂ ਸੀ। ਸੋਚਿਆ ਕਿ ਕਿਸੇ ਹੋਰ ਵਾਸਤੇ ਕੁਝ ਕਰਨ ਤੋਂ ਪਹਿਲਾਂ ਘੱਟੋ-ਘੱਟ ਆਪਣੇ-ਆਪ ਨੂੰ ਸੰਭਾਲਣ ਜੋਗੇ ਤਾਂ ਬਣੀਏ। ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਦੇ ਲੇਖ ਦੁਬਾਰਾ ਪੜ੍ਹਨੇ ਸ਼ੁਰੂ ਕੀਤੇ। ਉਨ੍ਹਾਂ ਦਾ ਨਾਅਰਾ ਸੀ:

ਦੌੜ ਸਕਦੇ ਓਂ, ਤਾਂ ਦੌੜੋ; ਤੁਰੋ ਨਾ
ਤੁਰ ਸਕਦੇ ਓਂ, ਤਾਂ ਤੁਰੋ; ਖੜ੍ਹੋ ਨਾ
ਖੜ੍ਹ ਸਕਦੇ ਓਂ, ਤਾਂ ਖੜ੍ਹੋ; ਬੈਠੋ ਨਾ
ਬੈਠ ਸਕਦੇ ਓਂ, ਤਾਂ ਬੈਠੋ; ਲੇਟੋ ਨਾ

ਭਾਵ ਇਹੋ ਸੀ ਕਿ ਜਿੰਨੇ ਜੋਗੇ ਓਂ, ਉਹ ਕਰਦੇ ਰਹੋ। ਉਨ੍ਹਾਂ ਦੀਆਂ ਲਿਖਤਾਂ ਤੋਂ ਪ੍ਰੇਰਨਾ ਮਿਲੀ ਕਿ ਤੁਰਨ ਦੇ ਅਭਿਆਸ ਨੂੰ ਵਗਣ/ਦੌੜਨ ਵੱਲ ਵਧਾਉਣਾ ਮੇਰੇ ਵਾਸਤੇ ਚੰਗਾ ਰਾਹੇਗਾ। ਇਸ ਵਾਸਤੇ ਕਿਸੇ ਖੇਡ-ਮੈਦਾਨ, ਮਹਿੰਗੇ ਸਮਾਨ, ਵਕਤ ਦੀ ਪਾਬੰਦੀ ਜਾਂ ਕਿਸੇ ਹੋਰ 'ਤੇ ਨਿਰਭਰਤਾ ਦੀ ਜ਼ਰੂਰਤ ਨਹੀਂ। ਸਿਰਫ ਇਸ ਫੈਸਲੇ ਨਾਲ ਹੀ ਮਨ ਨੂੰ ਬਹੁਤ ਧਰਵਾਸ ਮਿਲਿਆ ਅਤੇ ਮਹਿਸੂਸ ਕੀਤਾ ਕਿ ਕੁਦਰਤ ਦੀਆਂ ਕਾਰਵਾਈਆਂ ਨੂੰ ਖਿੜੇ ਮੱਥੇ ਮੰਨਣਾ ਕੋਈ ਖਿਆਲੀ ਸੰਕਲਪ ਨਹੀਂ, ਸਗੋਂ ਔਖੇ ਸਮਿਆਂ 'ਚ ਸੁਮੱਤ ਅਤੇ ਸਮਰੱਥਾ ਦੇਣ ਵਾਲਾ ਇਹ ਇੱਕ ਵਿਹਾਰਕ ਗੁਰ ਹੈ, ਜੋ ਸਾਡੀ ਵਿਚਾਰਧਾਰਾ ਨੂੰ ਸਹੀ ਸੇਧ ਦੇ ਸਕਣ ਦੇ ਸਮਰੱਥ ਹੈ।

'ਵਾਕ' ਦੇ ਸਹੀ ਢੰਗ-ਤਰੀਕੇ ਸਿੱਖਣ ਲਈ ਮੈਂ ਸੰਧੂਰਾ ਸਿੰਘ ਬਰਾੜ ਦੇ 'ਟੋਰਾਂਟੋ ਪੀਅਰਸਨ ਏਅਰ ਪੋਰਟ ਰਨਰਜ਼ ਕਲੱਬ' ਨਾਲ ਜੁੜ ਗਿਆ, ਜਿਹੜਾ ਪਿਛਲੇ ਕੁਝ ਸਾਲਾਂ ਤੋਂ ਕਈ ਐਸੀਆਂ ਕਸਰਤੀ ਗਤੀਵਿਧੀਆਂ ਦਾ ਪ੍ਰਬੰਧ ਕਰ ਰਿਹਾ ਸੀ, ਜੋ ਸਿਰਫ ਚੈਰੀਟੇਬਲ ਹੋਣ। ਮੈਂ ਇਸ ਕਲੱਬ ਦੇ ਉਦੇਸ਼ ਤੋਂ ਪ੍ਰਭਾਵਿਤ ਹੋ ਕੇ ਇਸ ਦਾ ਮੈਂਬਰ ਬਣ ਗਿਆ। ਕਲੱਬ ਦੇ ਬਹੁਤੇ ਮੈਂਬਰ ਜੁਆਨ ਹੋਣ ਕਰਕੇ ਮੈਨੂੰ ਤੌਖਲਾ ਸੀ ਕਿ ਮੈਂ ਉਨ੍ਹਾਂ ਨਾਲ ਨਿਭ ਸਕਾਂਗਾ ਜਾਂ ਨਹੀਂ? ਪਰ ਸਭ ਨੇ ਮੇਰੀ ਉਮਰ ਅਨੁਸਾਰ ਮੈਨੂੰ ਪੂਰਾ ਸਨਮਾਨ ਦਿੱਤਾ ਅਤੇ ਮੇਰਾ ਵੀ ਸਾਰਿਆਂ ਨਾਲ ਪਰਿਵਾਰ ਦੇ ਜੀਆਂ ਵਾਂਗੂੰ ਮੋਹ ਪੈ ਗਿਆ। ਬਰਾੜ ਤੇ ਉਹਦੇ ਸਾਥੀਆਂ ਨੇ ਬੜੇ ਸਤਿਕਾਰ ਨਾਲ ਮੈਨੂੰ ਤੁਰਨ ਦੀ ਸਹੀ ਸ਼ੈਲੀ, ਪਹਿਰਾਵੇ ਅਤੇ ਵਾਕ ਕਰਨ ਦੇ ਢੁਕਵੇਂ ਤਰੀਕਿਆਂ ਬਾਰੇ ਸਮਝਾਇਆ। ਮੈਂ ਇਸ ਗੱਲ ਦਾ ਵਰਣਨ ਇਸ ਕਰਕੇ ਕਰ ਰਿਹਾਂ, ਕਿਉਂਕਿ ਵੱਡੀ ਉਮਰ ਦੇ ਸੱਜਣ ਆਪਣੇ ਮਨ ਦੇ ਪਾਲੇ ਕਰਕੇ ਜੁਆਨ ਪੀੜ੍ਹੀ ਤੋਂ ਦੂਰ ਰਹਿੰਦੇ ਹਨ; ਪਰ ਮੇਰੀ ਇਹ ਸੋਚਣੀ ਗਲਤ ਸਾਬਤ ਹੋਈ। ਹਰ ਉਮਰ-ਗਰੁੱਪ ਦੇ ਬੰਦਿਆਂ ਨਾਲ ਸਾਂਝ ਬਹੁਤ ਲਾਹੇਵੰਦ ਹੁੰਦੀ ਹੈ।

ਮੈਨੂੰ ਤਿੰਨ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ: ਦੋ ਮੇਰੀਆਂ ਆਪਣੀਆਂ ਸਹੇੜੀਆਂ ਜਿਵੇਂ ਸਰੀਰਕ ਸਮਰੱਥਾ ਦੀ ਘਾਟ ਤੇ ਮਾਨਸਿਕ ਡਰ। ਤੀਸਰੀ ਮੁਫਤ ਦੇ ਸਲਾਹਕਾਰਾਂ ਦੀਆਂ ਟਿੱਚਰਾਂ, ਮਖੌਲ ਤੇ ਨਸੀਹਤਾਂ। ਅਕਸਰ ਸੁਣਨ ਨੂੰ ਮਿਲਦਾ "ਐਸ ਉਮਰੇ ਇਹ ਕੀ ਪੰਗਾ ਲੈ ਰਹੇ ਓਂ? ਕੋਈ ਗਿੱਟਾ-ਗੋਡਾ ਤੁੜਵਾ ਲੌਂ-ਗੇ, ਫੇਰ ਪਏ ਰਿਹੋ ਮੰਜੇ 'ਤੇ ਸਾਰੀ ਉਮਰ।"

ਇਨ੍ਹਾਂ ਗੱਲਾਂ ਨੂੰ ਜਰਿਆ ਵੀ ਅਤੇ ਇਨ੍ਹਾਂ ਵਿਚੋਂ ਇਹ ਤੱਤ ਵੀ ਕੱਢਿਆ, ਜੇ ਕਿਤੇ ਆਪਣੀ ਅਣਗਹਿਲੀ ਨਾਲ ਕੋਈ ਸੱਟ-ਫੇਟ ਖਾ ਬੈਠਾ ਤਾਂ ਮੇਰੇ ਨਾਲ ਹਮਦਰਦੀ ਕਿਸੇ ਨੇ ਨ੍ਹੀਂ ਕਰਨੀ, ਉਲਟਾ ਇਹੀ ਕਹਿਣਗੇ, "ਲੈ ਲਿਆ ਸੁਆਦ! ਸਮਝਾਇਆ ਸੀ ਨਾ, ਤੁਸੀਂ ਕਿਹੜਾ ਕਿਸੇ ਦੇ ਆਖੇ ਲੱਗੇ, ਸਾਰੀ ਉਮਰ ਅੜਬਾਈਆਂ 'ਚ ਕੱਢ'ਤੀ।" ਆਪਣੀ ਸਵੈ-ਪੜਚੋਲ ਕੀਤੀ; ਤੱਤ-ਭੜੱਤੀ ਅਤੇ ਕਾਹਲੀ ਕਰਨ ਦੀਆਂ ਆਦਤਾਂ 'ਚ ਸੁਧਾਰ ਕੀਤਾ, ਸਹਿਜ ਨਾਲ ਤੁਰਨ, ਬੋਲਣ ਅਤੇ ਰਹਿਣ ਦੀ ਆਦਤ ਸਿੱਖਣੀ ਸ਼ੁਰੂ ਕਰ ਦਿੱਤੀ। ਟੀਚੇ ਮੁਕੱਰਰ ਕਰਨੇ ਛੱਡ ਦਿੱਤੇ ਤੇ ਹੋਰਾਂ ਨਾਲ ਮੁਕਾਬਲਾ ਕਰਨਾ ਬੰਦ ਕਰ ਦਿੱਤਾ। ਨਾ ਸਿਰਫ 'ਵਾਕ' ਕਰਨ ਸਮੇਂ ਹੀ, ਸਗੋਂ ਜੀਵਨ ਦੇ ਹੋਰ ਪੱਖਾਂ ਵਿਚ ਵੀ। ਹਰ ਕਾਰਵਾਈ 'ਚ ਫਾਡੀ ਰਹਿਣ ਕਰ ਕੇ ਪੜ੍ਹਾਈ-ਲਿਖਾਈ ਦੀ ਹੈਂਕੜ ਵੀ ਘਟਣ ਲੱਗੀ ਅਤੇ ਸੁਭਾਅ ਵੀ ਬਦਲਣ ਲੱਗ ਪਿਆ। ਸਮਝ ਆਈ ਕਿ ਹੈਂਕੜ ਤਿਆਗ ਕੇ ਨਿਮਰਤਾ ਗ੍ਰਹਿਣ ਕਰਨ ਨਾਲ ਅਸੀਂ ਜੀਵਨ ਵਿਚ ਵੱਧ ਸੁਖੀ ਰਹਿ ਸਕਦੇ ਹਾਂ। ਆਪਣੇ ਆਲੋਚਕਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਾਂ, ਜੇ ਅਲੋਚਨਾ ਜਰਨੀ ਸਿੱਖ ਲਈਏ।

ਮੇਰਾ ਪਹਿਲਾ ਹੰਭਲਾ ਅਪਰੈਲ 2017 ਵਿਚ ਸੀ. ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨਾ ਸੀ। ਇਸ ਲਈ ਮੈਨੂੰ ਸਰਦੀਆਂ ਦੇ ਮੌਸਮ ਵਿਚ ਟੀਮ ਦੇ ਹੋਰ ਮੈਂਬਰਾਂ ਨਾਲ ਅਭਿਆਸ ਕਰਨਾ ਪਿਆ। ਹਾਲਾਂਕਿ ਮੈਂ ਪੂਰੀ ਤਿਆਰੀ ਨਹੀਂ ਸੀ ਕਰ ਸਕਿਆ, ਫਿਰ ਵੀ ਸਾਥੀ ਮੈਂਬਰਾਂ ਦੀ ਹੱਲਾਸ਼ੇਰੀ ਕਰਕੇ ਮੈਂ ਇਸ ਚੜ੍ਹਾਈ ਵਿਚ ਹਿੱਸਾ ਲੈਣ ਦਾ ਫੈਸਲਾ ਕਰ ਲਿਆ। ਮਿਥੇ ਦਿਨ ਟਾਵਰ 'ਤੇ ਬਹੁਤ ਰੌਣਕਾਂ ਸਨ। ਪੌਣੇ ਦੋ ਹਜ਼ਾਰ ਪੌੜੀਆਂ ਇਕੋ ਸਾਹ ਚੜ੍ਹਨਾ ਅਸੰਭਵ ਲਗਦਾ ਸੀ, ਪਰ ਰੱਬ ਦਾ ਨਾਉਂ ਲੈ ਕੇ ਸ਼ੁਰੂਆਤ ਕਰ ਦਿੱਤੀ। ਅਭਿਆਸ ਕੀਤਾ ਹੋਣ ਕਰ ਕੇ ਤਿਹਾਈ ਹਿੱਸੇ ਤੱਕ ਬਹੁਤੀ ਦਿੱਕਤ ਨਹੀਂ ਆਈ ਪਰ ਅੱਧ 'ਚ ਜਾ ਕੇ ਸਰੀਰ ਜਵਾਬ ਦੇ ਗਿਆ ਤੇ ਗਲਾ ਖੁਸ਼ਕ ਹੋ ਗਿਆ। ਸੀ. ਐੱਨ. ਟਾਵਰ ਵਾਲੇ ਪਾਣੀ ਨਾਲ ਲਿਜਾਣ ਦੀ ਇਜਾਜ਼ਤ ਨਹੀਂ ਦਿੰਦੇ। ਰੱਬ ਨੂੰ ਯਾਦ ਕੀਤਾ, ਕੋਈ ਸੁਣਵਾਈ ਨਾ ਹੋਈ, ਪਰ ਉਸ ਤੋਂ ਵਗੈਰ ਕੋਈ ਹੋਰ ਮਦਦ ਵੀ ਨਹੀਂ ਸੀ ਕਰ ਸਕਦਾ। ਨਾਲ ਦੇ ਸਾਥੀ ਛਾਲਾਂ ਮਾਰਦੇ ਚੜ੍ਹੀ ਜਾ ਰਹੇ ਸਨ। ਹਜ਼ਾਰ ਪੌੜੀਆਂ ਚੜ੍ਹਨ ਤੱਕ ਬੇਹੋਸ਼ੀ ਦੀ ਹਾਲਤ ਬਣ ਗਈ, ਛੱਡਣ ਨੂੰ ਜੀਅ ਕੀਤਾ। ਫਿਰ ਅਰਦਾਸ ਕੀਤੀ ਅਤੇ ਸਿਰੜ ਨਾਲ ਚੜ੍ਹਾਈ ਜਾਰੀ ਰੱਖੀ। ਮਹਿਸੂਸ ਹੋਇਆ ਕਿ ਰੁਕਾਵਟ ਸਰੀਰ ਦਾ ਥਕੇਵਾਂ ਨਹੀਂ, ਸਗੋ ਮਨ ਦਾ ਅਕੇਵਾਂ ਹੈ। ਜੇ ਮਨ ਕਹਿਣੇ 'ਚ ਨਹੀਂ ਤਾਂ ਨਾ ਸਹੀ, ਸਰੀਰ 'ਤੇ ਤਾਂ ਮੇਰਾ ਕਬਜ਼ਾ ਹੈ ਅਤੇ ਕਬਜ਼ੇ ਦੀ ਮਹੱਤਤਾ ਹਰ ਪੰਜਾਬੀ ਸਮਝਦਾ ਹੈ। ਇਸ ਸੋਚ ਨੇ ਅਸਰ ਦਿਖਾਇਆ ਅਤੇ ਇੱਕ-ਇੱਕ ਪੌੜੀ ਕਰ ਕੇ 42 ਮਿੰਟਾਂ ਵਿਚ ਚੜ੍ਹਾਈ ਪੂਰੀ ਹੋ ਗਈ। ਮੇਰੀ ਇਸ ਕਾਰਗੁਜਾਰੀ ਨੂੰ ਬਾਅਦ ਵਿਚ ਪ੍ਰਿੰਸੀਪਲ ਸਾਹਿਬ ਨੇ 'ਸ਼ਾਨਦਾਰ ਪ੍ਰਾਪਤੀ' ਕਰਾਰ ਦਿੱਤਾ, ਜੋ ਮੇਰੇ ਲਈ ਕਾਫੀ ਉਤਸ਼ਾਹਜਨਕ ਸੀ।

ਇਸ ਪਿੱਛੋਂ ਮਈ 2017 ਵਿਚ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਵੱਲੋਂ ਕੀਤੇ ਸਮਾਗਮ ਵਿਚ ਹਿੱਸਾ ਲਿਆ ਤੇ 12 ਕਿਲੋਮੀਟਰ ਤੇਜ਼ ਵਗਿਆ। 100 ਸਾਲਾਂ ਤੋਂ ਟੱਪੇ ਵਿਸ਼ਵ ਪ੍ਰਸਿੱਧ ਮੈਰਾਥਨ ਦੌੜਾਕ ਬਾਬਾ ਫੌਜਾ ਸਿੰਘ ਨੇ ਮੈਨੂੰ ਮੈਡਲ ਨਾਲ ਸਨਮਾਨਿਤ ਕੀਤਾ। ਸਰੀਰਕ ਚੁਸਤੀ-ਫੁਰਤੀ ਵਧ ਰਹੀ ਸੀ, ਜਿਸ ਨਾਲ ਮਨ ਦੀ ਉਦਾਸੀ ਘਟ ਗਈ ਸੀ। ਪਿਛਲੇ ਝੋਰੇ-ਪਛਤਾਵੇ ਮੁੱਕ ਗਏ ਸਨ ਤੇ ਹਰ ਕੰਮ ਨੂੰ ਹੱਥ ਪਾਉਣ ਨੂੰ ਜੀਅ ਕਰਦਾ ਸੀ। ਸਮਝ ਆਈ ਕਿ ਸਿਹਤ ਨਾਲ ਹਿੰਮਤ ਵੀ ਆਪਣੇ ਆਪ ਪੈਦਾ ਹੋ ਜਾਂਦੀ ਹੈ।

ਕਲੱਬ ਦਾ ਮੁੱਖ 'ਈਵੈਂਟ' ਅਕਤੂਬਰ ਵਿਚ ਹੁੰਦੀ 'ਸਕੋਸ਼ੀਆ ਬੈਂਕ ਵਾਟਰਫਰੰਟ ਮੈਰਾਥਨ' ਵਿਚ ਹਿੱਸਾ ਲੈਣਾ ਹੁੰਦਾ ਹੈ। ਮੈਂ ਇਸ ਦੀ ਹਾਫ-ਮੈਰਾਥਨ ਵਿਚ ਪਹਿਲੀ ਵਾਰ ਹਿੱਸਾ ਲੈਣਾ ਸੀ ਅਤੇ ਇਸ ਵਾਸਤੇ ਕਲੱਬ ਦੇ ਮੈਂਬਰਾਂ ਨਾਲ ਮਿਲ ਕੇ ਕਾਫੀ ਅਭਿਆਸ ਕੀਤਾ। ਟੀਮ ਮੈਂਬਰਾਂ ਨੇ ਕੇਸਰੀ ਪੱਗਾਂ ਸਜਾਈਆਂ ਅਤੇ ਗਰੇਅ ਟੀ-ਸ਼ਰਟਾਂ ਪਹਿਨੀਆਂ, ਜਿਸ ਨਾਲ ਅਖੀਰ ਤੱਕ ਇਸ ਦੀ ਵਿਲੱਖਣ ਪਛਾਣ ਕਾਇਮ ਰਹੀ। ਦੌੜ ਅਰੰਭ ਕਰਨ ਤੋਂ ਪਹਿਲਾਂ 'ਸਮੂਹਕ ਅਰਦਾਸ' ਕੀਤੀ ਗਈ। 55 ਦੇਸ਼ਾਂ ਤੋਂ ਦੌੜਾਂ ਵਿਚ ਹਿੱਸਾ ਲੈਣ ਵਾਲੇ 35,000 ਅਥਲੀਟਾਂ ਦੇ ਇੱਕਠ ਨੇ ਸਭ ਨੂੰ ਖੁਸ਼ੀ ਅਤੇ ਉਤਸ਼ਾਹ ਨਾਲ ਭਰਿਆ ਹੋਇਆ ਸੀ। ਦੌੜ ਦੀ ਸ਼ੁਰੂਆਤ ਧੂਮਧਾਮ, ਖੁਸ਼ੀਆਂ ਭਰੀਆਂ ਤਾੜੀਆਂ ਤੇ ਕਿਲਕਾਰੀਆਂ ਨਾਲ ਹੋਈ। 'ਰਨ' ਕਾਫੀ ਸਖਤ ਸੀ, ਸਮਝੋ ਸੀ. ਐੱਨ. ਟਾਵਰ ਚੜ੍ਹਨ ਦਾ ਤਜਰਬਾ ਹੀ ਦੁਹਰਾਇਆ ਜਾ ਰਿਹਾ ਸੀ। ਇੱਥੇ ਵੀ ਅੱਧ ਤੋਂ ਬਾਅਦ ਦੌੜ ਛੱਡਣ ਦਾ ਵਿਚਾਰ ਮਨ 'ਚ ਆਇਆ, ਪਰ ਪਹਿਲੇ ਤਜਰਬੇ ਅਤੇ ਅਭਿਆਸ ਦੇ ਆਧਾਰ 'ਤੇ ਇੱਕ-ਇੱਕ ਕਦਮ ਕਰ ਕੇ ਅੱਗੇ ਵਧਦਾ ਗਿਆ ਅਤੇ 3 ਘੰਟੇ 42 ਮਿੰਟ ਵਿਚ 'ਫਿਨਿਸ਼ ਪੁਆਇੰਟ' ਉਤੇ ਪਹੁੰਚ ਗਿਆ। ਉਥੇ ਪਹੁੰਚ ਕੇ ਮਿਲੇ ਮਾਣ-ਸਤਿਕਾਰ ਨੇ ਕੀਤੀ ਮਿਹਨਤ ਦਾ ਪੂਰਾ ਮੁੱਲ ਮੋੜਿਆ। ਹਾਫ-ਮੈਰਾਥਨ ਦੇ ਗਿਆਰਾਂ ਹਜ਼ਾਰ ਤੋਂ ਵੱਧ ਭਾਗੀਦਾਰਾਂ 'ਚੋਂ ਮੇਰੀ ਉਮਰ (70-74) ਗਰੁੱਪ ਦੇ 29 ਜਣੇ ਸਨ। ਮੈਂ ਇਸ ਗਰੁੱਪ ਵਿਚ ਅਖੀਰਲਾ ਸੀ। ਜਦੋਂ ਕਿਸੇ ਨੇ ਮੈਨੂੰ ਮੇਰੀ ਪੁਜੀਸ਼ਨ ਬਾਰੇ ਪੁੱਛਿਆ ਤਾਂ ਮੈਂ ਮੁਸਕਰਾ ਕੇ ਜਵਾਬ ਦਿੱਤਾ, "ਜਿਹੜੇ ਭੱਜੇ ਉਨ੍ਹਾਂ 'ਚੋਂ ਫਾਡੀ ਤੇ ਜਿਹੜੇ ਨਹੀਂ ਭੱਜੇ ਉਨ੍ਹਾਂ 'ਚੋਂ ਮੀਰੀ!" ਇਸ ਪਿੱਛੋਂ ਤਾਂ ਚੱਲ ਸੋ ਚੱਲ ਹੋ ਗਈ, ਜਿਸ ਕਰਕੇ ਹੁਣ ਕਦੇ ਫਾਡੀ ਨਹੀਂ ਰਹਿੰਦਾ।

## ਸਪਾਰਟੈਥਲਨ ਦੀ ਮਹਾਂ-ਦੌੜ

ਸੰਸਾਰ ਵਿਚ ਅਨੇਕਾਂ ਖੇਡਾਂ ਤੇ ਮੈਰਾਥਨ ਦੌੜਾਂ ਹੋ ਰਹੀਆਂ ਹਨ, ਜਿਨ੍ਹਾਂ ਨੇ ਮਨੁੱਖ ਦੀ ਸਰੀਰਕ ਸਮਰੱਥਾ 'ਚ ਬੇਓੜਕ ਵਾਧਾ ਕੀਤਾ ਹੈ। ਜਿਵੇਂ ਟ੍ਰੈਥਲਨ, ਡਿਕੈਥਲਨ, 3100 ਮੀਲ ਦੀ ਨਿਊ ਯਾਰਕ ਦੌੜ ਆਦਿ ਜਿਨ੍ਹਾਂ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ! ਇਸੇ ਤਰ੍ਹਾਂ ਦੀ ਇੱਕ ਮਹਾਂ-ਦੌੜ 'ਸਪਾਰਟੈਥਲਨ' 246 ਕਿਲੋਮੀਟਰ ਦੀ ਹੈ। ਇਹ ਹਰ ਸਾਲ ਯੂਨਾਨ ਦੇ ਸ਼ਹਿਰ ਏਥਨਜ਼ ਤੋਂ ਸਪਾਰਟਾ

*(ਬਾਕੀ ਅਗਲੇ ਸਫੇ 'ਤੇ)*

# ਪਰਦੇਸਾਂ ਵਿਚ ਪੰਜਾਬੀਆਂ ਦਾ ਬੁਢਾਪਾ

ਉਪਰੋਕਤ ਵਿਸ਼ਾ ਸਾਹਮਣੇ ਆਉਂਦੇ ਸਾਰ ਹੀ ਫਰੀਮਾਂਟ (ਕੈਲੀਫੋਰਨੀਆ) ਦਾ ਸਮੁੰਦਰ ਦਾ ਕਿਨਾਰਾ, ਹਰਾ-ਭਰਾ ਘਾਹ ਅਤੇ ਲੱਕੜ ਦੇ ਬਣੇ ਬੈਂਚ 'ਤੇ ਬੈਠੇ ਬਜ਼ੁਰਗ ਪੰਜਾਬੀ ਜੋੜੇ ਦਾ ਖਿਆਲ ਆਇਆ, ਜੋ ਕਾਫੀ ਲੰਬੇ ਸਮੇਂ ਤੋਂ ਮੇਰੀ ਚੇਤਨਾ ਵਿਚ ਵਸਿਆ ਹੋਇਆ ਸੀ। ਬਜ਼ੁਰਗ ਔਰਤ ਨੇ ਸਲਵਾਰ ਕਮੀਜ਼ ਪਾਈ ਸੀ ਤੇ ਸਿਰ ਉੱਪਰ ਪੰਜਾਬੀ ਤਰੀਕੇ ਨਾਲ ਚੁੰਨੀ ਲਈ ਹੋਈ ਸੀ। ਬਜ਼ੁਰਗ ਮਰਦ ਨੇ ਪੈਂਟ ਕਮੀਜ਼ ਅਤੇ ਸਿਰ ਉਪਰ ਪੇਂਡੂ ਲਹਿਜੇ ਨਾਲ ਦਸਤਾਰ ਸਜਾਈ ਸੀ। ਦੂਰੋਂ ਹੀ ਉਨ੍ਹਾਂ ਦੇ ਪੰਜਾਬੀ ਹੋਣ ਦਾ ਪਤਾ ਲਗਦਾ ਸੀ। ਜਿਵੇਂ ਹੀ ਮੇਰੀ ਨਿਗਾਹ ਉਨ੍ਹਾਂ ਉਪਰ ਗਈ ਤਾਂ ਤਰ੍ਹਾਂ ਤਰ੍ਹਾਂ ਦੇ ਖਿਆਲ ਮਨ 'ਚ ਆਉਣੇ ਸ਼ੁਰੂ ਹੋ ਗਏ। ਸਭ ਤੋਂ ਪਹਿਲਾ ਖਿਆਲ ਜੋ ਮੇਰੇ ਮਨ 'ਚ ਆਇਆ, ਉਹ ਇਹ ਸੀ ਕਿ ਇਹ ਕਿੰਨੀ ਚੰਗੀ ਕਿਸਮਤ ਵਾਲੇ ਹਨ, ਜੋ ਏਨੇ ਸੋਹਣੇ ਸਾਫ-ਸੁਥਰੇ ਵਾਤਾਵਰਣ 'ਚ ਤੇ ਖਾਸ ਕਰਕੇ ਸਮੁੰਦਰ ਦੇ ਕਿਨਾਰੇ ਬੈਠੇ ਹਨ। ਜੇ ਪੰਜਾਬ 'ਚ ਹੁੰਦੇ ਤਾਂ ਬਿਜਲੀ ਦਾ ਕੱਟ ਲੱਗਿਆ ਹੋਣਾ ਸੀ ਅਤੇ ਇਨ੍ਹਾਂ ਨੇ



**ਸੁਰਿੰਦਰ ਗੀਤ, ਕੈਨੇਡਾ**
ਫੋਨ: 403-605-3734

ਹੱਥ ਨਾਲ ਪੱਖੀ ਝੱਲਦੇ ਹੋਣਾ ਸੀ।

ਮੇਰਾ ਜੀਅ ਕਰਦਾ ਸੀ ਕਿ ਮੈਂ ਕੋਲ ਜਾਵਾਂ, ਪਰ ਮਜਬੂਰੀ ਸੀ ਅਤੇ ਬੇਗਾਨੇ ਵੱਸ ਸਾਂ। ਮੈਂ ਆਪਣੀ ਸਹੇਲੀ ਨਾਲ ਕੈਲੀਫੋਰਨੀਆ ਗਈ ਸੀ ਅਤੇ ਰਿਸ਼ਤੇਦਾਰਾਂ ਨਾਲ ਬਾਹਰ ਕਿਤੇ ਘੁੰਮਣ ਜਾਣ ਲਈ ਨਿਕਲੇ ਸਾਂ। ਕਾਰ ਵਿਚ ਹੋਣ ਕਾਰਨ ਸਿਰਫ ਦੋ ਕੁ ਮਿੰਟ ਹੀ ਮੈਂ ਉਨ੍ਹਾਂ ਨੂੰ ਉਥੇ ਬੈਠਿਆਂ ਦੇਖ ਸਕੀ ਸਾਂ। "ਇਹ ਕੀ ਸੋਚ ਰਹੇ ਹੋਣਗੇ?" ਮੈਂ ਸੋਚਣ ਲੱਗੀ। ਸ਼ਾਇਦ ਸਮੁੰਦਰ ਦੀਆਂ ਲਹਿਰਾਂ ਨਾਲ ਗੱਲਬਾਤ ਕਰ ਰਹੇ ਹੋਣਗੇ, ਦੂਰ ਜਾਂਦੇ ਸਮਾਨ ਨਾਲ ਲੱਦੇ ਜਹਾਜ਼ਾਂ ਵੱਲ ਦੇਖ ਰਹੇ ਹੋਣਗੇ, ਉਨ੍ਹਾਂ ਦੇ ਲੰਬੇ ਸਫਰ ਬਾਰੇ ਸੋਚ ਰਹੇ ਹੋਣਗੇ, ਇਨ੍ਹਾਂ ਦਾ ਵੀ ਚਿੱਤ ਕਰਦਾ ਹੋਵੇਗਾ ਪੰਜਾਬ ਜਾਣ ਲਈ, ਸ਼ਾਇਦ ਨਾ ਕਰਦਾ ਹੋਵੇ, ਇਥੇ ਬਹੁਤ ਹੈ, ਕੀ ਲੈਣਾ ਹੈ ਉਥੇ ਜਾ ਕੇ। ਨਹੀਂ ਨਹੀਂ! ਆਖਿਰ ਇਨ੍ਹਾਂ ਦੀਆਂ ਜੜ੍ਹਾਂ ਉਥੇ ਹਨ, ਜਰੂਰ ਜਾਣਾ ਲੋਚਦੇ ਹੋਣਗੇ। ਅਣਗਿਣਤ ਖਿਆਲਾਂ ਨੇ ਮੈਨੂੰ ਘੇਰ ਲਿਆ।

ਉਥੇ ਕੁਝ ਦਿਨ ਰਹਿ ਕੇ ਅਸੀਂ ਵਾਪਿਸ ਆ ਗਏ ਅਤੇ ਕੰਮਾਂ ਕਾਰਾਂ 'ਤੇ ਜਾਣਾ ਸ਼ੁਰੂ ਹੋ ਗਿਆ। ਉਸ ਬਜ਼ੁਰਗ ਜੋੜੇ ਦੀ ਤਸਵੀਰ ਅੱਜ ਤੱਕ ਵੀ ਮੇਰੇ ਜ਼ਿਹਨ 'ਚ ਵਸੀ ਹੋਈ ਹੈ। ਇਕ ਦਿਨ ਮੈਂ ਕੰਮ ਤੋਂ ਘਰ ਵਾਪਿਸ ਆ ਰਹੀ ਸਾਂ। ਬੱਸ ਵਿਚ ਮੇਰੇ ਨਾਲ ਦੀ ਸੀਟ 'ਤੇ ਇਕ ਬਜ਼ੁਰਗ ਆ ਕੇ ਬਹਿ ਗਿਆ। ਥੋੜ੍ਹੀ ਬਹੁਤ ਜਾਣ-ਪਛਾਣ ਸੀ ਉਸ ਨਾਲ। ਮੈਂ ਸਤਿ ਸ੍ਰੀ ਅਕਾਲ ਬੁਲਾਈ ਅਤੇ ਗੱਲਬਾਤ ਤੋਰਨ ਲਈ ਪੁੱਛਣ ਲੱਗ ਪਈ ਕਿ ਅੰਕਲ ਜੀ ਕਿੱਧਰੋਂ ਆ ਰਹੇ ਹੋ? ਉਸ ਬਜ਼ੁਰਗ ਨੇ ਡੂੰਘਾ ਸਾਹ ਲਿਆ ਤੇ ਕਹਿਣ ਲੱਗਾ, ਕੀ ਦੱਸਾਂ ਬੀਬੀ, ਜੇ ਘਰੇ ਰਹਿੰਦਾ ਹਾਂ ਤਾਂ ਨੂੰਹ ਸਾਰਾ ਦਿਨ ਬੁੜ ਬੁੜ ਕਰਦੀ ਹੈ, ਅਖੇ ਸੋਫੇ ਤੋੜਦਾ ਹੈਂ। ਇਸ ਕਰਕੇ ਮੈਂ ਸਵੇਰੇ ਹੀ ਘਰੋਂ ਨਿਕਲ ਜਾਂਦਾ ਹਾਂ ਅਤੇ ਸ਼ਾਮ ਨੂੰ ਵਾਪਿਸ ਆ ਜਾਂਦਾ ਹਾਂ। ਇਹ ਸੁਣ ਕੇ ਮੈਂ ਕੰਬ ਜਿਹਾ ਗਈ ਅਤੇ ਕੈਲੀਫੋਰਨੀਆ ਵਾਲੇ ਬਜ਼ੁਰਗ ਜੋੜੇ ਦਾ ਖਿਆਲ ਆ ਗਿਆ। ਸ਼ਾਇਦ ਉਹ ਬਜ਼ੁਰਗ ਜੋੜਾ ਵੀ ਇਸੇ ਕਾਰਨ ਉਥੇ ਬੈਠਾ ਹੋਵੇ। ਆਪਣਾ ਵਕਤ ਲੰਘਾਉਂਦਾ ਹੋਵੇ। ਘਰ 'ਚ ਕੋਈ ਝੱਲਦਾ ਨਾ ਹੋਵੇ। ਬਜ਼ੁਰਗ ਮਰਦ ਤਾਂ ਬਾਹਰ ਸਮਾਂ ਬਤੀਤ ਕਰ ਆਉਂਦੇ ਹਨ, ਪਰ ਬਜ਼ੁਰਗ ਔਰਤਾਂ ਸਾਰਾ ਸਮਾਂ ਘਰ ਰਹਿਣ ਕਰਕੇ ਇਸ ਤਰ੍ਹਾਂ ਦੀਆਂ ਵਧੀਕੀਆਂ ਦਾ ਜ਼ਿਆਦਾ ਸ਼ਿਕਾਰ ਹੁੰਦੀਆਂ ਹਨ।

ਉਨ੍ਹੀਂ ਦਿਨੀਂ 'ਚ ਮੈਂ ਕੈਲਗਰੀ ਪੁਲਿਸ ਦੇ ਪ੍ਰਬੰਧਕੀ ਢਾਂਚੇ ਦੇ ਦਫਤਰ 'ਚ ਨੌਕਰੀ ਕਰਦੀ ਸਾਂ। ਉਥੇ ਮੈਂ ਗਿਆਰਾਂ ਸਾਲ ਕੰਮ ਕੀਤਾ ਅਤੇ ਪੰਜਾਬੀਆਂ ਦੇ ਬੁਢਾਪੇ ਦੀ ਅਸਲੀ ਤਸਵੀਰ ਦੇਖੀ। ਮਿਸਾਲ ਵਜੋਂ ਇਕ ਘਟਨਾ ਦਾ ਜ਼ਿਕਰ ਕਰਦੀ ਹਾਂ। ਸਵੇਰ ਦਾ ਵੇਲਾ ਸੀ। ਦਫਤਰ ਗਿਆਂ ਅਜੇ ਦੋ ਕੁ ਘੰਟੇ ਹੀ ਹੋਏ ਸਨ ਕਿ ਪੁਲਿਸ ਕਰਮਚਾਰੀ ਆਇਆ ਤੇ ਕਹਿਣ ਲੱਗਾ ਕਿ ਮੈਂ ਇਕ ਬਜ਼ੁਰਗ ਪੰਜਾਬੀ ਔਰਤ ਨੂੰ ਬੰਦੀ ਬਣਾ ਕੇ ਲਿਆਇਆਂ ਹਾਂ। ਇੰਟਰਪਰੇਟਰ ਦੀ ਲੋੜ ਹੈ, ਤੂੰ ਹੀ ਚਲੀ ਜਾਹ। ਕੁਝ ਦੇਰ ਬਾਅਦ ਮੈਂ ਉਪਰਲੀ ਮੰਜ਼ਿਲ 'ਤੇ ਚਲੀ ਗਈ, ਜਿੱਥੇ ਲੋਕਾਂ ਨੂੰ ਬੰਦੀ ਬਣਾ ਕੇ ਲਿਆਇਆ ਜਾਂਦਾ ਸੀ। ਉਸ ਬਜ਼ੁਰਗ ਔਰਤ ਨੂੰ ਬਾਹਰ ਲਿਆਂਦਾ ਗਿਆ, ਕਿਉਂਕਿ ਜੱਜ ਦੇ ਪੇਸ਼ੀ ਸੀ। ਜ਼ਮਾਨਤ ਹੋਣੀ ਸੀ। ਸੱਤਰ ਕੁ ਸਾਲ ਦੀ ਉਸ ਔਰਤ ਨੇ ਸਧਾਰਨ ਜਿਹੀ ਸਲਵਾਰ-ਕਮੀਜ਼ ਪਾਈ ਹੋਈ ਸੀ। ਉਸ ਕੋਲ ਚੁੰਨੀ ਨਹੀਂ ਸੀ। ਉਹ ਬਚਾਓ ਦੇ ਪੱਖੋਂ ਜਮ੍ਹਾਂ ਕਰਵਾ ਲਈ ਗਈ ਸੀ। ਉਹ ਔਰਤ ਆਪਣੀਆਂ ਦੋਹਾਂ ਬਾਹਾਂ ਨੂੰ ਆਪਣੀ ਹਿੱਕ ਨਾਲ ਲਾਈ ਬੈਠੀ ਸੀ, ਜਿਵੇਂ ਬਾਹਾਂ ਨਾਲ ਆਪਣਾ ਨੰਗੇਜ ਢਕ ਰਹੀ ਹੋਵੇ। ਮੈਂ ਪਿਆਰ ਨਾਲ ਬੀ ਜੀ ਕਹਿ ਕੇ ਉਸ ਕੋਲ ਬੈਠ ਗਈ। ਉਹ ਰੋਣ ਲੱਗ ਪਈ। ਉਸ ਬੀਬੀ ਨੇ ਸਭ ਤੋਂ ਪਹਿਲੀ ਗੱਲ ਜੋ ਮੈਨੂੰ ਆਖੀ, ਉਹ ਇਹ ਸੀ ਕਿ ਮੇਰੀ ਚੁੰਨੀ ਮੇਰੇ ਕੋਲ ਨਹੀਂ। ਮੇਰੀ ਚੁੰਨੀ ਲੈ ਕੇ ਆ। ਮੈਂ ਬੜੇ ਪਿਆਰ ਨਾਲ ਉਸ ਨੂੰ ਸਮਝਾਇਆ ਕਿ ਚੁੰਨੀ ਘਰੇ ਜਾਣ ਲੱਗਿਆਂ ਹੀ ਮਿਲੇਗੀ। ਉਹ ਜ਼ਿੱਦ ਕਰ ਰਹੀ ਸੀ ਕਿ ਚੁੰਨੀ ਬਗੈਰ ਉਹ ਜੱਜ ਦੇ ਸਾਹਮਣੇ ਕਿਵੇਂ ਜਾਵੇ! ਮੇਰਾ ਨਹੀਂ ਖਿਆਲ ਕਿ ਉਹ ਬੀਬੀ ਕਦੇ ਚੁੰਨੀ ਬਗੈਰ ਕਿਸੇ ਦੇ ਸਾਹਮਣੇ ਹੋਈ ਹੋਵੇ। ਕਦੇ ਪੁਲਿਸ ਠਾਣੇ ਦੇ ਅੱਗੋਂ ਦੀ ਲੰਘੀ ਹੋਵੇ, ਠਾਣੇ ਅੰਦਰ ਜਾਣਾ ਤਾਂ ਦੂਰ ਦੀ ਗੱਲ ਸੀ।

ਅਸਲ ਮੁੱਦੇ ਦੀ ਗੱਲ ਇਹ ਹੈ ਕਿ ਬੀਬੀ ਠਾਣੇ ਕਿਵੇਂ ਪੁੱਜੀ? ਉਸ ਦੇ ਦੱਸਣ ਮੁਤਾਬਕ ਜਾਂ ਪੁਲਿਸ ਦੀ ਰਿਪੋਰਟ ਮੁਤਾਬਕ ਸਵੇਰੇ ਜਦੋਂ ਉਸ ਦੇ ਨੂੰਹ-ਪੁੱਤ ਨੇ ਕੰਮ 'ਤੇ ਜਾਣਾ ਸੀ ਤਾਂ ਨੂੰਹ ਆਪਣੇ ਡੇਢ ਕੁ ਸਾਲ ਦੇ ਬੱਚੇ ਨੂੰ ਬੀਬੀ ਨੂੰ ਫੜਾਉਣ ਆਈ ਤਾਂ ਦੋਹਾਂ ਵਿਚਕਾਰ ਤੂੰ-ਤੂੰ, ਮੈਂ-ਮੈਂ ਹੋ ਗਈ। ਨੂੰਹ ਨਹੀਂ ਸੀ ਚਾਹੁੰਦੀ ਕਿ ਉਹ ਲਾਈਟ ਜਗਾਵੇ, ਬੱਚੇ ਦੀ ਨੀਂਦ ਖਰਾਬ ਹੋਵੇ, ਪਰ ਬੀਬੀ ਦੇ ਪਾਠ ਕਰਨ ਦਾ ਸਮਾਂ ਸੀ, ਬੱਤੀ ਜਗਾਉਣੀ ਪੈਣੀ ਸੀ। ਨੌਬਤ ਇਥੋਂ ਤੱਕ ਪੁੱਜ ਗਈ। ਨੂੰਹ ਦਾ ਇਲਜ਼ਾਮ ਸੀ ਕਿ ਉਸ ਦੀ ਸੱਸ ਨੇ ਉਸ ਦੇ ਘਸੁੰਨ ਮਾਰੇ ਹਨ। ਬੀਬੀ ਦੇ ਵੀ



ਨਹੁੰਆਂ ਦੇ ਨਿਸ਼ਾਨ ਸਨ, ਜੋ ਉਸ ਨੇ ਮੈਨੂੰ ਆਪਣੇ ਖਿੱਚ ਕੇ ਪਾਟੇ ਕਮੀਜ਼ ਦੇ ਗਲੇ ਥਾਣੀਂ ਦਿਖਾਏ। ਮੈਂ ਕਿਹਾ, ਬੀ ਜੀ ਤੁਸੀਂ ਇਹ ਪੁਲਿਸ ਅਫਸਰ ਨੂੰ ਕਿਉਂ ਨਹੀਂ ਦਿਖਾਇਆ? ਉਹ ਆਖਣ ਲੱਗੀ, "ਕੀ ਦੱਸਾਂ ਧੀਏ, ਮੈਂ ਤਾਂ ਸੋਚਿਆ ਸੀ ਢਕੀ ਰਿੱਝੀ ਜਾਵੇ।"

ਮੁੱਕਦੀ ਗੱਲ, ਬੀਬੀ ਦੀ ਜ਼ਮਾਨਤ ਹੋ ਗਈ। ਨੂੰਹ ਨਾਲੋਂ ਅਲੱਗ ਰਹਿਣ ਦੀ ਪਾਬੰਦੀ ਲਾ ਕੇ ਅਤੇ ਅਗਲੀ ਤਾਰੀਖ ਦੇ ਕੇ ਜੱਜ ਨੇ ਛੱਡ ਦਿੱਤਾ। ਮੈਂ ਬੀਬੀ ਦਾ ਸਾਰਾ ਸਮਾਨ, ਜਿਸ ਵਿਚ ਬੀਬੀ ਦੀ ਚੁੰਨੀ, ਗੁਟਕਾ ਸਾਹਿਬ ਅਤੇ ਛੋਟਾ ਲੱਕੜ ਦਾ ਕੰਘਾ ਸੀ, ਬੀਬੀ ਨੂੰ ਦਵਾ ਕੇ ਬਾਹਰ ਉਸ ਦੇ ਪੁੱਤਰ ਕੋਲ ਛੱਡਣ ਚਲੀ ਗਈ। ਉਸ ਦਾ ਪੁੱਤਰ ਉਸ ਨੂੰ ਲੈਣ ਆਇਆ ਸੀ। ਪੜ੍ਹਿਆ-ਲਿਖਿਆ ਸੋਹਣਾ ਸੁਣੱਖਾ ਨੌਜਵਾਨ ਮਾਂ ਨੇ ਰੀਝਾਂ ਨਾਲ ਪਾਲਿਆ ਲਗਦਾ ਸੀ। ਹੈਰਾਨੀ ਦੀ ਗੱਲ ਇਹ ਹੋਈ ਕਿ ਉਹ ਮੈਨੂੰ ਇਹ ਕਹਿਣ ਲੱਗ ਪਿਆ ਕਿ ਪੁਲਸੀਏ ਨੇ ਇਕ ਪਾਸੇ ਦੀ ਕਹਾਣੀ ਸੁਣੀ ਤੇ ਮੇਰੀ ਮਾਂ ਨੂੰ ਫੜ ਕੇ ਲੈ ਆਇਆ। ਅਸਲ ਗੱਲ ਇਹ ਸੀ ਕਿ ਉਸ ਨੇ ਆਪਣੀ ਪਤਨੀ ਦੇ ਸਾਹਮਣੇ ਆਪਣੀ ਮਾਂ ਦੇ ਵਿਰੁੱਧ ਗਵਾਹੀ ਭਰੀ ਸੀ।

ਮੇਰੀ ਇਸ ਲੰਬੀ ਕਹਾਣੀ ਤੋਂ ਉਤਰੀ ਅਮਰੀਕਾ ਵਿਚ ਵੱਸਦੇ ਬਜ਼ੁਰਗ ਪੰਜਾਬੀਆਂ ਦੇ ਰਹਿਣ-ਸਹਿਣ ਦਾ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਦੀ ਸੰਤਾਨ ਵਲੋਂ ਕਿਵੇਂ ਉਨ੍ਹਾਂ ਨਾਲ ਵਧੀਕੀਆਂ ਕੀਤੀਆਂ ਜਾਂਦੀਆਂ ਹਨ। ਜ਼ੁਲਮ ਢਾਹਿਆ ਜਾਂਦਾ ਹੈ। ਅਹਿਮ ਗੱਲ ਜੋ ਮੈਂ ਆਖਣਾ ਚਾਹੁੰਦੀ ਹਾਂ, ਉਹ ਇਹ ਕਿ ਬਹੁਤੇ ਘਰਾਂ ਵਿਚ ਮਾਂ-ਬਾਪ ਨੂੰ ਬੱਚੇ ਸਾਂਭਣ ਅਤੇ ਘਰ ਦੇ ਕੰਮ-ਕਾਜ ਲਈ ਹੀ ਵਰਤਿਆ ਜਾਂਦਾ ਹੈ। ਬੱਚਿਆਂ ਨੂੰ ਸਾਂਭਣਾ, ਘਰ ਦੇ ਕੰਮ-ਕਾਜ ਵਿਚ ਆਪਣੇ ਵਿੱਤ ਅਨੁਸਾਰ ਮਦਦ ਕਰਨੀ ਕੋਈ ਮਿਹਣੇ ਵਾਲੀ ਗੱਲ ਨਹੀਂ, ਪਰ ਮਿਹਣੇ ਵਾਲੀ ਗੱਲ ਉਦੋਂ ਬਣਦੀ ਹੈ, ਜਦੋਂ ਬਜ਼ੁਰਗਾਂ ਨੂੰ ਘਰਾਂ 'ਚ ਸਿਰਫ ਤੇ ਸਿਰਫ ਇਸੇ ਮੰਤਵ ਨਾਲ ਰੱਖਿਆ ਜਾਂਦਾ ਹੈ। ਬੁੱਢੇ ਮਾਂ-ਬਾਪ ਕੰਮ ਕਰਦੇ ਹਨ। ਪੈਸੇ ਕਮਾਉਂਦੇ ਹਨ, ਪਰ ਉਨ੍ਹਾਂ ਦੀ ਕਮਾਈ 'ਤੇ ਨੂੰਹ-ਪੁੱਤ ਹੀ ਕਬਜ਼ਾ ਕਰ ਲੈਂਦੇ ਹਨ। ਕਿਹਾ ਜਾਂਦਾ ਹੈ, ਜਦੋਂ ਇਨ੍ਹਾਂ ਨੂੰ ਰੋਟੀ, ਕੱਪੜਾ ਤੇ ਸਿਰ ਢਕਣ ਲਈ ਛੱਤ ਮਿਲਦੀ ਹੈ ਤਾਂ ਇਨ੍ਹਾਂ ਨੇ ਪੈਸੇ ਕੀ ਕਰਨੇ ਹਨ? ਇਥੋਂ ਤੱਕ ਕਿ ਸਰਕਾਰ ਵਲੋਂ ਮਿਲਦੀ ਬੁਢਾਪਾ ਪੈਨਸ਼ਨ ਵੀ ਔਲਾਦ ਦੇ ਕੰਮ ਆਉਂਦੀ ਹੈ।

ਚਲੋ ਹੁਣ ਉਸ ਸਮੇਂ 'ਤੇ ਆਉਂਦੇ ਹਾਂ, ਜਦੋਂ ਮਾਂ-ਬਾਪ ਚੱਲਣ-ਫਿਰਨ ਤੋਂ ਆਹਰੀ ਹੋ ਜਾਂਦੇ ਹਨ। ਰੋਜ਼ਾਨਾ ਜੀਵਨ ਦੀਆਂ ਕਿਰਿਆਵਾਂ ਸੋਧਣ ਲਈ, ਖਾਣ-ਪੀਣ, ਉਠਣ-ਬੈਠਣ ਲਈ ਉਹ ਆਪਣੇ ਬੱਚਿਆਂ ਵੱਲ ਤੱਕਦੇ ਰਹਿੰਦੇ ਹਨ। ਅਜਿਹੇ ਸਮੇਂ ਉਨ੍ਹਾਂ ਨੂੰ ਬਜ਼ੁਰਗਾਂ ਲਈ ਬਣੇ ਨਰਸਿੰਗ ਹੋਮਾਂ 'ਚ ਛੱਡ ਆਉਂਦੇ ਹਨ। ਇਹ ਠੀਕ ਹੈ ਕਿ ਇਨ੍ਹਾਂ ਮੁਲਕਾਂ ਦੀ ਤੇਜ਼-ਤਰਾਰ ਜ਼ਿੰਦਗੀ ਵਿਚ ਮਾਂ-ਬਾਪ ਨੂੰ ਸਾਂਭਣ ਦਾ ਸਮਾਂ ਨਹੀਂ ਹੁੰਦਾ, ਪਰ ਨੌਬਤ ਇਥੋਂ ਤੱਕ ਵੀ ਨਹੀਂ ਹੁੰਦੀ ਕਿ ਨਰਸਿੰਗ ਹੋਮ 'ਚ ਮਾਂ-ਬਾਪ ਦਾ ਪਤਾ-ਸੁਤਾ ਲੈਣ ਜਾਇਆ ਹੀ ਨਾ ਜਾਵੇ। ਬੁੱਢੇ ਮਾਂ-ਬਾਪ ਆਪਣੇ ਜਾਇਆਂ ਨੂੰ ਦੇਖਣ ਲਈ ਤਰਸਦੇ ਰਹਿੰਦੇ ਹਨ। ਕਈ ਕਈ ਮਹੀਨੇ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਦੇਖਣ ਹੀ ਨਹੀਂ ਜਾਂਦੇ। ਜਦੋਂ ਸਵਾਸ ਤਿਆਗ ਦਿੰਦੇ ਹਨ ਤਾਂ ਪੁੱਜ ਜਾਂਦੇ ਹਨ, ਮੁਰਦਾ ਦੇਹ ਦਾ ਕਬਜ਼ਾ ਲੈਣ। ਉਨ੍ਹਾਂ ਦੇ ਪੁੱਤ-ਧੀ ਹੋਣ ਦਾ ਸਬੂਤ ਦੇਣ ਲਈ। ਇਹ ਬੜਾ ਹੀ ਸ਼ਰਮਨਾਕ ਵਰਤਾਰਾ ਹੈ।

ਦੂਸਰੇ ਪਾਸੇ ਆਉਂਦੇ ਹਾਂ। ਕਈ ਬਜ਼ੁਰਗ ਵੀ ਇਨ੍ਹਾਂ ਮੁਲਕਾਂ ਦੀਆਂ ਖੁੱਲ੍ਹਾਂ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ। ਜੋ ਗੱਲ ਮੈਂ ਕਰਨ ਲੱਗੀ ਹਾਂ, ਬੜੀ ਕੌੜੀ ਅਤੇ ਸ਼ਰਮਨਾਕ ਹੈ, ਪਰ ਹੈ ਸੱਚੀ। ਬਜ਼ੁਰਗ ਮਰਦਾਂ ਦਾ ਆਪਣੀਆਂ ਨੂੰਹਾਂ ਪ੍ਰਤੀ ਗਲਤ ਵਰਤਾਰਾ, ਸਕੂਲਾਂ ਕੋਲ ਜਾ ਕੇ ਬੈਠਣਾ, ਜਵਾਨ ਕੁੜੀਆਂ ਵੱਲ ਗਲਤ ਨਜ਼ਰਾਂ ਨਾਲ ਤੱਕਣਾ, ਮੌਕਾ ਆਉਣ 'ਤੇ ਭੱਦਾ ਵਰਤਾਰਾ ਕਰਨਾ, ਬੱਸ ਜਾਂ ਟਰੇਨ ਵਿਚ ਨਾਲ ਦੀ ਸੀਟ 'ਤੇ ਬੈਠੀ ਗੋਰੀ/ਕਾਲੀ ਭਾਵ ਕਿਸੇ ਵੀ ਨਸਲ ਦੀ ਕੁੜੀ ਨਾਲ ਜਾਣ-ਬੁੱਝ ਕੇ ਖਹਿਣਾ ਆਦਿ। ਇਸ ਤਰ੍ਹਾਂ ਦਾ ਵਤੀਰਾ ਉਨ੍ਹਾਂ ਨੂੰ ਤਾਂ ਕੀ, ਸਮੁੱਚੇ ਭਾਈਚਾਰੇ ਨੂੰ ਬਹੁਤ ਪਿਛਾਂਹ ਲੈ ਜਾਂਦਾ ਹੈ। ਬਦਨਾਮੀ ਦਾ ਕਾਰਨ ਬਣਦਾ ਹੈ। ਕਈ ਮਾਮਲਿਆਂ 'ਚ ਪੁਲਿਸ ਵਿਚ ਆ ਜਾਂਦੀ ਹੈ। ਇਹ ਬੜਾ ਹੀ ਸ਼ਰਮਨਾਕ ਵਰਤਾਰਾ ਹੈ।

ਬਜ਼ੁਰਗਾਂ ਦੇ ਵਰਤਾਰੇ ਵਿਚ ਇਕ ਹੋਰ ਗੱਲ ਆ ਜੁੜਦੀ ਹੈ। ਉਨ੍ਹਾਂ ਦਾ ਛੇ ਮਹੀਨੇ ਇਥੇ ਰਹਿਣਾ ਅਤੇ ਛੇ ਮਹੀਨੇ ਪੰਜਾਬ ਜਾ ਕੇ ਰਹਿਣਾ। ਸਰਕਾਰ ਵਲੋਂ ਮਿਲੀਆਂ ਸਹੂਲਤਾਂ ਦਾ ਨਾਜਾਇਜ਼ ਫਾਇਦਾ ਉਠਾਉਣਾ। ਅਸਲ 'ਚ ਇਨ੍ਹਾਂ ਸਹੂਲਤਾਂ ਨੂੰ ਕੋਈ ਹੋਰ ਹੀ ਮਾਣਦਾ ਹੈ। ਪਹਿਲਾਂ ਪਹਿਲ ਜਦੋਂ ਸਾਡੀ ਪੰਜਾਬੀ ਭਾਈਚਾਰੇ ਦੀ ਗਿਣਤੀ ਘੱਟ ਸੀ ਤਾਂ ਬਹੁਤ ਮੁਸ਼ਕਿਲਾਂ ਪੇਸ਼ ਆਉਂਦੀਆਂ ਸਨ। ਸਿਰ 'ਤੇ ਦਸਤਾਰ ਸਜਾ ਕੇ ਜਾਂ ਦੇਸੀ ਸਲਵਾਰ ਕਮੀਜ਼ ਪਾ ਕੇ ਬਾਹਰ-ਅੰਦਰ ਜਾਣਾ ਔਖਾ ਹੋ ਜਾਂਦਾ ਸੀ। ਬੜੀਆਂ ਓਪਰੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਸੀ ਅਤੇ ਬਹੁਤ ਵਾਰ ਨਸਲਵਾਦ ਦਾ ਸ਼ਿਕਾਰ ਵੀ ਬਣਨਾ ਪੈਂਦਾ ਸੀ, ਪਰ ਹੁਣ ਪਹਿਲਾਂ ਵਾਲੀ ਗੱਲ ਨਹੀਂ ਰਹੀ। ਅੱਜ ਕਲ੍ਹ ਹਰ ਛੋਟੇ-ਵੱਡੇ ਸ਼ਹਿਰ ਵਿਚ ਪੰਜਾਬ ਦਾ ਇਕ ਟੋਟਾ ਵੱਸਦਾ ਹੈ। ਬਜ਼ੁਰਗਾਂ ਲਈ ਸਭਾ-ਸੁਸਾਇਟੀਆਂ ਬਣੀਆਂ ਹਨ, ਜਿੱਥੇ ਜਾ ਕੇ ਉਹ ਮਨ ਪਰਚਾਵਾ ਕਰ ਲੈਂਦੇ ਹਨ। ਤਾਸ਼ ਖੇਡ ਲੈਂਦੇ ਹਨ, ਗੱਪਾਂ ਮਾਰ ਲੈਂਦੇ ਹਨ। ਇਸਤਰੀ ਬਜ਼ੁਰਗਾਂ ਲਈ ਵੀ ਅਜਿਹੀਆਂ ਸਹੂਲਤਾਂ ਹਨ। ਮਨ ਪਰਚਾਵੇ ਦੇ ਨਾਲ ਨਾਲ ਉਸਾਰੂ ਗੱਲਾਂਬਾਤਾਂ ਕਰਦੀਆਂ ਹਨ, ਦੁੱਖ-ਸੁੱਖ ਦੀ ਸਾਂਝ ਪਾਉਂਦੀਆਂ ਹਨ। ਸ਼ਾਮ ਵੇਲੇ ਸਾਫ-ਸੁਥਰੇ ਪਾਰਕਾਂ 'ਚ ਬੈਠ ਸਾਫ-ਸੁਥਰੀ ਹਵਾ 'ਚ ਸਾਹ ਲੈਂਦੀਆਂ ਬਜ਼ੁਰਗ ਜ਼ਿੰਦਗੀਆਂ ਨੂੰ ਦੇਖ ਖੁਸ਼ੀ ਹੁੰਦੀ ਹੈ। ਪੰਜਾਬ 'ਚ ਅੱਜ ਕੱਲ੍ਹ ਅਜਿਹਾ ਵਾਤਾਵਰਣ ਕਿੱਥੇ?

ਅੰਤ ਵਿਚ ਮੈਂ ਇਹੀ ਕਹਾਂਗੀ ਕਿ ਇਨ੍ਹਾਂ ਸਹੂਲਤਾਂ ਅਤੇ ਖੁੱਲ੍ਹਾਂ ਨੂੰ ਮਾਨਣ ਦੇ ਨਾਲ ਨਾਲ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਜਿਸ ਦੇਸ਼ ਦਾ ਖਾਂਦੇ ਹਾਂ, ਜਿਸ ਦੇਸ਼ ਨੇ ਸਾਨੂੰ ਰੁਜ਼ਗਾਰ ਬਖਸ਼ਿਆ ਹੈ, ਉਸ ਦੇਸ਼ ਦੇ ਕਾਨੂੰਨ, ਅਨੁਸ਼ਾਸਨ ਅਤੇ ਸਫਾਈ ਦਾ ਧਿਆਨ ਰੱਖੀਏ। ਸਿਰਫ ਪੰਜਾਬੀਆਂ ਦਾ ਹੀ ਨਹੀਂ, ਸਗੋਂ ਹਰ ਨਾਗਰਿਕ ਦਾ ਸਨਮਾਨ ਕਰੀਏ। ਆਪਣੀ ਲੋਹੜੀ, ਦੀਵਾਲੀ ਦੇ ਨਾਲ ਨਾਲ ਬਾਕੀ ਲੋਕਾਂ ਦੇ ਵੀ ਤਿਉਹਾਰਾਂ ਦਾ ਮਾਣ-ਸਨਮਾਨ ਕਰੀਏ। ਜਿਸ ਦੇਸ਼ ਨੇ ਸਾਨੂੰ ਵਧੀਆ ਜ਼ਿੰਦਗੀ ਜੀਣ ਦੇ ਮੌਕੇ ਪ੍ਰਦਾਨ ਕੀਤੇ ਹੋਣ, ਉਸ ਦੇਸ਼ ਦੇ ਪਾਸਪੋਰਟ ਦਾ ਹੀ ਅਨੰਦ ਨਾ ਮਾਣੀਏ, ਸਗੋਂ ਉਸ ਦੇਸ਼ ਦੇ ਵਧੀਆ ਨਾਗਰਿਕ ਹੋਣ ਦਾ ਵੀ ਸਬੂਤ ਦੇਈਏ।

###

# ਮੈਰਾਥਨ ਦੌੜਾਕ ਤੇ ਲੇਖਕ ਇੰਜੀਨੀਅਰ ਈਸ਼ਰ ਸਿੰਘ

*(ਪਿਛਲੇ ਸਫੇ ਦੀ ਬਾਕੀ)*

ਦੇ ਥੇਹ ਉੱਪਰ ਵਸੇ ਮਾਡਰਨ ਸ਼ਹਿਰ ਸਪਾਰਟਾ ਤੱਕ ਦੌੜੀ ਜਾਂਦੀ ਹੈ। 2500 ਸਾਲ ਪਹਿਲਾਂ ਪਰਸ਼ੀਆ ਦੀਆਂ ਫੌਜਾਂ ਨੇ ਯੂਨਾਨ ਦੀ ਰਿਆਸਤ ਏਥਨਜ਼ ਦੇ ਸ਼ਹਿਰ ਮੈਰਾਥਨ 'ਤੇ ਹੱਲਾ ਬੋਲ ਦਿੱਤਾ। ਏਥਨਜ਼ ਵਾਸੀਆਂ ਨੇ ਫਿਡੀਪੀਡੀਸ ਨਾਉਂ ਦੇ ਓਲੰਪੀਅਨ ਦੌੜਾਕ ਨੂੰ ਆਪਣੇ ਮਿੱਤਰ-ਰਾਜ ਸਪਾਰਟਾ ਵੱਲ ਫੌਜੀ ਮਦਦ ਵਾਸਤੇ ਦੌੜਾਇਆ। ਦੋਹਾਂ ਸ਼ਹਿਰਾਂ ਵਿਚਕਾਰ 246 ਕਿਲੋਮੀਟਰ ਦਾ ਫਾਸਲਾ ਉਸ ਨੇ ਲਗਪਗ 36 ਘੰਟਿਆਂ ਵਿਚ ਪੂਰਾ ਕੀਤਾ ਅਤੇ ਸਪਾਰਟਾ-ਵਾਸੀਆਂ ਨੂੰ ਸੁਨੇਹਾ ਦਿੱਤਾ, ਪਰ ਆਪਣੀਆਂ ਧਾਰਮਿਕ ਰਸਮਾਂ ਰੀਤਾਂ ਕਰਕੇ ਉਨ੍ਹਾਂ ਨੇ ਤੁਰਤ ਮਦਦ ਕਰਨ ਤੋਂ ਅਸਮਰੱਥਾ ਪਰਗਟ ਕੀਤੀ। ਸੋ ਫਿਡੀਪੀਡੀਸ ਉਨ੍ਹੀਂ ਪੈਰੀਂ ਮੈਰਾਥਨ ਮੁੜਿਆ। ਲੜਾਈ ਵਿਚ ਏਥਨਜ਼ ਨੇ ਪਰਸ਼ੀਅਨ ਸੈਨਾ ਨੂੰ ਹਰਾ ਦਿੱਤਾ। ਇਸੇ ਓਲੰਪੀਅਨ ਦੌੜਾਕ ਨੇ ਫਿਰ ਲੜਾਈ ਜਿੱਤਣ ਦਾ ਸੁਨੇਹਾ ਦੌੜ ਕੇ ਹੀ ਏਥਨਜ਼ ਪਹੁੰਚਾਇਆ...।

**ਕਦੇ ਮੈਂ ਲਿਖਿਆ ਸੀ:** ਲੱਖਾਂ ਕਰੋੜਾਂ ਦੌੜਾਕ ਮੈਰਾਥਨ ਦੌੜ ਚੁਕੇ ਤੇ ਦੌੜ ਰਹੇ ਹਨ। ਮੈਰਾਥਨ ਦੌੜ ਦਾ ਪਿਛੋਕੜ ਢਾਈ ਹਜ਼ਾਰ ਸਾਲ ਪਹਿਲਾਂ ਲੜੀ ਲੜਾਈ ਨਾਲ ਸਬੰਧਿਤ ਹੈ। 490 ਪੂ. ਈ. ਵਿਚ ਪਰਸ਼ੀਆ ਨੇ ਏਥਨਜ਼ 'ਤੇ ਹਮਲਾ ਕਰਨ ਲਈ ਆਪਣੀ ਫੌਜ ਉਥੋਂ 25 ਕੁ ਮੀਲ ਦੂਰ ਪਿੰਡ ਮੈਰਾਥਨ 'ਤੇ ਚੜ੍ਹਾਈ ਸੀ। ਉਦੋਂ ਮੈਰਾਥਨ ਛੋਟਾ ਜਿਹਾ ਪਿੰਡ ਸੀ, ਜੋ ਹੁਣ ਸ਼ਹਿਰ ਬਣ ਗਿਆ ਹੈ। ਯੂਨਾਨ ਦੇ ਜਰਨੈਲ ਨੇ ਆਪਣੇ ਓਲੰਪੀਅਨ ਦੌੜਾਕ ਫਿਡੀਪੀਡੀਸ ਨੂੰ ਸਪਾਰਟਾ ਤੋਂ ਮਦਦ ਲੈਣ ਲਈ ਦੌੜਾਇਆ। ਉਹ ਦੌੜਦਾ, ਦਰਿਆ ਤੈਰਦਾ ਤੇ ਪਹਾੜੀਆਂ ਦੀਆਂ ਚੋਟੀਆਂ ਚੜ੍ਹਦਾ ਸਪਾਰਟਾ ਅੱਪੜਿਆ। ਮਦਦ ਲੈਣ ਦਾ ਸੁਨੇਹਾ ਦੇ ਕੇ ਵਾਪਸ ਏਥਨਜ਼ ਪਹੁੰਚਾ ਹੀ ਸੀ ਕਿ ਬਿਨਾ ਆਰਾਮ ਕੀਤੇ ਉਸ ਨੂੰ ਮੈਰਾਥਨ ਵੱਲ ਕੂਚ ਕਰਨਾ ਪਿਆ। ਮੈਰਾਥਨ ਦੇ ਮੈਦਾਨ ਵਿਚ ਜੰਮ ਕੇ ਲੜਾਈ ਹੋਈ, ਜਿਸ ਵਿਚ ਯੂਨਾਨੀ ਜਿੱਤ ਗਏ।

ਜਿੱਤ ਦਾ ਸਮਾਚਾਰ ਤੁਰਤ ਏਥਨਜ਼ ਪੁਚਾਉਣ ਲਈ ਜਰਨੈਲ ਨੇ ਥੱਕੇ ਟੁੱਟੇ ਫਿਡੀਪੀਡੀਸ ਨੂੰ ਮੁੜ ਏਥਨਜ਼ ਵੱਲ ਦੌੜਾਇਆ। ਦੌੜਦਿਆਂ ਉਹਦੇ ਪੈਰਾਂ 'ਚੋਂ ਖੂਨ ਸਿਮ ਆਇਆ, ਜਿਸ ਨਾਲ ਖੂਨ ਦੇ ਨਿਸ਼ਾਨ ਪਹਾੜੀ ਪੱਥਰਾਂ 'ਤੇ ਲੱਗਦੇ ਗਏ। ਲੜਾਈ ਦੀ ਜਿੱਤ-ਹਾਰ ਦਾ ਸਮਾਚਾਰ ਉਡੀਕਦੇ ਏਥਨਜ਼ ਵਾਸੀਆਂ ਨੂੰ ਦੂਰੋਂ ਹੀ ਆਪਣੇ ਓਲੰਪੀਅਨ ਦੌੜਾਕ ਦਾ ਝਉਲਾ ਪਿਆ ਤਾਂ ਉਹ ਘਰਾਂ ਦੀਆਂ ਛੱਤਾਂ ਤੋਂ ਉੱਤਰ ਕੇ ਖਬਰਸਾਰ ਸੁਣਨ ਲਈ ਅੱਗੇ ਵਧੇ। ਹੰਭੇ, ਹਫੇ ਤੇ ਲਹੂ ਲੁਹਾਣ ਪੈਰਾਂ ਵਾਲੇ ਸਿਰੜੀ ਦੌੜਾਕ ਨੇ ਸਾਰੀ ਸੱਤਿਆ 'ਕੱਠੀ ਕਰ ਕੇ ਸਿਰਫ ਇਹੋ ਕਿਹਾ, "ਖੁਸ਼ੀਆਂ ਮਨਾਓ, ਆਪਾਂ ਜਿੱਤ ਗਏ ਆਂ!"

ਏਨਾ ਕਹਿ ਕੇ ਉਹ ਡਿੱਗ ਪਿਆ ਤੇ ਪਰਲੋਕ ਸਿਧਾਰ ਗਿਆ। ਉਸ ਜੋਧੇ ਦੌੜਾਕ ਦੀ ਯਾਦ ਵਿਚ 1896 ਦੀਆਂ ਪਹਿਲੀਆਂ ਮਾਡਰਨ ਓਲੰਪਿਕ ਖੇਡਾਂ ਵਿਚ ਮੈਰਾਥਨ ਦੌੜ ਸ਼ੁਰੂ ਕੀਤੀ ਗਈ, ਜਿਸ ਦਾ ਪਹਿਲਾ ਚੈਂਪੀਅਨ ਯੂਨਾਨ ਦਾ ਹੀ ਚਰਵਾਹਾ ਸਪਰਿਡਨ ਲੁਈਸ ਬਣਿਆ, ਜਿਸ ਨੂੰ ਬਾਦਸ਼ਾਹ ਨੇ ਪੁੱਛਿਆ, "ਮੰਗ ਜੋ ਕੁਛ ਮੰਗਣਾ?" ਚਰਵਾਹੇ ਚੈਂਪੀਅਨ ਨੇ ਸਿਰਫ ਘੋੜਾ ਗੱਡੀ ਮੰਗੀ...। ਹੈਰਾਨੀ ਦੀ ਗੱਲ ਹੈ, ਫਿਡੀਪੀਡੀਸ ਨੂੰ ਬਹੁਤਾ ਦੂਸਰੇ ਕਾਰਨਾਮੇ ਕਰਕੇ ਜਾਣਿਆ ਜਾਂਦਾ ਹੈ, ਜਿਹੜਾ ਆਧੁਨਿਕ ਓਲੰਪਿਕ ਖੇਡਾਂ ਵਿਚ ਮੈਰਾਥਨ ਦੌੜ ਦਾ ਆਧਾਰ ਬਣਿਆ!

ਫਿਡੀਪੀਡੀਸ ਦੇ ਪਹਿਲੇ ਕਾਰਨਾਮੇ ਦੀ ਯਾਦ ਵਿਚ ਰੌਇਲ ਏਅਰ ਫੋਰਸ ਦੇ ਅਫਸਰ ਜੌਹਨ ਫੋਡਨ ਨੇ ਅਜੋਕੀ ਸਪਾਰਟੈਥਲਨ ਮਹਾਂ-ਦੌੜ ਦਾ ਅਰੰਭ 1983 ਵਿਚ ਕੀਤਾ। ਇਹ ਦੌੜ ਹਰਮਨ-ਪਿਆਰੀ ਹੁੰਦੀ ਗਈ। ਇਸ ਵਿਚ ਭਾਗ ਲੈਣ ਵਾਸਤੇ ਨਿਯਮ ਵੀ ਸਖਤ ਹੁੰਦੇ ਗਏ ਤਾਂ ਜੋ ਉਹੀ ਭਾਗ ਲੈ ਸਕਣ, ਜੋ ਪੂਰੀ ਤਰ੍ਹਾਂ ਫਿੱਟ ਹੋਣ ਅਤੇ ਦੌੜ ਪੂਰੀ ਕਰਨ ਦੇ ਸਮਰੱਥ ਹੋਣ। ਸਪਾਰਟੈਥਲਨ ਦਾ ਰਸਤਾ ਉਘੜ-ਦੁਘੜੇ, ਚੜ੍ਹਾਈ-ਉਤਰਾਈ ਅਤੇ ਚਿੱਕੜ ਵਾਲੇ ਪਹਾੜੀ ਰਸਤੇ ਵਾਲਾ ਹੁੰਦਾ ਹੈ। ਸਭ ਤੋਂ ਔਖਾ ਹਿੱਸਾ ਚਾਰ ਹਜ਼ਾਰ ਫੁੱਟ ਦੀ ਚੜ੍ਹਾਈ ਤੇ ਫਿਰ ਉਤਰਾਈ ਹੁੰਦਾ ਹੈ। ਰਸਤੇ ਵਿਚ ਤੇਜ਼ ਹਵਾ ਚਲਦੀ ਹੈ ਅਤੇ ਦਿਨ ਦਾ ਤਾਪਮਾਨ 40 ਡਿਗਰੀ ਦੇ ਨੇੜੇ-ਤੇੜੇ ਹੋ ਜਾਂਦਾ ਹੈ। ਰਾਤ ਨੂੰ ਬਰਫ ਜੰਮ ਜਾਂਦੀ ਹੈ। ਇਸ ਮਹਾਂ-ਦੌੜ ਦੀ ਵੰਗਾਰ ਮਨੁੱਖ ਦੀਆਂ ਸਰੀਰਕ ਅਤੇ ਮਾਨਸਿਕ ਸ਼ਕਤੀਆਂ ਦੀ ਬਹੁਤ ਔਖੀ ਪ੍ਰੀਖਿਆ ਹੁੰਦੀ ਹੈ। ਤਕੜੇ ਤੇ ਤਜਰਬੇਕਾਰ ਦੌੜਾਕ ਔਖ ਸੌਖ ਝੱਲਦੇ ਵੀ ਲਗਾਤਾਰ ਦੌੜਦੇ ਜਾਂਦੇ ਹਨ। ਇਸ ਵਾਸਤੇ ਉਹ ਸਾਲਾਂ-ਬੱਧੀ ਅਭਿਆਸ ਕਰਦੇ ਹਨ, ਫਿਰ ਵੀ ਔਖੇ ਕੁ ਦੌੜਾਕ ਹੀ ਦੌੜ ਪੂਰੀ ਕਰਨ ਵਿਚ ਸਫਲ ਹੁੰਦੇ ਹਨ। ਇਸ ਵਿਚ ਭਾਗ ਲੈਣ ਵਾਸਤੇ ਬਹੁਤ ਕਰੜੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ ਅਤੇ ਹਰ ਦੇਸ਼ ਦਾ ਕੋਟਾ ਨਿਸ਼ਚਿਤ ਹੁੰਦਾ ਹੈ। ਕੁੱਲ 390 ਦੌੜਾਕ ਹੀ ਇਸ ਵਿਚ ਹਿੱਸਾ ਲੈ ਸਕਦੇ ਹਨ। ਇਹ ਸਤੰਬਰ ਦੇ ਆਖਰੀ ਸ਼ੁੱਕਰਵਾਰ ਨੂੰ ਸੁਬ੍ਹਾ 7 ਵਜੇ ਏਥਨਜ਼ ਤੋਂ ਸ਼ੁਰੂ ਹੁੰਦੀ ਹੈ ਅਤੇ ਸ਼ਨਿਚਰਵਾਰ ਸ਼ਾਮ ਦੇ 7 ਵਜੇ ਸਪਾਰਟਾ ਵਿਚ ਖਤਮ ਹੁੰਦੀ ਹੈ, ਭਾਵ 36 ਘੰਟੇ ਤੋਂ ਪਹਿਲਾਂ। ਭਾਵੇਂ 2020 ਦੀ ਇਹ ਮਹਾਂ-ਦੌੜ ਰੱਦ ਹੋ ਗਈ ਸੀ, ਪਰ ਸਤੰਬਰ 2021 ਵਾਸਤੇ ਦਾਖਲਾ ਸ਼ੁਰੂ ਹੈ।

1983 ਦੀ ਪਹਿਲੀ ਮਹਾਂ-ਦੌੜ ਵਿਚੋਂ ਪਹਿਲੇ ਨੰਬਰ 'ਤੇ ਆਉਣ ਵਾਲੇ ਯਿਆਨਸ ਕੂਰੋਜ਼ ਨਾਉਂ ਦੇ ਅਥਲੀਟ ਨੇ ਇਹ ਦੌੜ 20 ਘੰਟੇ 25 ਮਿੰਟ ਵਿਚ ਪੂਰੀ ਕੀਤੀ ਸੀ। ਉਸ ਨੇ ਚਾਰ ਵਾਰ ਇਸ ਮਹਾਂ-ਦੌੜ ਵਿਚ ਭਾਗ ਲਿਆ ਅਤੇ ਚਾਰੇ ਵਾਰ ਪਹਿਲੇ ਨੰਬਰ 'ਤੇ ਰਿਹਾ। ਐਮਿਲੀ ਗੈਲਡਰ ਪਹਿਲੀ ਮਹਿਲਾ ਦੌੜਾਕ ਸੀ, ਜਿਸ ਨੇ 2010 ਵਿਚ ਇਹ ਮਹਾਂ-ਦੌੜ ਪੂਰੀ ਕੀਤੀ। ਇਨ੍ਹਾਂ ਵਿਚ ਦਿਲਚਸਪੀ ਅਤੇ ਇਨ੍ਹਾਂ ਬਾਰੇ ਗਿਆਨ ਪ੍ਰਾਪਤ ਕਰਨ ਤੋਂ ਭਾਵ ਆਪੋ-ਆਪਣੀ ਸਮਰੱਥਾ ਤੇ ਸਾਧਨਾਂ ਅਨੁਸਾਰ ਸਰੀਰਕ ਕਸਰਤਾਂ ਦੇ ਨਿਯਮਿਤ ਅਭਿਆਸ ਰਾਹੀਂ ਆਪਣੇ-ਆਪ ਨੂੰ ਵੱਧ ਤੋਂ ਵੱਧ ਚੁਸਤ-ਦਰੁਸਤ ਰੱਖਣਾ ਹੈ।

**ਸਿੱਖਣ ਵਾਲੀਆਂ ਦੋ ਗੱਲਾਂ ਹਨ:** ਚਲਾਊ ਢੰਗ ਨਾਲ ਕੁਝ ਕਰਨ ਦੀ ਆਦਤ ਛੱਡ ਕੇ ਹਰ ਕੰਮ ਸੁਚੇਤ ਢੰਗ ਨਾਲ ਕਰਨਾ ਸਿੱਖੀਏ, ਖਾਸ ਕਰਕੇ ਸਿਹਤ-ਸੰਭਾਲ ਨਾਲ ਸਬੰਧਿਤ ਸਰਗਰਮੀਆਂ। ਸਰੀਰਕ ਕਸਰਤ ਸਣੇ ਹਰ ਕੰਮ ਕਰਨ ਤੋਂ ਪਹਿਲਾਂ ਪੂਰਾ ਅਭਿਆਸ ਅਤੇ ਪੂਰੀ ਤਿਆਰੀ ਕਰਨਾ ਸਿੱਖੀਏ, ਜੋ ਬਹੁਤ ਜ਼ਰੂਰੀ ਹੈ। ਇਨ੍ਹਾਂ ਦੀ ਘਾਟ ਕਰਕੇ ਹੋਈ ਅਸਫਲਤਾ ਨੂੰ ਅਸੀਂ ਪ੍ਰਤਿਭਾ ਅਤੇ ਸਮਰੱਥਾ ਦੀ ਘਾਟ ਸਮਝ ਬੈਠਦੇ ਹਾਂ ਤੇ ਸਿਰੜ ਨਾਲ ਅਗਲੇ ਹੰਭਲੇ ਮਾਰਨੇ ਛੱਡ ਦਿੰਦੇ ਹਾਂ। ਇਨ੍ਹਾਂ ਦੋਹਾਂ ਗੁਣਾਂ ਨੂੰ ਗ੍ਰਹਿਣ ਕਰਨ ਵਾਸਤੇ ਅਣਗਹਿਲੀ ਅਤੇ ਸੁਸਤੀ ਦਾ ਤਿਆਗ ਕਰਨਾ ਜ਼ਰੂਰੀ ਹੈ। ਮੇਰੇ ਤਜਰਬੇ ਅਨੁਸਾਰ ਹਰ ਕੋਈ ਮੈਰਾਥਨ ਵਾਕਰ/ਰਨਰ ਬਣ ਸਕਦਾ ਹੈ ਤੇ ਜੇਤੂ ਹੋ ਸਕਦਾ ਹੈ: ਹਾਸ਼ਮ ਫਤਹਿ ਨਸੀਬ ਤਿਨ੍ਹਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ।

ਕਹਾਣੀ

# ਬੱਸ ਤੂੰ ਨਾ ਭੜਕੀਂ

ਮਾਘ ਦਾ ਮਹੀਨਾ ਸੀ ਤੇ ਕਈ ਦਿਨਾਂ ਤੋਂ ਧੁੰਦ ਪੈ ਰਹੀ ਸੀ। ਸਵੇਰੇ ਸਾਝਰੇ ਤਿਆਰ ਹੋ ਕੇ ਮੈਂ ਬਾਹਰਲਾ ਦਰ ਖੋਲ'ਤਾ ਤੇ ਦੁਰਗੇ ਦੀ ਉਡੀਕ 'ਚ ਮੂਹਰਲੇ ਵਰਾਂਡੇ ਵਿਚ ਈ ਮੋਬਾਇਲ ਲੈ ਕੇ ਬੈਠ ਗਿਆ।

ਅੱਜ ਅਸੀਂ ਅਰਜਨ ਕੇ ਖੇਤ, ਉਨ੍ਹਾਂ ਦੀ ਕਣਕ ਨੂੰ ਪਾਣੀ ਲਾਉਣ ਜਾਣਾ ਸੀ। ਅਰਜਨ ਸਿੰਘ ਸ਼ਰੀਕੇ 'ਚੋਂ ਮੇਰਾ ਭਾਈ ਲੱਗਦਾ ਸੀ ਤੇ ਉਹ ਆਵਦੇ ਮੁੰਡੇ ਨਾਲ ਟਰੈਕਟਰ-ਟਰਾਲੀ ਲੈ ਕੇ ਦਿੱਲੀ ਮੋਰਚੇ 'ਤੇ ਗਏ ਹੋਏ ਸੀ ਤੇ ਉਨ੍ਹਾਂ ਦੇ ਮਗਰਲੇ ਕੰਮਾਂ ਦੀ ਜ਼ਿੰਮੇਵਾਰੀ ਮੈਂ ਓਟੀ ਹੋਈ ਸੀ।

ਅੱਜ ਮੈਂ ਆਪਣੇ ਕੰਮ ਤੋਂ ਛੁੱਟੀ ਕੀਤੀ ਸੀ ਤੇ ਦਿਹਾੜੀਏ ਦੀ ਲੋੜ ਨੂੰ ਦੇਖਦੇ ਹੋਏ ਦੁਰਗੇ ਨੂੰ ਫੋਨ ਕਰ'ਤਾ ਸੀ।

ਦੁਰਗੇ ਨੇ ਮੈਨੂੰ ਸਾਝਰੇ ਤਿਆਰ ਰਹਿਣ ਨੂੰ ਕਿਹਾ ਸੀ ਤਾਂ ਕਿ ਬਿਜਲੀ ਆਉਣ ਤੋਂ ਪਹਿਲਾਂ-ਪਹਿਲਾਂ ਚੱਲ ਕੇ ਸੌ ਵੱਟ ਬੰਨਾ ਦੇਖਿਆ ਜਾਂਦੈ, ਕੋਈ ਨੱਕਾ-ਨੁੱਕਾ ਠੀਕ ਕਰਨ ਵਾਲਾ ਹੁੰਦੈ।

ਮੈਨੂੰ ਪਤਾ ਸੀ ਜੇ ਉਹਨੇ ਕਿਹਾ ਸੀ, ਤਾਂ ਉਹ ਬਿੰਦ ਝੱਟ ਤਾਈਂ ਆਉਣ ਈ ਵਾਲਾ ਸੀ।

**ਉਜਾਗਰ ਲਲਤੋਂ**
ਫੋਨ: 91-98724-48221

ਪਰ ਮੈਨੂੰ ਉਹਦੀ ਇਕ ਹੋਰ ਗੱਲ ਨੇ ਸੋਚਾਂ ਵਿਚ ਪਾਇਆ ਹੋਇਆ ਸੀ। ਜਦ ਮੈਂ ਉਹਨੂੰ ਦਿਹਾੜੀ ਬਾਰੇ ਪੁੱਛਿਆ ਸੀ ਤਾਂ ਉਹਨੇ ਕਿਹਾ ਸੀ, "ਇਹ ਗੱਲ ਨ੍ਹੀਂ ਕਰਨੀ ਆਪਾਂ, ਜਦ ਉਹ ਉੱਥੇ ਬੈਠੇ ਐ ਤਾਂ ਆਪਾਂ ਇੱਥੇ ਉਨ੍ਹਾਂ ਦਾ ਐਨਾ ਵੀ ਨ੍ਹੀਂ ਕਰ ਸਕਦੇ? ਚੱਲ ਸਵੇਰੇ ਸਾਝਰੇ ਤਿਆਰ ਰਹੀਂ।"

ਐਨੀ ਗੱਲ ਕਰ ਕੇ ਉਹਨੇ ਫੋਨ ਕੱਟ ਦਿੱਤਾ ਸੀ।

ਹੁਣ ਮੈਂ ਇਹੀ ਗੱਲ ਸੋਚ ਰਿਹਾ ਸੀ, ਜੇ ਉਹਨੇ ਕੰਮ ਨਿਬੜਨ 'ਤੇ ਦਿਹਾੜੀ ਦੇ ਪੈਸੇ ਲੈਣ ਤੋਂ ਨਾਂਹ-ਨੁੱਕਰ ਕੀਤੀ ਤਾਂ ਮੈਨੂੰ ਵੀ ਬਹੁਤਾ ਜ਼ੋਰ ਪਾਉਣ ਦੀ ਲੋੜ ਨ੍ਹੀਂ, ਕਿਸੇ ਹੋਰ ਬਹਾਨੇ ਉਹਦਾ ਮਾਣ-ਤਾਣ ਕਰ ਦਿਆਂਗੇ।

ਊਂ ਦੁਰਗੇ ਦੀ ਏਸ ਗੱਲ ਤੋਂ ਮੈਨੂੰ ਕੋਈ ਹੈਰਾਨੀ ਨ੍ਹੀਂ ਹੋਈ। ਉਹ ਪਿੰਡ ਦੇ ਖੇਤ ਮਜ਼ਦੂਰਾਂ ਦਾ ਆਗੂ ਸੀ ਤੇ ਅਜਿਹੀ ਗੱਲ ਕਰ ਸਕਦਾ ਸੀ।

ਮੈਨੂੰ ਇਕ ਪੁਰਾਣੀ ਗੱਲ ਯਾਦ ਆ ਗਈ। ਇਕ ਵਾਰ ਦਿਹਾੜੀ ਦੇ ਮਸਲੇ ਨੂੰ ਲੈ ਕੇ ਸਾਡੇ ਪਿੰਡ ਦੇ ਜੱਟਾਂ ਤੇ ਵਿਹੜੇ ਵਾਲਿਆਂ ਦਾ ਪੰਗਾ ਪੈ ਗਿਆ ਸੀ।

ਹਾੜੀ ਨੂੰ ਅਜੇ ਦਾਤੀ ਨਹੀਂ ਸੀ ਪਈ। ਇੱਕ ਦਿਨ ਹਵੇਲੀ ਵਾਲੇ ਲਾਲ ਜੀ ਨੇ ਜੱਟਾਂ ਦਾ 'ਕੱਠ ਕਰ ਕੇ ਹਾੜੀ ਲਈ ਦਿਹਾੜੀ ਬੰਨਣ ਦੀ ਗੱਲ ਛੇੜ'ਤੀ। ਪਿੰਡ 'ਚ ਗੱਲ ਕੀ ਤੁਰੀ, ਸਾਰੇ ਜੱਟ ਇਕੋ ਸੁਰ 'ਚ ਬੋਲਣ ਲੱਗੇ। ਦੂਏ ਪਾਸੇ ਵਿਹੜੇ ਵਾਲੇ ਦੁਰਗੇ ਦੁਆਲੇ 'ਕੱਠੇ ਹੋਣ ਲੱਗ ਪਏ।

ਅਰਜਨ ਉਦੋਂ ਉਠਦੀ ਉਮਰ ਦਾ ਗੱਭਰੂ ਸੀ, ਦਲੇਰ ਸੀ ਤੇ ਲਾਲ ਜੀ ਦੇ ਨੇੜੇ ਸੀ।

ਲਾਲ ਜੀ ਨੂੰ ਪਤਾ ਸੀ ਬਈ ਅਰਜਨ ਦੀ ਨਿੱਕੇ ਹੁੰਦੇ ਤੋਂ ਦੁਰਗੇ ਨਾਲ ਪੱਕੀ ਆੜੀ ਸੀ। ਦੋਹੇ ਪਿੰਡ ਦੇ ਮਿਡਲ ਸਕੂਲ ਵਿਚ ਜਮਾਤੀ ਹੁੰਦੇ ਸਨ। ਪੜ੍ਹਾਈ 'ਚ ਢਿੱਲੇ ਮੁੰਡਿਆਂ 'ਚ ਦੋਹਾਂ ਦਾ ਨਾਂ ਸਾਰਿਆਂ ਤੋਂ ਉੱਤੇ ਸੀ ਤੇ ਦੋਹਾਂ ਨੇ ਥੋੜ੍ਹੇ ਫਰਕ ਨਾਲ ਅੱਗੜ-ਪਿੱਛੜ ਸਕੂਲ ਛੱਡਿਆ ਸੀ।

ਲਾਲ ਜੀ ਨੇ ਅਰਜਨ ਨੂੰ ਥਾਪੀ ਦੇ ਕੇ ਦੁਰਗੇ ਕੋਲ ਭੇਜਿਆ, ਬਈ ਉਹਨੂੰ ਅਸੀਂ ਉਹੀ ਦਿਹਾੜੀ ਦੇ ਦਿਆਂਗੇ ਜੋ ਉਹ ਕਹੂਗਾ, ਪਰ ਉਹ ਵਿਹੜੇ ਦੇ ਲੋਕਾਂ ਨੂੰ ਚੱਕ-ਥੱਲ ਕਰ ਕੇ ਖਰਾਬ ਨਾ ਕਰੇ।

ਅਰਜਨ ਦੇ ਚਿੱਤ 'ਚ ਸੀ ਵੀ ਦੁਰਗਾ ਉਹਦਾ ਕਿਹਾ ਕਦੇ ਨ੍ਹੀਂ ਟਾਲ ਸਕਦਾ।

ਪਰ ਦੁਰਗਾ ਅਰਜਨ ਦੀ ਗੱਲ ਕਦੋਂ ਮੰਨਣ ਆਲਾ ਸੀ। ਉਹ ਟੱਸ ਤੋਂ ਮੱਸ ਵੀ ਨ੍ਹੀਂ ਹੋਇਆ। ਅਰਜਨ ਨੇ ਪੂਰਾ ਟਿੱਲ ਲਾਇਆ। ਲਾਲ ਜੀ ਨੇ ਕਈ ਤਰ੍ਹਾਂ ਦੇ ਲਾਲਚ ਦਿੱਤੇ, ਪਰ ਉਹਦੀਆਂ ਗੱਲਾਂ ਦਾ ਦੁਰਗੇ 'ਤੇ ਐਨਾ ਵੀ ਅਸਰ ਨਾ ਹੋਇਆ, ਜਿੰਨਾ ਥੰਦੇ ਭਾਂਡੇ 'ਤੇ ਪਾਣੀ ਦਾ ਹੁੰਦੈ।

ਜਦ ਦੁਰਗਾ ਕਿਵੇਂ ਵੀ ਨਾ ਮੰਨਿਆ ਤਾਂ ਅਰਜਨ ਆਵਦੀ ਹੇਠੀ ਮੰਨ ਗਿਆ ਤੇ ਦੁਰਗੇ ਨੂੰ ਸਿੱਧੀਆਂ ਧਮਕੀਆਂ ਦੇਣ 'ਤੇ ਉੱਤਰ ਆਇਆ, ਪਰ ਦੁਰਗੇ 'ਤੇ ਇਨ੍ਹਾਂ ਦਾ ਵੀ ਕੋਈ ਅਸਰ ਨਾ ਹੋਇਆ। ਉਹ ਕਿਵੇਂ ਵੀ ਨਾ ਝਿਪਿਆ।

ਚਾਹੇ ਉਦੋਂ ਮੈਂ ਨਿਆਣਾ ਈ ਹੁੰਦਾ ਸਾਂ, ਪਰ ਮੈਨੂੰ ਅੱਜ ਵੀ ਯਾਦ ਐ, ਉਨ੍ਹੀਂ ਦਿਨੀਂ ਸਾਰੇ ਪਿੰਡ ਵਿਚ ਇਕ ਪਾਸੇ ਅਰਜਨ ਤੇ ਦੁਏ ਪਾਸੇ ਦੁਰਗੇ ਦੀਆਂ ਗੱਲਾਂ ਹੁੰਦੀਆਂ ਸਨ।

ਗੱਲ ਵਿਗੜਦੀ-ਵਿਗੜਦੀ ਵਿਹੜੇ ਆਲਿਆਂ ਦਾ ਬਾਈਕਾਟ ਕਰਨ 'ਤੇ ਜਾ ਪਹੁੰਚੀ ਤੇ ਪਿੰਡ ਵਿਚ ਪੂਰਾ ਤਣਾਅ ਬਣ ਗਿਆ।

ਅਖੀਰ ਜਿਲੇ ਦੇ ਵੱਡੇ ਅਫਸਰਾਂ ਨੇ ਆ ਕੇ ਦੋਹਾਂ ਧਿਰਾਂ ਨੂੰ ਟਿਕਾਇਆ ਤੇ ਉਨ੍ਹਾਂ ਦਾ ਰਾਜੀਨਾਮਾ ਕਰਵਾਇਆ ਸੀ।

ਦੋਹਾਂ ਧਿਰਾਂ ਦਾ ਰਾਜੀਨਾਮਾ ਤਾਂ ਹੋ ਗਿਆ, ਪਰ ਅਰਜਨ ਨੇ ਮੁੜਕੇ ਦੁਰਗੇ ਨਾਲ ਕਦੇ ਕਲਾਮ ਨਾ ਕੀਤੀ। ਦੁਏ ਪਾਸੇ ਦੁਰਗੇ ਨੇ ਵੀ ਉਹਦੀ ਆਕੜ ਨੂੰ ਟਿੱਚ ਕਰਕੇ ਜਾਣਿਆ ਸੀ।

ਮੇਰੇ ਨਾਲ ਦੁਰਗੇ ਦੀ ਸ਼ੁਰੂ ਤੋਂ ਈ ਵਧੀਆ ਬਣਦੀ ਸੀ। ਮੈਨੂੰ ਜਦ ਵੀ ਲੋੜ ਹੁੰਦੀ, ਉਹ ਅੱਧੇ ਬੋਲ 'ਤੇ ਭੱਜਿਆ ਆਉਂਦਾ ਸੀ। ਹੁਣ ਵੀ ਉਹਨੇ ਦੂਈ ਗੱਲ ਨ੍ਹੀਂ ਸੀ ਕਹਾਈ।

ਦੁਰਗਾ ਆ ਗਿਆ। ਆਪਣੇ ਮੋਬਾਇਲ 'ਚ ਖੁੱਭੇ ਹੋਏ ਮੈਨੂੰ ਉਹਦੇ ਆਉਣ ਦਾ ਉਦੋਂ ਈ ਪਤਾ ਲੱਗਿਆ, ਜਦ ਉਹਨੇ ਮੇਰੇ ਨੇੜੇ ਆ ਕੇ 'ਸਾਸਰੀਕਾਲ' ਬੁਲਾਈ। ਮੈਂ ਸਿਰ ਚੁੱਕ ਕੇ ਦੇਖਿਆ, ਲੰਮੇ, ਪਤਲੇ, ਤਾਂਬੇ-ਰੰਗੇ ਬੁੜੇ ਆਦਮੀ ਦੀ ਚੱਪਾ ਕੁ ਬੱਗੀ ਦਾਹੜੀ ਵਿਚ, ਇਕ ਵੀ ਵਾਲ ਕਾਲਾ ਨਹੀਂ ਸੀ, ਪਰ ਉਹ ਸਰੀਰ ਦਾ ਤਕੜਾ ਤੇ ਚੁਸਤ ਦਿਖਾਈ ਦੇ ਰਿਹਾ ਸੀ।

ਉਸ ਨੇ ਪੁਰਾਣੇ ਜਿਹੇ ਕੋਟ ਉੱਪਰੋਂ ਘਸੇ ਜੇ ਕੰਬਲ ਦੀ ਬੁੱਕਲ ਮਾਰੀ ਹੋਈ ਸੀ।

"ਤਿਆਰ ਐਂ, ਚੱਲੀਏ?" ਉਹਨੇ ਪੁੱਛਿਆ।

"ਚੱਲਦੇ ਆਂ, ਚਾਹ ਤਾਂ ਪੀ ਲੈ।" ਮੈਂ ਕਿਹਾ।

"ਚਾਹ ਮੇਰੀ ਪੀਤੀ ਹੋਈ ਐ, ਚੱਲ, ਚੱਲ ਕੇ ਵੱਟ-ਬੰਨਾ ਦੇਖੀਏ।

ਚਾਹ ਦੇ ਸਮਾਨੇ ਦਾ ਝੋਲਾ ਮੈਂ ਦੁਰਗੇ ਨੂੰ ਫੜਾਇਆ ਤੇ ਮੋਟਰਸਾਈਕਲ ਦੀ ਕਿੱਕ ਮਾਰੀ। ਅਸੀਂ ਪਿੰਡੋਂ ਨਿਕਲੇ ਤਾਂ ਦੇਖਿਆ ਕਿ ਧੁੰਦ ਹੋਰ ਵੀ ਗਾੜ੍ਹੀ ਸੀ।

ਮੋਟਰ 'ਤੇ ਪਹੁੰਚ ਕੇ ਮੈਂ ਕਮਰੇ ਦਾ ਬੂਹਾ ਖੋਲ੍ਹਿਆ, ਦੁਰਗੇ ਨੇ ਅੱਗੇ ਵਧ ਕੇ ਕੰਧ ਨਾਲ ਖੜ੍ਹੀ ਕੀਤੀ ਮੰਜੀ ਡਾਹ ਦਿੱਤੀ, ਬੱਲਬ ਦਾ ਬਟਨ ਦੱਬਿਆ ਤੇ ਇੱਕ ਖੂੰਜੇ ਪਈ ਕਹੀ ਨੂੰ ਆਪਣੇ ਮੋਢੇ 'ਤੇ ਰੱਖਦਾ ਬੋਲਿਆ, "ਲੈ ਤੂੰ ਬੈਠ, ਬੱਤੀ ਆ'ਗੀ ਤਾਂ ਮੋਟਰ ਚਲਾ'ਦੀਂ, ਮੈਂ ਆਇਆ ਗੇੜਾ ਮਾਰ ਕੇ।"

ਦਰਾਂ 'ਚ ਖੜ੍ਹਾ ਮੈਂ ਉਹਨੂੰ ਹਰੀ ਕਚੂਰ ਕਣਕ ਵਿਚੀ ਖਾਲੇ ਖਾਲ ਜਾਂਦੇ ਨੂੰ ਦੇਖ ਰਿਹਾ ਸੀ, ਦਸ ਕੁ ਕਦਮ ਦੂਰ ਉਹ ਧੁੰਦ 'ਚ ਅਲੋਪ ਹੋ ਗਿਆ। ਤਦੇ ਮੇਰਾ ਧਿਆਨ ਪਰੇ ਸੜਕ 'ਤੇ ਜਾ ਰਹੇ ਟਰੈਕਟਰ ਦੀ ਆਵਾਜ਼ ਨੇ ਖਿੱਚ ਲਿਆ।

ਤਿੰਨ ਕੁ ਕਿੱਲਿਆਂ ਦੀ ਵਿੱਥ ਤੋਂ ਵੱਡੀ ਸੜਕ ਲੰਘਦੀ ਸੀ, ਜੋ ਹਰ ਵੇਲੇ ਵਗਦੀ ਰਹਿੰਦੀ ਸੀ। ਇਨ੍ਹੀਂ ਦਿਨੀਂ ਦਿੱਲੀ ਜਾਂਦੀਆਂ, ਝੰਡਿਆਂ ਵਾਲੀਆਂ ਤੇ ਤਰਪਾਲਾਂ ਨਾਲ ਛੱਤੀਆਂ ਟਰਾਲੀਆਂ ਅਕਸਰ ਦਿਖਾਈ ਦਿੰਦੀਆਂ ਸਨ।

ਖਾਲ਼ 'ਤੇ ਗੇੜਾ ਮਾਰ ਕੇ ਦੁਰਗਾ ਮੁੜਿਆ ਤਾਂ ਉਹਦੇ ਇੱਕ ਹੱਥ ਡੇਕ ਦੀ ਸੁੱਕੀ ਟਾਹਣੀ ਚੁੱਕੀ ਹੋਈ ਸੀ। ਮੈਨੂੰ ਯਾਦ ਆਇਆ, ਨਾਲ ਦੀ ਮੋਟਰ 'ਤੇ ਬੱਕਰੀਆਂ ਵਾਲਿਆਂ ਨੇ ਡੇਕਾਂ ਛਾਂਗੀਆਂ ਸਨ, ਜਿਸ ਦਾ ਸੁੱਕਾ ਛਾਂਗ ਬਚਿਆ ਪਿਆ ਸੀ।

ਮੋਢੇ ਤੋਂ ਕਹੀ ਲਾਹ ਕੇ ਦੁਰਗੇ ਨੇ ਕੰਧ ਨੇੜੇ ਰੱਖੀ ਤੇ ਟਾਹਣੀ ਨੂੰ ਪੈਰ ਹੇਠ ਦੇ ਕੇ ਤੋੜਨ ਲੱਗਿਆ। ਮੈਂ ਵੀ ਦੁਰਗੇ ਕੋਲ ਆ ਖੜ੍ਹਾ ਹੋਇਆ।

ਚਾਣਚੱਕ ਮੈਂ ਪਹੀ 'ਤੇ ਦੇਖਿਆ, ਲੋਈ ਦੀ ਬੁੱਕਲ ਮਾਰੀ ਕੋਈ ਧੁੰਦ ਵਿਚ ਤੁਰਿਆ ਆ ਰਿਹਾ ਸੀ, ਹੋਰ ਨੇੜੇ ਆਇਆ ਤਾਂ ਮੈਂ ਪਛਾਣਿਆ ਜੋਤੀ ਸੀ।

"ਇਹ ਕਮਲਾ ਕਿੱਧਰ ਤੁਰਿਆ ਫਿਰਦੈ?" ਮੈਂ ਮਨ ਈ ਮਨ ਸੋਚਿਆ, ਪਰ ਮੇਰੇ ਬੁੱਲਾਂ 'ਤੇ ਮੁਸਕਾਨ ਆ ਗਈ।

ਜੋਤੀ ਸਾਡੇ ਸਕਿਆਂ 'ਚੋਂ, ਮੇਰਾ ਭਤੀਜਾ ਲੱਗਦਾ ਸੀ। ਉਹਨੂੰ ਤੁੱਕ ਬੰਦੀ ਦਾ ਸ਼ੌਕ ਸੀ, ਤੇ ਉਹ ਆਵਦੀਆਂ ਕੱਚੀਆਂ ਪਿੱਲੀਆਂ ਕਵਿਤਾਵਾਂ ਮੈਨੂੰ ਸੁਣਾਉਂਦਾ ਰਹਿੰਦਾ ਸੀ। ਉਹਦਾ ਟੱਬਰ ਇਕ ਡੇਰੇ ਦਾ ਸ਼ਰਧਾਲੂ ਸੀ ਤੇ ਡੇਰੇ ਨਾਲ ਜੁੜੀਆਂ ਕਰਾਮਾਤੀ ਕਹਾਣੀਆਂ ਦਾ ਜੋਤੀ ਕੋਲ ਤਕੜਾ ਭੰਡਾਰ ਸੀ, ਜੋ ਉਹ ਅਕਸਰ ਸੁਣਾਉਂਦਾ ਰਹਿੰਦਾ।

ਉਹਦੀ ਗੱਲ ਕੱਟਣ ਵਾਲੇ ਲੋਕਾਂ ਨੂੰ ਉਹ ਪਸੰਦ ਨਹੀਂ ਸੀ ਕਰਦਾ। ਮੈਂ ਉਹਦਾ ਭੇਤੀ ਸੀ ਤੇ ਇਸੇ ਕਰਕੇ ਮੈਂ ਉਹਨੂੰ ਕਦੇ ਨਹੀਂ ਸੀ ਟੋਕਿਆ। ਸ਼ਾਇਦ ਏਸੇ ਕਰਕੇ ਉਹ ਮੇਰੀ ਕਦਰ ਕਰਦਾ ਸੀ।

ਅਸਲ ਵਿਚ ਉਹ ਦਿਲ ਦਾ ਸਾਫ ਤੇ ਭੋਲਾ ਮੁੰਡਾ ਸੀ ਤੇ ਏਸੇ ਕਰਕੇ ਮੈਨੂੰ ਚੰਗਾ ਲੱਗਦਾ ਸੀ।

"ਸੁਣਾ ਜੋਤੀ ਤੂੰ ਕਿੱਧਰ?" ਉਹਦੇ ਨੇੜੇ ਆਉਣ 'ਤੇ ਮੇਰੇ ਮੂੰਹੋਂ ਨਿਕਲਿਆ।

"ਮੈਂ ਸੋਚਿਆ, ਮੈਂ ਵੀ ਚੱਲ ਕੇ ਚਾਚਾ ਜੀ ਦੀ ਹੈਲਪ ਕਰ ਦਿਆਂ।" ਉਹਨੇ ਉਡਦੀ ਨਜ਼ਰ ਦੁਰਗੇ ਵੱਲ ਦੇਖਿਆ। ਉਹ ਧੂਣੀ ਦੇ ਕੰਮ 'ਚ ਮਗਨ ਸੀ।

"ਹੈਲਪ ਨੂੰ ਹੁਣ ਕਿਹੜਾ ਹਲਟਾਂ ਦਾ ਜਮਾਨਾ ਜੋਤੀ," ਮੈਂ ਕਿਹਾ, "ਹੋਰ ਸੁਣਾ ਘਰੇ ਸਭ ਸੁਖ ਸਾਂਦ ਐ?"

"ਹਾਂ ਜੀ, ਬਾਬਾ ਜੀ ਦੀ ਕਿਰਪੈ।" ਉਹਨੇ ਆਵਦੇ ਹੱਥ ਜੋੜੇ।

ਕੁਝ ਪਲ ਦੀ ਚੁੱਪੀ ਤੋਂ ਮਗਰੋਂ ਉਹ ਬੋਲਿਆ, "ਹੁਣ ਤਾਂ ਆਪਣਾ ਮੋਰਚਾ ਵੀ ਪੂਰੀ ਚੜ੍ਹਾਈ 'ਚ ਐ।"

ਮੈਂ ਸਹਿਮਤੀ 'ਚ ਸਿਰ ਹਿਲਾਇਆ, "ਹਾਂ ਮੋਰਚਾ ਹੁਣ ਚੜ੍ਹਦੀ ਕਲਾ 'ਚ ਐ।" ਪਰ ਮੇਰੀਆਂ ਅੱਖਾਂ ਮੂਹਰੇ ਛੱਬੀ ਜਨਵਰੀ ਦਾ ਉਹ ਦ੍ਰਿਸ਼ ਫਿਰ ਤੋਂ ਸੰਜੀਵ ਹੋ ਉੱਠਿਆ।



ਮੈਂ ਘਰੇ ਵਿਹੜੇ 'ਚ ਕੋਈ ਕੰਮ ਕਰ ਰਿਹਾ ਸੀ ਕਿ ਇਹੀ ਜੋਤੀ ਕਾਹਲੀ-ਕਾਹਲੀ ਸਾਡੇ ਘਰ ਆਇਆ, ਤੇ ਸਿੱਧਾ ਮੇਰੇ ਵੱਲ ਆਉਂਦਾ ਹੋਇਆ ਬੋਲਿਆ, "ਲੱਗ ਗਿਆ ਪਤਾ ਚਾਚਾ ਜੀ? ਫੌਜਾਂ ਕਿਲੇ 'ਚ ਜਾ ਵੜੀਆਂ!"

ਮੈਂ ਦੇਖਿਆ ਖੁਸ਼ੀ 'ਚ ਇਹਦਾ ਚਿਹਰਾ ਖਿੜਿਆ ਹੋਇਆ ਸੀ, ਤੇ ਕਾਹਲੀ ਕਾਹਲੀ ਚੱਕਵੇਂ ਪੈਰੀਂ ਆਉਣ ਕਰਕੇ ਇਹਨੂੰ ਥੋੜ੍ਹਾ ਜਿਹਾ ਸਾਹ ਵੀ ਚੜ੍ਹਿਆ ਹੋਇਆ ਸੀ।

ਮੈਂ ਇਹ ਖਬਰ ਕੁਝ ਚਿਰ ਪਹਿਲਾਂ ਨੈੱਟ 'ਤੇ ਦੇਖ ਚੁਕਾ ਸਾਂ, ਪਰ ਇਹਨੂੰ ਜਿਵੇਂ ਚਾਅ ਚੜ੍ਹਿਆ ਹੋਇਆ ਸੀ, ਮੈਨੂੰ ਚੰਗਾ ਨਹੀਂ ਸੀ ਲੱਗਿਆ। ਮੈਂ ਚੁੱਪ ਰਿਹਾ ਸੀ।

ਇਸ ਤੋਂ ਮਗਰੋਂ ਕਈ ਦਿਨਾਂ ਤੱਕ ਸਾਡਾ ਮੇਲ ਨਹੀਂ ਸੀ ਹੋਇਆ। ਫੇਰ ਜਿੰਦਣ ਪਿੰਡ ਦੀ ਫਿਰਨੀ 'ਤੇ ਸਾਡਾ ਟਾਕਰਾ ਹੋਇਆ, ਤਾਂ ਮੈਂ ਦੇਖਿਆ ਕਿ ਇਹਦਾ ਉਹ ਪਹਿਲਾਂ ਵਾਲਾ ਬੁਖਾਰ ਉਤਰਿਆ ਹੋਇਆ ਸੀ।

ਇਹਨੇ ਕਿਹਾ ਸੀ, "ਦੇਖ ਲਓ ਚਾਚਾ ਜੀ ਸਰਕਾਰ ਨੇ ਚਾਲ ਤਾਂ ਬੜੀ ਡੂੰਘੀ ਚੱਲੀ ਸੀ, ਪਰ ਕਾਮਯਾਬ ਨਾ ਹੋ ਸਕੀ।"

ਸੁਣ ਕੇ ਪਲ ਭਰ ਲਈ ਤਾਂ ਮੈਨੂੰ ਆਪਣੇ ਕੰਨਾਂ 'ਤੇ ਯਕੀਨ ਨਹੀਂ ਸੀ ਹੋਇਆ ਕਿ ਇਹ ਉਹੀ ਜੋਤੀ ਐ? ਪਰ ਫੇਰ ਵੀ ਮੈਨੂੰ ਚੰਗਾ ਲੱਗਿਆ ਸੀ ਕਿ ਚਲੋ ਘੱਟ-ਘੱਟ ਇਹ ਸਰਕਾਰ ਦੀਆਂ ਸਿਆਸੀ ਚਾਲਾਂ ਤਾਂ ਸਮਝਣ ਲੱਗਿਆ ਸੀ।

ਧੂਣੀ 'ਚ ਗਾੜ੍ਹੇ ਧੂੰਏ ਦਾ ਗੁਬਾਰ ਉੱਠਣ ਲੱਗਿਆ, ਜਿਸ ਨੂੰ ਦੁਰਗੇ ਨੇ ਫੂਕਾਂ ਮਾਰ ਮਾਰ ਕੇ ਮੱਚਣ ਲਾ ਲਿਆ ਸੀ।

ਅਚਾਨਕ ਕਮਰੇ ਵਿਚ ਰੋਸ਼ਨੀ ਚਮਕ ਉੱਠੀ ਬਿਜਲੀ ਆ ਗਈ ਸੀ। ਦੁਰਗਾ ਉੱਠ ਕੇ ਕਮਰੇ 'ਚ ਮੋਟਰ ਚਲਾਉਣ ਚਲਾ ਗਿਆ ਤੇ ਆਉਂਦਾ ਹੋਇਆ, ਅੰਦਰੋਂ ਮੰਜੀ ਚੁੱਕ ਲਿਆਇਆ।

ਮੈਂ ਤੇ ਜੋਤੀ ਮੰਜੀ 'ਤੇ ਬੈਠ ਗਏ ਤੇ ਦੁਰਗੇ ਨੇ ਆਵਦੇ ਬੈਠਣ ਲਈ ਨੇੜੇ ਪਈ ਇੱਟ ਲੈ ਲਈ। ਕੁਝ ਚਿਰ ਅਸੀਂ ਅੱਗ ਸੇਕਦੇ ਰਹੇ।

ਹੱਥ ਦੇ ਇਸ਼ਾਰੇ ਨਾਲ ਜੋਤੀ ਨੇ ਮੇਰਾ ਧਿਆਨ ਸੜਕ 'ਤੇ ਜਾ ਰਹੇ ਟਰੈਕਟਰ ਦੀ ਆਵਾਜ ਵੱਲ ਦੁਆਇਆ। ਤਦੇ ਇਕ ਹੋਰ ਤੇ ਉਸ ਦੇ ਮਗਰੇ ਇਕ ਹੋਰ ਟਰੈਕਟਰ ਦੀ ਆਵਾਜ ਜਿਵੇਂ ਖੌਰੂ ਪਾਉਂਦੀ ਜਾ ਰਹੀ ਸੀ।

"ਦਿੱਲੀ ਨੂੰ ਜਾਂਦੇ ਐ!" ਜੋਤੀ ਬੋਲਿਆ।

ਕੁਝ ਚਿਰ ਅਸੀਂ ਪਲੋ-ਪਲ ਦੂਰ ਹੁੰਦੀ ਜਾ ਰਹੀ ਟਰੈਕਟਰਾਂ ਦੀ ਆਵਾਜ਼ ਸੁਣਦੇ ਰਹੇ।

ਧੂਣੀ 'ਚ ਮੱਚ ਰਹੇ ਡੱਕੇ ਠੀਕ ਕਰਦਾ ਹੋਇਆ ਦੁਰਗਾ ਬੋਲਿਆ, "ਦੱਸਦੇ ਐ, ਐਤਕੀਂ ਠੰਡ ਨੇ ਵੀ ਕਈ ਸਾਲਾਂ ਦਾ ਰਕਾਟ ਤੋੜਿਐ।"

ਜੋਤੀ ਨੇ ਮੇਰੇ ਗੋਡੇ ਨੂੰ ਛੂਹਿਆ, "ਊਂ ਇਕ ਗੱਲ ਐ, ਚਾਚਾ ਜੀ," ਉਹ ਬੋਲਿਆ, "ਜਿਵੇਂ ਐਨੀ ਠੰਡ 'ਚ ਲੋਕ ਉੱਥੇ ਬੈਠੇ ਐ ਤੇ ਸਰਕਾਰ ਨੂੰ ਕੋਈ ਪਰਵਾਹ ਨ੍ਹੀਂ, ਥੋਨੂੰ ਦੇਖ ਕੇ ਖਿਝ ਨ੍ਹੀਂ ਚੜ੍ਹਦੀ?"

ਮੇਰੇ ਕੋਲ ਉਹਦੀ ਗੱਲ ਦਾ ਕੋਈ ਜੁਆਬ ਨਹੀਂ ਸੀ। ਕੁਝ ਛਿਣ ਉਹ ਮੇਰੇ ਮੂੰਹ ਵੱਲ ਦੇਖਦਾ ਰਿਹਾ ਤੇ ਬੋਲਿਆ, "ਜੇ ਮੈਂ ਥੋਨੂੰ ਸੱਚੀ ਦੱਸਾਂ, ਮੈਨੂੰ ਤਾਂ ਕਈ ਆਰੀ ਐਨੀ ਵਿਹੁ ਚੜ੍ਹਦੀ ਐ...।" ਪਰ ਦੁਰਗੇ ਨੇ ਉਹਦੀ ਗੱਲ ਕੱਟ ਦਿੱਤੀ, "ਇਹੀ ਤਾਂ ਉਹ ਭਾਲਦੇ ਐ, ਬਈ ਤੂੰ ਭੜਕੇ ਤੇ ਅਗਲੇ ਨੂੰ ਕੋਈ ਬਹਾਨਾ ਮਿਲੇ।"

ਪਰ ਉਨ੍ਹਾਂ ਦਾ ਫਰਜ਼ ਨ੍ਹੀਂ ਬਣਦਾ ਕਿ ਲੋਕਾਂ ਦਾ ਮਸਲਾ ਹੱਲ ਕਰਨ।" ਜੋਤੀ ਦੀ ਆਵਾਜ਼ ਵਿਚ ਤੈਸ਼ ਸੀ।

"ਇਨ੍ਹਾਂ ਦੇ ਹੱਥ ਵੱਸ ਈ ਕੀ ਐ?" ਦੁਰਗੇ ਦੀ ਆਵਾਜ਼ ਵਿਚ ਵੀ ਅਜੀਬ ਜਿਹੀ ਤੇਜੀ ਸੀ, "ਇਹ ਤਾਂ ਸਿਰਫ ਮੋਹਰੇ ਐ, ਖਿਡਾਰੀ ਤਾਂ ਕੋਈ ਹੋਰ ਐ।" ਉਹ ਜੋਤੀ ਵੱਲ ਦੇਖ ਕੇ ਮੁਸਕਰਾਇਆ, "ਜਦੋਂ ਤੈਨੂੰ ਇਹ ਗੱਲ ਸਮਝ ਆ ਗਈ ਫੇਰ ਤੈਨੂੰ ਆਪੇ ਪਤਾ ਲੱਗ ਜੂ, ਬਈ ਆਪਣੇ ਲੋਕਾਂ ਦੀ ਅਸਲ ਲੜਾਈ ਹੈ ਕੀਹਦੇ ਨਾਲ।"

"ਇਹ ਗੱਲ ਸਹੀ ਹੈ।" ਮੇਰੇ ਮੂੰਹੋਂ ਨਿਕਲਿਆ। ਮੈਂ ਹੈਰਾਨੀ ਨਾਲ ਦੁਰਗੇ ਦੇ ਮੂੰਹ ਵੱਲ ਦੇਖਿਆ। ਸਧਾਰਨ ਜੇ ਦਿਖਦੇ ਮਜਦੂਰ ਬੰਦੇ ਨੇ ਬਹੁਤ ਡੂੰਘੀ ਗੱਲ ਕੀਤੀ ਸੀ।

ਦੁਰਗੇ ਦੀ ਗੱਲ 'ਤੇ ਸਿਰ ਤਾਂ ਜੋਤੀ ਵੀ ਹਿਲਾ ਰਿਹਾ ਸੀ, ਪਰ ਮੈਂ ਜਾਣਦਾ ਸਾਂ ਕਿ ਗੱਲ ਉਹਦੀ ਪਕੜ 'ਚ ਨ੍ਹੀਂ ਸੀ ਆਈ।

ਦੁਰਗਾ ਧੂਣੀ 'ਚ ਨਵੇਂ ਡੱਕੇ ਲਾਉਂਦਾ ਹੋਇਆ ਆਵਦੇ ਬੁੱਲਾਂ 'ਚ ਈ ਮੁਸਕਰਾ ਰਿਹਾ ਸੀ। ਉਹਦੀਆਂ ਅੱਖਾਂ ਦੱਸ ਰਹੀਆਂ ਸਨ ਕਿ ਉਹ ਕਿਸੇ ਦੂਰ ਖਿਆਲਾਂ 'ਚ ਡੁੱਬਿਆ ਹੋਇਆ ਸੀ।

ਅਚਾਨਕ ਉਹ ਖੁੱਲ੍ਹ ਕੇ ਮੁਸਕਰਾਇਆ ਤੇ ਹੱਥ ਮਾਰ ਕੇ ਸਾਡਾ ਧਿਆਨ ਆਵਦੇ ਵੱਲ ਖਿੱਚਦਾ ਹੋਇਆ ਬੋਲਿਆ, "ਸੁਣੋ, ਥੋਨੂੰ ਇਕ ਹਾਸੇ ਦੀ ਗੱਲ ਸੁਣਾਵਾਂ। ਆਹ ਮੋਹਰੇ ਆਲੀ ਗੱਲ ਤੋਂ ਮੈਨੂੰ ਯਾਦ ਆਇਐ...। ਜਦੋਂ ਆਪਣੇ ਐਮਰਜੈਂਸੀ ਲੱਗੀ ਸੀ?"

"ਹੂੰ!" ਐਮਰਜੈਂਸੀ ਦੇ ਨਾਂ ਤੋਂ ਮੈਂ ਚੌਕੰਨਾ ਜਿਹਾ ਹੋ ਕੇ ਹੁੰਗਾਰਾ ਭਰਿਆ।"

"ਅਸੀਂ ਭਾਈ ਜੇਲ੍ਹ 'ਚ ਸਾਂ। ਉੱਥੇ ਆਪਣੇ ਪਿੰਡ ਆਲੇ ਕਰਮ ਸਿਉਂ ਤੇ ਦੌਲਤੀ ਆੜ੍ਹਤੀਏ ਦੀ ਸ਼ਤਰੰਜ ਦੀ ਬਾਜੀ ਲੱਗ ਗਈ।"

"ਤੂੰ ਜੇਲ੍ਹ 'ਚ ਕਿਵੇਂ ਸੀ?" ਮੈਂ ਹੈਰਾਨੀ ਨਾਲ ਪੁੱਛਿਆ।

ਮੈਂ ਜਾਣਦਾ ਸੀ ਕਿ ਸਾਡੇ ਪਿੰਡ ਆਲਾ ਕਰਮ ਸਿੰਘ ਜ਼ਿਮੀਂਦਾਰਾ ਯੂਨੀਅਨ ਵਿਚ ਹੁੰਦਾ ਸੀ ਤੇ ਦੌਲਤੀ ਆੜ੍ਹਤੀਆ ਵੀ ਸਿਆਸੀ ਆਗੂ ਸੀ, ਪਰ ਇਹ ਤਾਂ ਮਜ਼ਦੂਰ ਬੰਦਾ ਸੀ।

"ਮੈਂ ਵੀ ਫਸ ਗਿਆ ਸੀ," ਉਹਨੇ ਦੱਸਿਆ।

"ਉਹ ਕਿਵੇਂ?"

"ਲੈ ਇਹ ਵੀ ਸੁਣ ਲੋ," ਉਹ ਕੁਝ ਛਿਣ ਮੇਰੇ ਮੂੰਹ ਵੱਲ ਦੇਖਦਾ ਰਿਹਾ ਤੇ ਬੋਲਿਆ, "ਉਦੋਂ ਮੈਂ ਕਾਮਰੇਡ ਭੂਰੇ ਕੇ ਰਲਿਆ ਹੁੰਦਾ ਸੀ। ਭੂਰਾ ਤਾਂ ਉਦੋਂ ਕਾਲਜ 'ਚ ਪੜ੍ਹਦਾ ਹੁੰਦਾ ਸੀ ਤੇ ਇਹਦਾ ਬਾਪੂ ਸ਼ਹਿਰ ਦੁੱਧ ਪਾਉਂਦਾ ਹੁੰਦਾ ਸੀ। ਸੱਤ-ਅੱਠ ਡੰਗਰ ਘਰਦੇ ਸੀ ਤੇ ਬਾਕੀ ਥੋੜ੍ਹਾ ਬਹੁਤਾ ਦੁੱਧ ਪਿੰਡ 'ਚੋਂ ਚੁੱਕ ਲੈਂਦੇ ਸੀ। ਉਹਨੇ ਤਾਂ ਸਵੇਰੇ ਸਾਝਰੇ ਸੈਕਲ 'ਤੇ ਦੁੱਧ ਆਲੇ ਢੋਲ ਲੱਦਣੇ ਤੇ ਫੇਰ ਉਹ ਦਿਨ ਢਲੇ ਹੀ ਮੁੜਦਾ ਹੁੰਦਾ ਸੀ। ਭੂਰੇ ਨੇ ਵੀ ਖਾ ਪੀ ਕੇ ਸੈਕਲ ਚੱਕਣਾ ਤੇ ਕਾਲਜ ਉੱਠ ਜਾਣਾ ਤੇ ਮਗਰੋਂ ਡੰਗਰ ਸਾਂਭਣ ਨੂੰ ਮੈਂ ਤਕੜਾ ਸੀ।

ਇਨ੍ਹਾਂ ਦੇ ਘਰ ਮੇਰੀ ਭੂਰੇ ਨਾਲ ਈ ਬਣਦੀ ਸੀ। ਇਹਦੀ ਮਾਂ ਦਾ ਸੁਭਾਅ ਵੀ ਠੀਕ ਸੀ, ਪਰ ਇਹਦੇ ਬਾਪੂ ਦਾ ਸੁਭਾਅ ਹੋਰ ਸੀ। ਉਹ ਤਾਂ ਜੇ ਭੂਰੇ ਕੋਲ ਕਿਸੇ ਮੁੰਡੇ ਨੇ ਆ ਜਾਣਾ- ਇਹਦੀ ਮਾਂ ਕੋਲ ਚੁੜ-ਚੁੜ ਕਰਨੋ ਈ ਨ੍ਹੀਂ ਸੀ ਹਟਦਾ।

ਭੂਰਾ ਮੁੰਡਿਆਂ ਦੀ ਯੂਨੀਅਨ ਵਿਚ ਸੀ ਤੇ ਮੁੰਡੇ ਇਹਦੇ ਕੋਲ ਆਉਂਦੇ ਈ ਰਹਿੰਦੇ ਸਨ। ਮੇਰੇ ਨਾਲ ਸਾਰੇ ਈ ਬਹੁਤ ਵਧੀਆ ਸਨ, ਤੇ ਆਪਾਂ ਵੀ ਉਨ੍ਹਾਂ ਦੇ ਕਿਸੇ ਕੰਮ ਨੂੰ ਕਦੇ ਮੱਥੇ ਵੱਟ ਨ੍ਹੀਂ ਸੀ ਪਾਇਆ।

ਕਈ ਆਰੀ ਉਹ ਸਿੱਧਾ ਖੇਤ ਹੀ ਬੋਰ 'ਤੇ ਆ ਜਾਂਦੇ, ਤੇ ਇਨ੍ਹਾਂ ਲਈ ਚਾਹ-ਰੋਟੀ, ਮੇਰੇ ਚਾਹੇ ਦੋ ਗੇੜੇ ਲੱਗਣ ਚਾਹੇ ਚਾਰ, ਮੈਂ ਕਦੇ ਪਰਵਾਹ ਹੀ ਨ੍ਹੀਂ ਸੀ ਕੀਤੀ। ਜੇ ਕਦੇ ਲੋੜ ਹੋਣੀ ਤਾਂ ਮੈਂ ਬਿੰਦ ਨ੍ਹੀਂ ਸੀ ਲਾਉਂਦਾ, ਮੰਡੀਓ ਇਨ੍ਹਾਂ ਦਾ ਸੌਦਾ ਪੱਤਾ ਵੀ ਲਿਆ ਦੇਣਾ ਸੈਕਲ 'ਤੇ ਲੱਗਦਾ ਵੀ ਕੀ ਸੀ, ਗੋਲੀ ਆਗੂੰ ਜਾਣਾ ਤੇ ਗੋਲੀ ਆਗੂੰ ਮੁੜ ਕੇ ਵੀ ਆ ਜਾਣਾ।

ਉਨ੍ਹਾਂ ਦੀ ਇੱਕ ਗੱਲ ਮੈਂ ਕਮਾਲ ਦੀ ਦੇਖੀ, ਚੰਗੀਆਂ ਭਲੀਆਂ ਗੱਲਾਂ ਕਰਦੇ ਕਰਦੇ ਇਉਂ ਬਹਿਸਣ ਲੱਗਦੇ, ਬਈ ਹੁਣੇ ਲੜ ਪੈਣਗੇ। ਪਰ ਉਹ ਥ੍ਹੋੜੇ ਚਿਰ ਮਗਰੋਂ ਈ ਰਲ ਕੇ ਗੀਤ ਗਾਉਣ ਲੱਗਦੇ। ਗਾਉਂਦੇ ਸਾਰੇ ਈ ਬਹੁਤ ਵਧੀਆ ਸਨ, ਪਰ ਬੰਤ ਦੀ ਆਵਾਜ਼ ਬਹੁਤ ਵਧੀਆ ਸੀ।

ਹੁਣ ਗਾਉਣ ਦਾ ਸ਼ੌਕ ਤਾਂ ਮੈਨੂੰ ਵੀ ਸੀ। ਇਨ੍ਹਾਂ ਮੂਹਰੇ ਤਾਂ ਭਾਵੇਂ ਮੈਂ ਕਦੇ ਵੀ ਨ੍ਹੀਂ ਸੀ ਗਾਇਆ, ਪਰ ਜਿਹਨੇ ਵੀ ਮੈਨੂੰ ਸੁਣਿਆ ਸੀ, ਇਹੀ ਕਹਿੰਦਾ ਸੀ ਕਿ ਜਮਾਂ ਮਾਣਕ ਅਰਗੀ ਤਰਜ਼ ਐ। ਬੰਤ ਭੂਰੇ ਕੋਲ ਆਮ ਈ ਆਉਂਦਾ-ਜਾਂਦਾ ਰਹਿੰਦਾ ਸੀ। ਕੇਰਾਂ ਮੈਂ ਬੰਤ ਨੂੰ ਗੀਤ ਸੁਣਾਇਆ ਤਾਂ ਉਹ ਬਹੁਤ ਖੁਸ਼ ਹੋਇਆ, ਕਹਿੰਦਾ, "ਤੂੰ ਤਾਂ ਗਾਉਂਦਾ ਈ ਬਹੁਤ ਵਧੀਐਂ!" ਉਹਨੇ ਮੈਨੂੰ ਉਦਾਸੀ ਦੇ ਗੀਤ ਗਾਉਣ ਲਾ'ਤਾ। ਉਹ ਮੈਨੂੰ ਕਹਿੰਦਾ ਸੀ ਕਿ ਜਦ ਆਪਣੇ ਨੇੜੇ-ਤੇੜੇ ਗੁਰਸ਼ਰਨ ਭਾਅ ਜੀ ਦਾ ਨਾਟਕ ਹੋਇਆ ਤਾਂ ਉਹ ਮੈਨੂੰ ਭਾਅ ਜੀ ਨੂੰ ਮਿਲਾਊਗਾ, ਫੇਰ ਤੂੰ ਉਨ੍ਹਾਂ ਦੀਆਂ ਸਟੇਜਾਂ 'ਤੇ ਗਾਇਆ ਕਰੀਂ।

ਇਹ ਗੱਲ ਦਾ ਮੈਨੂੰ ਐਨਾ ਚਾਅ ਸੀ ਕਿ ਮੈਂ ਹਰ ਵੇਲੇ ਕੰਮ ਕਰਦੇ ਨੇ ਜਾਂ ਤੁਰੇ ਫਿਰਦੇ ਨੇ ਗਾਉਂਦੇ ਰਹਿਣਾ ਤੇ ਆਵਦੀਆਂ ਤਰਜ਼ਾਂ ਪੱਕੀਆਂ ਕਰਦੇ ਰਹਿਣਾ। ਪੰਜ-ਛੇ ਗੀਤ ਤਾਂ ਮੈਨੂੰ ਬੰਤ ਨੇ ਈ ਕੰਠ ਕਰਾ'ਤੇ ਸੀ। ਜਿਸ ਸਾਲ ਐਮਰਜੈਂਸੀ ਲੱਗੀ, ਉਸੇ ਸਾਲ ਮਹਿੰਗਾਈ ਨੂੰ ਲੈ ਕੇ ਤਕੜਾ ਰੌਲਾ ਪਿਆ ਹੋਇਆ ਸੀ। ਇਕ ਵਾਰੀ ਬਹੁਤ ਵੱਡਾ ਜਲੂਸ ਨਿਕਲਣਾ ਸੀ। ਉਹਦਾ ਤਕੜਾ ਰੌਲਾ ਸੀ।

ਬੰਤ ਆ ਕੇ ਭੂਰੇ ਨੂੰ ਕਿਹਾ ਕਰੇ ਬਈ ਇਹ ਲੋਕਾਂ ਦੀ ਲਹਿਰ ਐ, ਆਪਾਂ ਨੂੰ ਵੀ ਇਹਦੇ 'ਚ ਰਲਣਾ ਚਾਹੀਦੈ। ਭੂਰਾ ਕਹੇ, "ਇਹ ਫਾਸ਼ੀ ਲੋਕਾਂ ਦੀ ਖੇਡ ਐ।" ਤੇ ਲਓ ਭਾਈ ਉਹ ਇਹੀ ਫੈਸਲਾ ਨ੍ਹੀਂ ਕਰ ਸਕੇ ਵੀ ਆਪਾਂ ਜਲੂਸ 'ਚ ਜਾਈਏ ਜਾਂ ਨਾ ਜਾਈਏ। ਐਨੇ ਨੂੰ ਐਮਰਜੈਂਸੀ ਲੱਗ ਗਈ।

ਭੂਰੇ ਨੇ ਤਾਂ ਸਵੇਰੇ ਸਾਝਰੇ ਈ ਸੈਕਲ ਚੱਕਿਆ ਤੇ ਕਿਸੇ ਪਾਸੇ ਖਿਸਕ ਗਿਆ। ਜਾਂਦਾ ਜਾਂਦਾ ਮੈਨੂੰ ਕਹਿ ਗਿਆ, "ਜੇ ਪੁਲਸ ਆਲੇ ਆ ਕੇ ਮੇਰੇ ਬਾਰੇ ਪੁੱਛਣ ਤਾਂ ਕਹਿ ਦੀਂ ਲਾਮ ਨੂੰ ਗਿਆ ਹੋਇਐ, ਬਾਕੀ ਬੋਰ 'ਤੇ ਦੇਖ'ਲੀਂ ਕੋਈ

*(ਬਾਕੀ ਅਗਲੇ ਸਫੇ 'ਤੇ)*

# ਬੱਸ ਤੂੰ ਨਾ ਭੜਕੀਂ

*(ਪਿਛਲੇ ਸਫੇ ਦੀ ਬਾਕੀ)*

ਕਾਗਜ਼ ਪੱਤਰ ਪਿਆ ਹੋਇਆ ਤਾਂ ਆਵਦੇ ਘਰੇ ਲੈ'ਜੀਂ ਤੇ ਸਾਂਭ'ਲੀਂ।"

ਐਮਰਜੈਂਸੀ ਦਾ ਤਾਂ ਉਦੋਂ ਮੈਨੂੰ ਪਤਾ ਨ੍ਹੀਂ ਸੀ, ਪਰ ਐਨੀ ਕੁ ਗੱਲ ਮੈਂ ਸਮਝ ਗਿਆ ਸੀ ਵੀ ਕੋਈ ਮਾੜੀ ਗੱਲ ਹੋ'ਗੀ।

ਸਭ ਤੋਂ ਪਹਿਲਾਂ ਮੈਂ ਕਾਗਜ਼ਾਂ ਆਲਾ ਕੰਮ ਕੀਤਾ। ਕਾਗਜ਼ ਵੀ ਕੀ ਸੀ, ਇਕ ਰਸਾਲਾ ਪਿਆ ਸੀ। ਖੋਲ੍ਹ ਕੇ ਦੇਖਿਆ ਤਾਂ ਉਹਦੇ 'ਚ ਉਦਾਸੀ ਦੀਆਂ ਬੋਲੀਆਂ, ਮੈਨੂੰ ਤਾਂ ਦੇਖ ਕੇ ਚਾਅ ਚੜ੍ਹ ਗਿਆ। ਰਸਾਲਾ ਮੈਂ ਡੱਬ 'ਚ ਲਕੋ ਲਿਆ ਤੇ ਘਰੇ ਲੈ ਗਿਆ।

ਦੋ ਕੁ ਦਿਨਾਂ 'ਚ ਈ ਬੋਲੀਆਂ ਮੈਨੂੰ ਕੰਠ ਹੋ'ਗੀਆਂ। ਤਰਜ਼ ਵੀ ਸਮਝ ਲੈ, ਪੱਕ ਈ ਚੱਲੀ ਸੀ। ਹਰ ਵੇਲੇ ਗਾਈ ਜੋ ਜਾਂਦਾ ਸੀ।

ਮੇਰਾ ਦਿਲ ਕਰੇ ਕਿ ਬੰਤ ਆ'ਜੇ ਤੇ ਮੈਂ ਉਹਨੂੰ ਬੋਲੀਆਂ ਸੁਣਾ ਕੇ ਹੈਰਾਨ ਕਰ ਦਿਆਂ; ਪਰ ਉਹਨੇ ਕਿੱਥੋਂ ਆਉਣਾ ਸੀ। ਭੂਰਾ ਤਾਂ ਆਪ ਪੁਲਸ ਤੋਂ ਟਲਿਆ ਫਿਰਦਾ ਸੀ। ਪੁਲਸ ਵੀ ਦੋ-ਤਿੰਨ ਗੇੜੇ ਮਾਰ ਗਈ ਸੀ। ਮੈਨੂੰ ਤਾਂ ਕਿਸੇ ਨੇ ਨ੍ਹੀਂ ਬੁਲਾਇਆ। ਇਨ੍ਹਾਂ ਨੂੰ ਈ ਪੁੱਛ ਪੁਛਾ ਕੇ ਮੁੜਦੇ ਰਹੇ। ਇਕ ਆਰੀ ਤਾਂ ਖਾਸੇ ਔਖੇ-ਭਾਰੇ ਵੀ ਹੁੰਦੇ ਸੀ।

ਐਨੇ ਨੂੰ ਵੱਡਾ ਠਾਣੇਦਾਰ ਬਦਲ ਗਿਆ। ਉਹਦੀ ਥਾਂ ਜਿਹੜਾ ਨਵਾਂ ਆਇਆ, ਉਹ ਬੜਾ ਕੱਬਾ ਬੰਦਾ ਸੀ। ਉਹ ਜਦੋਂ ਆਇਆ ਤਾਂ ਪਹਿਲਾਂ ਸਿੱਧਾ ਡੰਗਰਾਂ ਆਲੇ ਆ ਵੜਿਆ। ਉਹਦੇ ਚਿੱਤ 'ਚ ਹੋਊ ਬਈ ਭੂਰਾ ਡੰਗਰਾਂ ਆਲੇ ਸ਼ੈੱਡ 'ਚ ਨਾ ਲੁਕਿਆ ਬੈਠਾ ਹੋਵੇ।

ਮੈਂ ਮੈਸਾਂ ਨੂੰ ਸੰਨੀ ਕਰ ਕੇ, ਕਟਰੂਆਂ ਦੀ ਖੁਰਲੀ 'ਚ ਹੱਥ ਮਾਰਦਾ ਸੀ, ਨਾਲੇ ਆਪਣੇ ਈ ਧਿਆਨ 'ਚ ਗਾਈ ਜਾਂਦਾ ਸੀ, "ਅਸੀਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ," ਤੇ ਮੈਨੂੰ ਪਤਾ ਈ ਨ੍ਹੀਂ ਲੱਗਿਆ ਵੀ ਉਹ ਕਦੋਂ ਮੇਰੇ ਮਗਰ ਆ ਖੜ੍ਹਾ ਹੋਇਆ।

ਮੈਨੂੰ ਬਿੜਕ ਜਿਹੀ ਹੋਈ ਤੇ ਮੈਂ ਮੁੜ ਕੇ ਦੇਖਿਆ, ਤਾਂ ਮੈਨੂੰ ਕਹਿੰਦਾ, "ਆ ਜਾ ਆ ਜਾ, ਤੈਨੂੰ ਮੈਂ ਦੱਸਦੈਂ ਜੋਕਾਂ ਕਿਵੇਂ ਤੋੜੀਦੀਐਂ," ਤੇ ਲੌ ਜੀ, ਜਦ ਕੱਖਾਂ ਆਲੇ ਹੱਥ ਝਾੜਦਾ ਮੈਂ ਉਹਦੇ ਨੇੜੇ ਹੋਇਆ ਤਾਂ ਉਹਨੇ ਵੱਟ ਕੇ ਮੇਰੇ ਮੂੰਹ 'ਤੇ ਚਪੇੜ ਮਾਰੀ, ਮੇਰਾ ਸਿਰ ਹਿਲਾ ਕੇ ਰੱਖ'ਤਾ। ਤਦੇ ਇਕ ਮੇਰੇ ਮਗਰ ਖੜ੍ਹਾ ਸੀ, ਉਹਨੇ ਤਿੰਨ ਚਾਰ ਮੇਰੀ ਧੌਣ 'ਚ ਸਿੱਟੀਆਂ ਤੇ ਮੈਨੂੰ ਕਾਲਰ ਤੋਂ ਫੜ ਕੇ ਧੱਕਦਾ ਜਿਆ ਲੈ ਜਾ ਕੇ ਜੀਪ 'ਚ ਬਹਾਲਿਆ।

ਭੂਰੇ ਦੇ ਪਿਉ ਨੇ ਵੀ ਬਥੇਰੇ ਤਰਲੇ ਕੀਤੇ, 'ਇਹਨੂੰ ਨਾ ਲਜਾਓ ਜੀ, ਸਾਡਾ ਸਾਰਾ ਕੰਮ ਖੜ੍ਹਜੂਗਾ।'

ਮੈਂ ਵੀ ਕਿਹਾ ਕਿ ਸਾਹਿਬ ਜੀ ਮੇਰਾ ਕਸੂਰ ਤਾਂ ਦੱਸ ਦੋ; ਕੱਢ ਕੇ ਭੈਣ ਦੀ ਗਾਲ੍ਹ ਕਹਿੰਦਾ, "ਸਾਲਿਆ ਸਰਕਾਰ ਨੂੰ ਜੋਕਾਂ ਦੱਸਦੈਂ! ਅਜੇ ਕਸੂਰ ਪੁੱਛਦੈਂ?

ਮੈਨੂੰ ਤਾਂ ਸੀ ਕਿ ਠਾਣੇ ਜਾ ਕੇ ਕੁੱਟਣਗੇ, ਪਰ ਏਸ ਗੱਲੋਂ ਬਚਾਅ ਰਿਹਾ, ਲਜਾ ਕੇ ਮੈਨੂੰ ਸੀਖਾਂ ਪਿੱਛੇ ਬੰਦ ਕਰ'ਤਾ, ਅਗਲੇ ਦਿਨ ਜੱਜ ਦੇ ਪੇਸ਼ ਕਰਕੇ ਜੇਲ੍ਹ ਭੇਜ'ਤਾ।

ਜੇਲ੍ਹ 'ਚ ਆ ਕੇ ਲੱਗਿਆ ਬਈ ਜਿਵੇਂ ਨਰਕ 'ਚੋਂ ਨਿਕਲ ਕੇ ਆਇਆ ਹੋਵਾਂ। ਇਥੇ ਸਿਆਸੀ ਹਾਤੇ 'ਚ ਤਾਂ ਜਿਵੇਂ ਮੇਲਾ ਲੱਗਿਆ ਹੋਇਆ ਸੀ। ਉੱਥੇ ਠਾਣੇ 'ਚ ਤਾਂ ਇਉਂ ਸੀ, ਜਿਵੇਂ ਖੁੱਡੇ 'ਚ ਕੁੱਕੜ ਤਾੜੇ ਹੁੰਦੇ ਐ, ਰਾਤ ਨੂੰ ਇੱਕ ਤਾਂ ਕੰਧਾਂ 'ਚੋਂ ਸੇਕ ਮਾਰੇ, ਦੂਆ ਮੱਛਰ ਵੱਢ-ਵੱਢ ਖਾਈ ਜਾਣ। ਸਾਰੀ ਰਾਤ ਜਾਗ ਕੇ ਮਸਾਂ ਕੱਟੀ, ਏਥੇ ਤਾਂ ਵੜਦੇ ਸਾਰ ਟੂਟੀਆਂ ਦਾ ਖੁੱਲ੍ਹਾ ਪਾਣੀ, ਨਹਾਉਣ ਧੋਣ ਵਾਲਿਆਂ ਦੀ ਪੂਰੀ ਰੌਣਕ ਲੱਗੀ ਹੋਈ ਦੇਖ ਕੇ ਈ ਜਿਵੇਂ ਸੁੱਖ ਦਾ ਸਾਹ ਆ ਗਿਆ।

ਦੂਰ ਤਾਈਂ ਕੋਠੜੀਆਂ ਦੀ ਲੰਬੀ ਪਾਲ, ਮੂਹਰੇ ਵਰਾਂਡਾ, ਇੱਕ ਕੋਠੜੀ 'ਚੋਂ ਨੰਬੜਦਾਰ ਮੈਨੂੰ ਕੰਬਲ ਤੇ ਭਾਂਡੇ ਚੁਕਾਏ ਤੇ ਵਰਾਂਡੇ ਵਿਚੀਂ ਕਾਹਲੀ-ਕਾਹਲੀ ਤੁਰਦਾ ਹੋਇਆ ਆਖਰੀ ਕੋਠੜੀ 'ਚ ਲੈ ਗਿਆ ਤੇ ਉਨ੍ਹਾਂ ਨੂੰ ਕਹਿੰਦਾ, "ਲੋ ਸਾਂਭੋ ਆਵਦਾ ਇਕ ਹੋਰ ਭਾਈਬੰਦ।"

ਮੈਨੂੰ ਦੇਖਦੇ ਉਹ ਬੜੇ ਖੁਸ਼ ਹੋਏ, ਦੋ ਕੁ ਜਾਣੇ ਲੰਮੇ ਪਏ ਸੀ, ਉਹ ਵੀ ਉੱਠ ਕੇ ਬਹਿ ਗਏ। ਸਾਰਿਆਂ ਨੇ ਮੇਰੇ ਨਾਲ ਹੱਥ ਮਿਲਾਏ, ਮੇਰਾ ਹਾਲ ਚਾਲ ਪੁੱਛਿਆ, ਪਰ ਜਦ ਉਨ੍ਹਾਂ ਨੂੰ ਪਤਾ ਲੱਗਿਆ ਕਿ ਮੈਂ ਭੂਰੇ ਕਾ ਸੀਰੀ ਆਂ, ਤਾਂ ਉਹ ਚੁੱਪ ਜੀ ਵੱਟ'ਗੇ। ਉਂਜ ਵਤੀਰਾ ਉਨ੍ਹਾਂ ਦਾ ਫੇਰ ਵੀ ਵਧੀਆ ਰਿਹਾ।

ਮੈਨੂੰ ਕਹਿੰਦੇ, "ਕਿਸੇ ਚੀਜ਼ ਦੀ ਲੋੜ ਹੋਏ ਤਾਂ ਸਾਥੀ ਜਕੀਂ ਨਾ, ਹੋਰ ਥੋੜ੍ਹੇ ਚਿਰ ਤਾਂਈ ਲੰਗਰ ਤਿਆਰ ਹੋ ਜਾਣੈ, ਜਦ ਤਾਂਈਂ ਜੇ ਗੇੜਾ-ਗੂੜਾ ਦੇਣਾ ਤਾਂ ਦੇ ਆ, ਨਹੀਂ ਤਾਂ ਉਥੇ ਆਵਦੇ ਕੰਬਲ ਵਿਛਾ ਲੈ ਤੇ ਅਰਾਮ ਕਰ ਲੈ।"

ਮੈਂ ਉੱਠ ਕੇ ਬਾਹਰ ਆ ਗਿਆ ਤੇ ਦੇਖਿਆ, ਹਰ ਪਾਸੇ ਮਲੱਖ ਈ ਮਲੱਖ। ਮੂਹਰੇ ਅੰਬਾਂ ਹੇਠਾਂ ਹੋਰ ਵੀ ਰੌਣਕ ਲੱਗੀ ਹੋਈ। ਅੰਬਾਂ ਤੇ ਕੱਚੀਆਂ ਅੰਬੀਆਂ, ਦੇਖ ਕੇ ਮੇਰਾ ਚਿੱਤ ਕਰੇ, ਬੱਸ ਦੇਖੀ ਜਾਵਾਂ।

ਵਰਾਂਡੇ 'ਚ ਅਜੇ ਮੈਂ ਪੰਜ ਚਾਰ ਡੀਂਗਾਂ ਈ ਪੁੱਟੀਆਂ ਸਨ ਕਿ ਮੂਹਰੇ ਮੰਡੀ ਆਲਾ ਦੌਲਤੀ ਆੜ੍ਹਤੀਆ ਤੁਰਿਆ ਆਵੇ। 'ਪ੍ਰਧਾਨ ਜੀ ਆੜਤੀਏ ਦਾ ਪਿਉ।' ਮਗਰੇ ਉਹਦੇ ਚਾਹ ਆਲਾ ਮੇਸ਼ੀ, 'ਉਹ ਹੈ ਨ੍ਹੀਂ।' ਮੰਡੀ ਵੜਦੇ ਈ ਚਾਹ ਆਲਾ ਖੋਖਾ ਹੈ ਉਹਦਾ। ਉਨ੍ਹਾਂ ਨਾਲ ਅਜੇ ਮੈਂ ਗੱਲ ਈ ਕਰਦਾ ਸੀ ਕਿ ਮੇਰੀ ਨਿਗਾਹ ਕਰਮ ਸਿਉਂ 'ਤੇ ਪੈ'ਗੀ, ਉਹ ਟੂਟੀਆਂ ਵੰਨੀ ਤੁਰਿਆ ਜਾਵੇ। ਭੱਜ ਕੇ ਉਹਦੇ ਨਾਲ ਰਲਿਆ। ਦੇਖ ਕੇ ਬੜਾ ਖੁਸ਼ ਹੋਇਆ। ਉਨ੍ਹਾਂ ਦਾ ਜਿਣਸਾਂ ਦੇ ਭਾਅ ਦਾ ਮੋਰਚਾ ਲੱਗਿਆ ਹੋਇਆ ਸੀ ਤੇ ਉਹ ਜਥੇ ਨਾਲ ਗ੍ਰਿਫਤਾਰੀ ਦੇ ਕੇ ਆਇਆ ਹੋਇਆ ਸੀ।



ਸੜਕ ਤੋਂ ਟਰੈਕਟਰ ਦੀ ਆ ਰਹੀ ਆਵਾਜ਼ ਸੁਣ ਕੇ ਮੈਂ ਤੇ ਜੋਤੀ ਉੱਠ ਕੇ ਸੜਕ ਵੰਨੀ ਦੇਖਣ ਲੱਗੇ। ਸੜਕ 'ਤੇ ਤੇਜ ਗਤੀ ਦਿੱਲੀ ਨੂੰ ਜਾ ਰਹੇ ਟਰੈਕਟਰ ਟਰਾਲੀ ਹੁਣ ਸਾਫ ਦਿਖਾਈ ਦੇ ਰਹੇ ਸਨ। ਟਰੈਕਟਰਾਂ 'ਤੇ ਲੱਗੇ ਹੋਏ ਕਿਸਾਨੀ ਅਤੇ ਤਿਰੰਗੇ ਝੰਡੇ ਹਵਾ ਵਿਚ 'ਫਰ ਫਰ' ਕਰ ਰਹੇ ਸਨ, ਤੇ 'ਫਰ ਫਰ' ਦੀ ਆਵਾਜ਼ ਮੈਨੂੰ ਇੱਥੇ ਖੜ੍ਹੇ ਨੂੰ ਵੀ ਸੁਣਾਈ ਦਿੰਦੀ ਪ੍ਰਤੀਤ ਹੋ ਰਹੀ ਸੀ।

ਉਹ ਮੈਨੂੰ ਪਿੰਡ ਦਾ ਹਾਲ-ਚਾਲ ਪੁੱਛਣ ਲੱਗ ਗਿਆ। ਐਨੇ ਨੂੰ ਹਾਤੇ ਦੇ ਦਰੋਂ ਬਾਹਰ ਨਾਹਰੇ ਵੱਜਣ ਲੱਗ ਗਏ।

ਮੈਂ ਕਿਹਾ, "ਲੈ ਹੋਰ ਆ'ਗੇ ਥੋਡੇ ਨਾਲ ਦੇ।"

ਉਹ ਕਹਿੰਦਾ, "ਨਹੀਂ, ਇਹ ਅਕਾਲੀਆਂ ਦਾ ਜਥਾ, ਉਨ੍ਹਾਂ ਦਾ ਵੀ ਮੋਰਚਾ ਲੱਗਿਆ ਹੋਇਆ।"

ਉਨ੍ਹਾਂ ਦੀ 'ਵਾਜ ਸੁਣ ਕੇ ਅੰਦਰ ਹਾਤੇ 'ਚ ਵੀ ਨਾਹਰੇ ਲੱਗਣ ਲੱਗ ਪਏ। ਤਕੜੀ ਦੇਰ ਘੜਮਤਸ ਪੈਂਦੀ ਰਹੀ। ਮੇਰਾ ਧਿਆਨ ਤਾਂ ਉਨ੍ਹਾਂ 'ਚ ਸੀ, ਐਨੇ 'ਚ ਕਿਸੇ ਨੇ ਮੇਰੇ ਮੋਢੇ 'ਚੇ ਹੱਥ ਰੱਖ'ਤਾ। ਮੁੜ ਕੇ ਦੇਖਿਆ ਤਾਂ ਬੰਤ ਖੜ੍ਹਾ ਹੱਸੀ ਜਾਏ।

...ਕੇਰਾਂ ਤਾਂ ਮੈਂ ਹੈਰਾਨ ਈ ਹੋ ਗਿਆ। ਮੈਂ ਕਿਹਾ, ਓ ਬਾਈ ਤੂੰ ਕਿੱਥੇ? ਮੈਂ ਤੈਨੂੰ ਘਰੇ ਡੀਕੀ ਜਾਂਦਾ ਸੀ।"

ਕਹਿੰਦਾ, "ਦੇਖ ਲੈ...!"

ਉਹਨੇ ਦੱਸਿਆ ਵੀ ਉਹ ਤਾਂ ਦੂਏ ਦਿਨ ਈ ਫੜਿਆ ਗਿਆ ਸੀ। ਮੈਂ ਕਿਹਾ, "ਸ਼ੁਕਰ ਐ ਰੱਬ ਦਾ ਯਾਰ, ਕੋਈ ਤਾਂ ਆਵਦਾ ਮਿਲਿਆ।"

ਉਹ ਸਾਡੇ ਨਾਲ ਦੀ ਕੋਠੜੀ ਵਿਚ ਸੀ। ਉਹਨੇ ਮੈਨੂੰ ਆਵਦੀ ਥਾਂ ਦਿਖਾਈ ਤੇ ਮੇਰੇ ਨਾਲ ਈ ਸਾਡੀ ਕੋਠੜੀ ਵਿਚ ਆ ਗਿਆ।

ਉਹਨੇ ਜਦ ਉਨ੍ਹਾਂ ਨੂੰ ਦੱਸਿਆ ਵੀ ਇਹ ਵੀ ਆਪਣਾ ਈ ਸਾਥੀ ਐ ਤੇ ਉਦਾਸੀ ਦੇ ਗੀਤ ਬੜੇ ਸੋਹਣੇ ਗਾਉਂਦਾ ਐ ਤਾਂ ਉਹ ਵੀ ਬਹੁਤ ਖੁਸ਼ ਹੋਏ। ਫੇਰ ਤਾਂ ਦੇਖ ਲੋ ਰੋਜ ਈ ਮਹਿਫਿਲ ਲੱਗਦੀਓ ਰਹਿੰਦੀ ਸੀ।

ਬੰਤ ਨੂੰ ਮੈਂ ਠਾਣੇਦਾਰ ਆਲੀ ਗੱਲ ਸੁਣਾਈ ਤਾਂ ਉਹ ਬਹੁਤ ਹੱਸਿਆ, ਕਹਿੰਦਾ, ਠਾਣੇਦਾਰ ਬੇਚਾਰਾ ਤਾਂ ਅਸਲ ਸੇਵਾਦਾਰ ਈ ਉਸ ਜਮਾਤ ਦਾ, ਜਿਹਨੂੰ ਆਪਾਂ ਲਹੂ ਪੀਣੀਆਂ ਜੋਕਾਂ ਕਹਿੰਦੇ ਆ, ਆਪਣੀ ਜਮਾਤ ਉਨ੍ਹਾਂ ਤੋਂ ਵੱਖਰੀ ਐ। ਫੇਰ ਉਹ ਰੋਜ਼ ਈ ਮੈਨੂੰ ਥੋੜ੍ਹਾ-ਬਹੁਤ ਸਮਝਾਉਣ ਲੱਗ ਪਿਆ।

ਸਵੇਰ ਮੌਕੇ ਤਾਂ ਤੁਸੀਂ ਸਿਆਣੇ ਓਂ, ਸਭ ਦੇ ਆਪੋ ਆਵਦੇ ਰੁਝੇਵੇਂ ਹੁੰਦੇ, ਪਰ ਦੁਪਹਿਰ ਨੂੰ ਅੰਬਾਂ ਹੇਠ ਪੂਰੀ ਰੌਣਕ ਹੋ ਜਾਂਦੀ। ਕਿਧਰੇ ਤਾਸ਼ ਖੇਡਣ ਆਲੇ, ਕਿਧਰੇ ਲੁੱਡੋ ਆਲੇ। ਮੰਡੀ ਆਲਾ ਦੌਲਤੀ ਤੇ ਇਕ ਹੋਰ ਜਿਹਨੂੰ ਸਾਰੇ ਵੀਰ ਜੀ ਕਹਿ ਕੇ ਬੁਲਾਉਂਦੇ ਹੁੰਦੇ ਸੀ-ਸ਼ਤਰੰਜ ਲੈ ਕੇ ਬਹਿ ਜਾਂਦੇ। ਤੇ ਮੈਂ, ਬੰਤ ਨੇ ਮੈਨੂੰ ਭਗਤ ਸਿੰਘ ਦੀ ਜੀਵਨੀ ਦਿੱਤੀ ਸੀ ਪੜ੍ਹਣ ਨੂੰ, ਉਹ ਲੈ ਕੇ ਅੰਬਾਂ ਹੇਠ ਆ ਬਹਿਣਾ।

ਤਾਸ਼ ਆਲੇ ਤਾਂ ਕਦੇ-ਕਦੇ ਬਹੁਤ ਡੰਡ ਪਾਉਂਦੇ। ਪਰ ਲਾਲੇ ਹੋਰੀਂ, ਹੁਣ ਅੱਠ-ਦਸ ਜਣੇ ਤਾਂ ਦੇਖ ਲੋ ਇਨ੍ਹਾਂ ਦੇ ਦੁਆਲੇ ਬੈਠੇ ਈ ਹੁੰਦੇ ਸੀ, ਪਰ ਮਜ਼ਾਲ ਐ ਕਿਸੇ ਦੇ ਸਾਹ ਲੈਣ ਦੀ 'ਵਾਜ ਵੀ ਆ ਜਾਵੇ। ਸਾਰੇ ਚੁੱਪ ਕਰਕੇ ਦੇਖਦੇ ਰਹਿੰਦੇ।

'ਕੱਲਾ ਮੇਸ਼ੀ ਸੀ, ਜਿਹੜਾ ਬੇਚਾਰਾ ਹਮੇਸ਼ਾ ਖੜ੍ਹ ਕੇ ਈ ਦੇਖਦਾ। ਉਹਨੂੰ ਤਾਂ ਲਾਲਾ ਈ ਕਿਸੇ ਨਾ ਕਿਸੇ ਕੰਮ ਭਜਾਈ ਰੱਖਦਾ-ਮੇਸ਼ੀ ਲਿਆਈਂ ਸਿਗਟਾਂ ਦੀ ਡੱਬੀ, ਮੇਸ਼ੀ ਚਾਹ ਈ ਧਰ ਲੈ, ਮੇਸ਼ੀ ਆਹ ਕਰ ਲੈ, ਮੇਸ਼ੀ ਉਹ ਕਰ ਲੈ; ਤੇ ਉਹ ਬੇਚਾਰਾ ਇਕ ਲੱਤ ਖੜ੍ਹਾ ਈ ਰਹਿੰਦਾ।

ਆਪਣਾ ਕਰਮ ਸਿਉਂ ਵੀ ਲੰਘਦਾ ਕਰਦਾ ਕਦੇ-ਕਦੇ ਮੇਸ਼ੀ ਕੋਲ ਖੜ੍ਹ ਜਾਂਦਾ, ਤੇ ਮੈਂ ਵੀ ਉਹਨੂੰ ਦੇਖ ਕੇ ਆ ਖੜ੍ਹਦਾ।

ਇਕ ਦਿਨ ਕੀ ਹੋਇਆ, ਗੱਲ ਕਰਦਾ ਦੁਰਗਾ ਸਾਡੇ ਵੱਲ ਵੇਖ ਕੇ ਮੁਸਕਰਾਇਆ, "ਜਿਹੜੀ ਮੈਂ ਹਾਸੇ ਆਲੀ ਗੱਲ ਦੱਸਣ ਲੱਗਿਆ ਸੀ, ਗੱਲ ਕੀ ਹੋਈ, ਵੀਰ ਜੀ ਦੀ ਤਰੀਕ ਆ'ਗੀ। ਉਹ ਤਾਂ ਸਵੇਰੇ ਈ ਤਿਆਰ ਹੋ ਕੇ ਪੇਸ਼ੀ ਭੁਗਤਣ ਚਲੇ ਗਿਆ ਤੇ ਦੌਲਤੀ ਬੇਚਾਰੇ ਨਾਲ ਸ਼ਤਰੰਜ ਖੇਡਣ ਆਲਾ ਕੋਈ ਨਾ ਰਿਹਾ।

ਵਿਹਲਾ ਹੋ ਕੇ ਮੈਂ ਵੀ ਕਿਤਾਬ ਲੈ ਕੇ ਅੰਬਾਂ ਹੇਠ ਆ ਗਿਆ। ਦੌਲਤੀ ਪਹਿਲਾਂ ਈ ਆਵਦੀ ਪੱਕੀ ਥਾਂ, ਕੰਬਲ 'ਤੇ ਚੌਕੜੀ ਮਾਰੀ ਬੈਠਾ ਆਵਦੇ ਆਪ ਨੂੰ ਪੱਖੀ ਝੱਲੀ ਜਾਏ। ਮੈਂ ਥੋੜ੍ਹਾ ਹਟ ਕੇ ਬਹਿ ਗਿਆ। ਕਿਤਾਬ ਪੜ੍ਹਦੇ-ਪੜ੍ਹਦੇ ਮੇਰੀ ਅੱਖ ਮਿਚਣ ਲੱਗ ਪੀ ਤੇ ਮੈਂ ਉੱਥੇ ਈ ਪਰਨਾ ਵਿਛਾ ਕੇ ਟੇਢਾ ਹੋ ਗਿਆ ਤੇ ਮੈਨੂੰ ਨੀਂਦ ਆ'ਗੀ।

ਜਦੋਂ ਮੇਰੀ ਅੱਖ ਖੁੱਲ੍ਹੀ ਤਾਂ ਮੈਂ ਮੁੜ੍ਹਕੋ-ਮੁੜ੍ਹਕੀ ਹੋਇਆ ਪਿਆ ਸੀ। ਜਿੱਥੇ ਮੈਂ ਪਿਆ ਸੀ, ਉੱਥੇ ਧੁੱਪ ਆ'ਗੀ ਸੀ। ਮੈਂ ਉੱਠ ਕੇ ਬਹਿ ਗਿਆ। ਮੁੜ੍ਹਕੇ ਨਾਲ ਮੇਰਾ ਕੁੜਤਾ ਗੱਚ ਹੋਇਆ ਪਿਆ ਸੀ।

ਪੂਰਾ ਵੱਟ ਪੈ ਗਿਆ ਸੀ। ਹਵਾ ਤਾਂ ਇਉਂ ਬੰਦ ਹੋਈ ਪਈ ਸੀ, ਜਿਵੇਂ ਕਿਸੇ ਨੇ ਫੜ ਕੇ ਖੜ੍ਹਾ'ਤੀ ਹੋਏ। ਮੈਂ ਦੇਖਿਆ ਲਾਲਾ ਬੇਚਾਰਾ ਉੱਥੇ ਈ ਲੱਤਾਂ ਨਿਸਾਲੀ ਬੈਠਾ ਪੱਖੀ ਝੱਲੀ ਜਾਏ।

ਤੇ ਲਓ ਜੀ, ਰੱਬ ਸਬੱਬੀਂ ਉੱਥੇ ਕਰਮ ਸਿਉਂ ਆ ਗਿਆ। ਉਹ ਕੇਸੀ ਨਹਾ ਕੇ ਆਇਆ ਸੀ ਤੇ ਉਹਨੇ ਮੌਰਾਂ ਤੋਂ ਦੀ ਪਰਨਾ ਕਰਕੇ ਆਵਦੇ ਵਾਲ ਮਗਰ ਨੂੰ ਸਿੱਟੇ ਹੋਏ ਸਨ।

ਉਹ ਕਹਿੰਦਾ, "ਅੱਜ ਤਾਂ ਸੇਠ ਜੀ ਲੱਗਦੈ 'ਨੇਰੀ ਆਊ।" ਉਹ ਦੌਲਤੀ ਕੋਲ ਆ ਖੜ੍ਹਾ ਹੋਇਆ ਤੇ ਬੋਲਿਆ, "ਕੀ ਗੱਲ ਸੇਠ ਜੀ ਇਉਂ ਸੁੰਨੇ ਜੇ ਬੈਠੇ ਓ, ਕੀ ਅਜੇ ਸਾਥੀ ਮੁੜਿਆ ਨ੍ਹੀਂ ਤਰੀਕ ਤੋਂ?"

ਉਹਨੇ ਗੱਲ ਕੀ ਕੀਤੀ, ਲਾਲਾ ਤਾਂ ਉਹਦੇ ਖਹਿੜੇ ਪੈ ਗਿਆ, ਬਈ ਆਉ ਇੱਕ ਬਾਜੀ ਲਾਉਨੇ ਆਂ।"

ਉਹ ਕਹਿੰਦਾ, ਸੇਠ ਜੀ ਕਿਉਂ ਟਿੱਚਰਾਂ ਕਰਦੈਂ, ਮੈਂ ਹਲ ਵਾਹ ਸਿੱਧਾ ਸਾਦਾ ਜੱਟ ਤੇ ਤੂੰ ਹੰਢਿਆ ਹੋਇਆ ਸਿਆਸੀ ਬੰਦਾ। ਆਪਣਾ ਕੀ ਮੁਕਾਬਲਾ!"

ਪਰ ਦੌਲਤੀ ਉਹਦਾ ਖਹਿੜਾ ਕਿੱਥੋਂ ਛੱਡਣ ਆਲਾ ਸੀ। ਅਖੀਰ ਉਹਨੇ ਉਹਨੂੰ ਖੇਡਣ ਲਾ ਲਿਆ।

ਮੈਂ ਵੀ ਉੱਠ ਕੇ ਪਰਨਾ ਝਾੜਿਆ ਤੇ ਮੂੰਹ ਪੂੰਝਦਾ ਇਨ੍ਹਾਂ ਦੇ ਨੇੜੇ ਆ ਖੜ੍ਹਾ ਹੋਇਆ, ਪਰ ਗਰਮੀ ਨੇ ਮੇਰੀ ਸੁਰਤ ਮਾਰੀ ਪਈ ਸੀ। ਮੈਂ ਸੋਚਿਆ, ਭੱਜ ਕੇ ਪਿੰਡੇ ਪਾਣੀ ਪਾ ਆਵਾਂ।

ਟੂਟੀਆਂ 'ਤੇ ਪਹਿਲਾਂ ਈ ਪੂਰੀ ਭੀੜ ਸੀ। ਮੈਨੂੰ ਤਕੜਾ ਟੈਮ ਲੱਗ ਗਿਆ। ਮੁੜ ਕੇ ਆਇਆ ਤਾਂ ਦੇਖਿਆ, ਲਾਲੇ ਨੇ ਕਰਮ ਸਿਉਂ ਦੇ ਪੰਜ-ਛੇ ਮੋਹਰੇ ਮਾਰ ਕੇ ਆਵਦੇ ਪੈਰਾਂ ਕੋਲ ਰੱਖੇ ਹੋਏ। ਉਂ ਤਾਂ ਕਰਮ ਸਿੰਘ ਨੇ ਵੀ ਤਿੰਨ ਚਾਰ ਮੋਹਰੇ ਮਾਰੇ ਹੋਏ ਸਨ। ਦੋਵੇਂ ਸਿਰ ਸੁੱਟ ਕੇ ਇਉਂ ਸੋਚਾਂ 'ਚ ਡੁੱਬੇ ਬੈਠੇ, ਜਿਵੇਂ ਕੁੜੀ ਦੱਬ ਕੇ ਆਏ ਹੁੰਦੇ ਐ।

ਮੇਸ਼ੀ ਨੇ ਦੋਹਾਂ ਨੂੰ ਨਿੰਬੂ ਪਾਣੀ ਪਿਆਇਆ। ਇਕ ਹੱਥ ਖਾਲੀ ਜੱਗ ਤੇ ਦੂਏ 'ਚ ਗਲਾਸ ਫੜੀ ਉਹ ਵੀ ਲਾਲੇ ਦੇ ਮਗਰੇ ਹੀ ਖੜ੍ਹ ਗਿਆ ਤੇ ਦੇਖਣ ਲੱਗ ਪਿਆ।

ਚਾਣਚੱਕ ਮੇਰੀ ਨਿਗਾਹ ਪਈ, ਟੂਟੀਆਂ ਦੇ ਉੱਤੋਂ ਦੀ ਕਾਲਾ ਬੱਦਲ ਉੱਠ ਖੜ੍ਹਿਆ। ਮੇਰਾ ਪਰਨਾ ਸੁੱਕਣੇ ਪਾਇਆ ਹੋਇਆ ਸੀ। ਮੈਂ ਉਹ ਚੁੱਕਣ ਲਈ ਚਲਾ ਗਿਆ, ਮੁੜ ਕੇ ਆਇਆ ਤਾਂ ਮੇਸ਼ੀ ਨੇ ਮੇਰੇ ਕੰਨ 'ਚ ਦੱਸਿਆ ਕਿ ਲਾਲਾ ਜੀ ਨੂੰ ਸ਼ਹਿ ਦੇ'ਤੀ।

"ਹੁਣ ਕੀ ਹੋਊ?" ਮੈਂ ਉਹਦੇ ਕੰਨ 'ਚ ਪੁੱਛਿਆ। ਉਹਨੇ ਬੁੱਲ ਜਿਹਾ ਟੇਰ ਕੇ ਸਿਰ ਮਾਰਿਆ, "ਮੁਸ਼ਕਿਲ ਐ, ਬਾਜੀ ਗਈ," ਉਹਨੇ ਕਿਹਾ।

'ਸਹੁੰ ਗੁਰੂ ਦੀ, ਸੁਣ ਕੇ ਮੈਨੂੰ ਤਾਂ ਯਕੀਨ ਨਾ ਆਏ। ਮੈਂ ਸੋਚਦਾ ਸੀ ਵੀ ਕਰਮ ਸਿਉਂ ਅਰਗਾ ਦੇਸੀ ਬੰਦਾ ਦੌਲਤੀ ਦਾ ਕੀ ਮੁਕਾਬਲਾ ਕਰੂ! ਪਰ ਉਹ ਦੌਲਤੀ ਨੂੰ ਕਸੂਤਾ ਫਸਾਈ ਬੈਠਾ ਸੀ।

ਐਨਾ ਕੁ ਤਾਂ ਹੁਣ ਮੈਂ ਵੀ ਸਮਝਣ ਲੱਗ ਗਿਆ ਸੀ ਵੀ ਸ਼ਹਿ ਜਾਣੀ, "ਹੁਣ ਆਵਦਾ ਰਾਜਾ ਬਚਾ ਜਾਂ ਬਾਜ਼ੀ ਖਤਮ।"

ਤੇ ਲਓ ਜੀ, ਦੌਲਤੀ ਜਿਉ ਸੋਚਾਂ 'ਚ ਪਿਆ, ਆਵਦੀ ਇੱਕ ਉਂਗਲ ਕਦੇ ਇਕ ਖਾਨੇ ਅਲ ਕਰੇ, ਕਦੇ ਦੂਏ ਅਲ। ਤਕੜਾ ਚਿਰ ਹੋ ਗਿਆ। ਚਾਣਚੱਕ ਠੰਡੀ ਹਵਾ ਵਗਣ ਲੱਗ'ਪੀ। ਮੇਸ਼ੀ ਨੇ ਉਹਨੂੰ ਕਿਹਾ, ਬਈ ਲਾਲਾ ਜੀ ਬੱਦਲ ਆ ਗਿਆ।

ਮੇਹਰ ਸਿਉਂ ਨੇ ਤਾਂ ਸਿਰ ਚੁੱਕ ਕੇ ਬੱਦਲ ਵੰਨੀ ਦੇਖਿਆ, ਪਰ ਦੌਲਤੀ ਨੇ ਤਾਂ ਜਿਵੇਂ ਉਹਦੀ ਗੱਲ ਈ ਨਾ ਸੁਣੀ ਹੋਵੇ। ਉਹ ਉਵੇਂ ਈ ਬੈਠੇ ਦਾ ਬੈਠਾ ਉਗਲ ਹਿਲਾਈ ਜਾਵੇ। ਅਖੀਰ ਕਰਮ ਸਿਉਂ ਨੇ ਕਿਹਾ, "ਹੁਣ ਬੱਸ ਕਰੀਏ ਸੇਠ ਜੀ।" ਪਰ ਦੌਲਤੀ ਨੇ ਹੱਥ ਨਾਲ ਉਹਨੂੰ ਬੈਠੇ ਰਹਿਣ ਨੂੰ ਕਿਹਾ, "ਬੈਠੋ ਸਰਦਾਰ ਜੀ ਥੋੜ੍ਹਾ ਸਬਰ ਕਰੋ।"

ਤੇ ਲਓ ਜੀ, ਹੋਰ ਲੋਕ ਤਾਂ ਅੰਬਾਂ ਹੇਠੋਂ ਉੱਠ ਕੇ ਵਰਾਂਡੇ 'ਚ ਜਾਣ ਲੱਗ ਪਏ, ਪਰ ਦੌਲਤੀ ਸੇਠ ਉੱਥੇ ਈ ਡਟਿਆ ਬੈਠਾ ਰਿਹਾ। ਉਹ ਕਰਮ ਸਿਉਂ ਨੂੰ ਵੀ ਉੱਠਣ ਨਾ ਦੇਵੇ। ਖਣੀ ਦੌਲਤੀ ਆਪਣੀ ਹੇਠੀ ਮੰਨਦਾ ਸੀ, ਉੱਠਣ ਦਾ ਨਾਮ ਈ ਨਾ ਲਏ।

ਐਨੇ ਨੂੰ ਠੰਡੀ ਹਵਾ ਦਾ ਜੋਰ ਦਾ ਬੁੱਲਾ ਆਇਆ, ਕਰਮ ਸਿਉਂ ਨੂੰ ਕੁਝ ਯਾਦ ਆਇਆ। ਉਹ ਕਾਹਲੀ ਨਾਲ ਉੱਠਦਾ ਹੋਇਆ ਬੋਲਿਆ ਕਿ ਉਹਦੇ ਕੱਪੜੇ ਸੁਕਣੇ ਪਾਏ ਹੋਏ ਸੀ, ਉੱਡ ਨਾ ਜਾਣ। ਤੇ ਉਹ ਦੌੜਦਾ ਜਿਹਾ ਚਲਾ ਗਿਆ। ਉਹਦੇ ਮਗਰ ਈ ਮੇਸ਼ੀ ਦੌੜ ਗਿਆ, ਉਹਦੇ ਵੀ ਕੱਪੜੇ ਸੁੱਕਣੇ ਪਾਏ ਹੋਏ ਸਨ।

ਕੋਈ ਕੋਈ ਕਣੀ ਡਿੱਗਣ ਲੱਗੀ। ਮੈਂ ਦੌਲਤੀ ਨੂੰ ਹਾਕ ਮਾਰੀ, ਬਈ ਲਾਲਾ ਜੀ ਉੱਠੋ, ਮੀਂਹ ਆ ਗਿਆ। ਮੇਰੇ ਕਹਿਣ 'ਤੇ ਉਹਨੇ ਬੱਦਲ ਵੱਲ ਦੇਖਿਆ ਤੇ ਮੋਹਰੇ ਚੱਕ ਕੇ ਡੱਬੇ 'ਚ ਪਾਉਣ ਲੱਗ ਪਿਆ।

ਮੋਹਰੇ ਉਹਨੇ ਡੱਬੇ 'ਚ ਪਾ ਲਏ, ਖਾਨਿਆਂ ਆਲਾ ਗੱਤਾ ਵੀ ਕੱਛ 'ਚ ਦੇ ਲਿਆ ਤੇ ਪੈਰਾਂ ਭਾਰ ਹੋ ਕੇ ਉੱਠਣ ਈ ਲੱਗਿਆ ਸੀ ਕਿ ਹਵਾ ਦਾ ਬੁੱਲਾ ਐਨੀ ਜੋਰ ਦੀ ਆਇਆ ਕਿ ਹੇਠਲੇ ਕੰਬਲ ਨੇ ਉੱਡ ਕੇ ਉਹਦਾ ਮੂੰਹ ਸਿਰ ਢਕ ਲਿਆ। ਹਵਾ ਦੇ ਧੱਕੇ ਨਾਲ ਉਹ ਪਿੱਛੇ ਨੂੰ ਉੱਲਰ ਗਿਆ ਤੇ ਉਹਦੇ ਪੈਰ ਤਾਂਹ ਨੂੰ ਚੱਕੇ ਗਏ।

ਵਰਾਂਡੇ 'ਚ ਖੜ੍ਹੇ ਲੋਕਾਂ 'ਚ ਹਾਸੜ ਮੱਚ ਗਈ। ਹਿੰਮਤ ਮਾਰ ਕੇ ਉਹ ਉੱਠ ਤਾਂ ਖੜਿਆ, ਪਰ ਮੋਹਰਿਆਂ ਆਲਾ ਡੱਬਾ ਉਹਦੇ ਹੱਥੋਂ ਡਿੱਗ ਕੇ ਖੁੱਲ੍ਹ ਗਿਆ ਤੇ ਮੋਹਰੇ ਖਿੰਡ ਗਏ।

ਉਹ ਮੋਹਰੇ 'ਕੱਠੇ ਕਰਨ ਲੱਗਿਆ, ਐਨੇ ਨੂੰ ਤੂਫਾਨੀ ਹਵਾ ਦੇ ਨਾਲ ਗੜੇ ਪੈਣ ਲੱਗ ਪਏ।

ਰੀਠਿਆਂ ਅਰਗੇ ਗੜੇ 'ਤਾੜ-ਤਾੜ' ਕਰਦੇ ਗੋਲੀ ਆਗੂੰ ਇਉਂ ਆਉਣ, ਅੰਬ ਦੇ ਪੱਤੇ ਝੜਨ ਲੱਗ ਪਏ ਤੇ "ਲਓ ਜੀ, ਦੌਲਤੀ ਨੇ ਕਾਹਲੀ ਕਾਹਲੀ ਕੰਬਲ 'ਕੱਠਾ ਕਰਕੇ ਸਿਰ 'ਤੇ ਕੀਤਾ ਤੇ ਦੌੜ ਕੇ ਵਰਾਂਡੇ 'ਚ ਆ ਵੜਿਆ।"

ਬੇਚਾਰੇ ਦਾ ਸਾਹ ਨਾਲ ਸਾਹ ਨਾ ਰਲੇ। ਆਵਦੇ ਇਕ ਹੱਥ ਨੂੰ ਦੂਏ 'ਚ ਲੈ ਕੇ ਉਹਨੇ ਇਉਂ ਘੁੱਟਿਆ ਹੋਇਆ, ਜਿਵੇਂ ਗੜੇ ਦੀ ਤਕੜੀ ਸੱਟ ਲੱਗੀ ਹੋਵੇ। ਖੇਡ ਆਲਾ ਗੱਤਾ ਤੇ ਮੋਹਰਿਆਂ ਆਲਾ ਡੱਬਾ ਤਾਂ ਉਹ ਲੈ ਆਇਆ ਸੀ, ਪਰ ਕਈ ਮੋਹਰੇ ਉੱਥੇ ਈ ਖਿੰਡੇ ਰਹਿ ਗਏ ਸਨ।

ਕੁਝ ਚਿਰ ਮਗਰੋਂ ਗੜੇ ਪੈਣੋਂ ਹਟ ਗਏ ਤਾਂ ਮੇਸ਼ੀ ਨੇ ਵਰਦੇ ਮੀਂਹ 'ਚ ਹਿੰਮਤ ਕੀਤੀ। ਸਿਰ 'ਤੇ ਕੰਬਲ ਦਾ ਝੁੰਬ ਮਾਰ ਕੇ ਅੰਬਾਂ ਹੇਠ ਮੋਹਰੇ ਚੁੱਕਣ ਗਿਆ, ਪਰ ਐਹੋ ਜੇ ਤੂਫਾਨ 'ਚ ਮੋਹਰੇ ਉੱਥੇ ਹੁੰਦੇ ਤਾਂ ਹੀ ਮਿਲਦੇ। ਉਹ ਖਾਲੀ ਹੱਥ ਮੁੜ ਆਇਆ।

ਸਾਰੀ ਰਾਤ ਮੀਂਹ ਪੈਂਦਾ ਰਿਹਾ। ਪਤਾ ਨ੍ਹੀਂ ਕਦੋਂ ਜਾ ਕੇ ਅੱਖ ਲੱਗੀ। ਸਵੇਰੇ ਜਾਗ ਆਈ ਤਾਂ ਤੇਜ ਧੁੱਪ ਨਿੱਕਲੀ ਹੋਈ ਸੀ।

ਮੈਂ ਉੱਠ ਕੇ ਵਰਾਂਡੇ 'ਚ ਆ ਗਿਆ।

ਬਾਹਰ ਵਿਹੜੇ ਵਿਚ ਪਾਣੀ ਈ ਪਾਣੀ ਭਰਿਆ ਹੋਇਆ ਸੀ। ਸਾਡੀ ਕੋਠੜੀ ਮੂਹਰੇ ਕਈ ਜਣੇ ਖੜ੍ਹੇ ਪਰੇ ਕੰਧ ਵੰਨੀ ਦੇਖ ਰਹੇ ਸਨ, ਜਿੱਥੇ ਗਿੱਠ ਗਿੱਠ ਪਾਣੀ 'ਚ ਤੁਰਿਆ ਫਿਰਦਾ ਮੇਸ਼ੀ ਪਾਣੀ 'ਚ ਤਰਦੇ ਫਿਰਦੇ ਮੋਹਰੇ ਚੁਗ ਰਿਹਾ ਸੀ ਤੇ ਲਾਲਾ ਦੌਲਤੀ ਰਾਮ ਲੰਮੀ ਉਂਗਲ ਕਰਕੇ ਉਹਨੂੰ ਸਮਝਾ ਰਿਹਾ ਸੀ, ਬਈ ਅਹੁ ਪਰੇ ਪੱਤਿਆਂ 'ਚ ਦੇਖ, ਕੋਈ ਮੋਹਰਾ ਉੱਥੇ ਨਾ ਹੋਏ।

ਤਦੇ ਉੱਥੇ ਮੇਹਰ ਸਿਉਂ ਆ ਗਿਆ, "ਮਿਲ'ਗੇ ਸਾਰੇ ਮੋਹਰੇ?" ਉਹਨੇ ਲਾਲੇ ਤੋਂ ਪੁੱਛਿਆ।

ਮੋਹਰੇ ਸਹੁਰਿਆਂ ਦਾ ਕੀ ਐ, ਹੋਰ ਆ ਜਾਣਗੇ, ਪਰ ਆਪਣੀ ਬਾਜੀ ਵਿਚੇ ਰਹਿ'ਗੀ, ਕੋਈ ਮਜ਼ਾ ਨ੍ਹੀਂ ਆਇਆ। ਚਲੋ, ਜੋ ਰੱਬ ਦੀ ਮਰਜ਼ੀ।" ਪਰ ਉਨ੍ਹਾਂ ਦੀ ਨਿਗਾਹ ਮੇਸ਼ੀ 'ਤੇ ਟਿਕੀ ਹੋਈ ਸੀ।

ਕਰਮ ਸਿਉਂ ਨੇ ਮੇਰੇ ਵੰਨੀ ਦੇਖ ਕੇ ਅੱਖ ਮਾਰੀ ਕਿ ਸੁਣ ਸੇਠ ਦੀ ਗੱਲ ਤੇ ਲਾਲੇ ਨੂੰ ਕਹਿੰਦਾ, "ਚਲੋ ਸੇਠ ਜੀ, ਜਦੋਂ ਮੌਸਮ ਠੀਕ ਹੋਇਆ ਫੇਰ ਲਾ ਲਾਂ'ਗੇ ਇਕ ਬਾਜੀ।"

ਦੁਰਗੇ ਨੇ ਮੇਰੇ ਵੱਲ ਦੇਖਿਆ, "ਮੈਂ ਮੁੜ ਕੇ ਫੇਰ ਕਦੇ ਉਨ੍ਹਾਂ ਦੀ ਬਾਜੀ ਲੱਗੀ ਤਾਂ ਨ੍ਹੀਂ ਦੇਖੀ ਤੇ ਆਹ ਹੁਣ ਦਿੱਲੀ ਬਾਰਡਰ 'ਤੇ ਲੱਗਦੈ ਕਿ ਇਕ ਆਰੀ ਫੇਰ ਲਾਲਾ ਦੌਲਤ ਰਾਮ ਤੇ ਕਰਮ ਸਿਉਂ ਦੀ ਬਾਜੀ ਫਸੀ ਹੋਈ ਐ।" ਗੱਲ ਕਰਦਾ ਦੁਰਗਾ ਖੁੱਲ੍ਹ ਕੇ ਮੁਸਕਰਾਇਆ ਤੇ ਧੂਣੀ ਦੀਆਂ ਲੱਕੜਾਂ ਠੀਕ ਕਰਨ ਲੱਗ ਪਿਆ।

ਜੋਤੀ ਦੁਰਗੇ ਵੱਲ ਟਿਕਟਿਕੀ ਲਾਈ ਦੇਖੀ ਜਾ ਰਿਹਾ ਸੀ, ਉਹਨੇ ਦੁਰਗੇ ਨੂੰ ਸੁਆਲ ਕੀਤਾ। "ਚੱਲ ਤੂੰ ਇਹ ਦੱਸ ਇਹਦਾ ਬਣੂ ਕੀ"

ਦੁਰਗਾ ਕੁਝ ਛਿਣ ਉਹਦੇ ਮੂੰਹ ਵੱਲ ਦੇਖਦਾ ਰਿਹਾ ਤੇ ਬੋਲਿਆ, "ਇਕ ਗੱਲ ਸਮਝ ਲੈ, ਲੋਕਾਂ ਨਾਲ ਟੱਕਰ ਲੈਣ ਆਲਾ ਹਾਕਮ ਚਾਹੇ ਕਿੰਨਾ ਵੀ ਤਕੜਾ ਹੋਵੇ, ਉਹਦੀ ਉਮਰ ਲੰਮੀ ਨ੍ਹੀਂ ਹੁੰਦੀ; ਤੇ ਦੂਈ ਗੱਲ, ਸੰਘਰਸ਼ ਦੇ ਰਾਹ ਪਏ ਲੋਕ ਕਦੇ ਹਾਰਦੇ ਨ੍ਹੀਂ ਹੁੰਦੇ।"

ਉਹ ਸਿੱਧਾ ਜੋਤੀ ਦੀਆਂ ਅੱਖਾਂ 'ਚ ਝਾਕਿਆ, "...ਤੇ ਇਕ ਗੱਲ ਹੋਰ, ਹਮੇਸ਼ਾ ਯਾਦ ਰੱਖੀਂ, ਬੱਸ ਇਕ ਤੂੰ ਨਾ ਭੜਕੀਂ! ਬਾਕੀ ਸਭ ਠੀਕ ਐ।"

ਜੋਤੀ ਉਹਦੇ ਚਿਹਰੇ 'ਤੇ ਨਜ਼ਰ ਟਿਕਾਈ ਇਉਂ ਦੇਖ ਰਿਹਾ ਸੀ, ਜਿਵੇਂ ਉਹਦੀ ਕਹੀ ਗੱਲ ਨੂੰ ਸਮਝਣ ਦਾ ਯਤਨ ਕਰ ਰਿਹਾ ਹੋਵੇ।

ਚਾਣਚੱਕ ਚੌਗਿਰਦਾ ਚਮਕੀਲੀ ਧੁੱਪ ਵਿਚ ਖਿੜ ਉੱਠਿਆ। ਨੀਲੇ ਅੰਬਰ 'ਤੇ ਧੁੰਦ ਦੇ ਬੱਦਲ ਪਾਟ ਰਹੇ ਸਨ। ਦੁਰਗੇ ਨੇ ਕੰਧ ਲਾਗੇ ਪਈ ਕਹੀ ਚੁੱਕ ਕੇ ਮੋਢੇ 'ਤੇ ਰੱਖੀ ਤੇ ਨੱਕਾ ਦੇਖਣ ਤੁਰ ਗਿਆ।

ਸੜਕ ਤੋਂ ਟਰੈਕਟਰ ਦੀ ਆ ਰਹੀ ਆਵਾਜ਼ ਸੁਣ ਕੇ ਮੈਂ ਤੇ ਜੋਤੀ ਉੱਠ ਕੇ ਸੜਕ ਵੰਨੀ ਦੇਖਣ ਲੱਗੇ। ਸੜਕ 'ਤੇ ਤੇਜ ਗਤੀ ਦਿੱਲੀ ਨੂੰ ਜਾ ਰਹੇ ਟਰੈਕਟਰ ਟਰਾਲੀ ਹੁਣ ਸਾਫ ਦਿਖਾਈ ਦੇ ਰਹੇ ਸਨ। ਟਰੈਕਟਰਾਂ 'ਤੇ ਲੱਗੇ ਹੋਏ ਕਿਸਾਨੀ ਅਤੇ ਤਿਰੰਗੇ ਝੰਡੇ ਹਵਾ ਵਿਚ 'ਫਰ ਫਰ' ਕਰ ਰਹੇ ਸਨ, ਤੇ 'ਫਰ ਫਰ' ਦੀ ਆਵਾਜ਼ ਮੈਨੂੰ ਇੱਥੇ ਖੜ੍ਹੇ ਨੂੰ ਵੀ ਸੁਣਾਈ ਦਿੰਦੀ ਪ੍ਰਤੀਤ ਹੋ ਰਹੀ ਸੀ।

# ਬੈਚ ਫੁੱਲ ਪਾਈਨ: ਦੋਸ਼ ਮੇਰਾ ਹੈ

ਫੁੱਲ ਦਵਾਈ ਪਾਈਨ (Pine), ਪਾਈਨ ਸਿਵੈਸਟਰੀਜ਼ (Pine Syvestries) ਨਾਮਕ ਪੌਦੇ ਦੇ ਫੁੱਲਾਂ ਤੋਂ ਤਿਆਰ ਹੁੰਦੀ ਹੈ। ਓਕ ਵਾਂਗੂੰ ਇਹ ਬੂਟਾ ਵੀ ਠੰਡੇ ਪੌਣ ਪਾਣੀ ਤੇ ਪਹਾੜੀ ਇਲਾਕਿਆਂ ਵਿਚ ਪਾਇਆ ਜਾਂਦਾ ਹੈ। ਦੋਹਾਂ ਬੂਟਿਆਂ ਦੇ ਫੁੱਲਾਂ ਤੋਂ ਬਣੀਆਂ ਦਵਾਈਆਂ ਅਜੀਬ ਹਨ ਤੇ ਮਨੁੱਖ ਨੂੰ ਚੱਕਰ ਵਿਚ ਪਾਉਣ ਵਾਲੀਆਂ ਹਨ। ਦੋਹਾਂ ਦੇ ਸੰਕੇਤ ਅਜਿਹੇ ਹਨ ਕਿ ਇਨ੍ਹਾਂ ਵਿਚ ਕੋਈ ਨਾਂਹਵਾਚਕ ਗੱਲ ਨਜ਼ਰ ਨਹੀਂ ਆਉਂਦੀ, ਪਰ ਡੂੰਘਾਈ ਨਾਲ ਦੇਖਿਆ ਜਾਵੇ ਤਾਂ ਇਹ ਦੋਵੇਂ ਮਨੁੱਖੀ ਸਿਹਤ ਤੇ ਵਿਹਾਰ ਨੂੰ ਢਾਅ ਲਾਉਣ ਵਾਲੀਆਂ ਹਨ। ਓਕ ਦਾ ਆਸ਼ਾਵਾਦੀ ਤੇ ਸਿਰੜੀ ਸੁਭਾਅ ਸੁਣਨ ਨੂੰ ਚੰਗਾ ਹੈ, ਪਰ ਸਿਹਤ ਪੱਖੋਂ ਉਲਟ ਹੈ। ਪਾਈਨ ਦੀ ਹਲੀਮੀ ਨੂੰ ਸਮਾਜਿਕ ਤੌਰ 'ਤੇ ਮਾਣ ਪ੍ਰਤਿਸ਼ਟਾ ਮਿਲੀ ਹੋਈ ਹੈ, ਪਰ ਸੁਭਾਅ ਇਸ ਦਾ ਵੀ ਟੇਢਾ ਹੈ। ਚੰਗਾ ਚੰਗਾ ਕਰਦਿਆਂ ਪਤਾ ਨਹੀਂ ਚਲਦਾ ਵਰਨਾ ਦੁਨੀਆਂ ਵਿਚ ਪਾਈਨ ਦੇ ਮਰੀਜ਼ਾਂ ਦੀ ਗਿਣਤੀ ਓਕ ਦੇ ਮਰੀਜ਼ਾਂ ਨਾਲੋਂ ਕਿਤੇ ਵੱਧ ਹੈ।

ਪਾਈਨ ਦਵਾਈ ਅੰਤਰਮੁਖੀ ਸੁਭਾਅ ਦੀ ਹੈ ਤੇ ਇਸ ਦਾ ਬਾਹਰੀ ਚਿਹਰਾ ਨਿਮਰਤਾ ਵਾਲਾ ਲਗਦਾ ਹੈ, ਪਰ ਇਸ ਦਾ ਮਰੀਜ਼ ਅੰਦਰੋਂ ਡਰਿਆ, ਸਹਿਮਿਆ ਤੇ ਘਬਰਾਇਆ (Confused)

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਹੋਇਆ ਹੁੰਦਾ ਹੈ। ਸੋਚ ਪੱਖੋਂ ਹਿੱਲਿਆ ਹੋਣ ਕਰਕੇ ਉਹ ਹਰ ਅਣਸੁਖਾਵੀਂ ਗੱਲ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦਾ ਹੈ। ਉਹ ਆਪਣੀਆਂ ਤਾਰਕਿਕ ਸ਼ਕਤੀਆਂ ਦਾ ਸਹੀ ਉਪਯੋਗ ਨਹੀਂ ਕਰਦਾ, ਇਸ ਲਈ ਹਰੇਕ ਗੱਲ ਦਾ ਕਸੂਰਵਾਰ ਆਪਣੇ ਆਪ ਨੂੰ ਹੀ ਮੰਨ ਲੈਂਦਾ ਹੈ। ਅਤਿ ਦੀ ਨਰਮੀ ਵਰਤਣਾ, ਆਤਮ-ਨਿੰਦਾ ਕਰਨੀ, ਕੀਤੇ ਦਾ ਪਛਤਾਵਾ ਕਰਨਾ ਤੇ ਹਰ ਕਸੂਰ ਆਪਣੇ ਸਿਰ ਲੈਣਾ ਇਸ ਫੁੱਲ ਦਵਾਈ ਦੇ ਸੰਕੇਤੀ ਸ਼ਬਦ ਹਨ।

ਇਹ ਸੰਸਾਰ ਐਸਾ ਹੈ ਕਿ ਇਸ ਵਿਚ ਜੋ ਵਿਅਕਤੀ ਕਸੂਰ ਕਰਦਾ ਹੈ, ਉਹ ਆਪਣਾ ਕਸੂਰ ਸਹਿਜੇ ਨਹੀਂ ਮੰਨਦਾ। ਜੇ ਹਰ ਕੋਈ ਇੰਨਾ ਇਮਾਨਦਾਰ ਤੇ ਸੁੱਚਜਾ ਹੋਵੇ ਕਿ ਆਪਣੀ ਕੀਤੀ ਗਲਤੀ ਦੀ ਜ਼ਿੰਮੇਵਾਰੀ ਮੰਨ ਲਵੇ ਤਾਂ ਫਿਰ ਦੁਨੀਆਂ ਸਵਰਗ ਨਾਲੋਂ ਵੀ ਅੱਗੇ ਨਿਕਲ ਜਾਵੇ, ਪਰ ਇੱਥੇ ਤਾਂ ਮੁੱਖ ਸਮੱਸਿਆ ਹੀ ਇਹ ਹੈ ਕਿ ਲੋਕ ਗੁਨਾਹ ਕਰਦੇ ਹਨ ਤੇ ਛੁਪਾ ਲੈਂਦੇ ਹਨ। ਜੇ ਕਿਸੇ ਗੁਨਾਹ ਦੀ ਭਾਫ ਨਿਕਲਣ ਲੱਗੇ ਤਾਂ ਉਸ ਨੂੰ ਉਲਟੇ-ਪੁਲਟੇ ਤਰਕ ਦੇ ਕੇ ਦੂਜਿਆਂ ਦੇ ਸਿਰ ਮੜ੍ਹ ਦਿੰਦੇ ਹਨ। ਇਸ ਰੁਝਾਨ ਦੀ ਆੜ ਵਿਚ ਸੰਗੀਨ ਜੁਰਮ ਹੁੰਦੇ ਹਨ, ਵੱਡੇ ਵੱਡੇ ਘੁਟਾਲੇ ਚਲਦੇ ਹਨ ਤੇ ਘੋਰ ਬੇਇਨਸਾਫੀਆਂ ਹੁੰਦੀਆਂ ਹਨ। ਜੇ ਹਰ ਇਕ ਨੂੰ ਪਤਾ ਹੋਵੇ ਕਿ ਉਸ ਦਾ ਕਸੂਰ ਛਿਪ ਨਹੀਂ ਸਕਦਾ ਭਾਵ ਜੇ ਕੋਈ ਦੂਜਾ ਵੀ ਇਸ ਨੂੰ ਛਿਪਾਉਣ ਦੀ ਕੋਸ਼ਿਸ਼ ਕਰੇ ਤਾਂ ਵੀ ਇਹ ਉੱਛਲ ਕੇ ਬਾਹਰ ਆ ਜਾਵੇਗਾ, ਫਿਰ ਤਾਂ ਕੋਈ ਸਮੱਸਿਆ ਪੈਦਾ ਹੀ ਨਾ ਹੋਵੇ। ਫਿਰ ਤਾਂ ਕੋਈ ਜਾਣ-ਬੁੱਝ ਕੇ ਗਲਤੀ ਨਹੀਂ ਕਰੇਗਾ ਤੇ ਜੇ ਅਣਜਾਣੇ ਵਿਚ ਹੋ ਵੀ ਜਾਵੇ ਤਾਂ ਉਹ ਆਪ ਹੀ ਇਸ ਨੂੰ ਮੰਨ ਲਵੇਗਾ; ਪਰ ਪਾਈਨ ਬਾਰੇ ਜੋ ਹੈਰਾਨੀਜਨਕ ਗੱਲ ਹੈ ਤੇ ਜੋ ਇਸ ਦਾ ਸਹੀ ਮਿਜਾਜ਼ ਸਮਝਣ ਵਿਚ ਔਖਿਆਈ ਪੈਦਾ ਕਰਦੀ ਹੈ, ਉਹ ਇਹ ਹੈ ਕਿ ਇਸ ਦਾ ਮਰੀਜ਼ ਬਿਨਾ ਕੋਈ ਕਸੂਰ ਕੀਤਿਆਂ ਹੀ ਆਪਣਾ ਕਸੂਰ ਕੱਢੀ ਜਾਂਦਾ ਹੈ। ਉਹ ਇਸ ਅਣਹੋਏ ਵਿਹਾਰ ਨਾਲ ਦੂਜਿਆਂ ਨੂੰ ਚੱਕਰ ਵਿਚ ਪਾਉਂਦਾ ਹੈ।

ਤਾਂ ਕੀ ਇਹ ਕੋਈ ਬੀਮਾਰੀ ਹੈ ਜਾਂ ਪਾਗਲਪਣ? ਗੰਭੀਰਤਾ ਨਾਲ ਸੋਚੋ, ਹੈ ਤਾਂ ਇਹ ਇਕ ਬਿਮਾਰੀ ਹੀ। ਜੇ ਪਾਗਲਪਣ ਹੋਵੇ ਤਾਂ ਵੀ ਇਕ ਬੀਮਾਰੀ ਹੀ ਹੋਈ। ਹਰ ਗੱਲ ਦੀ ਜ਼ਿੰਮੇਵਾਰੀ ਆਪਣੇ ਸਿਰ ਚੁੱਕੀ ਜਾਣਾ ਸਿਆਣੇ ਵਿਅਕਤੀਆਂ ਦਾ ਵਿਹਾਰ ਨਹੀਂ। ਸੁਣਿਆ ਹੈ, ਪੁਰਾਣੇ ਵੇਲਿਆਂ ਦੇ ਵਕੀਲ ਕਈ ਕੇਸਾਂ ਵਿਚ ਆਪਣੇ ਮੁਵੱਕਲਾਂ ਨੂੰ ਸਭ ਗੁਨਾਹ ਆਪਣੇ ਸਿਰ ਲੈਣ ਦਾ ਡਰਾਮਾ ਕਰਨ ਦੀ ਸਲਾਹ ਦਿੰਦੇ ਸਨ ਤਾਂ ਜੋ ਕਚਹਿਰੀ ਗੁਮਰਾਹ ਹੋ ਜਾਵੇ ਤੇ ਉਸ ਨੂੰ ਕਮਲਾ ਸਮਝ ਕੇ ਛੱਡ ਦੇਵੇ। ਜੇ ਕਚਹਿਰੀ ਅਜਿਹੇ ਵਿਅਕਤੀਆਂ ਨੂੰ ਕਮਲੇ ਸਮਝਦੀ ਹੈ ਤਾਂ ਡਾਕਟਰ ਬੈਚ ਨੇ ਇਨ੍ਹਾਂ ਦੀ ਆਦਤ ਨੂੰ ਬੀਮਾਰੀ ਕਹਿ ਕੇ ਸਹੀ ਸ਼ਨਾਖਤ ਕੀਤੀ ਹੈ। ਹਰ ਸਥਿਤੀ ਵਿਚ ਆਪਣੇ ਆਪ ਨੂੰ ਅੱਗੇ ਡਾਹੀ ਜਾਣਾ ਤੇ ਹਰ ਹੋਣੀ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਜਾਣਾ ਇਕ ਨਿਖੇਧਾਤਮਿਕ ਵਿਹਾਰ ਹੈ ਤੇ ਇਸ ਦਾ ਇਲਾਜ ਫੁੱਲ ਦਵਾਈ ਪਾਈਨ ਹੈ।

ਚਲੋ ਇਹ ਤਾਂ ਮੰਨ ਲਿਆ ਕਿ ਹਰ ਦੋਸ਼ ਦਾ ਗੁਨਾਹਗਾਰ ਆਪਣੇ ਆਪ ਨੂੰ ਮੰਨੀ ਜਾਣਾ ਇਕ ਗਲਤ ਵਿਹਾਰ ਹੈ, ਪਰ ਇੱਦਾਂ ਕਰਨ ਵਾਲੇ ਲੋਕ ਹਨ ਕਿੱਥੇ? ਆਮ ਦੇਖਣ ਵਿਚ ਤਾਂ ਉਹੀ ਸਾਹਮਣੇ ਆਉਂਦੇ ਹਨ, ਜੋ ਸ਼ਰੇਆਮ ਦੋਸ਼ ਕਮਾ ਕੇ ਮੁਕਰ ਜਾਂਦੇ ਹਨ। ਹਾਂ ਆਪਣੇ ਆਪ ਨੂੰ ਪਾਪੀ ਦੱਸਣ ਵਾਲੇ ਕਈ ਲੋਕ ਮੰਦਰਾਂ, ਗੁਰਦੁਆਰਿਆਂ ਵਿਚ ਜਰੂਰ ਦਿਖ ਜਾਂਦੇ ਹਨ, ਜੋ ਹਰ ਰੋਜ ਹੱਥ ਜੋੜ ਆਪਣੇ ਪਾਪਾਂ ਦੀ ਮੁਆਫੀ ਮੰਗ ਰਹੇ ਹੁੰਦੇ ਹਨ, ਪਰ ਇਹ ਬਹੁਤੇ ਰਵਾਇਤੀ ਤੌਰ 'ਤੇ ਪ੍ਰਭੂ ਦੇ ਖੈਰ ਖਵਾਹ ਹੋਣ ਦਾ ਡਰਾਮਾ ਕਰਨ ਵਾਲੇ ਹੁੰਦੇ ਹਨ। ਇਸ ਲਈ ਪਾਈਨ ਦੇ ਅਸਲ ਰੋਗੀਆਂ ਨੂੰ ਦੂਜਿਆਂ ਨਾਲੋਂ ਨਿਖੇੜਨ ਲਈ ਗੁਰੂ ਨਾਨਕ ਜਿਹੀ ਖੋਜੀ ਨਦਰੁ (Observation) ਨਾਲ "ਪੇਖਣਾ" ਬੜਾ ਜਰੂਰੀ ਹੈ।

ਪਾਈਨ ਬਾਰੇ ਡਾ. ਬੈਚ ਲਿਖਦੇ ਹਨ ਕਿ ਇਹ "ਉਨ੍ਹਾਂ ਲਈ ਹੈ, ਜੋ ਆਪਣੇ ਆਪ 'ਤੇ ਦੂਸ਼ਣ ਲਾਉਂਦੇ ਹਨ। ਭਾਵੇਂ ਉਹ ਸਫਲ ਵੀ ਹੋਣ ਤਾਂ ਵੀ ਆਪਣੀ ਕਾਰਗੁਜ਼ਾਰੀ 'ਤੇ ਅਸੰਤੁਸ਼ਟ ਰਹਿੰਦੇ ਹਨ ਤੇ ਸੋਚੀ ਜਾਂਦੇ ਹਨ ਕਿ ਜੇ ਉਹ ਹੋਰ ਉੱਦਮ ਕਰਦੇ ਤਾਂ ਵੱਧ ਚੰਗਾ ਕਰ ਸਕਦੇ ਸਨ। ਉਹ ਸਖਤ ਮਿਹਨਤ ਕਰਨ ਵਾਲੇ ਹੁੰਦੇ ਹਨ, ਪਰ ਆਪਣੀਆਂ ਕੁਤਾਹੀਆਂ ਕਰ ਕੇ ਨੁਕਸਾਨ ਉਠਾਈ ਜਾਂਦੇ ਹਨ। ਕਈ ਵਾਰੀ ਜੇ ਕੋਈ ਗਲਤੀ ਹੋ ਜਾਂਦੀ ਹੈ ਤੇ ਭਾਵੇਂ ਇਸ ਨੂੰ ਕਰਨ ਵਾਲਾ ਕੋਈ ਹੋਰ ਹੁੰਦਾ ਹੈ ਤਾਂ ਵੀ ਉਹ ਇਸ ਨੂੰ ਆਪਣੇ ਹੀ ਸਿਰ ਲੈ ਲੈਂਦੇ ਹਨ।"

ਉਹ ਕਿਸੇ ਦੀ ਗਲਤੀ ਨੂੰ ਆਪਣੇ ਸਿਰ ਕਿਵੇਂ ਲੈਂਦੇ ਹਨ, ਇਹ ਗੱਲ ਇਕ ਬਜ਼ੁਰਗ ਅਧਿਆਪਕ ਦੀ ਮਿਸਾਲ ਤੋਂ ਸਪਸ਼ਟ ਹੋ ਜਾਂਦੀ ਹੈ। ਦੋ ਸਾਲ ਪਹਿਲਾਂ ਦੀ ਗੱਲ ਹੈ ਕਿ ਮੇਰਾ ਇਕ ਗਵਾਂਢੀ ਆਪਣੇ ਇਕ ਬੁੱਢੇ ਅਧਿਆਪਕ ਨੂੰ ਨਾਲ ਲੈ ਕੇ ਮੈਨੂੰ ਮਿਲਣ ਆਇਆ। ਗੁਰਬਾਣੀ ਦੀਆਂ ਗੱਲਾਂ ਹੋਈਆਂ। ਮੈਨੂੰ ਬਜ਼ੁਰਗ ਦੀ ਗੁਰਬਾਣੀ ਵਿਚ ਡੂੰਘੀ ਦਿਲਚਸਪੀ ਨਜ਼ਰ ਆਈ। ਆਪਣੇ ਵਿਚਾਰ ਉਸ ਨਾਲ ਸਾਂਝੇ ਕਰਨ ਲਈ ਮੈਂ ਉਸ ਨੂੰ ਆਪਣੀ ਪੁਸਤਕ "ਜਪੁਜੀ ਦਾ ਰੱਬ" ਦੀ ਇਕ ਕਾਪੀ ਭੇਟ ਕੀਤੀ। ਇਸ ਵਾਕੇ ਤੋਂ ਕੁਝ ਦਿਨ ਬਾਅਦ ਮੈਨੂੰ ਖਿਆਲ ਆਇਆ ਕਿ ਜਿਸ ਬੰਡਲ ਵਿਚੋਂ ਕਾਪੀ ਚੁਕ ਕੇ ਮੈਂ ਉਸ ਨੂੰ ਕਿਤਾਬ ਦਿੱਤੀ ਸੀ, ਉਹ ਤਾਂ ਮੇਰੀਆਂ ਹੋਮਿਓਪੈਥਿਕ ਪੁਸਤਕਾਂ "ਸੋ ਦੁਖ ਕੈਸਾ ਪਾਵੈ" ਦਾ ਸੀ। ਦੋਹਾਂ ਕਿਤਾਬਾਂ ਦੇ ਰੰਗ ਤੇ ਆਕਾਰ ਇਕੋ ਸਮਾਨ ਹੋਣ ਕਰਕੇ ਮੈਂ ਭੁਲੇਖਾ ਖਾ ਗਿਆ ਸਾਂ ਤੇ ਬਜ਼ੁਰਗ ਵੀ ਬਿਨਾ ਦੇਖੇ ਹੀ ਕਿਤਾਬ ਲੈ ਕੇ ਚਲ ਪਿਆ ਸੀ। ਆਪਣੀ ਗਲਤੀ ਦਾ ਪਤਾ ਲੱਗਣ 'ਤੇ ਮੈਂ ਸਹੀ ਪੁਸਤਕ ਲੈ ਕੇ ਉਸ ਦੇ ਘਰ ਗਿਆ। ਕਿਤਾਬ ਪੇਸ਼ ਕਰਦਿਆਂ ਮੈਂ ਮਾਸਟਰ ਜੀ ਨੂੰ ਅਰਜ਼ ਕੀਤੀ ਕਿ ਉਹ ਮੈਨੂੰ ਮੁਆਫ ਕਰ ਦੇਣ, ਕਿਉਂਕਿ ਭੁਲੇਖਾ ਲੱਗਣ ਕਾਰਨ ਉਨ੍ਹਾਂ ਨੂੰ ਹੋਰ ਕਿਤਾਬ ਦਿੱਤੀ ਗਈ ਸੀ। ਉਹ ਅੱਗੋਂ ਬੋਲੇ, "ਪ੍ਰੋਫੈਸਰ ਸਾਹਿਬ ਤੁਹਾਡੀ ਕੋਈ ਗਲਤੀ ਨਹੀਂ, ਭੁਲੇਖਾ ਸਭ ਨੂੰ ਲੱਗ ਜਾਂਦਾ ਹੈ। ਗਲਤੀ ਤਾਂ ਅਸਲ ਮੇਰੀ ਹੈ, ਜੋ ਮੈਂ ਤੁਹਾਡੇ ਘਰ ਦਾ ਪਤਾ ਨੋਟ ਨਹੀਂ ਕੀਤਾ। ਮੈਂ ਤਾਂ ਆਪ ਹੀ ਜਾ ਕੇ ਪੁਸਤਕ ਬਦਲਾ ਲਿਆਉਂਦਾ, ਤੁਹਾਨੂੰ ਕਸ਼ਟ ਨਾ ਉਠਾਉਣਾ ਪੈਂਦਾ।" ਮੈਨੂੰ ਅਨੁਭਵ ਹੋਇਆ ਕਿ ਉਸ ਨੇ ਇਹ ਗੱਲ ਦਿਲੋਂ ਕਹੀ ਸੀ, ਜੋ ਉਸ ਦੀ ਪਛਾਣ ਪਾਈਨ ਦੇ ਵਿਅਕਤੀਤਵ ਵਜੋਂ ਕਰਵਾਉਂਦੀ ਸੀ।

ਜਦੋਂ ਮੈਂ ਇਹ ਵਾਕਿਆ ਯਾਦ ਕਰਦਾ ਹਾਂ ਤਾਂ ਉਦੋਂ ਮੈਨੂੰ ਪ੍ਰੋਫੈਸਰ ਕਪੂਰ ਦੀ ਗੱਲ ਵੀ ਯਾਦ ਆਉਂਦੀ ਹੈ- ਨਰਿੰਦਰ ਕਪੂਰ ਦੀ ਨਹੀਂ, ਮਰਹੂਮ ਪ੍ਰੋਫੈਸਰ ਬੀ. ਕੇ. ਕਪੂਰ ਸਾਹਿਬ ਦੀ। ਪ੍ਰੋਫੈਸਰ ਕਪੂਰ ਪਤਲੇ, ਲੰਮੇ, ਸਿਸ਼ਟਾਚਾਰੀ, ਅਤਿਅੰਤ ਬੁੱਧੀਮਾਨ ਤੇ ਸੰਵੇਦਨਸ਼ੀਲ ਵਿਅਕਤੀ ਸਨ। ਉਹ ਮਹਿੰਦਰਾ ਕਾਲਜ ਵਿਚ ਮੇਰੇ ਅਧਿਆਪਕ ਸਨ ਤੇ ਮੇਰੇ ਜੀਵਨ ਦੀਆਂ ਕਈ ਅਹਿਮ ਗੱਲਾਂ ਨਾਲ ਜੁੜੇ ਹੋਏ ਸਨ। ਐਮ. ਏ. ਵਿਚ ਲੇਟ ਦਾਖਲਾ ਲੈਣ ਕਰ ਕੇ ਮੇਰਾ ਕੇਸ ਯੂਨੀਵਰਸਿਟੀ ਤੋਂ ਮਨਜ਼ੂਰ ਹੋ ਕੇ ਨਹੀਂ ਸੀ ਆਇਆ। ਦਫਤਰ ਨੇ ਕਿਹਾ, ਜਦੋਂ ਤੀਕ ਵੀ. ਸੀ. ਦੀ ਮਨਜ਼ੂਰੀ ਨਾ ਆਵੇ, ਮੈਂ ਕਲਾਸ ਅਟੈਂਡ ਨਹੀਂ ਕਰ ਸਕਦਾ। ਸ਼ੁਰੂ ਦਾ ਸਿਲੇਬਸ ਰਹਿ ਨਾ ਜਾਵੇ, ਇਸ ਡਰੋਂ ਮੈਂ ਕਲਾਸ ਰੂਮ ਦੇ ਬਾਹਰ ਬੈਠ ਕੇ ਹੀ ਉਨ੍ਹਾਂ ਦੇ ਲੈਕਚਰ ਸੁਣਨ ਤੇ ਨੋਟ ਕਰਨ ਲੱਗਿਆ। ਬਾਕੀ ਕਿਸੇ ਅਧਿਆਪਕ ਨੇ ਤਾਂ ਗੌਰ ਨਾ ਕੀਤੀ, ਪਰ ਕੁਝ ਕੁ ਦਿਨ ਬਾਅਦ ਪ੍ਰੋਫੈਸਰ ਕਪੂਰ ਲੈਕਚਰ ਛੱਡ ਕੇ ਬਾਹਰ ਮੇਰੇ ਕੋਲ ਆਏ ਤੇ ਕਹਿਣ ਲੱਗੇ, "ਬੇਟੇ ਤੂ ਯਹਾਂ ਬੈਠਾ ਕਯਾ ਕਰਤਾ ਹੈ?" ਮੈਂ ਉਨ੍ਹਾਂ ਨੂੰ ਆਪਣੀ ਸਮੱਸਿਆ ਸਮਝਾਈ ਤਾਂ ਉਹ ਬੋਲੇ, "ਮੈਂ ਤੁਮਹਾਰੀ ਕਯਾ ਹੈਲਪ ਕਰ ਸਕਤਾ ਹੂੰ?"

ਮੈਂ ਡਰਦੇ ਡਰਦੇ ਕਿਹਾ, "ਸਰ, ਮੈਨੂੰ ਇੱਥੋਂ ਉਠਾ ਨਾ ਦੇਣਾ।" ਉਹ ਬੜੇ ਦਿਆਲੂ ਹੋ ਕੇ ਬੋਲੇ, "ਨਹੀਂ ਉਠਾ ਕੈਸੇ ਦੂੰਗਾ? ਆਪ ਜੈਸੇ ਸੀਰੀਅਸ ਵਿਦਿਆਰਥੀ ਕੋ ਕੋਈ ਕੈਸੇ ਉਠਾ ਸਕਤਾ ਹੈ। ਚਲੋ ਜਬ ਤੀਕ ਮਨਜ਼ੂਰੀ ਨਾ ਆਏ, ਅੰਦਰ ਬੈਠਾ ਕਰੋ।"

ਉਨ੍ਹਾਂ ਦੀ ਇਸ ਨੇਕਦਿਲੀ ਨਾਲ ਮੈਂ ਤਹਿਦਿਲੋਂ ਅਹਿਸਾਨਮੰਦ ਹੋ ਗਿਆ ਸਾਂ। ਕਈ ਸਾਲਾਂ ਬਾਅਦ ਜਦੋਂ ਮੈਂ ਇਕ ਸ਼ਾਮ ਮਾਡਲ ਟਾਊਨ ਕਿਸੇ ਕੰਮ ਗਿਆ ਤਾਂ ਕਪੂਰ ਸਾਹਿਬ ਤੇ ਉਨ੍ਹਾਂ ਦੀ ਪਤਨੀ ਨੂੰ ਸੈਰ ਕਰਦੇ ਦੇਖਿਆ। ਕੋਲ ਜਾ ਕੇ ਮੈਂ ਉਨ੍ਹਾਂ ਨੂੰ ਫਤਹਿ ਬੁਲਾਈ ਤੇ ਕਿਹਾ, "ਸਰ, ਬਹੁਤ ਦੇਰ ਬਾਅਦ ਮੁਲਾਕਾਤ ਹੋਈ ਹੈ।" ਇਸ ਵਿਲੰਭ ਲਈ ਸਿੱਧੇ ਤੌਰ 'ਤੇ ਮੈਨੂੰ ਜ਼ਿੰਮੇਵਾਰ ਠਹਿਰਾਉਣ ਦੀ ਥਾਂ ਉਹ ਬੋਲੇ, "ਹਾਂ, ਗਲਤੀ ਮੇਰੀ ਹੈ ਬੇਟੇ, ਮੈਂ ਤੁਮਹੇਂ ਮਿਲਨੇ ਨਹੀਂ ਜਾ ਸਕਾ।" ਬਜ਼ੁਰਗ ਪ੍ਰੋਫੈਸਰ ਦੇ ਹਲੀਮੀ ਲਹਿਜੇ ਵਿਚ ਕਹੇ ਹੋਏ ਇਹ ਸ਼ਬਦ ਅੱਜ ਵੀ ਮੇਰੇ ਕੰਨਾਂ




ਵਿਚ ਗੂੰਜ ਰਹੇ ਹਨ। ਇਨ੍ਹਾਂ ਨੇ ਪੱਕਾ ਕਰ ਦਿੱਤਾ ਕਿ ਉਹ ਪਾਈਨ ਟਾਈਪ ਵਿਅਕਤੀ ਸਨ।

ਕਈ ਵਾਰ ਜਦੋਂ ਕੋਈ ਦਾਵਤ ਦੇਵੇ ਤਾਂ ਉਸ ਦੇ ਘਰ ਖਾਣਾ ਖਾਣ ਜਾਂਦੇ ਹਾਂ। ਭੋਜਨ ਵਿਚ ਕੋਈ ਚੀਜ਼ ਸਵਾਦੀ ਬਣੀ ਹੋਵੇ ਤਾਂ ਪ੍ਰਸ਼ੰਸਾ ਕਰਨ ਨੂੰ ਮਨ ਕਰਦਾ ਹੈ। ਜਿਸ ਨੇ ਮਿਹਨਤ ਕੀਤੀ ਹੁੰਦੀ ਹੈ, ਉਸ ਨੂੰ ਸ਼ਾਬਾਸ਼ ਦੇਣੀ ਤਾਂ ਬਣਦੀ ਹੀ ਹੈ। ਬਹੁਤ ਸਾਰੀਆਂ ਤ੍ਰੀਮਤਾਂ ਇਸ ਪ੍ਰਸ਼ੰਸਾ ਨੂੰ ਪੁਰਸਕਾਰ ਸਮਝ ਕੇ ਖੁਸ਼ ਹੋ ਜਾਂਦੀਆਂ ਹਨ ਤੇ ਰਸਮੀ ਸ਼ੁਕਰੀਆ ਜਾਂ ਧੰਨਵਾਦ ਕਹਿ ਕੇ ਗੱਲ ਸਵੀਕਾਰ ਕਰ ਲੈਂਦੀਆਂ ਹਨ, ਪਰ ਕੁਝ ਕਹਿਣਗੀਆਂ, "ਹਾਲੇ ਤਾਂ ਭਰਾ ਜੀ ਧਣੀਆਂ ਪਾਉਣਾ ਭੁੱਲ ਗਈ, ਨਹੀਂ ਸਵਾਦੀ ਤਾਂ ਇਹ ਦਾਲ ਹੋਰ ਵੀ ਹੋ ਜਾਣੀ ਸੀ।" ਸਾਗ ਦੀ ਤਾਰੀਫ ਕਰਨ 'ਤੇ ਇਹੀ ਸਵਾਣੀਆਂ ਕਹਿਣਗੀਆਂ, "ਸਾਗ ਤਾਂ ਜੀ ਬਹੁਤਾ ਚੰਗਾ ਨਹੀਂ ਬਣਿਆ। ਅੱਜ ਬਾਂਹ ਦੁਖਦੀ ਸੀ, ਪੂਰਾ ਘੋਟਿਆ ਨਹੀਂ ਗਿਆ। ਇਨ੍ਹਾਂ ਨੂੰ ਹੈਲਪ ਕਰਾਉਣ ਲਈ ਕਿਹਾ, ਇਹ ਨਹਾਉਣ ਜਾ ਵੜੇ। ਅਗਲੀ ਵਾਰ ਆਉਗੇ, ਫਿਰ ਚੰਗਾ ਜਿਹਾ ਬਣਾ ਕੇ ਖਲਾਉਂਗੀ।" ਜਦੋਂ ਕੋਈ ਔਰਤ ਇਸ ਤਰ੍ਹਾਂ ਆਪਣੀ ਪ੍ਰਸ਼ੰਸਾ ਸੁਣ ਕੇ ਆਪਣੇ ਨੁਕਸ ਹੀ ਚੇਤੇ ਕਰੇ, ਸਮਝ ਲਵੋ ਕਿ ਉਸ ਦਾ ਵਿਅਕਤੀਤਵ ਪਾਈਨ ਕਿਸਮ ਦਾ ਹੈ ਤੇ ਇਹ ਫੁੱਲ ਦਵਾਈ ਉਸ ਨੂੰ ਹਰ ਸੰਭਵ ਲਾਭ ਪਹੁੰਚਾ ਸਕਦੀ ਹੈ।

ਪਾਈਨ ਦੇ ਲੱਛਣ ਭਾਵੇਂ ਮਨੁੱਖੀ ਸੁਭਾਅ ਨਾਲ ਜੁੜੇ ਹੁੰਦੇ ਹਨ, ਪਰ ਪਰਗਟ ਇਹ ਕਿਸੇ ਖਾਸ ਮੌਕੇ ਜਾਂ ਘਟਨਾ ਨਾਲ ਹੀ ਹੁੰਦੇ ਹਨ। ਇਹ ਇਸ ਲਈ ਹੈ ਕਿ ਕੁਝ ਵਾਪਰਨ ਨਾਲ ਹੀ ਕਿਸੇ ਬੰਦੇ ਦੇ ਸੁਭਾਵੀ ਸੰਕੇਤ ਉੱਭਰਦੇ ਹਨ। ਜੇ ਕੁਝ ਵਾਪਰੇਗਾ ਤਾਂ ਹੀ ਉਹ ਉਸ ਦੀ ਜ਼ਿੰਮੇਵਾਰੀ ਆਪਣੇ ਸਿਰ ਲਵੇਗਾ। ਮੈਂ ਆਪਣੇ ਆਪ ਨੂੰ ਪਾਈਨ ਟਾਈਪ ਨਹੀਂ ਮੰਨਦਾ, ਪਰ ਇਕ ਘਟਨਾ ਨੇ ਮੈਨੂੰ ਵੀ ਸ਼ੱਕ ਵਿਚ ਪਾ ਦਿੱਤਾ ਕਿ ਸ਼ਾਇਦ ਹੋਵਾਂ ਹੀ। ਮੈਂ ਆਪਣੇ ਇਕ ਪੁਰਾਣੇ ਮਿੱਤਰ ਨੂੰ ਮਿਲਣ ਮੁਕਤਸਰ ਗਿਆ। ਸ਼ਾਮ ਨੂੰ ਮੁੜਨ ਲੱਗਿਆ ਤਾਂ ਉਸ ਨੇ ਰੋਕ ਲਿਆ। ਕਹਿਣ ਲੱਗਿਆ, ਸਵੇਰੇ ਚਲੇ ਜਾਣਾ। ਮੈਂ ਵੀ ਲੁਧਿਆਣੇ ਪ੍ਰੈਕਟੀਕਲ ਲੈਣ ਜਾਣਾ ਹੈ, ਗੱਲਾਂ ਕਰਦੇ ਜਾਵਾਂਗੇ। ਅਸੀਂ ਸਵੇਰੇ ਤਿਆਰ ਹੋ ਕੇ 5 ਵਜੇ ਚੰਡੀਗੜ੍ਹ ਜਾਣ ਵਾਲੀ ਬੱਸ ਪਕੜ ਲਈ।

ਬੱਸ ਪਿੱਛੋਂ ਅਬੋਹਰ ਤੋਂ ਆਈ ਸੀ ਤੇ ਇਸ ਵਿਚ ਕੋਈ ਦਸ-ਪੰਦਰਾਂ ਸਵਾਰੀਆਂ ਸਨ, ਜੋ ਸੌਂ ਰਹੀਆਂ ਸਨ। ਅਸੀਂ ਕੁਝ ਸਮੇਂ ਤੀਕ ਗੱਲਾਂ ਕਰਦੇ ਰਹੇ, ਪਰ ਕੋਟਕਪੂਰਾ ਟੱਪ ਕੇ ਮੇਰੇ ਮਿੱਤਰ ਨੂੰ ਵੀ ਨੀਂਦ ਆ ਗਈ। ਅਪਰੈਲ ਦਾ ਮਹੀਨਾ ਸੀ ਤੇ ਸਵੇਰੇ ਠੰਡ ਕਾਰਨ ਬੱਸ ਦੀਆਂ ਬਾਰੀਆਂ ਬੰਦ ਸਨ। ਬੰਦ ਬਾਰੀ ਵਿਚੋਂ ਮੈਨੂੰ ਹਲਕੀ ਹਲਕੀ ਇਕ ਅਣਸੁਖਾਵੀਂ ਜਿਹੀ ਗੰਧ ਆਉਣ ਲੱਗੀ, ਜਿਵੇਂ ਬੱਸ ਦਾ ਕੋਈ ਪੁਰਜਾ ਘਸ ਕੇ ਜਲ ਰਿਹਾ ਹੋਵੇ। ਪਹਿਲਾਂ ਤਾਂ ਮੈਂ ਪ੍ਰਵਾਹ ਨਹੀਂ ਕੀਤੀ, ਪਰ ਜਦੋਂ ਗੰਧ ਤਿੱਖੀ ਹੋ ਗਈ ਤਾਂ ਮੈਂ ਬਾਹਰ ਵੱਲ ਝਾਕ ਕੇ ਉਸ ਮੁਸ਼ਕ ਦੀ ਨਿਸ਼ਾਨਦੇਹੀ ਕਰਨ ਲੱਗਿਆ। ਕੁਝ ਪਤਾ ਨਾ ਲੱਗਣ ਕਰ ਕੇ ਮੈਂ ਦਬਕ ਗਿਆ। ਇਹ ਸੋਚ ਕੇ ਕਿ ਅਜਿਹੀਆਂ ਗੱਲਾਂ ਤਾਂ ਬੱਸ ਵਿਚ ਆਮ ਹੁੰਦੀਆਂ ਰਹਿੰਦੀਆਂ ਹੋਣਗੀਆਂ, ਮੈਂ ਇਸ ਨੂੰ ਡਰਾਈਵਰ ਦੇ ਧਿਆਨ ਵਿਚ ਲਿਆਉਣਾ ਵੀ ਯੋਗ ਨਾ ਸਮਝਿਆ। ਥੋੜ੍ਹੇ ਸਮੇਂ ਬਾਅਦ ਗੰਧ ਨਾਲ ਧੂੰਆਂ ਵੀ ਉੱਠਣਾ ਸ਼ੁਰੂ ਹੋ ਗਿਆ। ਫਿਰ ਤਾਂ ਮੈਂ ਉੱਠ ਕੇ ਡਰਾਈਵਰ ਨੂੰ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਬੱਸ ਰੋਕ ਕੇ ਦੇਖੇ, ਇਸ ਦੀ ਪੜਤਾਲ ਕਰੇ। ਬਿਲਕੁਲ ਉਸੇ ਵੇਲੇ ਸਾਹਮਣਿਓਂ ਇਕ ਤੇਜ਼ ਟਰੱਕ ਆ ਰਿਹਾ ਸੀ। ਡਰਾਈਵਰ ਨੇ ਉਸ ਤੋਂ ਨਜ਼ਰ ਹਟਾ ਕੇ ਮੇਰੇ ਵਲ ਦੇਖਿਆ। ਐਨ ਉਸੇ ਵੇਲੇ ਉਸ ਨੇ ਬ੍ਰੇਕ ਲਗਾਈ ਤੇ ਬੱਸ ਲੜਖੜਾ ਕੇ ਖੱਬੇ ਪਾਸੇ ਡੂੰਘੇ ਖਤਾਨਾਂ ਵਲ ਨੂੰ ਮੁੜ ਗਈ। ਮਿੱਟੀ ਦਾ ਇਕ ਗੁਬਾਰ ਉਡਿਆ ਤੇ ਇਕ ਦਰਖਤ ਨਾਲ ਟਕਰਾ ਕੇ ਬੱਸ ਟੇਢੀ ਹੋ ਗਈ।

ਬਹੁਤ ਵੱਡਾ ਧਮਾਕਾ ਹੋਇਆ ਤੇ ਦਰਖਤ ਟੇਢਾ ਹੋ ਗਿਆ। ਬੱਸ ਦਾ ਅਗਲਾ ਪਾਸਾ ਧਰਤੀ ਵਿਚ ਵੜ ਗਿਆ, ਜਿਸ ਕਾਰਨ ਉਸ ਦੀ ਅਗਲੀ ਬਾਰੀ ਖੁਲ੍ਹਣੋਂ ਰਹਿ ਗਈ। ਸੌਂਦੀਆਂ ਸਵਾਰੀਆਂ ਬੁੜ੍ਹਕ ਕੇ ਡਰਾਈਵਰ ਦੀ ਸੀਟ ਤੀਕ ਜਾ ਵੱਜੀਆਂ। ਚੀਕਾਂ ਮਾਰਦੇ ਲੋਕ ਪਿਛਲੀ ਬਾਰੀ ਵਿਚੋਂ ਬਾਹਰ ਛਾਲਾਂ ਮਾਰਨ ਲੱਗੇ। ਡੌਰ-ਭੌਰ ਹੋਇਆ ਡਰਾਈਵਰ ਆਪਣੀ ਸੀਟ ਵਿਚੋਂ ਉੱਤਰ ਕੇ ਬਾਹਰ ਜਾਇਜ਼ਾ ਲੈਣ ਲੱਗਿਆ। ਮੇਰਾ ਦੋਸਤ ਉੱਠ ਕੇ ਮੈਨੂੰ ਬੋਲਿਆ, "ਵਾਹ ਪ੍ਰੋਫੈਸਰ ਸਾਹਿਬ, ਕਮਾਲ ਕਰ ਤਾ" ਤੇ ਮੈਨੂੰ ਬਿਨਾ ਨਾਲ ਲਏ ਹੇਠ ਉੱਤਰ ਗਿਆ। ਉਸ ਦੇ ਡਾਂਟਵੇਂ ਬੋਲ ਤੇ ਕਾਟਵੇਂ ਵਿਹਾਰ ਮੈਨੂੰ ਕਸੂਰਵਾਰ ਠਹਿਰਾਉਂਦੇ ਨਜ਼ਰ ਆਏ। ਮੈਂ ਸਮਝਿਆ, ਮੈਂ ਅੱਗੋਂ ਆਉਂਦੇ ਟਰੱਕ ਦਾ ਖਿਆਲ ਨਾ ਕਰ ਕੇ ਡਰਾਈਵਰ ਦਾ ਧਿਆਨ ਭਟਕਾਇਆ ਸੀ ਤੇ ਟਰੱਕ ਨਾਲ ਐਕਸੀਡੈਂਟ ਬਚਾਉਣ ਲਈ ਉਸ ਨੂੰ ਸਟੇਰਿੰਗ ਖਤਾਨਾਂ ਵੱਲ ਘੁਮਾਉਣਾ ਪਿਆ ਸੀ, ਜਿਸ ਕਾਰਨ ਦਰਖਤ ਨਾਲ ਟੱਕਰ ਹੋ ਗਈ ਸੀ। ਮੈਨੂੰ ਲੱਗਿਆ ਕਿ ਇਸ ਦੁਰਘਟਨਾ ਦਾ ਜ਼ਿੰਮੇਵਾਰ ਮੈਂ ਹਾਂ ਤੇ ਡਰਾਈਵਰ ਸਮੇਤ ਦਨਦਨਾਉਂਦੇ ਲੋਕ ਹੁਣ ਹੇਠ ਲਾਹ ਕੇ ਮੈਨੂੰ ਕੁਟਾਪਾ ਚਾੜ੍ਹਨਗੇ। ਇਸ ਲਈ ਮੈਂ ਨਮੋਸ਼ੀ ਨਾਲ ਅੰਦਰ ਹੀ ਬੈਠਾ ਰਿਹਾ। ਇੰਨੀ ਦੇਰ ਵਿਚ ਬਾਹਰਲੇ ਲੋਕ ਕੁਝ ਲੱਭਦੇ ਨਜ਼ਰ ਆਏ ਜਿਵੇਂ ਦੁਰਘਟਨਾ ਦੀ ਕੋਈ ਅਹਿਮ ਕੜੀ ਨਾ ਮਿਲ ਰਹੀ ਹੋਵੇ। ਤਾਂ ਵੀ ਮੈਨੂੰ ਲੱਗਿਆ ਕਿ ਉਹ ਮੈਨੂੰ ਹੀ ਲੱਭ ਰਹੇ ਸਨ।

ਇੰਨੇ ਨੂੰ ਮੈਨੂੰ ਦੂਰ ਕਿੱਲੇ ਸਾਰੇ ਦੀ ਵਿੱਥ 'ਤੇ ਇਕ ਖੇਤ ਵਿਚ ਵੱਢੀ ਪਈ ਕਣਕ ਨੂੰ ਅੱਗ ਦਾ ਭਾਂਬੜ ਲੱਗਿਆ ਦਿਖਾਈ ਦਿੱਤਾ। ਸ਼ਾਇਦ ਇਕ ਦੁਰਘਟਨਾ ਬਦਲੇ ਦੂਜੀ ਦੁਰਘਟਨਾ ਬਚਾ ਸਕਾਂ, ਇਹ ਸੋਚ ਕੇ ਮੈਂ ਸ਼ੀਸ਼ਾ ਖੋਲ੍ਹਿਆ ਤੇ ਹੱਥ ਦਾ ਇਸ਼ਾਰਾ ਕਰ ਕੇ ਬਾਹਰਲੇ ਲੋਕਾਂ ਨੂੰ ਅੱਗ ਦਿਖਾਈ। ਡਰਾਈਵਰ ਫੌਰਨ ਅੱਗ ਵਲ ਦੌੜਿਆ ਤੇ ਕਈ ਸਵਾਰੀਆਂ ਵੀ ਉੱਧਰ ਭੱਜੀਆਂ। ਕਣਕ ਇੱਧਰ ਉੱਧਰ ਖਿਲਾਰ ਕੇ ਉਨ੍ਹਾਂ ਨੇ ਅੱਗ ਬੁਝਾਈ ਤੇ ਡਰਾਈਵਰ ਵਿਚੋਂ ਧੁਖਦਾ ਗੱਡੀ ਦਾ ਪੂਰਾ ਅਗਲਾ ਪਹੀਆ ਰੋਹੜ ਕੇ ਲੈ ਆਇਆ। ਕੋਲ ਆ ਕੇ ਉਸ ਨੇ ਮੈਨੂੰ ਸੰਬੋਧਨ ਕਰ ਕੇ ਕਿਹਾ, "ਸਰਦਾਰ ਜੀ ਗੱਡੀ ਤੋਂ ਬਾਹਰ ਆਓ।" ਮੈਨੂੰ ਲੱਗਿਆ ਕਿ ਜਿਸ ਦਾ ਡਰ ਸੀ, ਹੁਣ ਉਸ ਦਾ ਸਮਾਂ ਆ ਗਿਆ ਸੀ। ਸਹਿਮੀ ਅਵਸਥਾ ਵਿਚ ਹੇਠ ਉੱਤਰ ਕੇ ਮੈਂ ਹੱਥ ਜੋੜ ਕੇ ਬੋਲਿਆ, "ਭਰਾਵੋ ਮੈਨੂੰ ਮੁਆਫ ਕਰ ਦਿਓ। ਮੈਂ ਜਾਣ ਕੇ ਕੁਝ ਨਹੀਂ ਕੀਤਾ, ਮੈਂ ਤਾਂ ਬਚਾਉ ਦੀ ਖਾਤਰ ਕੀਤਾ ਸੀ। ਡਰਾਈਵਰ ਨੇ ਅੱਗੇ ਵੱਧ ਕੇ ਮੈਨੂੰ ਜੱਫੀ ਵਿਚ ਲੈ ਲਿਆ ਤੇ ਬੋਲਿਆ ਸਰਦਾਰ ਜੀ ਤੁਸੀਂ ਤਾਂ ਸਾਰੀਆਂ ਸਵਾਰੀਆਂ ਦੀ ਜਾਨ ਬਚਾ ਦਿੱਤੀ। ਤੁਹਾਡੇ ਰੌਲਾ ਪਾਉਣ 'ਤੇ ਮੈਂ ਸਮੇਂ ਸਿਰ ਬਰੇਕ ਲਾ ਦਿੱਤੀ ਸੀ, ਇਸ ਕਰਕੇ ਪਹੀਆ ਨਿਕਲਣ ਤੀਕ ਇਹ ਲਗਭਗ ਰੁਕ ਚੁਕੀ ਸੀ। ਤੁਸੀਂ ਨਾ ਦੱਸਦੇ ਤਾਂ ਇਹ ਫੁੱਲ ਸਪੀਡ ਨਾਲ ਕਿਸੇ ਦਰਖਤ ਵਿਚ ਵੱਜ ਕੇ ਟੁੱਟ ਜਾਂਦੀ ਜਾਂ ਖਤਾਨਾਂ ਵਿਚ ਉਲਟ ਜਾਂਦੀ ਤੇ ਆਪਾਂ ਸਾਰੇ ਮਾਰੇ ਜਾਂਦੇ।"

ਉਸ ਤੋਂ ਬਾਅਦ ਸਾਰੀਆਂ ਸਵਾਰੀਆਂ ਨੇ ਮੈਨੂੰ ਗਲ ਨਾਲ ਲਾ ਕੇ ਧੰਨਵਾਦ ਕੀਤਾ। ਇਕ ਨੇ ਕਿਹਾ, ਰੱਬ ਨੇ ਸਾਨੂੰ ਬਚਾਉਣ ਲਈ ਤੁਹਾਨੂੰ ਬੱਸ ਵਿਚ ਬਿਠਾ ਕੇ ਭੇਜਿਆ ਸੀ। ਦੂਜਾ ਬੋਲਿਆ, "ਸਾਰੀ ਬੱਸ ਵਿਚੋਂ ਸਿਰਫ ਤੁਸੀਂ ਹੀ ਨਹਾ ਕੇ ਆਏ ਹੋਏ ਲਗਦੇ ਹੋ।" ਮੇਰਾ ਦੋਸਤ ਵੀ ਮੇਰੇ ਕੋਲ ਆ ਕੇ ਮੇਰਾ ਹੱਥ ਆਪਣੇ ਹੱਥ ਵਿਚ ਘੁੱਟ ਕੇ ਹੌਲੀ ਜਿਹੀ ਬੋਲਿਆ, "ਪ੍ਰੋਫੈਸਰ ਸਾਹਿਬ, ਇਹ ਤਾਂ ਸੱਚੀ ਮੁੱਚੀ ਕਮਾਲ ਕਰ'ਤਾ।" ਉੱਧਰ ਡਰਾਈਵਰ ਨੇ ਪਿੱਛੋਂ ਲੁਧਿਆਣਾ ਜਾਣ ਵਾਲੀ ਬੱਸ ਰੋਕੀ ਤੇ ਸਾਰੀਆਂ ਸਵਾਰੀਆਂ ਨੂੰ ਉਸ ਵਿਚ ਚਾੜ੍ਹ ਦਿੱਤਾ। ਸਾਰੇ ਰਸਤੇ ਮੈਨੂੰ ਇਹ ਗੱਲ ਭੁਲਾਉਣੀ ਔਖੀ ਹੁੰਦੀ ਰਹੀ ਕਿ ਜੋ ਅੱਜ ਹੋਇਆ, ਉਸ ਵਿਚ "ਕਸੂਰ ਮੇਰਾ ਹੈ।" ਘਰ ਆ ਕੇ ਮੈਂ ਪਾਈਨ ਦੀਆਂ ਦੋ ਤਿੰਨ ਖੁਰਾਕਾਂ ਲਈਆਂ ਤਾਂ ਜਾ ਕੇ ਮੈਨੂੰ ਡਰਾਈਵਰ ਦਾ ਬਿਆਨ ਸੱਚ ਲੱਗਣ ਲੱਗਿਆ।

ਪਾਈਨ ਦੇ ਮਰੀਜ਼ ਅੰਤਰਮੁਖੀ ਹੁੰਦੇ ਹਨ। ਉਹ ਆਪਣੇ ਅੰਦਰ ਚਲਦੀ ਕਸ਼ਮਕਸ਼ ਨੂੰ ਬਾਹਰ ਜਾਹਰ ਨਹੀਂ ਹੋਣ ਦਿੰਦੇ। ਉਹ ਦੂਜਿਆਂ ਦਾ ਭਲਾ ਚਾਹੁੰਦੇ ਹਨ ਪਰ ਇਸ ਭਲੇ ਦਾ ਕੋਈ ਅੰਤ ਨਹੀਂ ਹੁੰਦਾ। ਇੱਡਾ ਉੱਚਾ ਦਾਈਆ ਜਾਂ ਅਜੰਡਾ ਚੁੱਕ ਕੇ ਉਹ ਹਮੇਸ਼ਾ ਪ੍ਰਮਾਰਥ ਦੇ ਭਾਰ ਹੇਠ ਦਬੇ ਰਹਿੰਦੇ ਹਨ। ਉਹਨਾਂ ਦਾ ਸ਼ਿਸ਼ਟਾਚਾਰ ਉਨ੍ਹਾਂ ਨੂੰ ਇਹ ਸੋਚਣ ਨਹੀਂ ਦੇਂਦਾ ਕਿ ਉਨ੍ਹਾਂ ਦੀ ਸੀਮਾ ਕੀ ਹੈ। ਉਹ ਇਹ ਨਹੀਂ ਸੋਚ ਸਕਦੇ ਕਿ ਉਹ ਕਿੰਨਾ ਕੁ ਕਰ ਸਕਦੇ ਹਨ ਤੇ ਕਿੰਨਾ ਕੁ ਨਹੀਂ, ਭਾਵ ਉਨ੍ਹਾਂ ਨੂੰ ਕੀ ਕੁਝ ਕਰਨਾ ਚਾਹੀਦਾ ਹੈ ਤੇ ਕੀ ਕੁਝ ਨਹੀਂ। ਇਸ ਕਾਰਣ ਉਹ ਇਸ ਫਿਕਰ ਵਿਚ ਰਹਿੰਦੇ ਹਨ ਕਿ ਕਿਤੇ ਉਨ੍ਹਾਂ ਤੋਂ ਕੋਈ ਗਲਤੀ ਨਾ ਹੋ ਜਾਵੇ। ਉਹ ਦੀ ਕੋਸ਼ਿਸ਼ ਹੁੰਦੀ ਹੈ ਕਿ ਉਨ੍ਹਾਂ ਦੀ ਕਰਨੀ ਵਿਚ ਕੋਈ ਘਾਟ ਨਾ ਰਹਿ ਜਾਵੇ ਜਿਸ ਕਾਰਣ ਉਨ੍ਹਾਂ ਦੀਆਂ ਸੂਖਮ ਭਾਵਨਾਵਾਂ ਨੂੰ ਠੇਸ ਵੱਜੇ ਜਾਂ ਨਿਮੋਸ਼ੀ ਸਹਿਣੀ ਪਵੇ। ਇਹ ਲੋਕ ਸੰਪੂਰਣਤਾਵਾਦੀ (Perfectionists) ਹੁੰਦੇ ਹਨ ਤੇ ਕੋਮਲ ਕਲਾਵਾਂ ਵਿਚ ਪ੍ਰਬੀਨ ਹੁੰਦੇ ਹਨ। ਇਸ ਲਈ ਇਹ ਮਹਿਮਾਨ ਨਿਵਾਜ਼ੀ ਜਿਹੇ ਕਿੱਤਿਆਂ ਨੂੰ ਵਧੇਰੇ ਪਸੰਦ ਕਰਦੇ ਹਨ ਜਿੱਥੇ ਇਹ ਆਪਣੀ ਕਲਾ ਦਾ ਪਰਦਰਸ਼ਨ ਕਰ ਕੇ ਫੌਰੀ ਪ੍ਰਸ਼ੰਸਾ ਪ੍ਰਾਪਤ ਕਰ ਸਕਣ। ਪਰ ਇਸ ਵਿਚ ਜੇ ਕੋਈ ਕਮੀ ਰਹਿ ਜਾਵੇ ਤਾਂ ਇਹ ਦਿਲ ਨੂੰ ਲਾ ਲੈਂਦੇ ਹਨ ਤੇ ਉਨ੍ਹਾਂ ਦਾ ਆਪਣੇ ਬਾਰੇ ਘਟੀਆਪਣ ਦਾ ਅਕਸ ਉੱਭਰ ਆਉਂਦਾ ਹੈ। ਪਾਈਨ ਲੈਣ ਨਾਲ ਉਹ ਇਸ ਪਰਕਾਰ ਦੀਆਂ ਦੁਬਿਧਾਵਾਂ ਚੋਂ ਬਾਹਰ ਨਿਕਲ ਆਉਣਗੇ। ਉਨ੍ਹਾਂ ਦੀ ਨਿਰਾਸ਼ਾ ਤੇ ਢਹਿੰਦੇ ਵਿਚਾਰ ਇਕ ਇਕ ਕਰ ਕੇ ਦੂਰ ਹੋ ਜਾਣਗੇ ਤੇ ਉਹ ਸਮਾਜ ਵਿਚ ਸਿਰ ਉੱਚਾ ਕਰ ਕੇ ਜਿਊਣ ਦੇ ਕਾਬਲ ਹੋ ਜਾਣਗੇ।

ਪਾਈਨ ਵਿਅਕਤੀਤਵ ਵਾਲੇ ਹਮੇਸ਼ਾ ਕਸੂਰ ਦੀ ਭਾਵਨਾ ਨਾਲ ਭਰੇ ਰਹਿੰਦੇ ਹਨ। ਇਹ ਭਾਵਨਾ ਉਨ੍ਹਾਂ ਵਿਚ ਉਦੋਂ ਵੀ ਪਾਈ ਜਾਂਦੀ ਹੈ, ਜਦੋਂ ਉਹ ਕਾਮਯਾਬ ਨਹੀਂ ਹੁੰਦੇ ਤੇ ਉਦੋਂ ਵੀ, ਜਦੋਂ ਉਹ ਕਾਮਯਾਬ ਹੁੰਦੇ ਹਨ। ਪੂਰੀ ਮਿਹਨਤ ਤਾਂ ਉਹ ਕਰਦੇ ਹੀ ਹੁੰਦੇ ਹਨ ਤੇ ਜੇ ਇਸ ਮਿਹਨਤ ਸਦਕਾ ਕਾਮਯਾਬੀ ਦੀ ਸਿਖਰ 'ਤੇ ਪੁੱਜ ਜਾਣ ਤਾਂ ਵੀ ਉਹ ਸੰਤੁਸ਼ਟ ਨਹੀਂ ਹੁੰਦੇ ਤੇ ਸਵੈ-ਨੁਕਤਾਚੀਨੀ ਕਰਦੇ ਹੀ ਰਹਿੰਦੇ ਹਨ। ਪੰਜਾਬ ਵਿਚ ਮੈਂ ਇਕ ਮਿੱਤਰ

(ਬਾਕੀ ਅਗਲੇ ਸਫੇ 'ਤੇ)

# ਕੰਢੀ ਖੇਤਰ ਦੀ ਸਮਾਜਿਕਤਾ ਤੇ ਅਰਥਚਾਰੇ ਨੂੰ ਰੂਪਮਾਨ ਕਰਦੇ ਨਾਵਲੈੱਟ

**ਅੱਗ ਦੀ ਉਮਰ (ਸਾਰੇ ਨਾਵਲੈੱਟ)**
**ਬਲਬੀਰ ਪਰਵਾਨਾ**
**ਪੰਨੇ 240, ਮੁੱਲ 395 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

ਬਲਵੀਰ ਪਰਵਾਨਾ ਦਾ ਨਾਂ ਮਿਨੀ ਕਹਾਣੀ ਤੋਂ ਲੈ ਕੇ ਨਾਵਲ ਤੱਕ ਹਰ ਗਲਪੀ ਵਿਧਾ ਵਿਚ ਪ੍ਰਮਾਣਿਕ ਗਲਪਕਾਰ ਵਜੋਂ ਸਵਿਕਾਰਿਆ ਜਾਂਦਾ ਹੈ। ਉਸ ਦੇ ਹੁਣੇ ਛਪ ਕੇ ਆਏ ਨਾਵਲੈੱਟ ਸੰਗ੍ਰਹਿ 'ਅੱਗ ਦੀ ਉਮਰ' ਵਿਚ ਉਸ ਵੱਲੋਂ ਹੁਣ ਤੱਕ ਲਿਖੇ ਅੱਠ ਨਾਵਲੈੱਟ ਸ਼ਾਮਿਲ ਹਨ। ਇਹ ਨਾਵਲੈੱਟ ਆਪਣੇ ਪਾਤਰਾਂ ਦੇ ਤਤਕਾਲੀ ਸਮਾਜਿਕ, ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਵਿਵਸਥਾ ਨਾਲ ਰਹੇ ਤਣਾਉਸ਼ੀਲ ਸਬੰਧਾਂ ਨੂੰ ਸਜੀਵ ਰੂਪ ਵਿਚ ਰੂਪਮਾਨ ਕਰਦੇ ਹਨ। ਸੰਗ੍ਰਹਿ ਦੇ ਪਹਿਲੇ ਪੰਜ ਨਾਵਲੈੱਟ ਸਮੇਂ ਦੀਆਂ ਕਠੋਰ ਸਮਾਜਿਕ ਤੇ ਆਰਥਿਕ ਸਥਿਤੀਆਂ-ਪ੍ਰਸਥਿਤੀਆਂ ਸਾਹਮਣੇ ਬੇਵਸ ਹੋਏ ਕਿਰਤੀ ਲੋਕਾਂ ਦੀ ਜੀਵਨ ਗਾਥਾ ਦਾ ਮਾਰਮਿਕ ਬਿਰਤਾਂਤ ਵੀ ਸਿਰਜਦੇ ਹਨ ਅਤੇ ਉਨ੍ਹਾਂ ਅੰਦਰ ਆਪਣੇ ਹੱਕਾਂ ਤੇ ਹਿੱਤਾਂ ਪ੍ਰਤੀ ਨਵੀਂ ਸਮਾਜਿਕ ਚੇਤਨਾ ਦਾ ਸੰਚਾਰ ਵੀ ਕਰਦੇ ਹਨ। ਅਗਲੇ ਤਿੰਨ ਨਾਵਲੈੱਟ ਪੰਜਾਬ ਦੀ ਮਿੱਟੀ ਨਾਲ ਜੁੜੀ ਲੋਕ ਪੱਖੀ ਖਾਸੇ ਵਾਲੀ ਰਾਜਨੀਤਕ ਚੇਤਨਾ ਨੂੰ ਸੰਘਰਸ਼ੀ ਚੇਤਨਾ ਵਿਚ ਤਬਦੀਲ ਕਰਕੇ ਮੱਧ ਕਾਲੀ ਜੁਗ ਵਿਚ ਲੜੇ ਗਏ ਲੋਕ-ਘੋਲਾਂ ਦੇ ਇਤਿਹਾਸ ਨੂੰ ਸੰਭਾਲਦੇ ਹਨ।



ਨਾਵਲੈੱਟ 'ਅੱਗ ਦੀ ਉਮਰ' ਕੰਢੀ ਖੇਤਰ ਦੇ ਪਿੰਡ ਭੰਗਾਲੀ ਦੀ ਥੁੜ੍ਹੀ-ਟੁੱਟੀ ਕਿਸਾਨੀ ਦੇ ਔਕੜਾਂ ਭਰਪੂਰ ਜੀਵਨ ਦਾ ਬਿਰਤਾਂਤ ਪੇਸ਼ ਕਰਦਿਆਂ ਇਸ ਸਿੱਟੇ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਪੇਟ ਨਾਲ ਸਬੰਧਤ ਮਨੁੱਖੀ ਲੋੜਾਂ ਦੇ ਨਾਲ ਨਾਲ ਨੌਜਵਾਨ ਮੁੰਡੇ-ਕੁੜੀਆਂ ਦੀਆਂ ਕੁਝ ਹੋਰ ਮਾਨਸਿਕ ਲੋੜਾਂ ਵੀ ਹੁੰਦੀਆਂ ਹਨ, ਜਿਨ੍ਹਾਂ ਦੀ ਪੂਰਤੀ ਨਾ ਹੋਣ 'ਤੇ ਅੱਗ ਵਰਗੀ ਉਮਰ ਸਮਾਜਿਕ ਮਰਿਆਦਾਵਾਂ ਤੇ ਜਾਬਤਿਆਂ ਨੂੰ ਤੋੜਨ 'ਤੇ ਉਤਾਰੂ ਹੋ ਜਾਂਦੀ ਹੈ। ਘਰ ਦੀ ਮਾੜੀ ਆਰਥਿਕਤਾ ਕਾਰਨ ਨਾਵਲੈੱਟ ਵਿਚਲੀ ਰੇਸ਼ਮੋ ਦੇ ਵਿਆਹ ਦੀ ਉਮਰ ਲੰਘਦੀ ਜਾ ਰਹੀ ਹੈ, ਜਿਸ ਕਾਰਨ ਉਸ ਦੀਆਂ ਦੈਹਿਕ ਲੋੜਾਂ ਉਸ ਨੂੰ ਹਾਣੀ ਮੁੰਡੇ ਕੈਲੇ ਦੇ ਨੇੜੇ ਲੈ ਜਾਂਦੀਆਂ ਹਨ। ਭਰਾ ਕੇਬੂ ਵੱਲੋਂ ਉਸ ਨੂੰ ਉਸ ਦੇ ਪ੍ਰੇਮੀ ਨਾਲ ਫੜ ਲਏ ਜਾਣ ਦੀ ਸਜ਼ਾ ਵਜੋਂ ਉਸ ਨੂੰ ਕੁੱਟਿਆ-ਮਾਰਿਆ ਹੀ ਨਹੀਂ ਜਾਂਦਾ, ਸਗੋਂ ਉਸ ਦੀ ਇੱਛਾ ਦੇ ਉਲਟ ਉਸ ਦਾ ਵਿਆਹ ਸਿੱਧੜ ਜਿਹੇ ਮੁੰਡੇ ਨਾਲ ਕਰ ਦਿੱਤਾ ਜਾਂਦਾ ਹੈ। ਵਿਆਹ ਪਿਛੋਂ ਪੰਦਰਾਂ ਵਰ੍ਹੇ ਬੀਤ ਜਾਣ 'ਤੇ ਜਦੋਂ ਉਸ ਦੀ ਅੱਠਵੀ ਵਿਚ ਪੜ੍ਹਦੀ ਧੀ ਮੀਤੋ ਉਸ ਨੂੰ ਕਲਾਸ ਦੇ ਮੁੰਡੇ-ਕੁੜੀਆਂ ਦੀ ਹੋਣ ਵਾਲੀ ਸਾਂਝੀ ਫੋਟੋ ਬਾਰੇ ਦੱਸਦੀ ਹੈ ਤਾਂ ਉਹ ਮਨ ਹੀ ਮਨ ਇਹ ਫੈਸਲਾ ਲੈ ਲੈਂਦੀ ਹੈ ਕਿ ਉਹ ਮੀਤੋ ਨੂੰ ਆਪਣੇ ਵਾਂਗ ਪਿਛਾਹ ਖਿੱਚੂ ਸਮਾਜਿਕ ਕੀਮਤਾਂ ਦੀ ਬਲੀ ਨਹੀਂ ਚੜ੍ਹਨ ਦੇਵੇਗੀ। ਉਸ ਵੱਲੋਂ ਧੀ ਦਾ ਚਿਹਰਾ ਖੁਸ਼ੀ ਨਾਲ ਚੁੰਮਣਾ ਇਸ ਗੱਲ ਦਾ ਸੰਕੇਤ ਹੈ ਕਿ ਸਮਾਂ ਤੇ ਤਜਰਬਾ ਮਨੁੱਖੀ ਸੋਚ ਵਿਚ ਹਾਂ-ਪੱਖੀ ਤਬਦੀਲੀਆਂ ਲਿਆਉਣ ਵਿਚ ਅਹਿਮ ਰੋਲ ਅਦਾ ਕਰਦਾ ਹੈ।

**ਨਿਰੰਜਣ ਬੋਹਾ, ਮਾਨਸਾ**
**ਫੋਨ: 91-89682-82700**

ਨਾਵਲੈੱਟ 'ਬਿਗਾਨੇ ਪਿੰਡ ਦੀ ਜੂਹ', 'ਜੰਗਲ ਕਦੇ ਸੌਦਾ ਨਹੀਂ', 'ਪਤਝੜ' ਤੇ 'ਇੱਕ ਗੁੱਜਰ ਕੁੜੀ' ਵਿਚਾਰਧਾਰਕ ਤੌਰ 'ਤੇ ਪਹਿਲੇ ਨਾਵਲੈੱਟ ਦੇ ਹੀ ਅਗਲੇ ਪਸਾਰਾਂ ਦਾ ਵਿਸਥਾਰ ਤਲਾਸ਼ਦੇ ਹਨ। 'ਬਿਗਾਨੇ ਪਿੰਡ ਦੀ ਜੂਹ' ਨਾਵਲੈੱਟ ਕੰਢੀ ਖੇਤਰ ਦੇ ਹੀ ਪਿੰਡ ਸਰਿਆਣਾ ਦੇ ਦਲਿਤ ਪਰਿਵਾਰ ਦੀ ਧੀ ਰੂਪੀ ਵੱਲੋਂ ਵੇਖੇ ਸੁਪਨਿਆਂ ਦੇ ਅਧੂਰੇ ਰਹਿਣ ਕਾਰਨ ਵਾਪਰੇ ਦੁਖਾਂਤ ਦੀ ਕਹਾਣੀ ਨੂੰ ਬਿਆਨਦਾ ਹੈ। ਰੂਪੀ ਦੀ ਚੜ੍ਹਦੀ ਜਵਾਨੀ ਦੇ ਬੇਕਾਬੂ ਜਜ਼ਬੇ ਆਪਣੇ ਖੇਤ ਮਾਲਕ ਦੇ ਮੁੰਡੇ ਨਿੰਦਰ ਨਾਲ ਜੁੜੇ ਜਿਸਮਾਨੀ ਸਬੰਧਾਂ ਵਿਚੋਂ ਸਦੀਵੀ ਮਾਨਸਿਕ ਸਕੂਨ ਤਲਾਸ਼ ਕਰਨ ਦਾ ਭੁਲੇਖਾ ਖਾਂਦੇ ਹਨ, ਪਰ ਇਹ ਛਿਣ ਭੰਗਰ ਆਨੰਦ ਉਸ ਲਈ ਸਾਰੀ ਉਮਰ ਦਾ ਸੰਤਾਪ ਹੋ ਨਿਬੜਦਾ ਹੈ। ਆਪਣੇ ਪੇਟ ਵਿਚੋਂ ਨਿੰਦਰ ਦਾ ਬੱਚਾ ਗਿਰਾਉਣ ਤੋਂ ਬਾਅਦ ਉਹ ਘਰ ਅਤੇ ਬਾਹਰ ਦਿਆਂ ਦੀਆਂ ਨਜ਼ਰਾਂ ਵਿਚੋਂ ਪੂਰੀ ਤਰ੍ਹਾਂ ਗਿਰ ਜਾਂਦੀ ਹੈ। ਉਸ ਨੂੰ ਆਪਣੀ ਬਰਬਾਦ ਹੋਈ ਲਾਚਾਰ ਜ਼ਿੰਦਗੀ ਨੂੰ ਮੁੜ ਆਬਾਦ ਕਰਨ ਦਾ ਕੋਈ ਰਾਹ ਵਿਖਾਈ ਨਹੀਂ ਦਿੰਦਾ। ਜਦੋਂ ਉਸ ਦਾ ਪ੍ਰੇਮੀ ਹੋਣ ਦਾ ਦਾਅਵਾ ਕਰਦਾ ਰਿਹਾ ਨਿੰਦਰ ਆਪਣੀ ਪਟੋਲੇ ਜਿਹੀ ਵਹੁਟੀ ਨੂੰ ਲੈ ਕੇ ਬੜੀ ਸ਼ਾਨ ਨਾਲ ਉਸ ਕੋਲੋਂ ਲੰਘਦਾ ਹੈ ਤਾਂ ਹੀ ਉਸ ਨੂੰ ਸਮਾਜ ਦੀ ਜਮਾਤੀ ਬਣਤਰ ਬਾਰੇ ਤਲਖ਼ ਅਨੁਭਵ ਹੁੰਦਾ ਹੈ।

ਨਾਵਲੈੱਟ 'ਜੰਗਲ ਕਦੇ ਸੌਦਾ ਨਹੀਂ' ਆਪਣੀ ਸਮਾਜਿਕ ਹੋਂਦ ਨੂੰ ਬਣਾਈ ਰੱਖਣ ਲਈ ਦਿਨ ਰਾਤ ਸੰਘਰਸ਼ ਕਰਨ ਵਾਲੇ ਕਿਰਤੀ ਲੋਕਾਂ ਦੀ ਤੁਲਨਾ ਨਿਰੰਤਰ ਕ੍ਰਿਆਸ਼ੀਲ ਰਹਿਣ ਵਾਲੇ ਜਾਗਦੇ ਜੰਗਲ ਨਾਲ ਕਰਦਾ ਹੈ। ਇਸ ਨਾਵਲੈੱਟ ਅਨੁਸਾਰ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕਿਰਤੀਆਂ ਦੀ ਮਿਹਨਤ ਨੂੰ ਵੀ ਦਿਨ ਰਾਤ ਜਾਗਣਾ ਪੈਂਦਾ ਹੈ ਤੇ ਉਨ੍ਹਾਂ ਦੀਆਂ ਧੀਆਂ ਵੱਲੋਂ ਆਪਣੇ ਹਾਣ ਪ੍ਰਾਪਤ ਕਰਨ ਲਈ ਵੇਖੇ ਸੁਪਨੇ ਵੀ ਜਾਗਦੇ ਹੀ ਰਹਿੰਦੇ ਹਨ।


ਨਾਵਲੈੱਟ 'ਪਤਝੜ' ਇਸ ਤਲਖ਼ ਸੱਚ ਦੀ ਸ਼ਿੱਦਤ ਬਿਆਨੀ ਕਰਦਾ ਹੈ ਕਿ ਲੋੜਾਂ ਥੁੜਾਂ ਮਾਰੇ ਲੋਕਾਂ ਲਈ ਹਰ ਰੁੱਤ ਹੀ ਪਤਝੜ ਵਰਗੀ ਹੁੰਦੀ ਹੈ। ਪਿੰਡ ਸਰਿਆਣਾ ਦਾ ਜਗਤੂ ਆਪਣੀ ਵਿਗੜੀ ਆਰਥਿਕਤਾ ਨੂੰ ਥਾਂ ਸਿਰ ਕਰਨ ਲਈ ਬਿਆਸ ਦਰਿਆ ਦੇ ਕੰਢੇ ਦੀ ਬੰਜਰ ਜ਼ਮੀਨ ਨੂੰ ਉਪਜਾਊ ਬਣਾਉਣ ਲਈ ਸਿਰ ਤੋੜ ਯਤਨ ਕਰਦਾ ਹੈ, ਫਿਰ ਵੀ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਨ ਤੋਂ ਅਸਮਰੱਥ ਹੈ। ਭਾਵੇਂ ਪਿੰਡ ਦੇ ਸਰਦਾਰਾਂ ਦੇ ਘਰੇ ਜਨਮੀ ਤੋਸ਼ੀ ਦੇ ਨਾਂ ਦੀ ਰੀਸ ਕਰਦਿਆਂ ਉਹ ਆਪਣੀ ਧੀ ਦਾ ਨਾਂ ਵੀ ਇਹੋ ਹੀ ਰੱਖਦਾ ਹੈ, ਪਰ ਦੋਹਾਂ ਤੋਸ਼ੀਆਂ ਵਿਚ ਕਿਸੇ ਵੀ ਪੱਧਰ 'ਤੇ ਕੋਈ ਸਮਾਨਤਾ ਨਹੀਂ ਹੈ।

ਜਗਤੂ ਦੀ ਧੀ ਤੋਸ਼ੀ ਪਿੰਡ ਵਿਚ ਆਪਣੇ ਹਾਣੀ ਵਿੰਦਰ ਨਾਲ ਖਾਮੋਸ਼ ਮੁਹੱਬਤ ਕਰਦੀ ਹੈ, ਪਰ ਸਮਕਾਲੀ ਸਮਾਜਿਕ ਸਥਿਤੀਆਂ ਉਨ੍ਹਾਂ ਦੀ ਮੁਹੱਬਤ ਲਈ ਪ੍ਰਵਾਨਗੀ ਨਹੀਂ ਦਿੰਦੀਆਂ ਤਾਂ ਉਹ ਆਪਣੇ ਹੱਥੀਂ ਆਪਣੀ ਮੁਹੱਬਤ ਦਾ ਗਲਾ ਦਬਾਉਣ ਲਈ ਮਜਬੂਰ ਹੋ ਜਾਂਦੀ ਹੈ। ਉਸ ਵੱਲੋਂ ਵਿੰਦਰ ਦੀ ਵਹੁਟੀ ਲਈ ਭੇਜੀ ਫੁੱਲਕਾਰੀ ਮੁਹੱਬਤ ਦੇ ਲਈ ਭਾਵਨਾਵਾਂ ਦੀ ਕੀਤੀ ਕੁਰਬਾਨੀ ਦਾ ਹੀ ਪ੍ਰਤੀਕ ਹੈ। ਦੂਸਰੇ ਨਾਵਲੈੱਟਾਂ ਨਾਲੋਂ ਇਸ ਨਾਵਲੈੱਟ ਵਿਚ ਵਾਧਾ ਇਹ ਹੈ ਕਿ ਇਸ ਵਿਚੋਂ ਕਿਰਤੀ ਜਮਾਤ ਅੰਦਰ ਸਮੇਂ ਨਾਲ ਵਿਕਸਿਤ ਹੋਈ ਸਮਾਜਿਕ ਚੇਤਨਾ ਦੀ ਭਰਵੀਂ ਝਲਕ ਮਿਲਦੀ ਹੈ। ਬੇ-ਆਬਾਦ ਜ਼ਮੀਨ ਨੂੰ ਆਪਣੀ ਮਿਹਨਤ ਨਾਲ ਆਬਾਦ ਕਰਨ ਵਾਲੇ ਕਿਸਾਨਾਂ ਵੱਲੋਂ ਜ਼ਮੀਨ ਦੀ ਪੱਕੇ ਤੌਰ 'ਤੇ ਮਾਲਕੀ ਪ੍ਰਾਪਤੀ ਲਈ ਸੰਗਠਿਤ ਹੋਣਾ ਅਤੇ ਆਪਣੇ ਏਕੇ ਦੀ ਤਾਕਤ ਤੇ ਜਗੀਰਦਾਰਾਂ ਨੂੰ ਭਜਾਉਣਾ ਜਮਾਤੀ ਦ੍ਰਿਸ਼ਟੀਕੋਣ ਤੋਂ ਇਸ ਨਾਵਲੈੱਟ ਦੀ ਅਹਿਮ ਪ੍ਰਾਪਤੀ ਹੈ।

ਨਾਵਲੈੱਟ 'ਇਕ ਗੁੱਜਰ ਕੁੜੀ' ਰਾਹੀਂ ਦੁੱਧ ਵੇਚ ਕੇ ਗੁਜ਼ਾਰਾ ਕਰਨ ਵਾਲੇ ਗੁੱਜਰ ਲੋਕਾਂ ਦੇ ਜੀਵਨ ਦੀਆਂ ਦੁਸ਼ਵਾਰੀਆ ਦਾ ਚਿਤਰਨ ਕਰਦਿਆਂ ਲੇਖਕ ਆਖਦਾ ਹੈ, "ਉਨੀਂਦਰਾ, ਜਿਹੜਾ ਸਖਤ ਮਿਹਨਤ ਦੇ ਕਾਰਨ ਉਸ ਦੀਆਂ ਅੱਖਾਂ ਵਿਚੋਂ ਹੀ ਨਹੀਂ, ਸਗੋਂ ਸਮੁੱਚੀ ਜਾਤੀ ਦੀਆਂ ਅੱਖਾਂ ਵਿਚ ਝਾਕਦਾ ਤੱਕਿਆ ਜਾ ਸਕਦਾ ਸੀ, ਉਨ੍ਹਾਂ ਦੇ ਅੰਗ-ਅੰਗ ਵਿਚ ਰਚ ਗਿਆ ਸੀ। ਉਨ੍ਹਾਂ ਲਈ ਸਭ ਤੋਂ ਵੱਧ ਸੁੱਖ ਸੀ, ਜੋ ਉਹ ਕਿਆਸ ਕਰਦੇ ਤਾਂ ਰੱਜ ਕੇ ਸੌਣਾ ਸੀ, ਪਰ ਔਕੜਾਂ ਭਰੀ ਜ਼ਿੰਦਗੀ ਵਿਚ ਕਦੇ ਨਸੀਬ ਨਹੀਂ ਸੀ ਹੋਇਆ।"

ਇਹ ਕਿੱਡਾ ਵੱਡਾ ਦੁਖਾਂਤ ਹੈ ਕਿ ਇਸ ਸਮਾਜ ਦੀਆਂ ਸਲਮਾ ਵਰਗੀਆਂ ਕੁੜੀਆਂ ਨੂੰ ਦੁੱਧ ਦੀਆਂ ਮਟਕੀਆਂ ਸ਼ਹਿਰ ਲਿਜਾਣ ਵੇਲੇ ਟਰੱਕ ਡਰਾਈਵਰਾਂ ਦੇ ਭੱਦੇ ਮਜ਼ਾਕ ਹੀ ਨਹੀਂ ਸਹਿਣੇ ਪੈਂਦੇ, ਸਗੋਂ ਅਣਇੱਛਤ ਤੌਰ 'ਤੇ ਸਰੀਰਕ ਛੇੜਛਾੜ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਦੁੱਧ ਦੀਆਂ ਮਟਕੀਆਂ ਸ਼ਹਿਰ ਲਿਜਾਣ ਲਈ ਵਾਰੋ ਵਾਰੀ ਇੱਕ ਗੁੱਜਰ ਕੁੜੀ ਨੂੰ ਆਪਸੀ ਸਹਿਮਤੀ ਨਾਲ ਟਰੱਕ ਡਰਾਈਵਰ ਦੇ ਨਾਲ ਅਗਲੀ ਸੀਟ 'ਤੇ ਬੈਠ ਕੇ ਉਨ੍ਹਾਂ ਦੀ ਵਹਿਸ਼ਤੀ ਕਾਮ ਭੁੱਖ ਨੂੰ ਆਪਣੇ ਪਿੰਡੇ 'ਤੇ ਭੋਗਣਾ ਪੈਂਦਾ ਹੈ ਤਾਂ ਇਨ੍ਹਾਂ ਦੀ ਵੇਦਨਾ ਹੂਕ ਬਣ ਕੇ ਪਾਠਕਾਂ ਨੂੰ ਮਾਨਸਿਕ ਤੌਰ 'ਤੇ ਝੰਜੋੜਨ ਦਾ ਕਾਰਜ ਕਰਦੀ ਹੈ। ਨਾਵਲੈੱਟ ਜਾਣਕਾਰੀ ਦਿੰਦਾ ਹੈ ਕਿ ਕਿਸ ਤਰ੍ਹਾਂ ਅਮੀਰ ਤੇ ਵਿਗੜੈਲ ਪੁਰਸ਼ ਉਨ੍ਹਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਨਾ ਆਪਣਾ ਹੱਕ ਸਮਝਦੇ ਹਨ। ਇਹ ਨਾਵਲੈੱਟ ਦੀ ਉਸਾਰੂ ਦਿਸ਼ਾ ਹੈ ਕਿ ਸਲਮਾ ਆਪਣੇ ਬੀਤੇ ਨੂੰ ਆਪਣੇ ਤੋਂ ਦੂਰ ਵਗਾਹ ਮਾਰਨਾ ਚਾਹੁੰਦੀ ਹੈ ਅਤੇ ਆਪਣੇ ਮਨ ਵਿਚ ਉਸ ਹਾਣੀ ਮੁੰਡੇ ਦੀ






ਚਾਹਤ ਨੂੰ ਚਿਤਵਦੀ ਹੈ, ਜੋ ਵੱਡੇ ਆਰਥਿਕ ਪਾੜੇ ਵਾਲੇ ਸਮਾਜ ਨੂੰ ਖਤਮ ਕਰਕੇ ਬਰਾਬਰੀ ਦੇ ਸਮਾਜ ਦੀ ਸਥਾਪਨਾ ਕਰਨ ਦੀ ਸੋਚ ਰੱਖਦਾ ਹੈ।

ਨਾਵਲੈੱਟ 'ਜੰਗ ਜਾਰੀ ਹੈ' ਬਰਾਬਰੀ ਦਾ ਸਮਾਜ ਸਿਰਜਣ ਦਾ ਸੁਪਨਾ ਲੈ ਕੇ ਘਰਾਂ ਤੋਂ ਨਿਕਲੇ ਇਨਕਲਾਬੀ (ਨਕਸਲਬਾੜੀ) ਸੋਚ ਦੇ ਨੌਜਵਾਨਾਂ ਵੱਲੋਂ ਆਪਣੀ ਮੰਜ਼ਿਲ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦੇ ਸੰਕਲਪ ਨੂੰ ਦ੍ਰਿੜਾਉਂਦਾ ਹੈ। ਚਾਹੇ ਅਜੋਕੇ ਪੂੰਜੀਵਾਦੀ ਯੁਗ ਦੇ ਸਿਖਰਲੇ ਪੜਾਅ 'ਤੇ ਅਜਿਹੀ ਲੋਕ ਪ੍ਰਤੀਬੱਧਤਾ ਕਿੱਸੇ-ਕਹਾਣੀਆਂ ਵਰਗੀ ਹੀ ਲੱਗਦੀ ਹੈ, ਪਰ ਇਹ ਉਸ ਦੌਰ ਦੇ ਇਤਿਹਾਸ ਦਾ ਅਜਿਹਾ ਮਾਣ ਮੱਤਾ ਹਾਸਿਲ ਰਹੀ ਹੈ ਤੇ ਅੱਜ ਦੇ ਲੋਕ ਘੋਲ ਵੀ ਇਸ ਪ੍ਰਤੀਬੱਧਤਾ ਤੋਂ ਸੰਘਰਸ਼ੀ ਤੇ ਵਿਚਾਰਧਾਰਕ ਊਰਜਾ ਪ੍ਰਾਪਤ ਕਰ ਰਹੇ ਹਨ। ਨਾਵਲੈੱਟ ਵਿਚਲਾ ਪ੍ਰੋਫੈਸਰ ਮੁਨੀਸ਼ ਕੁਮਾਰ ਮਹਿਤਾ ਪੁਲਿਸ ਵੱਲੋਂ ਦਿੱਤੇ ਅਣਮਨੁੱਖੀ ਤਸੀਹੇ ਸਹਿ ਕੇ ਵੀ ਆਪਣੇ ਅਕੀਦੇ ਤੋਂ ਨਹੀਂ ਡੋਲਦਾ, ਪਰ ਉਸ ਦੇ ਸਿਦਕ ਤੇ ਸੰਘਰਸ਼ੀ ਜਜ਼ਬੇ ਨੂੰ ਵੇਖ ਕੇ ਉਸ 'ਤੇ ਸਿਤਮ ਕਰਨ ਵਾਲੇ ਜਾਬਰ ਜ਼ਰੂਰ ਡੋਲ ਜਾਂਦੇ ਹਨ। ਜਾਨ ਲੇਵਾ ਪੁਲਿਸ ਕੁੱਟ ਦਾ ਭੰਨਿਆ ਵੀ ਉਹ ਇਸ ਗੱਲ 'ਤੇ ਮਾਣ ਮਹਿਸੂਸ ਕਰਦਾ ਹੈ ਕਿ ਉਸ ਦੇ ਜੇਲ੍ਹ ਜਾਣ ਤੋਂ ਬਾਅਦ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਵੱਡੇ ਕਾਫਲੇ ਨੇ ਸੰਘਰਸ਼ ਦੀ ਮਸ਼ਾਲ ਆਪਣੇ ਹੱਥਾਂ ਵਿਚ ਫੜ ਲਈ ਹੈ।

ਨਾਵਲੈੱਟ 'ਜਦੋਂ ਦੇਸ਼ ਦੇ ਜੱਟ ਸਰਦਾਰ ਹੋਏ' ਅਤੇ 'ਪੰਜਾਬ ਦੀ ਲਲਕਾਰ' ਪੰਜਾਬ ਖ਼ਿੱਤੇ ਦੀ ਹੋਂਦ ਤੇ ਸਵੈ-ਮਾਣ ਨੂੰ ਬਚਾਉਣ ਲਈ ਅਠਾਰਵੀਂ ਸਦੀ ਦੇ ਅੱਧ ਵਿਚ ਸਿੱਖਾਂ ਤੇ ਮੁਗਲਾਂ ਵਿਚਕਾਰ ਚਲਦੀ ਰਹੀ ਛਾਪਾਮਾਰ ਜੰਗ ਦੇ ਇਤਿਹਾਸ ਨਾਲ ਜੁੜੇ ਲੋਕ ਸਰੋਕਾਰਾਂ ਨੂੰ ਉਭਾਰਦੇ ਹਨ। ਨਾਵਲੈੱਟਾਂ ਦੇ ਵਿਸ਼ਲੇਸ਼ਣੀ ਬੋਧ ਅਨੁਸਾਰ ਲੋਕਾਂ ਵੱਲੋਂ ਮਿਲਦੇ ਪਿਆਰ ਸਤਿਕਾਰ, ਸਰਪ੍ਰਸਤੀ ਤੇ ਪਨਾਹ ਸਦਕਾ ਹੀ ਲੱਖੀ ਜੰਗਲ ਵਿਚ ਛੁਪ ਕੇ ਰਹਿਣ ਵਾਲੇ ਗਿਣਤੀ ਦੇ ਸਿੱਖ ਜੋਧੇ ਛਾਪਾਮਾਰੀ ਜੰਗ ਵਿਚ ਵੱਡੀ ਮੁਗਲ ਫੌਜ ਦੇ ਛੱਕੇ ਛੁਡਵਾਉਣ ਦੇ ਸਮਰੱਥ ਰਹਿੰਦੇ ਸਨ। ਮੌਤ ਦੇ ਡਰ ਤੋਂ ਰਹਿਤ ਤੇ ਜੰਗੀ ਰਸਤਿਆਂ ਤੋਂ ਜਾਣੂ ਹੋਣ ਕਾਰਨ ਉਹ ਅਕਸਰ ਭਾੜੇ ਦੇ ਮੁਗਲ ਫੌਜੀਆਂ ਦਾ ਵੱਡਾ ਨੁਕਸਾਨ ਕਰਕੇ ਵੀ ਆਪਣਾ ਬਹੁਤ ਘੱਟ ਨੁਕਸਾਨ ਹੋਣ ਦਿੰਦੇ ਸਨ। ਜੇ ਮੁਗਲ ਹਕੂਮਤ ਸਿੱਖ ਫੌਜਾਂ ਨੂੰ ਪਨਾਹ ਦੇਣ ਵਾਲੇ ਲੋਕਾਂ 'ਤੇ ਜ਼ੁਲਮ ਕਰਦੀ ਤਾਂ ਪਿੰਡਾਂ ਦੇ ਹੋਰ ਅਣਖੀਲੇ ਨੌਜਵਾਨ ਆਪਣਾ ਘਰ-ਬਾਰ ਤਿਆਗ ਕੇ ਸਿੱਖ ਸਿਪਾਹੀ ਬਣ ਜਾਂਦੇ। ਅਹਿਮਦਸ਼ਾਹ ਅਬਦਾਲੀ ਵਰਗੇ ਮਹਾਨ ਜਰਨੈਲ ਸਮਝੇ ਜਾਂਦੇ ਮੁਗਲ ਸਾਸ਼ਕ ਦੀ ਕਮਾਨ ਹੇਠਲੀ ਫੌਜ ਵੱਲੋਂ ਅਗਵਾ ਕੀਤੀਆਂ ਪੰਜਾਬ ਦੀਆਂ ਧੀਆਂ ਨੂੰ ਆਪਣੀ ਜਾਨ 'ਤੇ ਖੇਡ ਕੇ ਵਾਪਸ ਲਿਆਉਣ ਦਾ ਲਾਸਾਨੀ ਕਾਰਨਾਮਾ ਵੀ ਇਸ ਵੇਲੇ ਦੇ ਇਤਿਹਾਸ ਦਾ ਹੀ ਗੌਰਵਮਈ ਹਿੱਸਾ ਹੈ। ਭਾਵੇਂ ਸਿੱਖ ਸਿਪਾਹੀ ਬਣੇ ਜੀਤ ਸਿੰਘ ਤੇ ਬਘੇਲਾ ਸਿੰਘ ਵਰਗੇ ਨੌਜਵਾਨਾਂ ਨੂੰ ਆਪਣੇ ਘਰ-ਪਰਿਵਾਰ ਤੇ ਆਪਣੀ ਮੁਹੱਬਤ ਦੀ ਯਾਦ ਵੀ ਆਉਂਦੀ ਸੀ, ਪਰ ਕੌਮ-ਦੇਸ਼ ਤੇ ਲੋਕਤਾ ਲਈ ਕੁਰਬਾਨ ਹੋਣ ਦੀ ਵਚਨਬੱਧਤਾ ਉਕਤ ਜਜ਼ਬਿਆਂ 'ਤੇ ਭਾਰੂ ਰਹੀ ਹੈ, ਇਸੇ ਲਈ ਇਨ੍ਹਾਂ ਨੇ ਸਦੀਆਂ ਬੀਤ ਜਾਣ 'ਤੇ ਵੀ ਲੋਕ ਮਨਾਂ ਵਿਚ ਆਪਣੇ ਲਈ ਥਾਂ ਬਣਾਈ ਹੋਈ ਹੈ।

ਭਾਵੇਂ ਇਨ੍ਹਾਂ ਨਾਵਲੈੱਟਾਂ ਦਾ ਰਚਨਾ ਕਾਲ ਵੱਖੋ ਵੱਖਰਾ ਹੈ, ਪਰ ਪਹਿਲੇ ਪੰਜ ਨਾਵਲੈੱਟਾਂ ਦੀ ਕਹਾਣੀ ਵਿਚ ਨੌਜਵਾਨ ਉਮਰ ਦੀ ਮਾਨਸਿਕ ਅਤ੍ਰਿਪਤੀਆਂ ਨੂੰ ਪ੍ਰਮੁੱਖਤਾ ਹਾਸਿਲ ਹੋਣ ਕਾਰਨ ਕਈ ਥਾਂਈਂ ਇਹ ਦੁਹਰਾਓ ਦਾ ਪ੍ਰਭਾਵ ਵੀ ਸਿਰਜਦੇ ਹਨ। ਪੰਜਾਬ ਦੇ ਅਤਿਅੰਤ ਪਛੜੇ ਕੰਢੀ ਖੇਤਰ ਦੇ 21ਵੀਂ ਸਦੀ ਦੀ ਆਮਦ ਤੋਂ ਪਹਿਲਾਂ ਦੇ ਜਨ ਜੀਵਨ ਨੂੰ ਉਸ ਦੇ ਸਮੁੱਚੇ ਸਮਾਜਿਕ ਸਰੋਕਾਰਾਂ ਸਮੇਤ ਪੇਸ਼ ਕਰਨਾ ਇਨ੍ਹਾਂ ਨਾਵਲੈੱਟਾਂ ਦੀ ਵੱਡੀ ਪ੍ਰਾਪਤੀ ਹੈ। ਲੇਖਕ ਨੇ ਪਹਾੜੀ ਖੇਤਰ ਦੀ ਆਂਚਲਿਕਤਾ ਨੂੰ ਵੀ ਸਜੀਵ ਰੂਪ ਵਿਚ ਰੂਪਮਾਨ ਕੀਤਾ ਹੈ ਤੇ ਇਸ ਨੂੰ ਪੰਜਾਬ ਦੇ ਹੋਰ ਹਿੱਸਿਆਂ ਦੇ ਪਾਠਕਾਂ ਲਈ ਸੰਚਾਰ ਦੀ ਸਮੱਸਿਆ ਵੀ ਨਹੀਂ ਬਣਨ ਦਿੱਤਾ-ਇਹ ਇਸ ਨਾਵਲੈੱਟ ਸੰਗ੍ਰਹਿ ਦੀ ਵਿਸ਼ੇਸ਼ ਪ੍ਰਾਪਤੀ ਹੈ। ਉਸ ਦੀ ਕਾਵਿਕ ਤੇ ਅਲੰਕਾਰਕ ਭਾਸ਼ਾ ਆਪਣੀ ਪੇਸ਼ਕਾਰੀ ਦੇ ਸੁਹਜ ਵਿਚ ਵਾਧਾ ਕਰਨ ਵਾਲੀ ਹੈ।

ਇਨ੍ਹਾਂ ਨਾਵਲੈੱਟਾਂ ਦੇ ਪਾਤਰ ਆਪਣੇ ਸੁਪਨੇ ਟੁੱਟਣ 'ਤੇ ਵੀ ਆਪਣੀ ਜੀਵਨ ਗਤੀ ਨੂੰ ਰੁਕਣ ਨਹੀਂ ਦਿੰਦੇ ਤੇ ਕੁਝ ਚਿਰ ਚੁੱਪ ਰਹਿਣ ਤੋਂ ਬਾਅਦ ਫਿਰ ਆਪਣੀ ਅਣ-ਦਿਸਦੀ ਮੰਜ਼ਿਲ ਵੱਲ ਤੁਰ ਪੈਂਦੇ ਹਨ। ਨਾਵਲੈੱਟਾਂ ਵਿਚ ਦਰਪੇਸ਼ ਘਟਨਾਵਾਂ ਦੀ ਤਰਤੀਬ ਤੇ ਸੰਪਾਦਨ ਏਨਾ ਸੁਚੱਜਾ ਹੈ ਕਿ ਪਾਠਕੀ ਮਨੋ-ਬਿਰਤੀਆਂ ਇਨ੍ਹਾਂ ਦੇ ਪਾਠ ਦੇ ਅਰੰਭ ਤੋਂ ਲੈ ਕੇ ਅੰਤ ਤੱਕ ਇਨ੍ਹਾਂ ਦੇ ਘਟਨਾਕ੍ਰਮ ਨਾਲ ਜੁੜੀਆਂ ਰਹਿੰਦੀਆਂ ਹਨ। ਵੱਡ ਅਕਾਰੀ ਨਾਵਲ ਲਿਖੇ ਜਾਣ ਦਾ ਰੁਝਾਨ ਵੱਧਣ 'ਤੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਨਾਵਲੈੱਟਾਂ ਦੀ ਸਿਰਜਣ ਪ੍ਰਕਿਰਿਆ ਬਹੁਤ ਅਸਰ ਅੰਦਾਜ਼ ਹੋਈ ਹੈ।

ਬਲਵੀਰ ਪਰਵਾਨਾ ਹੁਣ ਖੁਦ ਵੀ ਲੰਮੇ ਨਾਵਲ ਲਿਖਣ ਵੱਲ ਰੁਚਿਤ ਹੋ ਗਿਆ ਹੈ। ਉਸ ਆਪਣੇ ਅੱਠ ਨਾਵਲੈੱਟਾਂ ਨੂੰ ਇੱਕ ਜਿਲਦ ਵਿਚ ਸੰਭਾਲੇ ਜਾਣ ਨਾਲ ਸਾਹਿਤ ਦੇ ਖੋਜਾਰਥੀਆਂ ਨੂੰ ਇਸ ਗਲਪੀ ਵਿਧਾ ਦੀ ਬਣਤਰ ਤੇ ਬੁਣਤਰ ਬਾਰੇ ਖੋਜ ਕਰਨ ਵਿਚ ਬਹੁਤ ਸਹਾਇਤਾ ਮਿਲੇਗੀ।

# ਬੈਚ ਫੁੱਲ ਪਾਈਨ: ਦੋਸ਼ ਮੇਰਾ ਹੈ

*(ਪਿਛਲੇ ਸਫੇ ਦੀ ਬਾਕੀ)*

ਦੇ ਘਰ ਉਸ ਦੇ ਮੁੰਡੇ ਦੇ ਕੰਪਾਰਟਮੈਂਟ ਵਿਚ ਪਾਸ ਹੋਣ ਦੀ ਵਧਾਈ ਦੇਣ ਗਿਆ। ਪਿਛਲੇ ਸਾਲ ਉਹ ਲੜਕਾ ਕੁਝ ਨੰਬਰਾਂ 'ਤੇ ਰਹਿ ਗਿਆ ਸੀ ਤੇ ਇਸ ਸਾਲ ਚੰਗੇ ਨੰਬਰਾਂ ਨਾਲ ਪਾਸ ਹੋਇਆ ਸੀ। ਉਸ ਨੂੰ ਸ਼ਾਬਾਸ਼ ਦਿੰਦਿਆਂ ਮੈਂ ਕਿਹਾ, "ਕਾਕਾ ਕਮਾਲ ਕਰ ਦਿੱਤਾ। ਸਿੱਧਾ ਇਕੱਤੀਆਂ ਤੋਂ ਛਿਹੱਤਰ ਜੰਪ ਮਾਰਿਆ!" ਕਹਿਣ ਲੱਗਿਆ, "ਹਾਲੇ ਤਾਂ ਅੰਕਲ ਮੇਰੇ ਕੋਲੋਂ ਗਲਤੀ ਹੋ ਗਈ, ਮੈਂ ਕਾਹਲ ਕਾਹਲ ਵਿਚ ਦੋ ਚੈਪਟਰ ਪੜ੍ਹ ਕੇ ਨਹੀਂ ਗਿਆ। ਮੈਂ ਸੋਚਿਆ ਇਨ੍ਹਾਂ ਵਿਚੋਂ ਕਿਹੜਾ ਕਦੇ ਕੋਈ ਸੁਆਲ ਆਉਂਦਾ ਹੈ, ਪਰ ਦੋ ਪ੍ਰਸ਼ਨ ਉਨ੍ਹਾਂ ਵਿਚੋਂ ਹੀ ਆ ਗਏ। ਜੇ ਉਸ ਦਿਨ ਸਵੇਰੇ ਸਵੇਰੇ ਉਨ੍ਹਾਂ ਨੂੰ ਪੜ੍ਹ ਜਾਂਦਾ ਮੇਰੇ ਨੱਬੇ ਤੋਂ ਉੱਤੇ ਆਉਂਦੇ।" ਇਹ ਹੁੰਦਾ ਹੈ ਪਾਈਨ ਦਾ ਸੁਭਾਅ ਕਿ ਉਸ ਨੂੰ ਚੰਗੀ ਮਿਹਨਤ ਤੇ ਚੰਗੀ ਸਫਲਤਾ ਨਾਲ ਵੀ ਸਬਰ ਨਹੀਂ ਆਉਂਦਾ। ਉਹ ਜਮ੍ਹਾਂ ਘਟਾਓ ਕਰਦਾ ਆਪ ਨੂੰ ਹੀ ਕੋਸੀ ਜਾਂਦਾ ਹੈ।

ਪਾਈਨ ਦੇ ਸੁਭਾਅ ਵਾਲਿਆਂ ਵਿਚ ਹਮੇਸ਼ਾ ਦੋਸ਼ੀ ਭਾਵਨਾ ਤਾਂ ਹੁੰਦੀ ਹੀ ਹੈ, ਇਸ ਦੇ ਨਾਲ ਨਾਲ ਉਨ੍ਹਾਂ ਵਿਚ ਡਿਪ੍ਰੈਸ਼ਨ, ਦੰਦ ਕਿਰਚਣ, ਸਾਹ ਚੜ੍ਹਨ ਦੀ ਤਕਲੀਫ, ਪਾਚਣ ਦੀ ਸ਼ਿਕਾਇਤ, ਅੰਤੜੀਆਂ ਵਿਚ ਦਰਦ ਤੇ ਉਨੀਂਦਰਾਪਣ ਜਿਹੀਆਂ ਬਿਮਾਰੀਆਂ ਪੈਦਾ ਹੋ ਜਾਂਦੀਆਂ ਹਨ। ਕਿਉਂਕਿ ਪਾਈਨ ਦੇ ਮਰੀਜ਼ ਆਪਣੀਆਂ ਨਜ਼ਰਾਂ ਵਿਚ ਕਦੇ ਪੂਰੇ ਨਹੀਂ ਉਤਰਦੇ, ਇਸ ਲਈ ਉਨ੍ਹਾਂ ਵਿਚ ਅਹਿਸਾਸੇ-ਕਮਤਰੀ (Inferiority Complex) ਨਾਂ ਦੀ ਸੁਭਾਵਿਕ ਕਮਜ਼ੋਰੀ ਪਾਈ ਜਾਂਦੀ ਹੈ। ਇਸ ਨਾਲ ਉਹ ਹਰ ਗੱਲ ਦੌਰਾਨ ਸਵੈ-ਨਿੰਦਾ 'ਤੇ ਉਤਾਰੂ ਰਹਿੰਦੇ ਹਨ। ਸਵੈ-ਨਿੰਦਾ ਸਵੈ-ਚਿੰਤਨ ਦਾ ਵਿਗਾੜੂ ਰੂਪ ਹੈ, ਜੋ ਵਿਅਕਤੀ ਨੂੰ ਅੱਗੇ ਨਹੀਂ ਚੱਲਣ ਦਿੰਦਾ। ਜਿੱਥੇ ਸਵੈ-ਚਿੰਤਨ ਪ੍ਰਗਤੀ ਨੂੰ ਸਹੀ ਸੇਧ ਦੇਣ ਦੀ ਕੋਸ਼ਿਸ਼ ਕਰਦਾ ਹੈ, ਸਵੈ-ਨਿੰਦਾ ਪ੍ਰਗਤੀ ਦੇ ਰਾਹ ਵਿਚ ਰੋੜਾ ਬਣਦਾ ਹੈ। ਵਿਅਕਤੀ ਜੋ ਕਰਦਾ ਹੈ, ਉਸੇ ਦੀ ਨਿਖੇਧੀ ਕਰਨ ਬੈਠ ਜਾਂਦਾ ਹੈ। ਇਹ ਲਈ ਉਹ ਚਿੰਤਾ ਤੇ ਮਾਨਸਿਕ ਭਾਰ ਦੀ ਸਥਿਤੀ ਵਿਚ ਚਲਾ ਜਾਂਦਾ ਹੈ, ਜਿੱਥੇ ਉਸ ਨੂੰ ਬਲੱਡ ਪ੍ਰੈਸ਼ਰ ਤੇ ਘੋਰ ਉਦਾਸੀ (Melancholy) ਜਿਹੀਆਂ ਤਕਲੀਫਾਂ ਵੀ ਹੋ ਜਾਂਦੀਆਂ ਹਨ। ਫੁੱਲ ਦਵਾਈ ਪਾਈਨ ਅਜਿਹੇ ਵਿਅਕਤੀਆਂ ਵਿਚੋਂ ਕਸੂਰਵਾਰ ਹੋਣ ਦੀ ਝੂਠੀ ਭਾਵਨਾ ਨੂੰ ਬਾਹਰ ਕੱਢੇਗੀ ਤੇ ਉਨ੍ਹਾਂ ਨੂੰ ਸਾਧਾਰਣ ਇਨਸਾਨਾਂ ਵਾਲੀ ਤੰਦਰੁਸਤ ਮਾਨਸਿਕਤਾ ਪ੍ਰਦਾਨ ਕਰੇਗੀ।

## ਗਜ਼ਲ

ਬੇਝਿਜਕ ਬੇਸ਼ਰਤ ਬੇਹਿਸਾਬ ਹੋ ਕੇ ਮਿਲ।
ਅਸੀਂ ਆਬ ਜਿਹੇ ਤੂੰ ਵੀ ਆਬ ਹੋ ਕੇ ਮਿਲ।
ਅਸੀਂ ਦੱਸਣਾ ਨਹੀਂ ਬੋਲ ਕੇ ਕੁਝ ਵੀ ਤੈਨੂੰ,
ਤੂੰ ਮੇਰੇ ਹਰ ਸਵਾਲ ਦਾ ਜਵਾਬ ਹੋ ਕੇ ਮਿਲ।
ਬਣ'ਜਾ ਦ੍ਰਿਸ਼ ਹਰ ਪਲ ਮੇਰੇ ਸਾਵੇਂ ਰਿਹਾ ਜੇ,
ਮੇਰੇ ਨੈਣਾਂ ਨੂੰ ਤੂੰ ਹਸੀਨ ਖੁਆਬ ਹੋ ਕੇ ਮਿਲ।
ਕਾਣੀ ਵੰਡ ਨਾਲ ਮੈਥੋਂ ਦੂਰ ਨਾ ਹੋ ਜਾਵੀਂ,
ਸਤਲੁਜ ਨੂੰ ਸੱਜਣਾ ਚਨਾਬ ਹੋ ਕੇ ਮਿਲ।
ਚੁਗ ਕੇ ਚੋਗ ਉਡਾਰੀ ਨਾ ਮਾਰ ਜਾਵੀਂ,
ਹਰ ਪਲ 'ਲਾਲਪੁਰੀ' ਨੂੰ ਬੇਤਾਬ ਹੋ ਕੇ ਮਿਲ।

*-ਰਵਿੰਦਰ ਲਾਲਪੁਰੀ*
*ਫੋਨ: 91-94634-52261*

# ਮਾਟੀ ਕੋ ਪੁਤਰਾ ਕੈਸੇ ਨਚਤੁ ਹੈ

ਮੈਂ ਕਿਤੇ ਪੜ੍ਹਿਆ ਸੀ ਕਿ ਇਕ ਸੂਫੀ ਕੋਲ ਇਕ ਮੁਸਾਫਿਰ ਗਿਆ ਤੇ ਉਸ ਨੇ ਦੇਖਿਆ ਕਿ ਸੂਫੀ ਦਾ ਘਰ ਬਹੁਤ ਹੀ ਸਾਧਾਰਨ ਕਮਰਾ ਸੀ। ਉਸ ਕੋਲ ਸਿਰਫ ਇਕ ਮੈਟ ਤੇ ਲੈਂਪ ਹੀ ਸੀ। ਇਹ ਦੇਖ ਕੇ ਮੁਸਾਫਿਰ ਹੈਰਾਨ ਹੋ ਕੇ ਪੁੱਛਣ ਲੱਗਾ, 'ਸੂਫੀ, ਤੁਹਾਡਾ ਬਾਕੀ ਸਮਾਨ ਮੰਜਾ-ਬਿਸਤਰਾ ਆਦਿ ਕਿੱਥੇ ਹੈ?' ਸੂਫੀ ਨੇ ਇਹੀ ਪ੍ਰਸ਼ਨ ਮੁਸਾਫਿਰ ਨੂੰ ਪੁੱਛਿਆ, 'ਹੇ ਮੁਸਾਫਿਰ ਤੁਹਾਡਾ, ਸਮਾਨ ਕਿੱਥੇ ਹੈ?' ਮੁਸਾਫਿਰ ਨੇ ਆਖਿਆ, 'ਪਰ ਮੈਂ ਤਾਂ ਇਕ ਮੁਸਾਫਿਰ ਹਾਂ।' ਉੱਤਰ ਸੁਣ ਕੇ ਸੂਫੀ ਨੇ



**ਜੋਤੀ ਹੀਰ, ਜਲੰਧਰ**

ਹੱਸਦਿਆਂ ਜਵਾਬ ਦਿੱਤਾ, '...ਤੇ ਮੈਂ ਵੀ ਉਹ ਹੀ ਹਾਂ।'

ਇਹ ਕਥਾ ਬੜੀ ਸਰਲਤਾ ਨਾਲ ਦਸਦੀ ਹੈ ਕਿ ਅਸੀਂ ਸਾਰੇ ਹੀ ਇੱਥੇ ਸਫਰ 'ਤੇ ਹਾਂ। ਸਫਰ ਕਰਨਾ ਹੀ ਸਾਡੀ ਜ਼ਿੰਦਗੀ ਦੀ ਦਾਸਤਾਂ ਹੈ। ਹਰ ਰੋਜ਼ ਅਸੀਂ ਸਾਰੇ ਕੰਮਾਂ-ਕਾਰਾਂ ਦੀ ਭੱਜ ਦੌੜ ਵਿਚ ਸਫਰ ਕਰਦੇ ਹਾਂ। ਕੋਈ ਕਿਤੇ ਜਾ ਰਿਹਾ ਹੁੰਦਾ ਹੈ ਤੇ ਕੋਈ ਕਿਤੇ।

ਬਸ ਇਸੇ ਤਰ੍ਹਾਂ ਹੀ ਅਸੀਂ ਪਤੀ-ਪਤਨੀ ਵੀ ਜ਼ਿਆਦਾਤਰ ਸਫਰ ਕਰਦੇ ਰਹਿੰਦੇ ਹਾਂ। ਫਿਲਮ ਨਿਰਦੇਸ਼ਨ ਦੇ ਕਾਰਜ ਨਾਲ ਜੁੜੇ ਹੋਣ ਕਰਕੇ ਸਫਰ ਸਾਡੇ ਕੰਮ ਦਾ ਹਿੱਸਾ ਹੈ। ਸਫਰ ਦੌਰਾਨ ਸਾਨੂੰ ਸਭ ਨੂੰ ਕੁਝ ਨਾ ਕੁਝ ਸਿੱਖਣ ਨੂੰ ਜ਼ਰੂਰ ਮਿਲਦਾ ਹੈ ਤੇ ਮੈਂ ਵੀ ਕੁਝ ਨਵਾਂ ਸਿੱਖਦੀ ਰਹਿੰਦੀ ਹਾਂ। ਤੁਸੀਂ ਕਿਸੇ ਵੀ ਯਾਤਰਾ 'ਤੇ ਜਾਂਦੇ ਹੋ ਤਾਂ ਬਹੁਤ ਸਾਰੀ ਘਟਨਾਵਾਂ ਅਜਿਹੀਆਂ ਤੁਹਾਡੇ ਨਾਲ ਵਾਪਰਦੀਆਂ ਹਨ, ਜੋ ਸ਼ਾਇਦ ਪਹਿਲਾਂ ਕਦੀ ਨਾ ਵਾਪਰੀਆਂ ਹੋਣ, ਭਾਵੇਂ ਕਈ ਵਾਰ ਉਨ੍ਹਾਂ ਬਾਰੇ ਸੁਣਿਆ ਜ਼ਰੂਰ ਹੁੰਦਾ ਹੈ ਜਾਂ ਕਿਸੇ ਟੀ. ਵੀ. ਜਾਂ ਫਿਲਮ ਵਿਚ ਦੇਖਿਆ ਹੁੰਦਾ ਹੈ, ਪਰ ਜਦੋਂ ਉਹ ਘਟਨਾਵਾਂ ਤੁਹਾਡੀ ਅਸਲ ਜ਼ਿੰਦਗੀ ਵਿਚ ਵਾਪਰਨ ਤਾਂ ਨਿਸ਼ਚਿਤ ਹੀ ਤੁਸੀਂ ਹੈਰਾਨ ਹੋ ਜਾਂਦੇ ਹੋ। ਉਹ ਘਟਨਾ ਛੋਟੀ ਵੀ ਹੋ ਸਕਦੀ ਹੈ ਤੇ ਵੱਡੀ ਵੀ; ਪਰ ਸਵਾਲ ਹੈ ਕਿ ਤੁਸੀਂ ਉਸ ਨੂੰ ਕਿੰਨਾ ਮਹੱਤਵ ਦਿੰਦੇ ਹੋ?

ਇਕ ਦਿਨ ਜਲੰਧਰ ਤੋਂ ਬਰਨਾਲੇ ਜਾ ਰਹੇ ਸਾਂ-ਗੱਲਾਂ ਕਰਦੇ, ਸੰਗੀਤ ਸੁਣਦੇ ਆਪਣੇ ਇਸ ਸਫਰ ਦਾ ਆਨੰਦ ਲੈਂਦੇ। ਰਸਤੇ ਵਿਚ ਮੈਨੂੰ ਭੁੱਖ ਲੱਗ ਗਈ, ਤਾਂ ਅਸੀਂ ਸੜਕ ਦੇ ਇਕ ਪਾਸੇ ਫਲਾਂ ਦੀਆਂ ਰੇਹੜੀਆਂ ਲੱਗੀਆਂ ਦੇਖੀਆਂ ਤੇ ਕਾਰ ਇਕ ਰੇਹੜੀ ਕੋਲ ਜਾ ਰੋਕੀ। ਫਲਾਂ ਵਿਚ ਜ਼ਿਆਦਾਤਰ ਤਰਬੂਜ਼, ਖਰਬੂਜੇ ਤੇ ਆਲੂ ਬੁਖਾਰੇ ਹੀ ਸਨ। ਹੁਣ ਮਸਲਾ ਇਹ ਸੀ ਕਿ ਰਸਤੇ ਵਿਚ ਤੁਸੀਂ ਤਰਬੂਜ਼ ਜਾਂ ਖਰਬੂਜਾ ਤਾਂ ਨਹੀਂ ਖਾ ਸਕਦੇ, ਕਿਉਂਕਿ ਉਸ ਨੂੰ ਕੱਟਣ ਲਈ ਚਾਕੂ ਤੇ ਰੱਖਣ ਲਈ ਬਰਤਨ ਵੀ ਚਾਹੀਦਾ ਸੀ। ਇਸ ਲਈ ਅਸੀਂ ਆਲੂ ਬੁਖਾਰੇ ਖਰੀਦਣ ਦਾ ਫੈਸਲਾ ਕੀਤਾ। ਪਹਿਲੀ ਰੇਹੜੀ ਵਾਲੇ ਨੂੰ ਰੇਟ ਪੁੱਛਿਆਂ ਤਾਂ ਉਸ ਨੇ 180 ਰੁਪਏ ਕਿਲੋ ਦੱਸੇ। ਪਰਮਜੀਤ ਨੇ ਕਿਹਾ ਕਿ ਤੁਸੀਂ ਕਾਰ ਦੇਖ ਕੇ ਰੇਟ ਨਾ ਜ਼ਿਆਦਾ ਦੱਸਿਆ ਕਰੋ।

ਅਗਲੀ ਰੇਹੜੀ ਵਾਲੇ ਨੂੰ ਪੁੱਛਿਆ ਤਾਂ ਉਸ ਨੇ ਵੀ ਉਹੀ ਰੇਟ ਦੱਸਿਆ। ਖੈਰ ਤੀਜੀ ਰੇਹੜੀ ਵਾਲੇ ਨੂੰ ਪੁੱਛਿਆ ਤਾਂ ਉਸ ਨੇ ਕਿਹਾ 140 ਦੇ ਕਿੱਲੋ। ਇਹ ਸੁਣ ਕੇ ਅਸੀਂ ਆਪਸ ਵਿਚ ਹੀ ਹੱਸਣ ਲੱਗੇ ਕਿ ਕਮਾਲ ਆ, ਚਾਲੀ ਕਦਮਾਂ 'ਚ ਚਾਲੀਆਂ ਦਾ ਫਰਕ। ਸਾਡੇ ਅੰਦਰ ਵੀ ਖਰੀਦਦਾਰ ਜਾਗ ਪਿਆ ਤੇ ਅਸੀਂ ਉਸ ਨੂੰ ਕਿਹਾ ਕਿ ਅਸੀਂ ਸਵਾ ਸੌ ਦੇਵਾਂਗੇ ਤੇ ਉਹ ਮੰਨ ਗਿਆ।

ਜਿਉਂ ਹੀ ਮੇਰੇ ਪਤੀ ਕਾਰ 'ਚੋਂ ਉੱਤਰ ਕੇ ਫਲ ਲੈਣ ਲੱਗੇ ਤਾਂ ਇਕ ਕਾਰ ਅੱਗੇ ਆ ਰੁਕੀ, ਦੋ ਵਿਅਕਤੀ ਉਸ ਕਾਰ 'ਚੋਂ ਨਿਕਲੇ। ਸਾਡੀ ਕਾਰ ਦੇ ਪਿੱਛੇ ਹੀ ਇਕ ਹੋਰ ਕਾਰ ਵਿਚੋਂ ਇਕ ਔਰਤ ਵੀ ਆ ਕੇ ਫਲ ਲੈਣ ਲੱਗੀ। ਮੈਂ ਸਭ ਦੇਖ ਕੇ ਖੁਸ਼ ਹੋ ਰਹੀ ਸਾਂ, ਪਹਿਲਾਂ ਇਸ ਰਹੇੜੀ 'ਤੇ ਇਕ ਵੀ ਗਾਹਕ ਨਹੀਂ ਸੀ ਤੇ ਜਿਵੇਂ ਹੀ ਅਸੀਂ ਰੁਕੇ, ਉੱਥੇ ਇਕ ਤਰ੍ਹਾਂ ਭੀੜ ਇਕੱਠੀ ਹੋਣ ਲੱਗੀ। ਇੰਨੇ ਨੂੰ ਦੋ ਮੁੰਡੇ ਮੋਟਰਸਾਈਕਲ 'ਤੇ ਆਏ। ਇਕ ਦੇ ਹੱਥ ਵਿਚ ਤਿੰਨ ਚੱਕਰੀਆਂ ਸਨ, ਜਿਨ੍ਹਾਂ 'ਤੇ ਸਟਾਰ ਬਣਿਆ ਸੀ, ਹੱਥ ਵਿਚੋਂ ਹੇਠਾਂ ਡਿੱਗ ਗਈਆਂ ਤੇ ਨਾਲ ਹੀ ਇਕ ਪੰਜ ਸੌ ਦਾ ਨੋਟ। ਇਹ ਦੇਖ ਕੇ ਇਕ ਵਿਅਕਤੀ ਨੇ ਉਸ ਨੂੰ ਕਿਹਾ ਕਿ ਵੀਰੇ ਤੇਰੇ ਪੈਸੇ ਡਿੱਗ ਗਏ। ਉਸ ਨੇ ਉਨ੍ਹਾਂ ਨੂੰ ਚੁੱਕਿਆ ਤੇ ਮੱਥੇ ਨਾਲ ਲਾਇਆ। ਇਹ ਦੇਖ ਕੇ ਦੂਜੇ ਬੰਦੇ ਨੇ ਉਸ ਮੁੰਡੇ ਨੂੰ ਪੁੱਛਿਆ ਕਿ ਇਸ ਤਰ੍ਹਾਂ ਮੁੱਥੇ ਨੂੰ ਕਿਉਂ ਲਾਇਆ ਤਾਂ ਉਸ ਨੇ ਉੱਤਰ ਦਿੱਤਾ ਕਿ ਇਨ੍ਹਾਂ ਚੱਕਰੀਆਂ ਨਾਲ ਹੀ ਤਾਂ ਇਹ ਪੈਸੇ ਕਮਾਏ ਨੇ।

ਅਸਲ ਵਿਚ ਉਹ ਤਿੰਨ ਚੱਕਰੀਆਂ ਸਨ, ਜਿਸ ਵਿਚ ਦੋ ਕਾਲੇ ਰੰਗ ਤੇ ਇਕ ਲਾਲ ਰੰਗ ਦੀ ਸੀ। ਉਹ ਉਸ ਨਾਲ ਇਕ ਖੇਡ ਖੇਡਦੇ ਸਨ। ਜੇ ਤੁਸੀਂ ਲਾਲ ਚੱਕਰੀ 'ਤੇ ਪੈਸੇ ਲਾਉਂਦੇ ਹੋ ਤਾਂ ਉਸ ਦੇ ਦੁਗਣੇ ਪੈਸੇ ਤੁਹਾਨੂੰ ਮਿਲਦੇ ਹਨ। ਇਹ ਇਕ ਤਰ੍ਹਾਂ ਦਾ ਜੂਆ ਹੀ ਸੀ। ਦੇਖਦਿਆਂ ਹੀ ਦੇਖਦਿਆਂ ਉਸ ਮੁੰਡੇ ਨੇ ਆਪਣਾ ਖੇਲ ਸ਼ੁਰੂ ਕਰ ਦਿੱਤਾ। ਜੋ ਪਹਿਲੇ ਦੋ ਵਿਅਕਤੀ ਕਾਰ ਵਿਚ ਆਏ ਸਨ, ਉਨ੍ਹਾਂ ਨੇ 2000 ਰੁਪਏ ਲਾ ਦਿੱਤੇ ਤੇ ਜਿੱਤ ਗਏ। ਇਹ ਦੇਖ ਕੇ ਦੂਜੇ ਪਾਸੇ ਜੋ ਔਰਤ ਆਈ ਸੀ, ਉਸ ਨੇ ਵੀ 2000 ਰੁਪਏ ਲਾ ਦਿੱਤੇ, ਪਰ ਉਹ ਹਾਰ ਗਈ। ਇਹ ਸਭ ਕੁਝ ਮੈਂ ਕਾਰ ਵਿਚ ਬੈਠੀ ਦੇਖ ਰਹੀ ਸਾਂ ਤੇ ਸੋਚ ਰਹੀ ਸਾਂ, ਕਿੰਨੇ ਮੂਰਖ ਲੋਕ ਨੇ ਪੈਸੇ ਨੂੰ ਕਿੰਜ ਵਹਾ ਰਹੇ ਨੇ! ਇਸ ਨਾਲ ਕਿਸੇ ਦੀ ਮਦਦ ਕਰਦੇ ਤਾਂ ਭਲੇ ਦਾ ਕੰਮ ਹੋਣਾ ਸੀ। ਖੈਰ ਫਿਰ ਪਹਿਲੇ ਵਿਅਕਤੀ ਨੇ ਲਾਲਚ ਵਸ 5000 ਰੁਪਏ ਲਾ ਦਿੱਤੇ ਤੇ ਉਹ ਹਾਰ ਗਿਆ। ਮੈਂ ਵੀ ਉਸ ਖੇਲ ਨੂੰ ਦੇਖ ਕੇ ਹੈਰਾਨ ਜਿਹੀ ਸਾਂ। ਪੈਸੇ ਉਹ ਵਿਅਕਤੀ ਹਾਰ ਰਿਹਾ ਸੀ, ਪਰ ਦੁਖੀ ਮੈਂ ਹੋ ਰਹੀ ਸਾਂ। ਅਗਲੀ ਵਾਰ ਉਸ ਨੇ 3000 ਰੁਪਏ ਲਾਏ ਤੇ ਇਤਫਾਕਵਸ ਉਹ ਚੱਕਰੀ ਦੇਖਣ ਤੋਂ ਪਹਿਲਾਂ ਮੇਰੇ ਵੱਲ ਝਾਕ ਪਿਆ, ਕਿਉਂਕਿ ਮੈਂ ਕਾਰ ਦੀ ਪਹਿਲੀ ਸੀਟ 'ਤੇ ਬੈਠੀ ਸਾਂ ਤੇ ਤਾਕੀ ਵਿਚੋਂ ਦੀ ਮੈਨੂੰ ਸਪੱਸ਼ਟ ਦਿਸ ਰਿਹਾ ਸੀ ਕਿ ਲਾਲ ਚੱਕਰੀ ਕਿਸ ਪਾਸੇ ਹੈ। ਮੈਂ ਉਸ ਨੂੰ ਵਿਚ ਬੈਠੀ ਨੇ ਇਸ਼ਾਰੇ ਨਾਲ ਦੱਸਿਆ ਕਿ ਕਿਹੜੀ ਚੱਕਰੀ ਦੀ ਚੋਣ ਕਰੇ। ਸੋ ਮੇਰੇ ਕਹਿਣ 'ਤੇ ਜਿਸ ਚੱਕਰੀ ਦੀ ਉਸ ਨੇ ਚੋਣ ਕੀਤੀ, ਉਹ ਲਾਲ ਰੰਗ ਦੀ ਸੀ ਤੇ ਉਸ ਦੇ 3000 ਰੁਪਏ ਲਾਏ ਬਚ ਗਏ।

ਅਸੀਂ ਉਸ ਖੇਲ ਦਾ ਹਿੱਸਾ ਨਹੀਂ ਸਾਂ, ਪਤਾ ਨਹੀਂ ਉਨ੍ਹਾਂ ਦਾ ਉਹ ਖੇਲ ਕਦੋਂ ਤੱਕ ਚਲਦਾ ਰਿਹਾ ਹੋਵੇਗਾ। ਅਸੀਂ ਆਪਣੀ ਚਾਲੇ ਆਪਣੇ ਘਰ ਵੱਲ ਨੂੰ ਤੁਰ ਪਏ। ਇਹ ਸਭ ਦੇਖ ਕੇ ਮੈਂ ਇਸ ਬਾਰੇ ਸੋਚ ਰਹੀ ਸਾਂ ਕਿ ਜ਼ਿੰਦਗੀ ਵੀ ਇਕ ਖੇਲ ਹੀ ਹੈ। ਮੇਰੇ ਪਤੀ ਨੇ ਵਿਚੇ ਹੀ ਮੈਨੂੰ ਸਵਾਲ ਪੁੱਛਿਆ ਕਿ ਕੀ ਤੁਸੀਂ ਜਾਣਦੇ ਹੋ, ਇਸ ਖੇਲ 'ਚ ਖੇਲ ਦਾ ਕਲੰਦਰ (ਖੇਲ ਖਿਲਾਉਣ ਵਾਲਾ) ਹਮੇਸ਼ਾ ਹੀ ਫਾਇਦੇ ਵਿਚ ਰਹਿੰਦਾ ਹੈ, ਦੱਸੋ ਕਿਵੇ? ਮੈਂ ਸੋਚੀਂ ਪੈ ਗਈ। ਤਦੇ ਕਾਰ ਦੇ ਸਟੀਰੀਓ 'ਤੇ ਸ਼ਬਦ ਚੱਲ ਪਿਆ,

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥

## ਕਾਵਿ-ਕਿਆਰੀ

# ਸਾਡਾ ਤੁਰਗਨੇਵ-ਦਲਬੀਰ ਚੇਤਨ

ਮੈਂ ਬਾਪੂ ਦਲਬੀਰ ਚੇਤਨ ਨੂੰ ਮਿਲਿਆ ਨਹੀਂ
ਪਰ ਜਾਣਦਾ ਹਾਂ, ਜਾਣਦਾ ਵੀ ਐਨਾ ਹਾਂ
ਕਿ ਐਨਾ ਤਾਂ ਮੈਂ ਖੁਦ ਨੂੰ ਵੀ ਨਹੀਂ ਜਾਣਦਾ।

ਆਪਣੇ ਪਿਆਰਿਆਂ ਨੂੰ ਜਾਣਨ ਲਈ
ਗਲਵੱਕੜੀਆਂ, ਮਹਿਫਿਲਾਂ ਤੇ ਵਿਖਾਵਿਆਂ ਦੀ ਨਹੀਂ
ਸਗੋਂ ਸਮਝਣ ਦੀ ਲੋੜ ਹੁੰਦੀ
ਤੇ ਬਾਪੂ ਦੇ ਅੱਖਰ ਮੈਨੂੰ ਸਮਝਾ ਜਾਂਦੇ ਨੇ
ਰਿਸ਼ਤੇ ਲਹੂ ਦੇ ਨਹੀਂ, ਮੋਹ ਦੇ ਹੁੰਦੇ
ਜਿਨ੍ਹਾਂ ਵਿਚ ਮਿਲਣ ਦੀ ਤਾਂਗ
ਤੇ ਨਾ ਮਿਲਣ ਦੇ ਰੋਸੇ ਵੀ ਸੁਮਾਰ ਹੁੰਦੇ।

ਉਸ ਨੇ ਜ਼ਿੰਦਗੀ ਦੀ ਹਰ ਬਾਜ਼ੀ
ਪੱਤੇ ਲਕੋ ਕੇ ਨਹੀਂ, ਸਗੋਂ ਪੱਤੇ ਵਿਖਾ ਕੇ ਖੇਡੀ
ਕਦੇ ਜਿੱਤ ਹੋਈ, ਕਦੇ ਹਾਰ ਹੋਈ
ਪਰ...ਨਮੋਸ਼ੀ ਕਦੇ ਨਹੀਂ ਹੋਈ।

ਉਸ ਦੀ ਮਿੱਤਰਤਾ ਦਾ ਦਾਇਰਾ
ਹਿਮਾਲਿਆ ਤੋਂ ਕੰਨਿਆ ਕੁਮਾਰੀ
ਤੱਕ ਫੈਲਿਆ ਹੋਇਆ...
ਦੋਸਤੀ ਦੇ ਵਹੀ ਖਾਤੇ ਵਿਚੋਂ ਉਸ ਨੇ
ਮੰਗਣਾਂ ਜਾਂ ਲੈਣਾ ਨਹੀਂ ਸਿੱਖਿਆ
ਸਿਰਫ ਤੇ ਸਿਰਫ ਦੇਣਾ ਹੀ ਸਿੱਖਿਆ।

ਉਸ ਦੇ ਘਰ ਦੇ ਅਤੇ ਦਿਲ ਦੇ ਬੂਹੇ
ਉੱਚੇ ਬੁਰਜ ਲਹੌਰ ਨਾਲੋਂ ਵੀ ਉੱਚੇ
ਪਰ ਉਸ ਨੇ ਕਦੇ ਵੀ ਊਠਾਂ ਵਾਲਿਆਂ ਨਾਲ
ਯਾਰੀਆਂ ਨਹੀਂ ਲਾਈਆਂ
ਇਸ ਗੱਲ ਦੇ ਗਵਾਹ ਹਨ:
ਤਾਂਗੇ ਵਾਲਾ ਬਲੌਰਾ, ਪ੍ਰੇਮ ਗੋਰਖੀ
ਕਿਰਪਾਲ ਕਜ਼ਾਕ, ਭੀਮ ਸੇਨ, ਸੁਰਿੰਦਰ ਸ਼ਰਮਾ
ਪਰਮਿੰਦਰਜੀਤ, ਬੀਬਾ ਬਲਵੰਤ, ਜਸਬੀਰ ਭੁੱਲਰ ਆਦਿ।

ਮੈਂ ਜਦ ਵੀ ਉਸ ਦੀ ਤਸਵੀਰ ਵੇਖਦਾਂ
ਉਸ ਦੇ ਮੱਥੇ ਵਿਚ ਦੋ ਦੀਵੇ ਜਗਦੇ
ਉਹ ਦੀਵੇ ਕਿੰਨਾ ਕੁ ਮਘਦੇ
ਇਹ ਤਾਂ ਉਸ ਦੀ ਅਧਿਆਪਕਾ
'ਇੰਦਰਜੀਤ' ਅਤੇ ਚਾਚਾ ਹੀ ਜਾਣਦੇ।

ਉਹ ਇਕ ਥਾਂ ਜ਼ਕਰ ਕਰਦਾ
ਮੇਰੇ ਅੰਦਰ ਦੋ ਗੱਲਾਂ ਖੌਰੂ ਪਾਉਂਦੀਆਂ
ਨਾਨਕੇ ਪਿੰਡ ਕੰਧ 'ਤੇ ਲੱਗੀ ਭਗਤ ਸਿੰਘ ਦੀ ਤਸਵੀਰ
ਦਾਦਕੇ ਪਿੰਡ ਟੰਗੀ ਜਾਰਜ ਪੰਚਮ ਦੀ ਤਸਵੀਰ
ਆਖਰ ਵਿਚ ਉਸ ਭਗਤ ਸਿੰਘ ਨੂੰ ਚੁਣਿਆ...
ਤਦੇ ਤਾਂ ਜਾਰਜ ਪੰਚਮ ਵੱਲੋਂ ਦਾਦੇ ਨੂੰ ਮਿਲੀ ਅੰਗੂਠੀ
ਉਸ ਨੇ ਸੀਮਿੰਟ ਦੀ ਕੰਧ 'ਤੇ ਘਸਾ ਕੇ
ਉਸ ਦੀ ਫੋਟੋ ਪੂਰੀ ਤਰ੍ਹਾਂ ਮਿਟਾ ਕੇ
ਪਿੰਡ ਦੇ ਛੱਪੜ ਵਿਚ ਵਗਾਹ ਮਾਰੀ
ਤੇ ਇੰਜ ਉਹ ਗੁਲਾਮੀ ਦੇ ਭਾਰ ਤੋਂ ਮੁਕਤ ਹੋਇਆ...।

ਸਾਹਿਤ ਦੀ ਚੇਟਕ ਕਰਕੇ ਉਹ ਦਲਬੀਰ ਤੋਂ
'ਦਾਦੀ ਵਾਲਾ' 'ਚ ਵਟਦਾ
ਕਦੇ ਉਹ ਦਲਬੀਰ 'ਦੀਪਕ' ਬਣ ਕੇ
'ਲੋਅ' ਪਰਚੇ ਵਿਚ ਛਪਦਾ
ਕਦੇ ਦਲਬੀਰ 'ਚੇਤਨ' ਬਣ ਕੇ
'ਨਾਗਮਣੀ' ਵਿਚ ਸੰਦਲੀ ਪੈੜਾਂ ਧਰਦਾ
ਸ਼ਾਇਦ ਇਸ ਲਈ ਹੀ 'ਨਾਗਮਣੀ' ਦਾ
ਹਰ ਪਾਠਕ ਅੱਜ ਵੀ ਉਸ ਦਾ
ਜ਼ਿਕਰ ਬਹੁਤ ਅਦਬ ਨਾਲ ਕਰਦਾ।

ਉਸ ਦੀਆਂ ਕਹਾਣੀਆਂ ਵਿਚ ਐਨੀ ਕਵਿਕਤਾ
ਐਨੀ ਰਵਾਨਗੀ...
ਹਰ ਸ਼ਬਦ... ਸੁਰ 'ਚ, ਲੈਅ 'ਚ,
ਤਾਲ 'ਚ, ਰਿਦਮ 'ਚ,
ਮੈਂ ਕਈ ਵਾਰ ਸੋਚਦਾਂ...
ਲਗਦਾ ਬਾਪੂ ਬਚਪਨ ਤੋਂ ਹੀ ਸੁਰਿੰਦਰ ਕੌਰ ਨੂੰ
ਰੱਜ ਰੱਜ ਕੇ ਸੁਣਦਾ ਅਤੇ ਗਾਉਂਦਾ ਰਿਹਾ।

ਹੁਣ ਉਸ ਦੀਆਂ ਕਹਾਣੀਆਂ ਦੇ ਪਾਤਰ
ਰੋਜ ਹੀ ਮੇਰੇ ਨਾਲ ਸੰਵਾਦ ਕਰਦੇ, ਜਿਨ੍ਹਾਂ ਵਿਚ
'ਰਿਸ਼ਤਿਆਂ ਦੇ ਆਰ ਪਾਰ' ਵਾਲਾ-ਚਾਚਾ
'ਖਾਰੇ ਬੱਦਲ ਵਾਲਾ' ਵਾਲਾ-ਤਨਵੀਰ
'ਬੇੜੀਆਂ ਦੇ ਪੁਲ ਵਾਲਾ'-ਸੇਮਾ ਤੇ ਜੀਉਣਾ
'ਪਾਲਕ ਦਾ ਬੂਟਾ' ਵਾਲਾ-'ਮਾਸਟਰ'
'ਪਰਿਕਰਮਾ' ਵਾਲਾ-'ਰਵੀ'
ਅਤੇ 'ਲਾਕਰ' ਵਾਲੀ 'ਸਾਬਣੀ'

ਇਹ ਪਾਤਰ ਮੈਨੂੰ ਜ਼ਿੰਦਗੀ ਦੇ
ਬੜੇ ਰੰਗਾਂ ਨਾਲ ਮਿਲਾਉਂਦੇ...
ਜ਼ਿੰਦਗੀ ਜੀਣ ਦੇ ਗੁਰ ਸਮਝਾਉਂਦੇ
'ਰਿਸ਼ਤਿਆਂ ਦੇ ਆਰ ਪਾਰ'
ਜੁਰਅਤ ਨਾਲ ਪਰਿਕਰਮਾ
ਕਰਨ ਵਾਲੇ ਇਹ ਪਾਤਰ
ਰੱਜ ਰੱਜ ਕੇ ਮੁਹੱਬਤ ਕਰਦੇ
ਮੁਹੱਬਤ ਨਾਲ ਲਟ ਲਟ ਬਲਦੇ
ਫਿਰ ਧੀਮੀ ਜਿਹੀ ਸੁਰ 'ਚ ਆਖਣ ਲੱਗਦੇ:
"ਆ ਕਿ ਕੁਝ ਨਾਂ ਰੱਖੀਏ,
ਪਿਆਰ ਜਿਹੇ ਰਿਸ਼ਤੇ ਦਾ ਨਾਂ,
ਆ ਕਿ ਸਭ ਕੁਝ ਕਰ ਦੇਈਏ
ਪਿਆਰ ਜਿਹੇ ਰਿਸ਼ਤੇ ਦੇ ਨਾਂ।"

ਉਹਦੀਆਂ ਇਬਾਰਤਾਂ ਉਹਦੇ ਤਕੀਆ ਕਲਾਮ



ਰਮਜ਼ਾਂ ਨਾਲ ਹੀ ਸਮਝਾ ਜਾਂਦੇ
ਜ਼ਿੰਦਗੀ ਦੇ ਹਨੇਰ ਨੂੰ ਜੁਗਨੂੰ ਬਣ ਕੇ ਰੁਸ਼ਨਾ ਜਾਂਦੇ
ਕਈ ਵਾਰ ਬਾਪੂ ਬਾਹੋਂ
ਫੜ ਕੇ ਹਲੂਣ ਜਾਂਦਾ, ਤੇ ਕਹਿੰਦਾ,
"ਤਨਵੀਰ, ਪੁੱਤਰਾ ਬੰਦਾ ਵੀ ਬੜੀ ਕੁੱਤੀ ਚੀਜ਼ ਹੈ'
ਆਪਣੀ ਆਈ 'ਤੇ ਆ ਜਾਵੇ ਤਾਂ
ਰੱਬ ਨੂੰ ਵੀ ਵਾਹਣ 'ਚ ਲੰਮਾ ਹੈ ਪਾ ਸਕਦਾ।"

ਉਸ ਦੀ ਕਿਤਾਬ 'ਮਹਿੰਦੀ ਬਜ਼ਾਰ' ਨੇ
ਦਿੱਲੀ ਦੇ ਦਿਲ 'ਤੇ ਰੱਜ ਕੇ ਰਾਜ ਕੀਤਾ
ਹੋਰ ਤਾਂ ਹੋਰ ਦਿੱਲੀ ਦੀ 'ਕਥਾ ਸੰਸਥਾ' ਨੇ
ਸਾਊਥ-ਈਸਟ ਏਸ਼ੀਆ ਦੇ ਸੱਤ ਮੁਲਕਾਂ 'ਚੋਂ
'ਮਹਿੰਦੀ ਬਜ਼ਾਰ' ਕਹਾਣੀ ਨੂੰ ਚੁਣਿਆ...ਪਰ
ਉਸ ਦੀ ਸਿਰਜਣਾ ਦਾ ਕੱਦ...
ਇਸ ਤੋਂ ਵੀ ਕਿਤੇ ਸਿਰ ਕੱਢਵਾਂ ਹੈ।

ਇਲਬਾਨੀਆ ਨੂੰ 'ਇਸਮਾਇਲ ਕਾਦਰੇ' 'ਤੇ ਮਾਣ ਹੈ
ਫਰਾਂਸ ਵਾਲਿਆਂ ਨੂੰ 'ਬਾਲਜਾਕ' 'ਤੇ ਮਾਣ ਹੈ
ਯੂਨਾਨੀਆਂ ਨੂੰ 'ਕਜ਼ਾਨਜਾਕਸ' 'ਤੇ ਮਾਣ ਹੈ
ਰੂਸੀਆਂ ਨੂੰ 'ਤੁਰਗਨੇਵ' 'ਤੇ ਮਾਣ ਹੈ
ਸਾਨੂੰ ਪੰਜਾਬੀਆਂ ਨੂੰ 'ਦਲਬੀਰ ਚੇਤਨ' 'ਤੇ ਮਾਣ ਹੈ।

ਕਈ ਵਾਰ ਸੋਚਦਾਂ
ਉਹਦੀ ਜਨਮ ਭੂਮੀ ਤੇ ਕਰਮ ਭੂਮੀ 'ਚ
ਇਕ ਵਾਰ ਗੇੜਾ ਮਾਰ ਆਵਾਂ
ਉਹਦੇ 'ਵਗਦੇ ਪਾਣੀਆਂ' 'ਚ ਗੋਤੇ ਖਾ ਆਵਾਂ
ਉਹਦੇ ਵੀਰਾਨ ਹੋਏ ਘਰ ਵਿਚ
ਫਿਰ ਦੀਵੇ ਜਗਾ ਆਵਾਂ...।

ਪਰ ਬਾਪੂ ਰੋਕ ਲੈਂਦਾ ਤੇ ਬਾਹੋਂ ਫੜ ਮੈਨੂੰ ਕਹਿੰਦਾ ਹੈ,
'ਕੁਕਲਿਆ' ਮੈਂ ਕਿਤੇ ਨਹੀਂ ਗਿਆ
ਮੈਂ ਤਾਂ ਤੇਰੇ ਕੋਲ ਹਾਂ ਕਮਲਿਆ
ਰੂਹਾਂ ਦੇ ਰਿਸ਼ਤੇ ਨਾ ਕਦੇ ਵਿਛੜਦੇ
ਤੇ ਨਾ ਹੀ ਕਦੇ ਦਫਨ ਹੁੰਦੇ।

ਮੈਂ ਉਹਦੇ ਅੱਖਰਾਂ ਦੇ ਵਾ-ਵਰੋਲੇ' ਚ ਘਿਰ ਜਾਂਦਾ ਹਾਂ
ਤੇ ਉਨ੍ਹਾਂ ਅੱਖਰਾਂ ਰਾਹੀਂ
ਉੱਠਦਾ ਬਹਿੰਦਾ ਵਾਰ ਵਾਰ ਕਹਿੰਦਾ
ਹੁਣ ਮੈਂ ਉਸ ਮੋਹਵੰਤੇ ਨੂੰ ਰੋਜ਼ ਮਿਲਦਾ ਹਾਂ
ਉਸ ਜੀਣ ਜੋਗੇ ਨੂੰ ਜਾਣਦਾ ਹਾਂ,
ਉਹਦੀ ਪੋਚਵੀ ਪੱਗ ਨੂੰ ਪਹਿਚਾਣਦਾ ਹਾਂ
ਤੇ ਬਹੁਤ ਦੂਰ ਤੋਂ
ਉਸ ਮਹੁੱਬਤੀ ਲੋਅ ਨੂੰ ਸਿਆਣਦਾ ਹਾਂ
ਫਿਰ ਖੁਦ ਨੂੰ ਇੰਜ ਆਖਦਾਂ...

ਕਿਵੇਂ ਮਿਲਦੀ ਹਵਾ ਰੁੱਖਾਂ ਨੂੰ ਹੁਣ ਮੈਂ ਵੇਖ ਲੈਂਦਾ ਹਾਂ,
ਅਸਰ ਤੇਰੀ ਮੁਹੱਬਤ ਦਾ ਕੋਈ ਵੀ ਦੋਸ਼ ਨਾ ਮੇਰਾ।

*-ਅਜੇ ਤਨਵੀਰ*

# ਸਾਉਣ ਦਾ ਮਹੀਨਾ

ਉੱਠਦੀ ਭਾਫ ਸਮੁੰਦਰੋਂ, ਚੁੱਕ ਪਹਾੜ ਚੜ੍ਹਾਵੇ
ਟੱਕਰ ਖਾ ਕੇ ਚੋਟੀਆਂ, ਇਉਂ ਗੁੱਸੇ 'ਚ ਆਵੇ।
ਮਾਰ ਕੇ ਫਿਰ ਉਛਾਲ, ਬੱਦਲ ਉੱਤੇ ਉੱਠ ਜਾਵੇ
ਲੂਆਂ ਲੂਹੀ ਧਰਤ 'ਤੇ, ਬਣ ਰਹਿਮਤ ਬਰਸਾਵੇ।

ਆਵੇ ਮਹੀਨਾ ਸਾਉਣ, ਕਾਲੀ ਘਟਾ ਆ ਛਾਵੇ
ਕਰਕੇ ਹਨੇਰਾ ਚੁਫੇਰੇ, ਫਿਰ ਛਹਿਬਰ ਲਾਵੇ।
ਪੈਣ ਫੁਹਾਰੇ ਅਰਸ਼ ਤੋਂ, ਸਾਰੇ ਠੰਡ ਵਰਤਾਵੇ
ਲੈ ਅੰਗੜਾਈ ਕੁਦਰਤ, ਹਰੀ-ਭਰੀ ਹੋ ਜਾਵੇ।

ਬਾਗੀਂ ਕੋਇਲ ਕੂਕਦੀ, ਮੋਰ ਵਜਦ 'ਚ ਆਵੇ
ਨੱਚਦਾ ਅੱਗੇ ਮੋਰਨੀ, ਉਹਨੂੰ ਮੋਹਣਾ ਚਾਹਵੇ।
ਕਿਧਰੇ ਪਪੀਹੇ ਬੋਲਦੇ, ਧਮਕ ਗਿੱਧੇ ਦੀ ਪਾਵੇ
ਨਚਾਰ ਦੀ ਉੱਠੇ ਅੱਡੀ, ਗਿੱਧਾ ਪਿੰਡ ਵੜ ਜਾਵੇ।

ਜੇ ਬੱਦਲ ਫੱਟ'ਜੇ ਅੰਬਰੀਂ, ਹੜ੍ਹ ਕਹਿਰ ਮਚਾਵੇ
ਭਰ ਕੇ ਨਦੀਆਂ ਨਾਲੇ, ਤਾਂਡਵ ਨਾਚ ਨਚਾਵੇ।
ਡੋਬੇ ਝੌਂਪੜ੍ਹ ਝੁੱਗੀਆਂ, ਬੰਦੇ ਸਣੇ ਸਮਾਨ ਹੜ੍ਹਾਵੇ
ਪਾ ਕੇ ਵਿਚ ਮੁਸੀਬਤਾਂ, ਉਨ੍ਹਾਂ ਤੋਂ ਭੀਖ ਮੰਗਾਵੇ।

ਕਾਡੇ, ਕੀੜੇ, ਸਪੋਲੀਏ, ਵੱਢ ਵੱਢ ਮੱਛਰ ਖਾਵੇ
ਉੜਾਟ ਪਾਏ ਡੱਡੂਆਂ, ਬੀਂਡਾ ਰਲ ਟੀਂ ਟੀਂ ਲਾਵੇ।
ਪਸ਼ੂਆਂ ਪਾਇਆ ਖੌਰੂ, ਖਿੱਚ ਕੇ ਕਿੱਲਾ ਪੁਟਾਵੇ
ਕਦੇ ਅੱਕੇ ਬੰਦਾ ਮੀਂਹ ਤੋਂ, ਜੀਅ ਕਾਹਲਾ ਪਾਵੇ।

ਸਾਵਣ ਕਿਸੇ ਨੂੰ ਤਾਰਦਾ, ਕਿਸੇ ਨੂੰ ਮਾਰੀ ਜਾਵੇ
ਗੜ ਗੜ ਹੈ ਗੜ੍ਹਕਦਾ, ਲਿਸ਼ਕਾਰੇ ਮਾਰ ਡਰਾਵੇ।
ਦਿਲ ਗਰੀਬ ਦਾ ਕੰਬਦਾ, ਕੋਈ ਜਸ਼ਨ ਮਨਾਵੇ
ਰਿੱਝੇ ਖੀਰ ਪੱਕਣ ਪੂੜੇ, ਕਿਸੇ ਦੀ ਰੂਹ ਤਰਸਾਵੇ।

*-ਸੇਵਾ ਸਿੰਘ ਨੂਰਪੁਰੀ*


# ਦਿਹਾਤੀ ਜ਼ਿੰਦਗੀ ਦੀ ਸੂਖਮ ਤਸਵੀਰ 'ਸਟਿੱਲ ਲਾਈਫ'

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

*ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਰਾਨ ਦੇ ਸੰਸਾਰ ਪ੍ਰਸਿੱਧ ਫਿਲਮਸਾਜ਼ ਸੋਹਰਾਬ ਸ਼ਾਹਿਦ ਸਲੇਸ ਦੀ ਫਿਲਮ 'ਸਟਿੱਲ ਲਾਈਫ' ਬਾਬਤ ਚਰਚਾ ਕੀਤੀ ਗਈ ਹੈ। ਇਸ ਫਿਲਮ ਅੰਦਰ ਜਿਸ ਤਰ੍ਹਾਂ ਧੜਕਦੀ ਜ਼ਿੰਦਗੀ ਦੀ ਬਾਤ ਪਾਈ ਪਾਈ ਗਈ ਹੈ, ਉਹ ਆਪਣੀ ਮਿਸਾਲ ਆਪ ਹੈ।*
*-ਸੰਪਾਦਕ*





*ਫਿਲਮ 'ਸਟਿੱਲ ਲਾਈਫ' ਦਾ ਫਿਲਮਸਾਜ਼ ਸੋਹਰਾਬ ਸ਼ਾਹਿਦ ਸਲੇਸ ਅਤੇ (ਸੱਜੇ) ਫਿਲਮ ਦਾ ਇਕ ਦ੍ਰਿਸ਼*

ਕਲਪਨਾ ਕਰੋ ਕਿ ਤੁਸੀਂ ਆਪਣੀ ਜ਼ਿੰਦਗੀ ਦੇ ਸਭ ਤੋਂ ਕੀਮਤੀ ਵਰ੍ਹੇ, ਲੱਗਭੱਗ ਪੈਂਤੀ ਸਾਲ ਆਪਣੇ ਮੁਲਕ ਦੇ ਕਿਸੇ ਦੂਰ-ਦੁਰਾਡੇ ਪਿੰਡ ਵਿਚ ਪੈਂਦੇ ਰੇਲਵੇ ਪਲੇਟਫਾਰਮ ਦਾ ਫਾਟਕ ਖੋਲ੍ਹਣ ਅਤੇ ਬੰਦ ਕਰਨ 'ਤੇ ਖਰਚ ਕਰ ਦਿੰਦੇ ਹੋ। ਤੁਸੀਂ ਇਸ ਕਾਰਜ ਨੂੰ ਇੰਨੀ ਲਗਾਤਾਰਤਾ, ਪਵਿੱਤਰਤਾ ਅਤੇ ਮਾਸੂਮੀਅਤ ਨਾਲ ਕਰਦੇ ਰਹਿੰਦੇ ਹੋ ਕਿ ਅੰਤ ਤੁਸੀਂ ਇਸ ਸਾਰੀ ਕਾਰਵਾਈ ਦਾ ਹੀ ਹਿੱਸਾ ਭਾਸਣ ਲੱਗ ਜਾਂਦੇ ਹੋ। ਤੁਸੀਂ ਆਪਣੀ ਨੌਕਰੀ ਨਾਲ ਨੌਕਰੀ ਹੀ ਹੋ ਜਾਂਦੇ ਹੋ। ਨੌਕਰੀ ਤੁਹਾਡਾ ਜਾਗਣਾ, ਸੌਣਾ, ਖਾਣਾ-ਪੀਣਾ, ਸੋਚਣਾ, ਮਿਲਣਾ-ਵਿਛੜਨਾ, ਖੁਸ਼ੀਆਂ ਤੇ ਉਦਾਸੀਆਂ, ਸਭ ਤੇ ਅਸਰ-ਅੰਦਾਜ਼ ਹੋਣ ਲੱਗਦੀ ਹੈ। ਇਨ੍ਹਾਂ ਸਾਲਾਂ ਦੌਰਾਨ ਤੁਹਾਡੀ ਜਵਾਨੀ, ਬੁਢਾਪੇ ਵਿਚ ਢਲ ਜਾਂਦੀ ਹੈ। ਤੁਹਾਡੀ ਦੂਰ ਦੀ ਨਿਗ੍ਹਾ ਕਮਜ਼ੋਰ ਹੋ ਜਾਂਦੀ ਹੈ। ਤੁਸੀਂ ਹਰ ਤਰ੍ਹਾਂ ਦੀ ਆਫਤ ਅਤੇ ਬਿਮਾਰੀ ਨੂੰ ਪਿੰਡੇ 'ਤੇ ਹੰਢਾ ਚੁਕੇ ਹੋ। ਰੁੱਤਾਂ ਬਦਲਦੀਆਂ ਹਨ। ਗਰਮੀ ਦੇ ਲੂਹੇ ਦਰੱਖਤ ਬਹਾਰਾਂ ਵਿਚ ਫੁੱਲਾਂ ਨਾਲ ਲੱਦ ਜਾਂਦੇ ਹਨ। ਪਿੰਡੇ ਨੂੰ ਸਾੜਦੀਆਂ ਧੁੱਪਾਂ ਬਰਫੀਲੀਆਂ ਰਾਤਾਂ ਵਿਚ ਬਦਲ ਚੁੱਕੀਆਂ ਹਨ। ਆਸ-ਪਾਸ ਦੇ ਘਰਾਂ ਦੇ ਜਵਾਕਾਂ ਦੇ ਵਿਆਹ ਹੋ ਜਾਂਦੇ ਹਨ। ਪਿੰਡ ਦੇ ਉਹ ਬਜ਼ੁਰਗ ਜਿਨ੍ਹਾਂ ਤੋਂ ਤੁਸੀਂ ਬਚਪਨ ਵਿਚ ਬਾਤਾਂ ਸੁਣੀਆਂ ਸਨ, ਉਹ ਇੱਕ-ਇੱਕ ਕਰ ਰੁਖਸਤ ਹੋ ਰਹੇ ਹਨ। ਪਿੰਡ ਵਿਚ ਜ਼ਿੰਦਗੀ ਅਤੇ ਮੌਤ ਨਾਲ ਜੁੜੀਆਂ ਰਸਮਾਂ ਅਤੇ ਰੀਤਾਂ ਦਾ ਪ੍ਰਵਾਹ ਨਿਰੰਤਰ ਵਗ ਰਿਹਾ ਹੈ।

ਤੁਸੀਂ ਇਸ ਸਭ ਵਿਚ ਸ਼ਾਮਿਲ ਹੋ ਪਰ ਤੁਹਾਡਾ ਦਿਲ ਰੇਲਵੇ ਫਾਟਕ ਦੇ ਆਸ-ਪਾਸ ਹੀ ਭਟਕਦਾ ਰਹਿੰਦਾ ਹੈ। ਇੰਨੇ ਸਾਲਾਂ ਦੀ ਇਸ ਮੁਸ਼ੱਕਤ ਨੇ ਜਿਵੇਂ ਤੁਹਾਡੇ ਕੋਲੋਂ ਜ਼ਿੰਦਗੀ ਨੂੰ ਇਸ ਨਿਰੰਤਰ ਅਤੇ ਗੈਰ-ਉਪਜਾਊ ਰੁਟੀਨ ਤੋਂ ਬਿਨਾ ਆਪਣੇ ਆਪ ਨੂੰ ਤਸੱਵਰ ਕਰਨ ਦਾ ਵਲ ਖੋਹ ਲਿਆ। ਤੁਸੀਂ ਇਸੇ ਨੂੰ ਆਪਣਾ ਸਭ ਤੋਂ ਪਿਆਰਾ ਸੁਪਨਾ ਅਤੇ ਸਭ ਤੋਂ ਵੱਡੀ ਖਾਹਿਸ਼ ਮੰਨ ਕੇ ਹੋਣੀ ਦਾ ਭਾਣਾ ਮੰਨ ਲੈਂਦੇ ਹੋ। ਤੁਸੀਂ ਇਸੇ ਵਿਚ ਖੁਸ਼ ਹੋ, ਇਸੇ ਨੂੰ ਨਿਭਾਉਂਦੇ ਹੋਏ ਆਪਣੇ ਅੰਤਿਮ ਸਫਰ 'ਤੇ ਨਿਕਲਣਾ ਚਾਹੁੰਦੇ ਹੋ ਕਿ ਅਚਾਨਕ ਅਨੋਖੀ ਘਟਨਾ ਵਾਪਰਦੀ ਹੈ। ਤੁਹਾਡੇ ਕੋਲੋਂ ਅਚਾਨਕ ਅਸਤੀਫਾ ਮੰਗ ਲਿਆ ਜਾਂਦਾ ਹੈ। ਇਸ ਦਾ ਕੋਈ ਕਾਰਨ ਨਹੀਂ ਦੱਸਿਆ ਜਾਂਦਾ। ਇਸ ਬਾਰੇ ਵਿਭਾਗ ਕੋਈ ਗੱਲ ਜਾਂ ਸ਼ਿਕਾਇਤ ਸੁਣਨ ਲਈ ਤਿਆਰ ਨਹੀਂ। ਵਿਭਾਗ ਨੂੰ ਇਸ ਫਾਟਕ 'ਤੇ ਕੰਮ ਕਰਨ ਲਈ ਹੁਣ ਕਿਸੇ ਨੌਜਵਾਨ ਦੀ ਜ਼ਰੂਰਤ ਹੈ।

ਸੋਹਰਾਬ ਸ਼ਾਹਿਦ ਦੀ ਫਿਲਮ 'ਸਟਿੱਲ ਲਾਈਫ' ਕੈਮਰੇ ਨਾਲ ਸਿਰਜਿਆ ਬਹੁਤ ਸਾਰੀਆਂ ਪੇਂਟਿੰਗਾਂ ਦਾ ਸਮੂਹ ਹੈ ਜਿਸ ਦੀ ਖਾਸੀਅਤ ਇਹ ਹੈ ਕਿ ਇਸ ਦਾ ਹਰ ਦ੍ਰਿਸ਼ ਜੀਵੰਤ ਚਿੱਤਰ ਹੋਣ ਦੇ ਬਾਵਜੂਦ ਇੱਕ ਖਾਸ ਕਿਸਮ ਦੇ ਸੁਹਜ ਅਤੇ ਉਦਾਸੀ ਨਾਲ ਭਰਿਆ ਹੋਇਆ ਹੈ। ਇਸ ਫਿਲਮ ਵਿਚ ਮੁਹੰਮਦ ਸਰਦਾਰੀ (ਜ਼ਦੂਰ ਬਨਿਆਦੀ) ਰੇਲਵੇ ਫਾਟਕ ਮੁਲਾਜ਼ਮ ਹੈ ਅਤੇ ਸਾਲਾਨਾ ਬੋਨਸ ਦੀ ਉਡੀਕ ਕਰ ਰਿਹਾ ਹੈ। ਉਹਦੇ ਜ਼ਿੰਮੇ ਇਸ ਫਾਟਕ ਦੀ ਸਾਂਭ-ਸੰਭਾਲ ਦਾ ਕੰਮ ਹੈ ਅਤੇ ਉਸ ਦੀ ਪਤਨੀ (ਜ਼ੋਹਰਾ ਯਦਿਆਨੀ) ਘਰੇ ਹੀ ਕਾਲੀਨ ਬੁਣਨ ਦਾ ਕੰਮ ਕਰਕੇ ਆਪਣੀ ਗੁਜ਼ਰ-ਬਸਰ ਕਰਦੀ ਹੈ। ਉਨ੍ਹਾਂ ਦਾ ਮੁੰਡਾ ਫੌਜ ਵਿਚ ਭਰਤੀ ਹੋ ਚੁੱਕਾ ਹੈ ਅਤੇ ਕਦੇ-ਕਦੇ ਘਰ ਰਾਤ ਕੱਟਣ ਲਈ ਪਰਤਦਾ ਹੈ। ਸਾਰੀ ਫਿਲਮ ਉਨ੍ਹਾਂ ਦੀ ਰੋਜ਼ਾਨਾ ਗਤੀਵਿਧੀ ਦੇ ਆਸ-ਪਾਸ ਘੁੰਮਦੀ ਹੈ। ਉਨ੍ਹਾਂ ਦੇ ਦਿਹਾਤੀ ਅਤੇ ਘੱਟ-ਪੜ੍ਹੇ ਹੋਣ ਦਾ ਫਾਇਦਾ ਚੁੱਕਦਿਆਂ ਵਪਾਰੀ ਉਨ੍ਹਾਂ ਦੇ ਬਣਾਏ ਕਾਲੀਨ ਬਹੁਤ ਘੱਟ ਰੇਟਾਂ 'ਤੇ ਖਰੀਦ ਕੇ ਉਨ੍ਹਾਂ ਨਾਲ ਠੱਗੀ ਮਾਰਦੇ ਰਹਿੰਦੇ ਹਨ।

ਇਨ੍ਹਾਂ ਹੀ ਦਿਨਾਂ ਵਿਚ ਸਰਦਾਰੀ ਨੂੰ ਰੇਲਵੇ ਵਿਭਾਗ ਦਾ ਗੁਪਤ ਪੱਤਰ ਮਿਲਦਾ ਹੈ ਜਿਸ ਵਿਚ ਉਸ ਨੂੰ ਆਪਣੀ ਰਿਟਾਇਰਮੈਂਟ ਦੀ ਖਬਰ ਮਿਲਦੀ ਹੈ। ਉਹ ਡੌਰ-ਭੌਰ ਹੋ ਜਾਂਦਾ ਹੈ। ਉਸ ਨੇ ਕਦੇ ਸੁਪਨੇ ਵਿਚ ਵੀ ਕਿਆਸ ਨਹੀਂ ਕੀਤਾ ਹੁੰਦਾ ਕਿ ਕਿਸੇ ਦਿਨ ਰੇਲਵੇ ਦਾ ਇਹ ਫਾਟਕ ਕੋਈ ਹੋਰ ਖੋਲ੍ਹ ਸਕਦਾ ਹੈ। ਫਿਲਮ ਵਿਚ ਸੰਵਾਦ ਬਹੁਤ ਘੱਟ ਹਨ, ਆਵਾਜ਼ਾਂ ਨਾ-ਮਾਤਰ ਹਨ ਅਤੇ ਪੂਰੀ ਫਿਲਮ ਕਿਰਦਾਰਾਂ ਦੇ ਕੰਮ ਵਿਚ ਲੱਗੇ ਸਰੀਰਾਂ ਦੀ ਨਿਰੰਤਰਤਾ ਨੂੰ ਕੈਮਰੇ ਰਾਹੀਂ ਲੰਮੀ ਕਵਿਤਾ ਵਿਚ ਬਦਲ ਦਿੰਦੀ ਹੈ। ਸਾਰੀ ਫਿਲਮ ਲੰਮੇ ਅਤੇ ਮਾਧਿਅਮ ਸ਼ਾਟਸ ਵਿਚ ਫਿਲਮਾਈ ਗਈ ਹੈ। ਇਸ ਫਿਲਮ ਦੀ ਖੂਬਸੂਰਤੀ ਇਸ ਤੱਥ ਵਿਚ ਪਈ ਹੈ ਕਿ ਇਹ 'ਸਮੇਂ' ਨੂੰ ਕਿਵੇਂ ਵਰਤਦੀ ਹੈ। ਫਿਲਮਸਾਜ਼ ਇਸ ਧਾਰਨਾ 'ਤੇ ਬਲ ਦਿੰਦਾ ਹੈ ਕਿ ਜਦ ਸਾਰਾ ਕੁਝ ਹੀ ਕਿਸੇ ਚੱਕਰਕਾਰ ਵਰਤਾਰੇ ਵਿਚ ਵਾਪਰ ਰਿਹਾ ਹੈ ਤਾਂ ਸਮਾਂ ਸਿੱਧੀ ਰੇਖਾ ਵਿਚ ਕਿਵੇਂ ਤੁਰ ਸਕਦਾ ਹੈ? ਉਸ ਨੂੰ ਵੀ ਮੁੜ-ਘਿੜ ਕੇ ਘਟਨਾਵਾਂ ਦੇ 'ਹੋਣ' ਦੇ ਕਾਰਨਾਂ ਅਤੇ ਉਨ੍ਹਾਂ ਦੇ ਨਤੀਜਿਆਂ 'ਤੇ ਵਾਪਸ ਪਰਤਣਾ ਪੈਂਦਾ ਹੈ।

ਇਸ ਨੂੰ ਇੰਝ ਸਮਝਿਆ ਜਾ ਸਕਦਾ ਹੈ ਕਿ ਮੰਨ ਲਵੋ ਤੁਸੀਂ ਇੱਕ ਨੰਨ੍ਹੇ ਬੀਜ ਨੂੰ ਧਰਤੀ ਵਿਚ ਬੀਜਦੇ ਹੋ, ਪੁੰਗਰਨ ਤੋਂ ਬਾਅਦ ਉਹ ਪੂਰਾ ਦਰੱਖਤ ਬਣਦਾ ਹੈ, ਉਸ ਨੂੰ ਫੁੱਲ ਲੱਗਦੇ ਹਨ, ਫਲ ਲੱਗਦੇ ਹਨ, ਉਸ ਦੇ ਫਲਾਂ ਵਿਚ ਫਿਰ ਉਹ ਬੀਜ ਭਰ ਜਾਂਦੇ ਹਨ ਜਿਨ੍ਹਾਂ ਤੋਂ ਉਹ ਪੂਰਾ ਦਰੱਖਤ ਪੁੰਗਰਿਆ ਹੁੰਦਾ ਹੈ। ਇਹ ਕਿੰਨਾ ਸਾਧਾਰਨ ਪਰ ਕਿੰਨਾ ਹੈਰਾਨੀਜਨਕ ਹੈ! ਰੇਲਵੇ ਦਾ ਸਰਦਾਰੀ ਦੀ ਥਾਂ ਭਰਤੀ ਹੋਇਆ ਮੁਲਾਜ਼ਮ ਇੱਕ ਰਾਤ ਉਨ੍ਹਾਂ ਦੇ ਘਰ ਠਹਿਰਦਾ ਹੈ। ਉਹ ਅਣਮੰਨੇ ਮਨ ਨਾਲ ਉਸ ਦੀ ਆਉ-ਭਗਤ ਕਰਦਾ ਹੈ। ਜਦੋਂ ਉਹ ਘਰੋਂ ਤੁਰਨ ਲੱਗਦਾ ਹੈ ਤਾਂ ਸਰਦਾਰੀ ਨੂੰ ਮਹਿਸੂਸ ਹੁੰਦਾ ਹੈ ਕਿ ਅਸੀਂ ਇੱਦਾਂ ਤਾਂ ਸਾਰੇ ਹੀ ਕਿਤੇ ਨਾ ਕਿਤੇ ਵਾਧੂ ਅਤੇ ਦੂਜੇ ਦੀ ਕਹਾਣੀ ਦੇ ਖਲਨਾਇਕ ਹਾਂ ਪਰ ਇਸ ਨਾਲ ਸਾਡੀ ਖੁਦ ਦੀ ਜ਼ਿੰਦਗੀ ਦੀ ਰਵਾਨੀ ਅਤੇ ਖੂਬਸੂਰਤੀ ਕਿਉਂ ਮੱਧਮ ਹੋਵੇ? ਫਿਲਮ ਬਹੁਤ ਸਹਿਜ ਅਤੇ ਸਾਦਗੀ ਨਾਲ 'ਸਭ ਜੱਗ ਚੱਲਣਹਾਰ' ਦਾ ਸੁਨੇਹਾ ਵੀ ਦਿੰਦੀ ਹੈ। ਚੀਜ਼ਾਂ ਨਾਲ ਮੋਹ ਵਿਚ ਪੈਣਾ ਸਾਨੂੰ ਆਤਮਿਕ ਤੌਰ 'ਤੇ ਖੋਖਲਾ ਅਤੇ ਦਾਗੀ ਕਰ ਦਿੰਦਾ ਹੈ। ਪਾਣੀ ਇੱਕੋ ਜਗ੍ਹਾ ਖੜ੍ਹਾ ਰਹੇ ਤਾਂ ਉਸ ਦਾ ਪਾਰਦਰਸ਼ੀ ਤੇ ਜੀਵਨ ਦਾਤਾ ਹੋਣ ਦਾ ਲਕਬ ਗੁਆਚ ਜਾਂਦਾ ਹੈ।

ਇਸ ਫਿਲਮ ਦੀ ਦੂਜੀ ਵੱਡੀ ਪ੍ਰਾਪਤੀ ਇਰਾਨ ਦੇ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿਚਲੇ ਸਮਾਜਿਕ ਅਤੇ ਆਰਥਿਕ ਪਾੜਾ ਦਰਸਾਉਣਾ ਹੈ। ਜਿੱਥੇ ਸਰਦਾਰੀ ਇੰਨੇ ਸਾਲਾਂ ਵਿਚ ਰੇਲਵੇ ਦੇ ਫਾਟਕ ਨਾਲ ਹੀ ਬੱਧਾ ਰਿਹਾ, ਉਸ ਦੇ ਹਾਣ ਦਿਆਂ ਨੇ ਅਫਸਰੀ ਦੇ ਸਿਰ 'ਤੇ ਆਪਣੇ ਸਾਮਰਾਜ ਖੜ੍ਹੇ ਕਰ ਲਏ। ਉਨ੍ਹਾਂ ਦੀ ਸੱਤਾ ਦੇ ਘੇਰਿਆਂ ਤੱਕ ਰਸਾਈ ਹੋਣ ਕਾਰਨ ਉਨ੍ਹਾਂ ਦੀ ਜ਼ਿੰਦਗੀ ਸ਼ਾਨਦਾਰ ਢੰਗ ਨਾਲ ਗੁਜ਼ਰ ਰਹੀ ਹੈ ਪਰ ਇਰਾਨ ਦੇ ਦਿਹਾਤੀ ਖੇਤਰਾਂ ਵਿਚ ਪੇਂਡੂਆਂ ਨੂੰ ਮੁਢਲੀਆਂ ਸਹੂਲਤਾਂ ਵੀ ਹਾਸਲ ਨਹੀਂ। ਇਸ ਤਰ੍ਹਾਂ ਫਿਲਮਸਾਜ਼ ਸਾਧਨਾਂ ਦੀ ਗੈਰ-ਕੁਦਰਤੀ ਵੰਡ 'ਤੇ ਵੀ ਸਵਾਲ ਖੜ੍ਹੇ ਕਰਦਿਆਂ ਬੁਢਾਪੇ ਵਿਚ ਸਰਦਾਰੀ ਨੂੰ ਵਿੱਤੀ ਸਹੂਲਤਾਂ ਦੇਣ ਦੀ ਥਾਂ ਉਸ ਦਾ ਰੁਜ਼ਗਾਰ ਵੀ ਖੋਹਣ ਦੀ ਤ੍ਰਾਸਦੀ ਨੂੰ ਪਰਦੇ 'ਤੇ ਚਿਤਰਦਾ ਹੈ।

ਇਸ ਫਿਲਮ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਬਹੁਤ ਮੁਸ਼ਕਿਲ ਹੈ ਕਿਉਂਕਿ ਇਹ ਸਿਨੇਮਾ ਦੀ ਬਿਲਕੁੱਲ ਸ਼ੁੱਧ ਭਾਸ਼ਾ ਵਿਚ ਘੜੀ ਗਈ ਫਿਲਮ ਹੈ। ਇਸ ਨੂੰ ਬਿਆਨ ਕਰਨ ਦੀ ਥਾਂ ਮਹਿਸੂਸ ਕਰਨਾ ਵੱਧ ਜ਼ਰੂਰੀ ਹੈ। ਇਹ ਫਿਲਮ ਇਰਾਨ ਦੇ ਸਿਨੇਮਾ ਦੀ ਸ਼ਾਨਾਮੱਤੀ ਪ੍ਰਾਪਤੀ ਹੈ ਜਿਸ ਨੇ ਇਰਾਨ ਦੇ ਨੌਜਵਾਨ ਫਿਲਮਸਾਜ਼ਾਂ ਦੇ ਕੰਮ ਨੂੰ ਦਹਾਕਿਆਂ-ਬੱਧੀ ਪ੍ਰਭਾਵਿਤ ਕੀਤਾ ਹੈ। ਇਸ ਦੇ ਨਾਲ-ਨਾਲ ਇਹ ਦੱਸਣਾ ਵੀ ਮਹਤੱਵਪੂਰਨ ਹੈ ਕਿ ਇਸ ਨੇ ਹਾਲੀਵੁੱਡ ਸਿਨੇਮਾ ਦੀ ਕਹਾਣੀ ਘੜਨ ਦੀ ਤਕਨੀਕ ਨੂੰ ਸਿੱਧੀ ਚਣੌਤੀ ਦਿੱਤੀ।

### ਸਟੱਲ ਲਾਈਫ: ਇਕ ਝਾਤ

*'ਸਟਿੱਲ ਲਾਈਫ' ਫਿਲਮ ਇਰਾਨ ਦੇ ਉਘੇ ਫਿਲਮਸਾਜ਼ ਸੋਹਰਾਬ ਸ਼ਾਹਿਦ ਸਲੇਸ ਨੇ 1974 ਵਿਚ ਬਣਾਈ ਸੀ। 93 ਮਿੰਟਾਂ ਦੀ ਇਸ ਫਿਲਮ ਨੇ ਉਸ ਵਕਤ ਸੰਸਾਰ ਭਰ ਦੇ ਸਿਨੇਮਾ ਪ੍ਰੇਮੀਆਂ ਦਾ ਧਿਆਨ ਖਿੱਚਿਆ ਸੀ। ਇਸ ਫਿਲਮ ਨੇ ਬਰਲਿਨ ਕੌਮਾਂਤਰੀ ਫਿਲਮ ਮੇਲੇ ਵਿਚ 'ਸਿਲਵਰ ਬੀਅਰ' ਦਾ ਇਨਾਮ ਜਿੱਤਿਆ ਸੀ।*





*ਫਿਲਮ 'ਸਟਿੱਲ ਲਾਈਫ' ਦੇ ਦੋ ਦ੍ਰਿਸ਼*

### ਦ੍ਰਿਸ਼ ਬਨਾਮ ਪੇਂਟਿੰਗ











# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**
Call us before visiting new model homes to save big time.

ਪਿਛਲੇ 34 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner 2013, 2018, 2019 & 2020

Active listings:
2944 Sierra Rd., San Jose, CA 95132 (5 Bed, 4 Bath; $1,598,000)
2492 Golzio Ct., APT 4, San Jose, CA 95133 (2 Bed, 1 Bath; $2,200/mo)

*Call for Listing Special 2021*

## Ph: 510-304-9292 or 408-666-8279


Anmol Singh Gill
REALTOR
Bre. # 02062952


Jaswinder (Jassi) Gill
M.Sc (PAU)
CA BRE# 00966763
Broker/Owner/Notary


Harjot Singh Gill
REALTOR
Bre. # 02036421
Ph: 408.413.8350


Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 31183 Fairccliff St, Hayward, CA, 94544
2. 569 Emerald St, Livermore, CA, 94550
3. 1964 Swift Ct., Hayward, CA, 94545
4. 3989 Gardie Place Way San Jose, CA, 95121
5. 2403 Gilberte St, Tracy, CA, 95304
6. 4324 Lennox Ln, Tracy, CA, 95377
7. 3880 Wiven Place Way, San Jose, CA, 95121
8. 4982 Seneca Park Loop, Fremont, CA, 94538
9. 46925 Chemult Cmn #50 Fremont, CA, 94539
10. 426 King Ave, Fremont, CA, 94536
11. 3337 Prado Ln, San Jose, CA, 95148
12. 721 Saffron Dr, Tracy, CA, 95377

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095



**We support Farmers**

ਆਓ, ਕਿਸਾਨੀ ਸੰਘਰਸ਼ ਲਈ ਜੁੜ ਰਹੇ ਕਿਰਤੀਆਂ-
ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ
ਦੀ ਹਮਾਇਤ 'ਚ ਆਪਣਾ ਬਣਦਾ ਯੋਗਦਾਨ ਪਾਈਏ

